ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

# ਸਾਡੇ ਲੋਕ
# SADE LOK

sadelok.com

13-19 ਮਈ 2026

ਸਾਲ 17ਵਾਂ - ਅੰਕ 20
email : info@sadelok.com


Ph. : 510-706-1300
Fax : 925-373-1300

## ਕੈਨੇਡਾ ਦੀ 2026 ਦੀ ਮਰਦਮਸ਼ੁਮਾਰੀ ਵਿਚ ਆਪਣੀ ਪਹਿਚਾਣ ਲਈ ਸਮੂਹ ਪੰਜਾਬੀ ਆਪਣੀ ਬੋਲੀ ਪੰਜਾਬੀ ਜ਼ਰੂਰ ਲਿਖਵਾਉਣ




(ਦੇਖੋ ਸਫ਼ਾ 21 'ਤੇ)

## ਪੰਜਾਬ ਦੇ ਸਿੱਖ ਰਾਜਨੀਤਕ ਕੈਦੀਆਂ ਦੀ ਰਿਹਾਈ ਲਈ ਤਾਮਿਲਨਾਡੂ 'ਚੋਂ ਉਠੀ ਅਵਾਜ਼



ਏ.ਜੀ. ਪੇਰਾਰਿਵਾਲਨ ਨੂੰ ਸ. ਭਜਨ ਸਿੰਘ ਭਿੰਡਰ ਦੀ ਪੁਸਤਕ 'Captivating the Simple Hearted' ਭੇਟ ਕੀਤੀ।

(ਦੇਖੋ ਸਫ਼ਾ 26 'ਤੇ)

## ਬੀਜਿੰਗ ਸਿਖਰ ਸੰਮੇਲਨ
# ਚੀਨ ਵਲੋਂ ਪ੍ਰੈਜ਼ੀਡੈਂਟ ਦਾ ਸ਼ਾਹੀ ਸਨਮਾਨ, ਤਾਈਵਾਨ ਮੁੱਦੇ 'ਤੇ ਵਧਿਆ ਤਣਾਅ

ਬੀਜਿੰਗ, (ਸਾਡੇ ਲੋਕ) : ਵਿਸ਼ਵ ਸਿਆਸਤ ਵਿੱਚ ਅੱਜ ਇੱਕ ਅਤਿ-ਮਹੱਤਵਪੂਰਨ ਘਟਨਾਕ੍ਰਮ ਦੌਰਾਨ, ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਵਿਚਕਾਰ ਬੀਜਿੰਗ ਵਿਖੇ ਉੱਚ-ਪੱਧਰੀ ਸਿਖਰ ਸੰਮੇਲਨ (Summit) ਆਯੋਜਿਤ ਕੀਤਾ ਗਿਆ। ਇਸ ਮੁਲਾਕਾਤ ਵਿੱਚ ਜਿੱਥੇ ਦੋਵਾਂ ਨੇਤਾਵਾਂ ਨੇ ਆਰਥਿਕ ਅਤੇ ਕੂਟਨੀਤਕ ਸਬੰਧਾਂ 'ਤੇ ਚਰਚਾ ਕੀਤੀ, ਉੱਥੇ ਹੀ ਤਾਈਵਾਨ ਦੇ ਮੁੱਦੇ ਨੇ ਸਭ ਤੋਂ ਵੱਧ ਗੰਭੀਰਤਾ ਫੜ ਲਈ ਹੈ।

ਤਾਈਵਾਨ: 'ਟਕਰਾਅ' ਦੀ ਸਿੱਧੀ ਚਿਤਾਵਨੀ ਮੀਟਿੰਗ ਦੇ ਸਭ ਤੋਂ ਅਹਿਮ ਹਿੱਸੇ ਵਿੱਚ, ਸ਼ੀ ਜਿਨਪਿੰਗ ਨੇ ਰਾਸ਼ਟਰਪਤੀ ਟਰੰਪ ਨੂੰ ਸਪੱਸ਼ਟ ਕੀਤਾ ਕਿ ਤਾਈਵਾਨ ਦਾ ਮੁੱਦਾ ਚੀਨ ਲਈ

(ਦੇਖੋ ਸਫ਼ਾ 28 'ਤੇ)



(@WhiteHouse X/ANI Photo)

## ਬਰਤਾਨੀਆ ਦੀ ਪਹਿਲੀ ਮਹਿਲਾ ਸਿੱਖ ਸੰਸਦ ਮੈਂਬਰ ਪ੍ਰੀਤ ਕੌਰ ਗਿੱਲ ਬਣੀ ਰਾਜ ਸਿਹਤ ਮੰਤਰੀ

ਲੰਡਨ : ਬੀਤੇ ਦਿਨੀਂ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੂੰ ਮਿਲ ਰਹੀ ਚੁਣੌਤੀ ਤੋਂ ਬਾਅਦ ਰਾਜ ਸਿਹਤ ਮੰਤਰੀ ਜੇਸ ਫਿਲਿਪਸ ਨੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ, ਜਿਸ ਤੋਂ ਬਾਅਦ ਕੀਰ ਸਟਾਰਮਰ ਨੇ ਬਰਤਾਨੀਆ ਦੀ ਪਹਿਲੀ ਮਹਿਲਾ ਸਿੱਖ ਸੰਸਦ ਮੈਂਬਰ ਪ੍ਰੀਤ ਕੌਰ ਗਿੱਲ ਨੂੰ ਮੰਤਰੀ ਮੰਡਲ 'ਚ ਸ਼ਾਮਿਲ ਕਰਦਿਆਂ ਰਾਜ ਸਿਹਤ ਅਤੇ ਸਮਾਜ ਭਲਾਈ ਮੰਤਰੀ ਦਾ ਅਹੁਦਾ ਦਿੱਤਾ ਹੈ। ਬ੍ਰਮਿੰਘਮ ਦੇ ਐਜਬਾਸਟਨ ਤੋਂ ਸੰਸਦ ਮੈਂਬਰ ਇਸ ਖੇਤਰ ਦਾ ਤਜ਼ਰਬਾ ਰੱਖਦੀ ਹੈ। ਜ਼ਿਕਰਯੋਗ ਹੈ ਕਿ ਪ੍ਰੀਤ ਕੌਰ ਗਿੱਲ 2017 ਵਿਚ ਪਹਿਲੀ ਵਾਰ ਸੰਸਦ ਮੈਂਬਰ ਚੁਣੀ ਗਈ ਸੀ। ਉਹ ਹੁਣ ਤੱਕ ਅੰਤਰਰਾਸ਼ਟਰੀ ਵਿਕਾਸ ਸ਼ੈਡੋ ਮੰਤਰੀ, ਪ੍ਰਾਇਮਰੀ ਕੇਅਰ ਅਤੇ ਪਬਲਿਕ ਸਿਹਤ ਸ਼ੈਡੋ ਮੰਤਰੀ ਦੇ ਅਹੁਦਿਆਂ 'ਤੇ ਰਹਿ ਚੁੱਕੀ ਹੈ। ਪ੍ਰੀਤ ਕੌਰ ਦੀ ਨਿਯੁਕਤੀ ਦਾ ਸਿੱਖ ਫੈਡਰੇਸ਼ਨ ਯੂਕੇ ਦੇ ਭਾਈ ਅਮਰੀਕ ਸਿੰਘ ਗਿੱਲ, ਗੁਰਦੁਆਰਾ ਸਮੈਦਿਕ ਦੇ ਮੁੱਖ ਸੇਵਾਦਾਰ ਜਤਿੰਦਰ ਸਿੰਘ, ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੇ ਮੁੱਖ ਸੇਵਾਦਾਰ ਗੁਰਮੇਲ

(ਦੇਖੋ ਸਫ਼ਾ 27 'ਤੇ)



ਸਿੱਖ ਭਾਈਚਾਰੇ 'ਚ ਖੁਸ਼ੀ ਦੀ ਲਹਿਰ

## ਸੰਸਦ ਮੈਂਬਰ ਮਲਵਿੰਦਰ ਸਿੰਘ ਕੰਗ ਨੇ ਭਾਈ ਜਗਤਾਰ ਸਿੰਘ ਹਵਾਰਾ ਜੀ ਦੇ ਗ੍ਰਹਿ ਵਿਖੇ ਪਹੁੰਚ ਕੇ ਮਾਤਾ ਜੀ ਦਾ ਹਾਲ-ਚਾਲ ਜਾਣਿਆ



(ਦੇਖੋ ਸਫ਼ਾ 29 'ਤੇ)

# ਦਲਜੀਤ ਦੋਸਾਂਝ 'ਤੇ ਹਮਲਾ ਬੀਜੇਪੀ ਨੇ ਕਰਵਾਇਆ
## ਪੰਜਾਬ ਦੇ ਮੁੱਖ ਮੰਤਰੀ ਸ. ਮਾਨ ਵਲੋਂ ਭਾਜਪਾ 'ਤੇ ਗੰਭੀਰ ਦੋਸ਼

ਚੰਡੀਗੜ੍ਹ : ਦਿੱਲੀ ਪਹੁੰਚੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਮਸ਼ਹੂਰ ਪੰਜਾਬੀ ਗਾਇਕ ਅਤੇ ਅਦਾਕਾਰ ਦਿਲਜੀਤ ਦੋਸਾਂਝ ਨੂੰ ਲੈ ਕੇ ਵੱਡਾ ਬਿਆਨ ਦਿੱਤਾ ਹੈ। ਮੁੱਖ ਮੰਤਰੀ ਮਾਨ ਨੇ ਭਾਜਪਾ 'ਤੇ ਦੋਸ਼ ਲਾਇਆ ਕਿ ਦਿਲਜੀਤ ਦੁਸਾਂਝ 'ਤੇ ਰਾਜਨੀਤੀ 'ਚ ਆਉਣ ਲਈ ਦਬਾਅ ਬਣਾਇਆ ਜਾ ਰਿਹਾ ਹੈ ਅਤੇ ਉਨ੍ਹਾਂ ਨੂੰ ਡਰਾਉਣ ਦੀ ਕੋਸ਼ਿਸ਼ ਵੀ ਕੀਤੀ ਜਾ





ਰਹੀ ਹੈ। ਮੁੱਖ ਮੰਤਰੀ ਮਾਨ ਨੇ ਕਿਹਾ ਕਿ ਪਿਛਲੇ ਕੁਝ ਦਿਨਾਂ ਤੋਂ ਇਹ ਚਰਚਾ ਚੱਲ ਰਹੀ ਸੀ ਕਿ ਦਿਲਜੀਤ ਨੂੰ ਰਾਜਨੀਤੀ 'ਚ ਲਿਆਉਣ ਲਈ ਦਬਾਅ ਬਣਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਦਿਲਜੀਤ ਨੇ ਖੁਦ ਸੋਸ਼ਲ ਮੀਡੀਆ 'ਤੇ ਸਾਫ਼ ਕਰ ਦਿੱਤਾ ਹੈ ਕਿ ਉਹ ਇਕ ਕਲਾਕਾਰ ਹਨ ਅਤੇ ਆਪਣੇ ਕੰਮ ਦਾ ਆਨੰਦ ਲੈ ਰਹੇ ਹਨ। ਉਨ੍ਹਾਂ ਦਾ ਕੰਮ ਲੋਕਾਂ ਦਾ ਮਨੋਰੰਜਨ ਕਰਨਾ ਹੈ, ਰਾਜਨੀਤੀ ਕਰਨਾ ਨਹੀਂ।

(ਦੇਖੋ ਸਫ਼ਾ 29 'ਤੇ)

**Bhatia & Co, Inc**
Certified Public Accountants
AICPA
Our Services :
Business Tax (C crop/S corp/LLC etc)
Individual Tax
Estate Tax
International Tax (FBAR/FATCA/5471/5472 etc)
Non-Profit entities
(Formation,IRS,FTB&DOJ approval)
Accounting & Payroll
Sales & Other Taxes
Financial Audit & Review
Tax Audit & Representation (IRS/FTB/BOE etc)
Collection, Lien & Back Taxes
Offer in Compromise
Santa Clara • Pleasanton • Merced
(844) 4USTAX (209)-354-8696
info@bhatiaco.com,www.bhatiaco.com

**Bhatia Law Associates**
Attorney at Law
Immigration and Business Services
IMMIGRATION
Immigrant Visas (Green Card)
Green Card : Employment based/PERM/NIW
Green Card : Family based
Green Card through refugee or asylee
Green Card : Investor & other categories
PERM
Nonimmigrant Visas
Fiancee visas
H1/L1/H4/L2/NAFTA TN/E2/E3
Student Visa
B-1/B-2 Visitor Visas and
Other Categories of nonimmigrant visas
Other Immigrantion Services
Citizenship
e-Verify, 1-9 and
Other Compliance
Other service -B-1/B-2 Visitor Visasextension and other Services
Santa Clara-Pleasanton-Merced
(844) 4USATAX (209)-354-8696
info@bhatiaco.com,www.Smoothimmigration.com

**Jaspreet Singh**
Attorney at law
ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਮੰਦ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ
Over 18 Years of Legal Experience
Specializes In :
- USA Immigration
- Citizenship
- Green Card
- Deportation Defense
- Political Asylum
- Detentaion Cases
- Artists
- Sin gers P3 Visas
- Priest R1 Visas
- Investors EB 5 Visas
- L1 Business Visas
- Fmily Law
- Criminal Defense Cases
44808 S. Grimmer Vlvd. #208 Fremont, CA 94538 Tel. : 510-657-6444
2951 W. Capital Ave. W. Sacramento CA 95691
4491 West Shaw Ave.# 131 Fresno. CA 93711 Tel : 559-271-5511
37-1873 Street Suite #401. Jackson Heights NY 11372 Tel : 718-533-844

**Padam Builders**
ਅਸੀਂ ਘਰ, ਗੈਸ ਸਟੇਸ਼ਨ, ਮੌਲ, ਸ਼ੋਮਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।
ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667

KW LAKE WASHINGTON SO
KELLERWILLIAMS. REALTY
**CJ Singh**
Realtor
License # 24012019
Real Estate Broker
CJ Singh
ਜੇਕਰ ਤੁਸੀਂ ਬਿਜਨਸ ਅਤੇ ਆਪਣੇ ਸੁਪਨਿਆਂ ਦਾ ਘਰ ਖਰੀਦਣਾ ਚਹੁੰਦੇ ਹੋ ਤਾਂ ਸਾਨੂੰ ਇੱਕ ਕਾਲ ਕਰੋ ਅਤੇ ਤੁਸੀਂ ਸਾਡੇ ਉਪਰ 100% ਭਰੋਸਾ ਕਰ ਸਕਦੇ ਹੋ।
(206) 295-5993 | c.singh@kw.com | realtorcjsingh.com
bellevueareahomefinder.com
707 S Grady Way Suit 730, Renton, WA 98057

SAN RAMON
Lathrop & Mani Street Manteca
URGENT CARE & CLINIC
Call US : 209-637-0210 | 612-578-8078 | 925-495-0207
**CITIZENSHIP ELIGIBILITY AND GREEN CARD APPLICATION**
Visit Us Now! Dr. Rajesh Maheshwari, MD
9140 Alcosta Boulevard Ste D San Ramon, CA 94583 (925) 361-5959
15810 Harlan Road #A Lathrop, CA 95330 (209) 983-9000
1040 North Main Street Manteca, CA 95336 (209) 825-51155
San Ramon URGENT CARE & CLINIC
Lathrop URGENT CARE
Main Street URGENT CARE
https ://www.sanramonurgentcare.com | Email us at info@sanramonucc.com

ਪੋਲੀਟੀਕਲ ਅਸਾਈਲਮ - Political Asylum
Deportation of Defense - BIA Appeal
9 Circuit Court - Federal Court
ਗਰੀਨਕਾਰਡ - ਸਿਟੀਜਨਸ਼ਿਪ
Green Card - Citizenship
ਡਾਈਵੋਰਸ - ਸਿਵਲ ਐਂਡ ਕਰੀਮੀਨਲ ਕੇਸ
Divorce - Civil and Criminal Cases
Family Petition Immigration
Travel document - Work Permit
Harminder Singh Samana
Office Manager
239 West Yosemite Ave Manteca CA 95336 | hsrotal.64@gmail.com
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
**LAW OFFICES OF EMMANUEL ENYINWA**
All Services Under One Roof
ESQ, Abogado
369 Pine Street, Suite 420, San Francisco, CA 94104
Enyinwalaw@gmail.com
ਨੋਟ : ਇਥੇ ਸਪੈਨਿਸ਼ ਵੀ ਬੋਲੀ ਜਾਂਦੀ ਹੈ ਅਤੇ ਸਪੈਨਿਸ਼ ਵਿਚ ਲੋਕਾਂ ਦੇ ਕੇਸ ਵੀ ਲਏ ਜਾਂਦੇ ਹਨ।
209-481-7750
209-624-3919
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ Manteca-Arizona- San Francisco
EMMANUEL ENYINWA
Attorney of Law
Tel. 415-956-6100
Fax. 415-956-6111

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm, office building, Farm House and for Truck Yard in Tracy, Manteca, Lathrop and Stockton

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)
68 E 11TH STREET STE 109, TRACY, CA 95376
OFFICE : 209-956-1000 CELL : 408-355-5700, GBSINGH84@GMAIL.COM

# US ਵੱਲੋਂ H-1B ਕਾਮਿਆਂ ਦੀਆਂ ਘੱਟ-ਘੱਟ ਉਜਰਤਾਂ ਵਿੱਚ 30 ਫੀਸਦੀ ਵਾਧੇ ਦੀ ਤਜਵੀਜ਼

## entry-level ਤੋਂ ਲੈ ਕੇ ਤਜਰਬੇਕਾਰ ਕਾਮਿਆਂ ਤੱਕ ਦੀਆਂ ਚਾਰ ਸ਼੍ਰੇਣੀਆਂ ਦੀਆਂ ਤਨਖਾਹਾਂ ਵਿੱਚ ਵਾਧਾ ਕਰਨ ਦੀ ਯੋਜਨਾ

ਵਾਸ਼ਿੰਗਟਨ : ਅਮਰੀਕਾ ਨੇ ਐੱਚ-1ਬੀ ਵੀਜ਼ਾ ਪ੍ਰੋਗਰਾਮ ਤਹਿਤ ਕੰਮ ਕਰਨ ਵਾਲੇ ਪਰਵਾਸੀ ਕਾਮਿਆਂ ਦੀਆਂ ਘੱਟੋ-ਘੱਟ ਉਜਰਤਾਂ (minimum wages) ਵਿੱਚ ਪਹਿਲਾਂ ਤੋਂ ਤੈਅ ਸੀਮਾ ਨਾਲੋਂ 30 ਫੀਸਦੀ ਵਾਧਾ ਕਰਨ ਦੀ ਤਜਵੀਜ਼ ਪੇਸ਼ ਕੀਤੀ ਹੈ।




ਅਮਰੀਕੀ ਪ੍ਰਸ਼ਾਸਨ ਦਾ ਦਾਅਵਾ ਹੈ ਕਿ ਇਸ ਕਦਮ ਨਾਲ ਵਿਦੇਸ਼ੀ ਕਾਮਿਆਂ ਵੱਲੋਂ ਘੱਟ ਤਨਖਾਹਾਂ 'ਤੇ ਕੰਮ ਕਰਕੇ ਅਮਰੀਕੀ ਨਾਗਰਿਕਾਂ ਦੀਆਂ ਉਜਰਤਾਂ ਨੂੰ ਪ੍ਰਭਾਵਿਤ ਕਰਨ ਤੋਂ ਰੋਕਿਆ ਜਾ ਸਕੇਗਾ। ਅਮਰੀਕੀ ਕਿਰਤ ਵਿਭਾਗ ਵੱਲੋਂ 27 ਮਾਰਚ ਨੂੰ ਪੇਸ਼ ਕੀਤੇ ਗਏ ਇਸ ਨਵੇਂ ਨਿਯਮ ਦਾ ਉਦੇਸ਼ ਸ਼ੁਰੂਆਤੀ ਪੱਧਰ (entry-level) ਤੋਂ ਲੈ ਕੇ ਸਭ ਤੋਂ ਤਜਰਬੇਕਾਰ ਕਾਮਿਆਂ ਤੱਕ ਦੀਆਂ ਚਾਰ ਸ਼੍ਰੇਣੀਆਂ ਦੀਆਂ ਤਨਖਾਹਾਂ ਵਿੱਚ ਵਾਧਾ ਕਰਨਾ ਹੈ।

ਸਰਕਾਰ ਦਾ ਤਰਕ ਹੈ ਕਿ ਮੌਜੂਦਾ ਤਨਖਾਹਾਂ ਦੇ ਪੱਧਰ 20 ਸਾਲ ਪਹਿਲਾਂ ਤੈਅ ਕੀਤੇ ਗਏ ਸਨ, ਜੋ ਹੁਣ ਅਮਰੀਕੀ ਕਾਮਿਆਂ ਦੇ ਹਿੱਤਾਂ ਦੀ ਰਾਖੀ ਕਰਨ ਵਿੱਚ ਅਸਫ਼ਲ ਰਹਿ ਰਹੇ ਹਨ।

ਨਵੇਂ ਪ੍ਰਸਤਾਵਿਤ ਨਿਯਮ 'Improving Wage Protections' ਅਨੁਸਾਰ, ਸ਼ੁਰੂਆਤੀ ਪੱਧਰ ਦੇ ਵਿਦੇਸ਼ੀ ਕਾਮਿਆਂ ਦੀ ਮੌਜੂਦਾ ਤਨਖਾਹ 73,279 ਡਾਲਰ ਸਾਲਾਨਾ ਹੈ, ਜਿਸ ਨੂੰ ਵਧਾ ਕੇ 97,746 ਡਾਲਰ ਕਰਨ ਦੀ ਤਜਵੀਜ਼ ਹੈ—ਇਹ ਪੁਰਾਣੀਆਂ ਦਰਾਂ ਨਾਲੋਂ 33.39 ਫੀਸਦੀ ਵਧ ਹੈ। ਇਸੇ ਤਰ੍ਹਾਂ ਲੈਵਲ-2 ਲਈ ਤਨਖਾਹ 98,987 ਡਾਲਰ ਤੋਂ ਵਧਾ ਕੇ 1,23,212 ਡਾਲਰ (24.47% ਵਾਧਾ), ਲੈਵਲ-3 ਲਈ 1,21,979 ਡਾਲਰ ਤੋਂ 1,47,333 ਡਾਲਰ (20.79% ਵਾਧਾ) ਅਤੇ ਸਭ ਤੋਂ ਤਜਰਬੇਕਾਰ ਲੈਵਲ-4 ਦੇ ਕਾਮਿਆਂ ਲਈ 1,44,202 ਡਾਲਰ ਤੋਂ ਵਧਾ ਕੇ 1,75,464 ਡਾਲਰ (21.68% ਵਾਧਾ) ਕਰਨ ਦੀ ਯੋਜਨਾ ਹੈ। ਇਹ ਤੈਅਸ਼ੁਦਾ ਤਨਖਾਹਾਂ ਵੱਖ-ਵੱਖ ਸ਼ਹਿਰਾਂ ਮੁਤਾਬਕ ਵੱਖ-ਵੱਖ ਹੋ ਸਕਦੀਆਂ ਹਨ। ਇਸ ਪ੍ਰਸਤਾਵ 'ਤੇ ਜਨਤਾ 26 ਮਈ ਤੱਕ ਆਪਣੀ ਰਾਏ ਦੇ ਸਕਦੀ ਹੈ, ਜਿਸ ਤੋਂ ਬਾਅਦ ਅੰਤਿਮ ਫੈਸਲਾ ਲਿਆ ਜਾਵੇਗਾ।

ਕਿਰਤ ਵਿਭਾਗ ਅਨੁਸਾਰ ਮੌਜੂਦਾ ਨਿਯਮ ਰੁਜ਼ਗਾਰਦਾਤਾਵਾਂ ਨੂੰ ਅਮਰੀਕੀ ਕਾਮਿਆਂ ਦੇ ਮੁਕਾਬਲੇ ਵਿਦੇਸ਼ੀ ਕਾਮਿਆਂ ਨੂੰ ਬਹੁਤ ਘੱਟ ਤਨਖਾਹ 'ਤੇ ਰੱਖਣ ਦੀ ਇਜਾਜ਼ਤ ਦਿੰਦੇ ਹਨ। ਇਨ੍ਹਾਂ ਤਬਦੀਲੀਆਂ ਨਾਲ ਐੱਚ-1ਬੀ (8-12), ਐੱਚ-1ਬੀ-1 (8-121), ਈ-3 (5-3) ਅਤੇ 'ਪਰਮ' (PERM) ਲੇਬਰ ਸਰਟੀਫਿਕੇਸ਼ਨ ਪ੍ਰੋਗਰਾਮਾਂ ਵਿੱਚ ਤਨਖਾਹਾਂ ਦੇ ਪੱਧਰ ਵਧ ਜਾਣਗੇ। ਇਸ ਪ੍ਰਸਤਾਵ 'ਤੇ ਮਿਲੀ-ਜੁਲੀ ਪ੍ਰਤੀਕਿਰਿਆ ਦੇਖਣ ਨੂੰ ਮਿਲ ਰਹੀ ਹੈ। ਜਿੱਥੇ ਇੱਕ ਪਾਸੇ ਇਸ ਨੂੰ ਅਮਰੀਕੀ ਕਾਮਿਆਂ ਲਈ ਚੰਗਾ ਦੱਸਿਆ ਜਾ ਰਿਹਾ ਹੈ, ਉੱਥੇ ਹੀ ਦੂਜੇ ਪਾਸੇ ਵਿਰੋਧ ਹੋ ਰਿਹਾ ਹੈ ਕਿ ਛੋਟੀਆਂ ਕੰਪਨੀਆਂ ਹੁਣ ਨਵੇਂ ਕਾਮਿਆਂ (freshers) ਨੂੰ ਇੰਨੀ ਉੱਚੀ ਤਨਖਾਹ 'ਤੇ ਰੱਖਣ ਦੇ ਯੋਗ ਨਹੀਂ ਰਹਿਣਗੀਆਂ। ਜ਼ਿਕਰਯੋਗ ਹੈ ਕਿ ਪਿਛਲੇ ਸਾਲ ਸਤੰਬਰ 2025 ਵਿੱਚ ਵੀ ਇੱਕ ਰਾਸ਼ਟਰਪਤੀ ਹੁਕਮ ਰਾਹੀਂ ਅਮਰੀਕਾ ਤੋਂ ਬਾਹਰ ਰਹਿਣ ਵਾਲੇ ਐੱਚ-1ਬੀ ਉਮੀਦਵਾਰਾਂ ਲਈ 1,00,000 ਡਾਲਰ ਦੀ ਫੀਸ ਲਾਗੂ ਕੀਤੀ ਗਈ ਸੀ।







# ਅਮੈਰੀਕਨ-ਪੰਜਾਬੀ ਸਿੱਖ ਕਮਿਊਨਿਟੀ ਨੇ ਕਰਮਨ ਦੇ ਹਾਈ ਸਕੂਲ ਗ੍ਰੈਜੂਏਟ ਬੱਚਿਆਂ ਨੂੰ ਦਿੱਤੀ ਸਕਾਲਰਸ਼ਿਪ



ਫਰਿਜ਼ਨੋ, ਕੈਲੇਫੋਰਨੀਆਂ (ਗੁਰਿੰਦਰਜੀਤ ਨੀਟਾ ਮਾਛੀਕੇ): ਕੈਲੇਫੋਰਨੀਆਂ ਵਿੱਚ ਫਰਿਜ਼ਨੋ ਦੇ ਨਜ਼ਦੀਕੀ ਸ਼ਹਿਰ ਕਰਮਨ ਦੀ ਨਾਨ-ਪਰਾਫਟ ਸੰਸਥਾ "ਅਮੈਰੀਕਨ-ਪੰਜਾਬੀ ਸਿੱਖ ਕਮਿਊਨਿਟੀ ਕਰਮਨ" ਨੇ ਪੰਜਾਬੀ ਭਾਈਚਾਰੇ ਵਿੱਚ ਪਹਿਲ ਕਦਮੀ ਕਰਦੇ ਹੋਏ ਕਰਮਨ ਹਾਈ ਸਕੂਲ ਡਿਸਟ੍ਰਿਕਟ ਬੋਰਡ ਦੇ ਗ੍ਰੈਜੂਏਟ ਬੱਚਿਆਂ ਨੂੰ ਸਕਾਲਰਸ਼ਿਪ ਦਿੱਤੀ। ਕਰਮਨ ਯੂਨੀਫਾਈਡ ਸਕੂਲ ਡਿਸਟ੍ਰਿਕਟ ਬੋਰਡ ਦੇ ਹਾਈ ਸਕੂਲ ਤੋਂ ਗ੍ਰੈਜੂਏਟ ਹੋਣ ਵਾਲੇ ਬੱਚਿਆਂ ਲਈ ਬਹੁਤ ਸਾਰੀਆਂ ਸੰਸਥਾਵਾਂ, ਅਦਾਰਿਆਂ ਅਤੇ ਨਿੱਜੀ ਦਾਨੀ ਪਰਿਵਾਰਾਂ ਵੱਲੋਂ ਬੱਚਿਆਂ ਨੂੰ ਸਕਾਲਰਸ਼ਿਪ ਦਿੱਤੀ ਗਈ। ਜਿਸ ਦੀ ਕੁੱਲ ਰਾਸ਼ੀ ਇਕ ਲੱਖ ਡਾਲਰ ਦੇ ਲਗਭਗ ਸੀ। ਜਿਸ ਵਿੱਚ ਸਥਾਨਕ "ਅਮੈਰੀਕਨ ਪੰਜਾਬੀ ਸਿੱਖ ਕਮਿਊਨਿਟੀ ਕਰਮਨ"ਵੱਲੋਂ ਛੇ ਬੱਚਿਆਂ ਨੂੰ ਪੰਜ-ਪੰਜ ਸੌ ਡਾਲਰ ਦੀ ਉੱਚ ਵਿੱਦਿਆ ਅਤੇ ਸਮਾਜਿਕ ਸੇਵਾਵਾਂ ਦੇ ਅਧਾਰ 'ਤੇ ਕੁੱਲ ਤਿੰਨ ਹਜ਼ਾਰ ਡਾਲਰ ਦੀ ਸਕਾਲਰਸ਼ਿਪ ਦਿੱਤੀ ਗਈ।

ਇਸ ਨਾਨ-ਪਰਾਫਟ ਸੰਸਥਾ ਦੀ ਸਥਾਪਨਾ ਕੁਝ ਸਾਲ ਪਹਿਲਾਂ ਸਮਾਜਿਕ ਕਾਰਜਾਂ ਲਈ ਸ਼ੁਰੂ ਕਰ ਦਿੱਤੀ ਗਈ ਸੀ। ਪਹਿਲਾਂ ਇਸ ਸੰਸਥਾ ਦੇ ਸਹਿਯੋਗੀ ਮੈਂਬਰ ਵੱਖ-ਵੱਖ ਭਾਈਚਾਰਿਆਂ ਅਤੇ ਸੰਸਥਾਵਾਂ ਨਾਲ ਰਲ ਕੇ ਕੰਮ ਇਹ ਸੇਵਾਵਾਂ ਨਿਭਾਉਂਦੇ ਸਨ। ਪਰ ਪਿਛਲੇ ਸਾਲ ਤੋਂ ਇਸ ਸੰਸਥਾ ਨੇ ਆਪਣੇ ਤੌਰ 'ਤੇ ਸੇਵਾਵਾਂ ਨਿਭਾਉਣੀਆਂ ਸ਼ੁਰੂ ਕਰ ਦਿੱਤੀਆਂ ਸਨ। ਜੋ ਇਸ ਤੋਂ ਪਹਿਲਾਂ ਰੋਟਰੀ ਕਲੱਬ ਇੰਟਰਨੈਸ਼ਨਲ, ਪੁਲਿਸ ਡਿਪਾਰਟਮੈਂਟ, ਫਾਇਰ ਡਿਪਾਰਮੈਂਟ ਅਤੇ ਹੋਰ ਸਥਾਨਕ ਸੰਸਥਾਵਾਂ ਲਈ ਸਹਾਇਤਾ ਦੇ ਚੁੱਕੀ ਹੈ। ਇਹ ਸਾਰੀ ਰਾਸ਼ੀ ਸੰਸਥਾ ਦੇ ਮੈਂਬਰਾਂ ਅਤੇ ਸਹਿਯੋਗੀਆਂ ਵੱਲੋਂ ਇਕੱਤਰ ਕੀਤੀ ਜਾਂਦੀ ਹੈ।

ਇਸ ਸਮੇਂ ਬੋਲਦੇ ਹੋਏ ਸੰਸਥਾ ਦੇ ਸੰਸਥਾਪਕ ਗੁਲਬਿੰਦਰ ਗੈਰੀ ਢੇਸੀ ਨੇ ਸਮੂਹ ਸਹਿਯੋਗੀਆਂ ਦਾ ਧੰਨਵਾਦ ਕੀਤਾ। ਜਦ ਕਿ ਬਾਕੀ ਬੁਲਾਰਿਆਂ ਵਿੱਚ ਸਰਬਜੀਤ ਸਿੰਘ ਸਰਾਂ, ਕਿਰਨ ਢੇਸੀ, ਸਤਬੀਰ ਸਿੰਘ ਹੀਰ, ਅਵਤਾਰ ਸਿੰਘ ਗਰੇਵਾਲ, ਸਤਬੀਰ ਸਿੰਘ, ਗੁਰਬਖ਼ਸ਼ ਸਿੰਘ ਸਿੱਧੂ, ਹੀਰ ਅਤੇ ਹਰਜੀਤ ਸਿੰਘ ਗਰੇਵਾਲ ਮੌਜੂਦ ਸਨ। ਅੰਤ ਸਕੂਲਾਂ ਵਿੱਚ ਲੋੜਵੰਦ ਵਿਦਿਆਰਥੀਆਂ ਲਈ ਹੋਰ ਆਰਥਿਕ ਸਹਾਇਤਾ ਦੇ ਉਪਰਾਲੇ ਕਰਨ ਅਤੇ ਆਪਣੀ ਪੰਜਾਬੀਅਤ ਦੀ ਪਹਿਚਾਣ ਬਣਾਉਣ ਵਰਗੇ ਮੁੱਦਿਆਂ ਦੀ ਗੱਲ ਕਰਨ ਦਾ ਵਾਅਦਾ ਨਿਭਾਉਂਦਿਆਂ ਇਹ ਪ੍ਰੋਗਰਾਮ ਯਾਦਗਾਰੀ ਹੋ ਨਿਬੜਿਆ।

# ਅਮਰੀਕਾ ਦਾ 51ਵਾਂ ਸੂਬਾ ਬਣ ਗਿਆ ਵੈਨੇਜ਼ੁਏਲਾ

## ਰਾਸ਼ਟਰਪਤੀ ਟਰੰਪ ਨੇ ਸੋਸ਼ਲ ਮੀਡੀਆ 'ਤੇ ਸ਼ੇਅਰ ਕੀਤਾ ਨਕਸ਼ਾ




ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇੱਕ ਵਾਰ ਫਿਰ ਆਪਣੇ ਸੋਸ਼ਲ ਮੀਡੀਆ ਪੋਸਟ ਰਾਹੀਂ ਪੂਰੀ ਦੁਨੀਆ ਵਿੱਚ ਹਲਚਲ ਮਚਾ ਦਿੱਤੀ ਹੈ। ਚੀਨ ਦੇ ਦੌਰੇ 'ਤੇ ਜਾ ਰਹੇ ਟਰੰਪ ਨੇ 'ਟਰੂਥ ਸੋਸ਼ਲ' 'ਤੇ ਵੈਨੇਜ਼ੁਏਲਾ ਦਾ ਇੱਕ ਨਕਸ਼ਾ ਸਾਂਝਾ ਕੀਤਾ ਹੈ, ਜਿਸ ਵਿੱਚ ਉਸ ਨੂੰ ਅਮਰੀਕਾ ਦੇ '51ਵੇਂ ਸੂਬੇ' ਵਜੋਂ ਦਿਖਾਇਆ ਗਿਆ ਹੈ।

ਟਰੰਪ ਵੱਲੋਂ ਸਾਂਝੀ ਕੀਤੀ ਗਈ ਤਸਵੀਰ ਵਿੱਚ ਵੈਨੇਜ਼ੁਏਲਾ ਦੇ ਨਕਸ਼ੇ ਦੇ ਅੰਦਰ ਅਮਰੀਕੀ ਝੰਡਾ ਲੱਗਿਆ ਹੋਇਆ ਹੈ। ਇਸ ਤੋਂ ਪਹਿਲਾਂ ਇੱਕ ਇੰਟਰਵਿਊ ਵਿੱਚ ਟਰੰਪ ਨੇ ਕਿਹਾ ਸੀ ਕਿ ਉਹ ਵੈਨੇਜ਼ੁਏਲਾ ਨੂੰ ਅਮਰੀਕਾ ਦਾ ਹਿੱਸਾ ਬਣਾਉਣ ਬਾਰੇ 'ਗੰਭੀਰਤਾ' ਨਾਲ ਵਿਚਾਰ ਕਰ ਰਹੇ ਹਨ। ਉਨ੍ਹਾਂ ਨੇ ਵੈਨੇਜ਼ੁਏਲਾ ਦੇ ਤੇਲ ਭੰਡਾਰਾਂ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਉੱਥੋਂ ਦੇ ਲੋਕ ਮੈਨੂੰ ਨੂੰ ਪਸੰਦ ਕਰਦੇ ਹਨ।

ਇਸੇ ਦੌਰਾਨ, ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਦੀ ਇੱਕ ਤਸਵੀਰ ਵੀ ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਵਾਇਰਲ ਹੋ ਰਹੀ ਹੈ। ਰੂਬੀਓ ਨੂੰ ਏਅਰ ਫੋਰਸ ਵਨ ਜਹਾਜ਼ ਵਿੱਚ ਇੱਕ ਸਲੇਟੀ ਰੰਗ ਦਾ Nike ਟਰੈਕਸੂਟ ਪਾਏ ਦੇਖਿਆ ਗਿਆ। ਦਿਲਚਸਪ ਗੱਲ ਇਹ ਹੈ ਕਿ ਇਹ ਬਿਲਕੁਲ ਉਹੀ ਟਰੈਕਸੂਟ ਹੈ ਜੋ ਵੈਨੇਜ਼ੁਏਲਾ ਦੇ ਸਾਬਕਾ ਰਾਸ਼ਟਰਪਤੀ ਨਿਕੋਲਸ ਮਾਦੁਰੋ ਨੇ ਇਸ ਸਾਲ ਜਨਵਰੀ ਵਿੱਚ ਆਪਣੀ ਗ੍ਰਿਫਤਾਰੀ ਵੇਲੇ ਪਾਇਆ ਹੋਇਆ ਸੀ। ਸੋਸ਼ਲ ਮੀਡੀਆ ਯੂਜ਼ਰਸ ਇਸ ਨੂੰ ਟਰੰਪ ਪ੍ਰਸ਼ਾਸਨ ਵੱਲੋਂ ਵੈਨੇਜ਼ੁਏਲਾ ਦੇ ਪੁਰਾਣੇ ਸਿਸਟਮ ਦਾ ਮਜ਼ਾਕ ਉਡਾਉਣ ਜਾਂ 'ਟਰੋਲ' ਕਰਨ ਵਜੋਂ ਦੇਖ ਰਹੇ ਹਨ।

ਦੂਜੇ ਪਾਸੇ, ਵੈਨੇਜ਼ੁਏਲਾ ਦੀ ਅੰਤਰਿਮ ਰਾਸ਼ਟਰਪਤੀ ਡੇਲਸੀ ਰੋਡਰਿਗਜ਼ ਨੇ ਟਰੰਪ ਦੇ ਇਸ ਦਾਅਵੇ ਨੂੰ ਸਿਰੇ ਤੋਂ ਖਾਰਜ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਵੈਨੇਜ਼ੁਏਲਾ ਇੱਕ ਆਜ਼ਾਦ ਅਤੇ ਪ੍ਰਭੂਸੱਤਾ ਸੰਪੰਨ ਦੇਸ਼ ਹੈ ਅਤੇ ਉਹ ਕਦੇ ਵੀ ਅਮਰੀਕਾ ਦਾ 51ਵਾਂ ਸੂਬਾ ਬਣਨ ਬਾਰੇ ਨਹੀਂ ਸੋਚੇਗਾ। ਮਾਹਿਰਾਂ ਦਾ ਮੰਨਣਾ ਹੈ ਕਿ ਟਰੰਪ ਦਾ ਇਹ ਕਦਮ ਦੱਖਣੀ ਅਮਰੀਕਾ ਵਿੱਚ ਅਮਰੀਕੀ ਦਬਦਬਾ ਵਧਾਉਣ ਦੀ ਰਣਨੀਤੀ ਦਾ ਹਿੱਸਾ ਹੋ ਸਕਦਾ ਹੈ। ਹਾਲਾਂਕਿ, ਇਸ ਬਿਆਨ ਨੇ ਅੰਤਰਰਾਸ਼ਟਰੀ ਪੱਧਰ 'ਤੇ ਇੱਕ ਨਵੀਂ ਬਹਿਸ ਛੇੜ ਦਿੱਤੀ ਹੈ।

# ਟਰੰਪ ਦੇ 'ਗੋਲਡਨ ਡੋਮ' ਪ੍ਰੋਜੈਕਟ ਦੀ ਲਾਗਤ 100 ਲੱਖ ਕਰੋੜ ਰੁਪਏ !

ਵਾਸ਼ਿੰਗਟਨ : ਰਾਸ਼ਟਰਪਤੀ ਡੋਨਾਲਡ ਟਰੰਪ ਦੀ ਪੁਲਾੜ ਵਿੱਚ ਹਥਿਆਰ ਤਾਇਨਾਤ ਕਰਨ ਦੀ ਯੋਜਨਾ 'ਤੇ ਅਗਲੇ 20 ਸਾਲਾਂ ਵਿੱਚ ਅੰਦਾਜ਼ਨ 1.2 ਟ੍ਰਿਲੀਅਨ ਡਾਲਰ (ਲਗਭਗ 100 ਲੱਖ ਕਰੋੜ ਰੁਪਏ) ਖਰਚ ਹੋਣਗੇ। ਕਾਂਗਰਸ ਬਜਟ ਦਫਤਰ (ਸੀਬੀਓ) ਦੇ ਇੱਕ ਨਵੇਂ ਵਿਸ਼ਲੇਸ਼ਣ ਅਨੁਸਾਰ, 'ਅਮਰੀਕਾ ਲਈ ਗੋਲਡਨ ਡੋਮ' ਮਿਜ਼ਾਈਲ ਰੱਖਿਆ ਪ੍ਰੋਗਰਾਮ ਨਾਮਕ ਇਹ ਯੋਜਨਾ ਟਰੰਪ ਦੇ ਪਿਛਲੇ ਸਾਲ ਦੇ 175 ਬਿਲੀਅਨ ਡਾਲਰ ਦੇ ਸ਼ੁਰੂਆਤੀ ਅਨੁਮਾਨ ਤੋਂ ਕਿਤੇ ਵੱਧ ਹੈ।




ਮੰਗਲਵਾਰ ਨੂੰ ਪ੍ਰਕਾਸ਼ਿਤ ਗੈਰ-ਪੱਖਪਾਤੀ ਸੀਬੀਓ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਵਿਸ਼ਲੇਸ਼ਣ ਇੱਕ ਖਾਸ ਪ੍ਰਸ਼ਾਸਕੀ ਪ੍ਰਸਤਾਵ ਦੀ ਬਜਾਏ ਇੱਕ 'ਵਿਆਪਕ ਦ੍ਰਿਸ਼ਟੀਕੋਣ' ਨੂੰ ਦਰਸਾਉਂਦਾ ਹੈ। ਟਰੰਪ ਨੇ ਆਪਣੇ ਕਾਰਜਕਾਲ ਦੇ ਪਹਿਲੇ ਹਫ਼ਤੇ ਵਿੱਚ ਇੱਕ ਕਾਰਜਕਾਰੀ ਆਦੇਸ਼ ਰਾਹੀਂ ਇਸ ਉੱਨਤ ਪ੍ਰਣਾਲੀ ਦੇ ਵਿਕਾਸ ਨੂੰ ਨਿਰਦੇਸ਼ਤ ਕੀਤਾ। ਫਿਰ ਉਸਨੇ ਉਮੀਦ ਪ੍ਰਗਟ ਕੀਤੀ ਕਿ ਜਨਵਰੀ 2029 ਵਿੱਚ ਉਸਦੇ ਕਾਰਜਕਾਲ ਦੇ ਅੰਤ ਤੋਂ ਪਹਿਲਾਂ ਇਹ ਪ੍ਰਣਾਲੀ ਪੂਰੀ ਤਰ੍ਹਾਂ ਕਾਰਜਸ਼ੀਲ ਹੋ ਜਾਵੇਗੀ। ਇਹ ਸੰਕਲਪ ਵੱਡੇ ਪੱਧਰ 'ਤੇ ਇਜ਼ਰਾਈਲ ਦੇ 'ਆਇਰਨ ਡੋਮ' ਰੱਖਿਆ ਪ੍ਰਣਾਲੀ ਤੋਂ ਪ੍ਰੇਰਿਤ ਹੈ, ਜਿਸਨੇ ਹਾਲ ਹੀ ਦੇ ਸੰਘਰਸ਼ਾਂ ਵਿੱਚ ਮਿਜ਼ਾਈਲ ਹਮਲਿਆਂ ਨੂੰ ਰੋਕਣ ਵਿੱਚ ਮੁੱਖ ਭੂਮਿਕਾ ਨਿਭਾਈ ਹੈ। ਅਮਰੀਕਾ ਦੀ ਇਸ ਯੋਜਨਾ ਦਾ ਉਦੇਸ਼ ਜ਼ਮੀਨੀ ਅਤੇ ਪੁਲਾੜ-ਅਧਾਰਤ ਸਮਰੱਥਾਵਾਂ ਨੂੰ ਸ਼ਾਮਲ ਕਰਨਾ ਹੈ ਜੋ ਕਿਸੇ ਵੀ ਸੰਭਾਵੀ ਹਮਲੇ ਦੌਰਾਨ ਮਿਜ਼ਾਈਲਾਂ ਨੂੰ ਰੋਕਣ ਅਤੇ ਨਸ਼ਟ ਕਰਨ ਦੇ ਸਮਰੱਥ ਹਨ।

# ਜੀ.ਐਚ.ਜੀ. ਅਕੈਡਮੀ ਦਾ ਸਲਾਨਾ ਕੈਂਪ 6 ਤੋਂ 16 ਜੁਲਾਈ ਤੱਕ ਚੱਲੇਗਾ

## 18 ਜੁਲਾਈ ਨੂੰ ਅੰਤਰਰਾਸ਼ਟਰੀ ਯੁਵਕ ਮੇਲਾ ਹੋਵੇਗਾ



ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ): ਜੀ. ਐਚ. ਜੀ. ਅਕੈਡਮੀਂ ਦੇ ਪ੍ਰਬੰਧਕੀ ਬੋਰਡ ਅਤੇ ਕੋਚਾਂ ਦੀ ਅਹਿਮ ਮੀਟਿੰਗ ਵਿਖੇ ਹੋਈ। ਜਿਸ ਵਿੱਚ ਅਕੈਡਮੀਂ ਵੱਲੋਂ ਆਉਣ ਵਾਲੇ ਪ੍ਰੋਗਰਾਮਾਂ ਬਾਰੇ ਵਿਚਾਰ-ਵਟਾਂਦਰਾ ਕੀਤਾ ਗਿਆ। ਅਕੈਡਮੀ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸੋਲਵਾਂ ਸਲਾਨਾ ਗਿੱਧਾ, ਭੰਗੜਾ ਅਤੇ ਸੰਗੀਤ ਆਦਿਕ ਪੰਜਾਬੀ ਸੱਭਿਆਚਾਰਕ ਸਿੱਖਲਾਈ ਕੈਂਪ 6 ਜੁਲਾਈ ਤੋਂ 16 ਜੁਲਾਈ ਤੱਕ "ਹੌਲੈਂਡ ਪਾਰਕ ਫਰਿਜ਼ਨੋ" ਵਿਖੇ ਲਾਇਆ ਜਾਵੇਗਾ। ਜਿਸ ਦਾ ਪਤਾ: 3855 N. Bryan Ave., Fresno, CA ਹੈ। ਕੈਂਪ ਹਰ ਸਾਲ ਬੱਚਿਆਂ ਨੂੰ ਗਿੱਧਾ-ਭੰਗੜਾ ਸਿਖਲਾਈ ਕੈਂਪ ਬਿਲਕੁਲ ਫਰੀ ਹੁੰਦਾ ਹੈ। ਇਸ ਕੈਂਪ ਦੇ ਪ੍ਰਬੰਧਕਾਂ ਵੱਲੋਂ ਸਮੂੰਹ ਮਾਪਿਆ ਨੂੰ ਸਨਿਮਰ ਬੇਨਤੀ ਆਪਣੇ ਬੱਚਿਆ ਨੂੰ ਇਸ ਕੈਂਪ ਅਤੇ ਅਕੈਡਮੀ ਦਾ ਹਿੱਸਾ ਬਣਾਕੇ ਪੰਜਾਬ, ਪੰਜਾਬੀ ਮਾਂ ਬੋਲੀ ਅਤੇ ਪੰਜਾਬੀਅਤ ਨਾਲ ਜੋੜੋ। ਇਸ ਕੈਂਪ ਵਿੱਚ ਪੰਜਾਬੀ ਸੱਭਿਆਚਾਰ ਨਾਲ ਸੰਬੰਧਤ ਗਿੱਧਾ-ਭੰਗੜਾ ਤੇ ਹੋਰ ਗੀਤ ਸੰਗੀਤ ਆਦਿਕ ਗਤੀਵਿਧੀਆਂ ਦੀ ਸਿੱਖਿਆ ਮਾਹਰ ਕੋਚਾਂ ਦੁਆਰਾ ਦਿੱਤੀ ਜਾਵੇਗੀ। ਕੈਂਪ ਦੌਰਾਨ ਬੱਚਿਆ ਨੂੰ ਆਪਣੇ ਅਮੀਰ ਵਿਰਸੇ ਨਾਲ ਜੋੜਨ ਲਈ ਭਾਈਚਾਰਕ ਸਾਂਝ ਤੇ ਸਮਾਨਤਾ ਨਾਲ ਰਹਿਣ ਦੇ ਗੁਣ ਵੀ ਭਰੇ ਜਾਣਗੇ। ਕੈਂਪ ਦੇ ਦਾਖਲੇ ਪ੍ਰਤੀ ਜਾਣਕਾਰੀ ਆਉਣ ਵਾਲੇ ਸਮੇਂ ਦੌਰਾਨ ਜਲਦ ਦਿੱਤੀ ਜਾਵੇਗੀ। ਕੈਂਪ ਦੀ ਸਮਾਪਤੀ ਤੋਂ ਬਾਅਦ "ਅੰਤਰਰਾਸ਼ਟਰੀ ਯੁਵਕ ਮੇਲਾ" 18 ਜੁਲਾਈ ਨੂੰ Royce Hall ਵਿਖੇ ਹੋਵੇਗਾ। ਜਿਸ ਦਾ ਪਤਾ: 1839 N Echo Ave Fresno CA 93704 ਹੈ। ਪਰਮਜੀਤ ਸਿੰਘ ਧਾਲੀਵਾਲ ਅਤੇ ਉਦੈਦੀਪ ਸਿੰਘ ਸਿੱਧੂ ਨੇ ਦੱਸਿਆ ਕਿ ਅਸੀਂ ਇਹ ਮਾਣ ਮਹਿਸੂਸ ਕਰਦੇ ਹਾਂ ਕਿ ਜੀ. ਐਚ. ਜੀ. ਅਕੈਡਮੀ ਬਹੁਤ ਹੀ ਲੰਮੇ ਅਰਸੇ ਤੋਂ ਤੁਹਾਡੇ ਸਹਿਯੋਗ ਨਾਲ ਇੱਥੋਂ ਦੀ ਨਵੀਂ ਜੰਮੀ ਪਲੀ ਪਨੀਰੀ ਨੂੰ ਪੰਜਾਬੀ ਸੱਭਿਆਚਾਰ, ਪੰਜਾਬੀ ਮਾਂ ਬੋਲੀ, ਵਿਰਾਸਤੀ ਜੜਾਂ ਅਤੇ ਧਰਮ ਨਾਲ ਜੋੜਨ ਲਈ ਸਾਰਾ ਸਾਲ ਸਰਗਰਮ ਰਹਿੰਦੀ ਹੈ। ਨਸ਼ੇ ਛੱਡੋ ਕੋਹੜ ਵੱਢੋ ਸਾਡਾ ਨਾਹਰਾ ਹੈ। ਅਕੈਡਮੀਂ ਦੇ ਸਲਾਨਾ ਕੈਂਪ ਜਾਂ ਹੋਰ ਕਿਸੇ ਜਾਣਕਾਰੀ ਲਈ ਗੁਰਦੀਪ ਸ਼ੇਰਗਿੱਲ (559) 349-1481, ਸੁਖਪ੍ਰੀਤ ਧਾਲੀਵਾਲ (559) 321-4591 ਜਾਂ ਜਸਪ੍ਰੀਤ ਸਿੱਧੂ ਨਾਲ (559) 274-6841 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਕਰੂਜ਼ ਸ਼ਿਪ 'ਤੇ ਹੰਟਾਵਾਇਰਸ ਦਾ ਕਹਿਰ: ਡਬਲਯੂ.ਐਚ.ਓ. ਦੀ ਚੇਤਾਵਨੀ

ਵਾਸ਼ਿੰਗਟਨ : ਵਿਸ਼ਵ ਸਿਹਤ ਸੰਗਠਨ (ਡਬਲਯੂ.ਐਚ.ਓ.) ਨੇ ਕਿਹਾ ਹੈ ਕਿ ਹੰਟਾਵਾਇਰਸ (hantavirus) ਦੇ ਪ੍ਰਕੋਪ ਨਾਲ ਪ੍ਰਭਾਵਿਤ ਕਰੂਜ਼ ਸ਼ਿਪ 'ਤੇ ਸਵਾਰ ਸਾਰੇ ਲੋਕਾਂ ਨੂੰ ਉੱਚ-ਜੋਖਮ" ਸੰਪਰਕ ਮੰਨਿਆ ਜਾਣਾ ਚਾਹੀਦਾ ਹੈ ਅਤੇ 42 ਦਿਨਾਂ ਤੱਕ ਉਨ੍ਹਾਂ ਦੀ ਸਰਗਰਮ ਨਿਗਰਾਨੀ ਕੀਤੀ ਜਾਣੀ ਚਾਹੀਦੀ ਹੈ। ਵਿਸ਼ਵ ਸਿਹਤ ਸੰਗਠਨ ਦੀ ਮਹਾਂਮਾਰੀ ਦੀ ਤਿਆਰੀ ਅਤੇ ਰੋਕਥਾਮ ਵਿਭਾਗ ਦੀ ਨਿਰਦੇਸ਼ਕ, ਮਾਰੀਆ ਵਾਨ ਕੇਰਖੋਵ ਨੇ ਇੱਕ ਮੀਡੀਆ ਬ੍ਰੀਫਿੰਗ ਵਿਚ ਦੱਸਿਆ, ਅਸੀਂ ਜਹਾਜ਼ ਵਿਚ ਸਵਾਰ ਹਰ ਵਿਅਕਤੀ ਨੂੰ 'ਉੱਚ-ਜੋਖਮ ਸੰਪਰਕ' ਵਜੋਂ ਸ਼੍ਰੇਣੀਬੱਧ ਕਰਦੇ ਹਾਂ।" ਉਨ੍ਹਾਂ ਨੋਟ ਕੀਤਾ ਕਿ ਫਿਲਹਾਲ ਜਹਾਜ਼ 'ਤੇ ਸਵਾਰ ਕਿਸੇ ਵੀ ਵਿਅਕਤੀ ਵਿਚ ਕੋਈ ਲੱਛਣ ਨਹੀਂ ਹਨ,"ਪਰ ਉਨ੍ਹਾਂ ਨੇ ਸਿਫਾਰਸ਼ ਕੀਤੀ ਕਿ ਜਹਾਜ਼ ਤੋਂ ਉਤਰਨ ਵਾਲੇ ਸਾਰੇ ਯਾਤਰੀਆਂ ਅਤੇ ਸਟਾਫ਼ ਦੀ 42 ਦਿਨਾਂ ਦੀ ਮਿਆਦ ਲਈ ਸਰਗਰਮ ਨਿਗਰਾਨੀ ਅਤੇ ਫਾਲੋ-ਅਪ ਕੀਤਾ ਜਾਵੇ।



ਹਾਲਾਂਕਿ, ਉਨ੍ਹਾਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਆਮ ਲੋਕਾਂ ਅਤੇ ਕੈਨਰੀ ਟਾਪੂਆਂ ਦੇ ਲੋਕਾਂ ਲਈ ਖ਼ਤਰਾ ਘੱਟ" ਹੈ, ਜਿੱਥੇ 10 ਮਈ ਨੂੰ ਐੱਮ.ਵੀ. ਹੋਂਡਿਅਸ ਜਹਾਜ਼ ਦੇ ਪਹੁੰਚਣ ਦੀ ਉਮੀਦ ਹੈ। ਵਿਸ਼ਵ ਸਿਹਤ ਸੰਗਠਨ ਦੀ 9 ਮਈ ਦੀ ਰਿਪੋਰਟ ਅਨੁਸਾਰ 2 ਮਈ ਨੂੰ ਕਰੂਜ਼ ਸ਼ਿਪ 'ਤੇ ਗੰਭੀਰ ਸਾਹ ਦੀ ਬਿਮਾਰੀ ਦਾ ਪਹਿਲਾ ਮਾਮਲਾ ਸਾਹਮਣੇ ਆਇਆ ਸੀ। ਉਸ ਸਮੇਂ ਜਹਾਜ਼ 'ਤੇ 147 ਯਾਤਰੀ ਅਤੇ ਚਾਲਕ ਦਲ ਦੇ ਮੈਂਬਰ ਸਨ, ਜਦੋਂ ਕਿ 34 ਹੋਰ ਪਹਿਲਾਂ ਹੀ ਉਤਰ ਚੁੱਕੇ ਸਨ। 8 ਮਈ ਤੱਕ, ਲੱਛਣਾਂ ਵਾਲੇ ਅੱਠ ਮਾਮਲੇ ਸਾਹਮਣੇ ਆਏ ਹਨ, ਜਿਨ੍ਹਾਂ ਵਿਚ ਤਿੰਨ ਮੌਤਾਂ ਸ਼ਾਮਲ ਹਨ। 6 ਮਾਮਲਿਆਂ ਵਿਚ ਲੈਬਾਰਟਰੀ ਟੈਸਟਾਂ ਰਾਹੀਂ 'ਐਂਡੀਜ਼ ਵਾਇਰਸ' (ANDV) ਹੰਟਾਵਾਇਰਸ ਇਨਫੈਕਸ਼ਨ ਦੀ ਪੁਸ਼ਟੀ ਹੋਈ ਹੈ।

ਵਿਸ਼ਵ ਸਿਹਤ ਸੰਗਠਨ ਦੇ ਅਨੁਸਾਰ, ਹੰਟਾਵਾਇਰਸ ਇਨਫੈਕਸ਼ਨ ਦੇ ਸ਼ੁਰੂਆਤੀ ਲੱਛਣਾਂ ਵਿਚ ਸਿਰ ਦਰਦ, ਚੱਕਰ ਆਉਣੇ, ਠੰਢ ਲੱਗਣਾ, ਬੁਖਾਰ, ਮਾਸਪੇਸ਼ੀਆਂ ਵਿਚ ਦਰਦ, ਪੇਟ ਦੀਆਂ ਸਮੱਸਿਆਵਾਂ ਜਿਵੇਂ ਕਿ ਜੀਅ ਕੱਚਾ ਹੋਣਾ, ਉਲਟੀਆਂ, ਦਸਤ ਅਤੇ ਪੇਟ ਦਰਦ ਸ਼ਾਮਲ ਹਨ। ਕਿਉਂਕਿ ਪਿਛਲੇ ਪ੍ਰਕੋਪਾਂ ਵਿਚ ਲੱਛਣ ਦਿਖਾਈ ਦੇਣ ਤੋਂ ਪਹਿਲਾਂ ਵਾਇਰਸ ਫੈਲਣ ਦੀ ਸੰਭਾਵਨਾ ਨੂੰ ਪੂਰੀ ਤਰ੍ਹਾਂ ਨਕਾਰਿਆ ਨਹੀਂ ਜਾ ਸਕਦਾ, ਇਸ ਲਈ ਡਬਲਯੂ.ਐਚ.ਓ. ਨੇ ਘੱਟ-ਜੋਖ਼ਮ ਵਾਲੇ ਸੰਪਰਕਾਂ ਲਈ ਵੀ ਸਵੈ-ਨਿਗਰਾਨੀ, ਡਾਕਟਰੀ ਜਾਂਚ ਅਤੇ ਲੱਛਣ ਹੋਣ 'ਤੇ ਮਾਸਕ ਪਹਿਨਣ ਦੀ ਸਲਾਹ ਦਿੱਤੀ ਹੈ। ਸੰਗਠਨ ਨੇ ਸੰਬੰਧਤ ਦੇਸ਼ਾਂ ਨੂੰ ਜਨਤਕ ਸਿਹਤ ਤਾਲਮੇਲ, ਸੰਪਰਕ ਟਰੇਸਿੰਗ ਅਤੇ ਪਾਰਦਰਸ਼ੀ ਸੰਚਾਰ ਜਾਰੀ ਰੱਖਣ ਦੀ ਅਪੀਲ ਕੀਤੀ ਹੈ।

ਪੀਵਹੁ ਪਾਹੁਲ ਖੰਡੇਧਾਰ ਹੋਇ ਜਨਮ ਸੁਹੇਲਾ ॥

ਗੁਰਦੁਆਰਾ ਸਾਹਿਬ ਹੇਵਰਡ

# GURDWARA SAHIB HAYWARD



## ਅੰਮ੍ਰਿਤ ਸੰਚਾਰ

ਸ੍ਰੀ ਅਕਾਲ ਤਖਤ ਸਾਹਿਬ ਦੀ ਮਰਿਆਦਾ
ਅਨੁਸਾਰ ਅੰਮ੍ਰਿਤ ਛਕਾਇਆ ਜਾਵੇਗਾ

**ਐਤਵਾਰ, 17 ਮਈ 2026 ਨੂੰ ਸਵੇਰੇ 10.00 ਵਜੇ
ਗੁਰਦੁਆਰਾ ਸਾਹਿਬ ਹੇਵਰਡ ਵਿਖੇ ਅੰਮ੍ਰਿਤ ਸੰਚਾਰ ਹੋ ਰਿਹਾ ਹੈ।**

**ਖੰਡੇ ਬਾਟੇ ਦੀ ਪਾਹੁਲ ਪ੍ਰਾਪਤ ਕਰਕੇ ਕਲਗੀਧਰ
ਪਾਤਸ਼ਾਹ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ**

ਹੋਰ ਜਾਣਕਾਰੀ ਲਈ ਸੰਪਰਕ

**510-888-1600, 925-719-4359**

**ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ**

# LAW OFFICES OF EMMANUEL ENYINWA

**ESQ, Abogado**

- ਪੋਲੀਟੀਕਲ ਅਸਾਈਲਮ
- Political Asylum
- Deportation of Defense
- BIA Appeal
- 9 Circuit Court
- Federal Court
- ਗਰੀਨਕਾਰਡ
- ਸਿਟੀਜਨਸ਼ਿਪ
- Green Card
- Citizenship
- ਡਾਈਵੋਰਸ
- ਸਿਵਲ ਐਂਡ ਕਰੀਮੀਨਲ ਕੇਸ
- Divorce
- Civil and Criminal Cases
- Family Petition Immigration
- Travel document
- Work Permit

ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।

ਨੋਟ : ਇਥੇ ਸਪੈਨਿਸ ਵੀ ਬੋਲੀ ਜਾਂਦੀ ਹੈ ਅਤੇ ਸਪੈਨਿਸ ਵਿਚ ਲੋਕਾਂ ਦੇ ਕੇਸ ਵੀ ਲਏ ਜਾਂਦੇ ਹਨ।

**ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ**

## Manteca-Arizona- San Francisco


239 West Yosemite Ave Manteca CA 95336
hsrotal.64@gmail.com
369 Pine Street, Suite 420, San Francisco, CA 94104
Enyinwalaw@gmail.com

## All Services Under One Roof



HARMINDER SINGH SAMANA
OFFICE MANAGER
209-481-7750
209-624-3919

EMMANUEL ENYINWA
Attorney of Law
Tel. 415-956-6100
Fax. 415-956-6111



# 2 ਸਕੇ ਭਰਾਵਾਂ ਨੇ ਅਮਰੀਕਾ ਦੀ ਫੌਜ 'ਚ ਅਫਸਰ ਬਣ ਕੇ ਪੰਜਾਬ ਦਾ ਨਾਂ ਕੀਤਾ ਰੌਸ਼ਨ



ਨਿਊਯਾਰਕ : ਵਿਦੇਸ਼ਾਂ ਵਿੱਚ ਰਹਿੰਦੇ ਪੰਜਾਬੀਆਂ ਨੇ ਜਿੱਥੇ ਆਪਣੇ ਵਿਸ਼ੇਸ਼ ਲਗਨ ਅਤੇ ਮਿਹਨਤ ਦੇ ਕਾਰਨ ਪੰਜਾਬ ਅਤੇ ਆਪਣੇ ਇਲਾਕੇ ਦਾ ਨਾਮ ਰੋਸ਼ਨ ਕੀਤਾ ਹੈ ਉੱਥੇ ਹੀ ਹੁਣ ਅਮਰੀਕਾ ਵਿੱਚ ਟਾਂਡਾ ਇਲਾਕੇ ਦੇ ਮਿਆਣੀ ਪਿੰਡ ਨਾਲ ਸੰਬੰਧਿਤ 2 ਸਕੇ ਭਰਾਵਾਂ ਨੇ ਅਮਰੀਕਾ ਦੀ ਆਰਮੀ ਵਿੱਚ ਵੱਡੇ ਅਫਸਰ ਬਣ ਕੇ ਟਾਂਡਾ ਅਤੇ ਆਪਣੇ ਪਿੰਡ ਦੀ ਸ਼ਾਨ ਨੂੰ ਚਾਰ ਚੰਦ ਲਗਾਏ ਹਨ।

ਜਾਣਕਾਰੀ ਦਿੰਦੇ ਹੋਏ ਟਾਂਡਾ ਨਿਵਾਸੀ ਮਨਿੰਦਰ ਪਾਲ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਮਾਸੀ ਹਰਜਿੰਦਰ ਕੌਰ ਧਰਮ ਸੁਪਤਨੀ ਪਿਤਾਬਰ ਇਕਬਾਲ ਸਿੰਘ ਜੋ ਅਮਰੀਕਾ ਦੇ ਨਿਊਯਾਰਕ ਦੇ ਸ਼ਹਿਰ ਹਾਈਟ ਪਾਰਕ 'ਚ ਰਹਿੰਦੇ ਹਨ, ਦੇ 2 ਸਪੁੱਤਰ ਜਸਕਰਨ ਸਿੰਘ ਨੇ ਫਸਟ ਲੈਫਟੀਨੈਂਟ ਅਫਸਰ ਤੇ ਗੁਰਕੀਰਤ ਸਿੰਘ ਸੈਕਿੰਡ ਅਫਸਰ ਇਨ ਮੈਡੀਕਲ ਨੇ ਅਮਰੀਕਾ ਦੀ ਫੌਜ 'ਚ ਵੱਡੇ ਅਫਸਰ ਬਣਨ ਦਾ ਮਾਣ ਹਾਸਲ ਕੀਤਾ ਹੈ।

ਇੱਥੇ ਇਹ ਵੀ ਦੱਸਣਯੋਗ ਹੈ ਕਿ ਇਨ੍ਹਾਂ ਦੋਵਾਂ ਨੌਜਵਾਨਾਂ ਨੇ ਮੌਜੂਦਾ ਸਮੇਂ ਦੌਰਾਨ ਮਿਡਲ ਈਸਟ 'ਚ ਚੱਲ ਰਹੀ ਜੰਗ 'ਚ ਵੀ ਭਾਗ ਲਿਆ ਹੈ ਅਤੇ ਅਮਰੀਕਾ ਵੱਲੋਂ ਲੜਾਈ ਲੜਦੇ ਹੋਏ ਸੁਰੱਖਿਆ ਵਾਪਸ ਪਰਤੇ ਹਨ । ਮੈਡੀਕਲ ਖੇਤਰ 'ਚ ਅਫਸਰ ਬਣੇ ਗੁਰਕੀਰਤ ਸਿੰਘ ਨੇ ਜੰਗ ਦੌਰਾਨ ਜ਼ਖਮੀ ਹੋਏ ਅਮਰੀਕੀ ਫੌਜੀਆਂ ਨੂੰ ਮੈਡੀਕਲ ਸਹੂਲਤਾਂ ਦਿੱਤੀਆਂ।

ਉਕਤ ਦੋਨੋਂ ਸਕੇ ਭਰਾਵਾਂ ਦੇ ਇਸ ਕਾਰਜ ਦੀ ਜਾਣਕਾਰੀ ਪ੍ਰਾਪਤ ਹੁੰਦਿਆਂ ਹੀ ਪਿੰਡ ਮਿਆਣੀ ਅਤੇ ਇਲਾਕੇ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ ਅਤੇ ਪਿੰਡ ਵਾਸੀਆਂ ਨੇ ਖੁਸ਼ੀ ਜ਼ਾਹਿਰ ਕਰਦਿਆਂ ਕਿਹਾ ਕਿ ਉਨਾਂ ਨੂੰ ਆਪਣੇ ਨਗਰ ਦੇ ਇਨ੍ਹਾਂ ਹੋਣਹਾਰ ਸਕੇ ਭਰਾਵਾਂ 'ਤੇ ਪੂਰਾ ਮਾਣ ਹੈ ਅਤੇ ਪੰਜਾਬ ਅਤੇ ਪਿੰਡ ਮਿਆਣੀ ਵਿੱਚ ਆਉਣ 'ਤੇ ਇਹਨਾਂ ਨੌਜਵਾਨਾਂ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਜਾਵੇਗਾ। ਇੱਥੇ ਇਹ ਵੀ ਦੱਸਣ ਯੋਗ ਹੈ ਕਿ ਦੋਨੋਂ ਨੌਜਵਾਨਾਂ ਦੇ ਪਿਤਾ ਅਮਰੀਕਾ ਵਿੱਚ ਟੈਕਸੀ ਚਲਾਉਣ ਦਾ ਕੰਮ ਕਰਦੇ ਹਨ ਅਤੇ ਮਾਤਾ ਗੌਰਮੈਂਟ ਟੀਚਰ ਹਨ।

# ਅਮਰੀਕਾ ਨੇ ਰੱਦ ਕੀਤੇ 75000 ਪਨਾਹ ਦੇ ਦਾਅਵੇ

## ਟਰੰਪ ਸਰਕਾਰ ਬਗੈਰ ਸੁਣਵਾਈ ਡਿਪੋਰਟ ਕਰ ਰਹੀ ਹਜ਼ਾਰਾਂ ਪ੍ਰਵਾਸੀ

ਵਾਸ਼ਿੰਗਟਨ : ਅਮਰੀਕਾ ਵਿਚ ਸੈਂਕੜੇ ਪੰਜਾਬੀ ਨੌਜਵਾਨਾਂ ਦੀਆਂ ਉਮੀਦਾਂ 'ਤੇ ਪਾਣੀ ਫੇਰਦਿਆਂ ਟਰੰਪ ਸਰਕਾਰ ਨੇ 75,500 ਅਸਾਇਲਮ ਦਾਅਵੇ ਬਗੈਰ ਸੁਣਵਾਈ ਤੋਂ ਹੀ ਰੱਦ ਕਰ ਦਿੱਤੇ ਅਤੇ ਸਰਕਾਰ ਦੇ ਫੈਸਲੇ ਵਿਰੁੱਧ ਅਦਾਲਤ ਦਾ ਦਰਵਾਜ਼ਾ ਖੜਕਾਉਣ ਵਾਲਿਆਂ ਨੂੰ ਤੀਜੇ ਮੁਲਕ ਡਿਪੋਰਟ ਕਰਨ ਦੀ ਚਿਤਾਵਨੀ ਦਿੱਤੀ ਜਾ ਰਹੀ ਹੈ। ਦੂਜੇ ਪਾਸੇ ਇੰਮੀਗ੍ਰੇਸ਼ਨ ਘੁੰਮਣਘੇਰੀ ਵਿਚ ਫਸੇ 12,300 ਪ੍ਰਵਾਸੀਆਂ ਨੇ ਸਵੈ-ਇੱਛਾ ਨਾਲ ਅਸਾਇਲਮ ਕਲੇਮ ਵਾਪਸ ਲੈਂਦਿਆਂ ਅਮਰੀਕਾ ਛੱਡਣ ਦਾ ਫੈਸਲਾ ਕਰ ਲਿਆ।



ਇੰਮੀਗ੍ਰੇਸ਼ਨ ਮਾਹਿਰਾਂ ਦਾ ਕਹਿਣਾ ਹੈ ਕਿ ਅਕਤੂਬਰ 2025 ਤੱਕ ਬਗੈਰ ਸੁਣਵਾਈ ਪਨਾਹ ਦਾ ਦਾਅਵਾ ਰੱਦ ਹੋਣ ਦਾ ਕੋਈ ਵਿਰਲਾ-ਟਾਵਾਂ ਮਾਮਲਾ ਹੀ ਸਾਹਮਣੇ ਆਉਂਦਾ ਸੀ ਪਰ ਬੋਰਡ ਆਫ਼ ਇੰਮੀਗ੍ਰੇਸ਼ਨ ਅਪੀਲਜ਼ ਵੱਲੋਂ ਸੁਣਾਏ ਇਕ ਫ਼ੈਸਲੇ ਨੇ ਸਭ ਕੁਝ ਬਦਲ ਦਿੱਤਾ।

**ਟਰੰਪ ਸਰਕਾਰ ਬਗੈਰ ਸੁਣਵਾਈ ਡਿਪੋਰਟ ਕਰ ਰਹੀ ਹਜ਼ਾਰਾਂ ਪ੍ਰਵਾਸੀ :** ਇੰਮੀਗ੍ਰੇਸ਼ਨ ਅਦਾਲਤਾਂ ਦੇ ਫੈਸਲਿਆਂ ਵਿਰੁੱਧ ਅਪੀਲ ਇਕਾਈ ਦਾ ਕੰਮ ਕਰਨ ਵਾਲੇ ਬੋਰਡ ਨੇ ਕਿਹਾ ਕਿ ਅਸਾਇਲਮ ਦਾਅਵਿਆਂ ਦੇ ਜਾਇਜ਼ ਜਾਂ ਨਾਜਾਇਜ਼ ਹੋਣ ਬਾਰੇ ਫੈਸਲਾ ਕਰਨ ਤੋਂ ਪਹਿਲਾਂ ਸਬੰਧਤ ਬਿਨੈਕਾਰਾਂ ਨੂੰ ਤੀਜੇ ਮੁਲਕ ਡਿਪੋਰਟ ਕਰਨ ਦੀ ਸੰਭਾਵਨਾ 'ਤੇ ਵਿਚਾਰ ਕੀਤਾ ਜਾਵੇ। ਅਜਿਹਾ ਹੋਣ 'ਤੇ ਬਿਨੈਕਾਰ ਆਪਣੀ ਜਾਨ ਨੂੰ ਖ਼ਤਰਾ ਹੋਣ ਦੀ ਦਲੀਲ ਨਹੀਂ ਦੇ ਸਕਣਗੇ ਪਰ ਇੰਮੀਗ੍ਰੇਸ਼ਨ ਵਕੀਲਾਂ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਕਲਾਈਂਟਸ ਤੀਜੇ ਮੁਲਕ ਡਿਪੋਰਟ ਕੀਤੇ ਜਾਣ 'ਤੇ ਵੀ ਕਸੂਤੇ ਫਸੇ ਜਾਣਗੇ। ਟਰੰਪ ਸਰਕਾਰ ਦੀ ਨਵੀਂ ਨਾਦਰਸ਼ਾਹੀ ਨੀਤੀ ਵਿਰੁੱਧ ਫ਼ੈਡਰਲ ਅਦਾਲਤ ਵਿਚ ਮੁਕੱਦਮਾ ਦਾਇਰ ਕੀਤਾ ਗਿਆ ਹੈ ਪਰ ਫ਼ੈਸਲਾ ਆਉਣ ਵਿਚ ਸਮਾਂ ਲੱਗ ਸਕਦਾ ਹੈ। ਇਥੇ ਦੱਸਣਾ ਬਣਦਾ ਹੈ ਕਿ ਟਰੰਪ ਸਰਕਾਰ ਦੇ ਸੱਤਾ ਵਿਚ ਆਉਣ ਮਗਰੋਂ 17,500 ਪ੍ਰਵਾਸੀਆਂ ਨੂੰ ਉਨ੍ਹਾਂ ਦੇ ਜੱਦੀ ਮੁਲਕ ਦੀ ਬਜਾਏ ਕਿਸੇ ਹੋਰ ਮੁਲਕ ਡਿਪੋਰਟ ਕੀਤਾ ਗਿਆ ਅਤੇ ਜ਼ਿਆਦਾਤਰ ਮੈਕਸੀਕੋ ਹੀ ਭੇਜੇ ਗਏ। ਇੰਮੀਗ੍ਰੇਸ਼ਨ ਮਾਹਰਾਂ ਨੇ ਦੱਸਿਆ ਕਿ ਵਿਦੇਸ਼ੀ ਨਾਗਰਿਕਾਂ ਨੂੰ ਆਪਣੇ ਅਸਾਇਲਮ ਦਾਅਵੇ ਵਾਪਸ ਲੈਣ ਵਾਸਤੇ ਮਜਬੂਰ ਕੀਤਾ ਜਾ ਰਿਹਾ ਹੈ।

ਮਿਸਾਲ ਵਜੋਂ ਇਕ ਪ੍ਰਵਾਸੀ ਨੂੰ 10 ਮਹੀਨੇ ਇੰਮੀਗ੍ਰੇਸ਼ਨ ਹਿਰਾਸਤ ਵਿਚ ਰਖਦਿਆਂ ਘੱਟੋ ਘੱਟ ਪੰਜ ਵੱਖੋ ਵੱਖਰੇ ਹਿਰਾਸਤੀ ਕੇਂਦਰ ਵਿਚ ਲਿਜਾਇਆ ਗਿਆ ਜਿਥੇ ਸਾਰਾ ਸਾਰਾ ਦਿਨ ਹਥਕੜੀਆਂ ਲੱਗੀਆਂ ਰਹਿੰਦੀਆਂ। ਜੱਜ ਨੇ ਬੌਂਡ ਦੀ ਗੁਜ਼ਾਰਿਸ਼ ਰੱਦ ਕਰ ਦਿੱਤੀ ਅਤੇ ਉਸ ਵਾਸਤੇ ਤਸੀਹੇ ਝੱਲਣੇ ਨਾਮੁਮਕਿਨ ਹੋ ਗਏ। ਆਖਰਕਾਰ ਨੇ ਉਸ ਨੇ ਅਸਾਇਲਮ ਕਲੇਮ ਹੀ ਵਾਪਸ ਲੈ ਲਿਆ ਅਤੇ ਸੈਲਫ਼ ਡਿਪੋਰਟ ਹੋ ਗਿਆ। ਯੂਟਾਹ ਦੇ ਇੰਮੀਗ੍ਰੇਸ਼ਨ ਵਕੀਲ ਕਾਰਲੌਸ ਟਰੂਹੀਓ ਦਾ ਕਹਿਣਾ ਸੀ ਕਿ ਫੈਡਰਲ ਅਦਾਲਤ ਦੇ ਦਖ਼ਲ ਤੋਂ ਬਗੈਰ ਇੰਮੀਗ੍ਰੇਸ਼ਨ ਹਿਰਾਸਤ ਵਿਚੋਂ ਰਿਹਾਅ ਹੋਣਾ ਮੁਸ਼ਕਲ ਹੈ ਅਤੇ ਟਰੰਪ ਸਰਕਾਰ ਮਾਨਸਿਕ ਦਬਾਅ ਰਾਹੀਂ ਲੋਕਾਂ ਨੂੰ ਮੁਲਕ ਛੱਡਣ ਲਈ ਮਜਬੂਰ ਕਰ ਰਹੀ ਹੈ।

ਉਧਰ, ਇਕ ਭਾਰਤੀ ਬਜ਼ੁਰਗ ਟਰੰਪ ਸਰਕਾਰ ਦੇ ਅੜਿੱਕੇ ਆ ਗਿਆ ਜਿਸ ਦੀ ਯੂ.ਐਸ. ਸਿਟੀਜ਼ਨਸ਼ਿਪ ਰੱਦ ਕਰਦਿਆਂ ਡਿਪੋਰਟ ਕੀਤਾ ਜਾ ਰਿਹਾ ਹੈ। ਇਲੀਨੋਇ ਦੀ ਕੁਕ ਕਾਊਂਟੀ ਨਾਲ ਸਬੰਧਤ 62 ਸਾਲ ਦਾ ਦੇਬਾਸ਼ੀਸ਼ ਘੋਸ਼ ਵਿਜ਼ਟਰ ਵੀਜ਼ਾ 'ਤੇ 1991 ਵਿਚ ਅਮਰੀਕਾ ਪੁੱਜਾ ਅਤੇ 2012 ਵਿਚ ਸਿਟੀਜ਼ਨ ਬਣ ਗਿਆ। ਫੈਡਰਲ ਅਧਿਕਾਰੀਆਂ ਮੁਤਾਬਕ ਦੇਬਾਸ਼ੀਸ਼ ਨੇ 25 ਲੱਖ ਡਾਲਰ ਦਾ ਫਰੌਡ ਕੀਤਾ ਅਤੇ ਸਿਟੀਜ਼ਨਸ਼ਿਪ ਅਰਜ਼ੀ ਵਿਚ ਝੂਠ ਬੋਲਿਆ ਕਿ ਉਹ ਕਦੇ ਕਿਸੇ ਅਪਰਾਧਕ ਸਰਗਰਮੀ ਵਿਚ ਸ਼ਾਮਲ ਨਹੀਂ ਰਿਹਾ। ਦੇਬਾਸ਼ੀਸ਼ ਨੇ ਜਾਣ ਬੁੱਝ ਕੇ ਅਸਲ ਤੱਥਾਂ 'ਤੇ ਪਰਦਾ ਪਾਇਆ ਅਤੇ ਹੁਣ ਇੰਮੀਗ੍ਰੇਸ਼ਨ ਐਂਡ ਨੈਸ਼ਨੈਲਿਟੀ ਐਕਟ ਤਹਿਤ ਉਸ ਦੀ ਸਿਟੀਜ਼ਨਸ਼ਿਪ ਰੱਦ ਕੀਤੀ ਜਾ ਰਹੀ ਹੈ।

# ਅਮਰੀਕਾ ਨੂੰ ਲੱਗਿਆ 83,000,000,000,000 ਦਾ ਚੂਨਾ!

## ਈਰਾਨ ਨਾਲ ਜੰਗ ਪੈ ਰਹੀ ਹੈ ਬੇਹੱਦ ਮਹਿੰਗੀ



ਵਾਸ਼ਿੰਗਟਨ : ਈਰਾਨ ਨਾਲ ਜਾਰੀ ਫੌਜੀ ਮੁਹਿੰਮ ਅਮਰੀਕਾ ਲਈ ਆਰਥਿਕ ਤੌਰ 'ਤੇ ਇੱਕ ਵੱਡੀ ਚੁਣੌਤੀ ਬਣਦੀ ਜਾ ਰਹੀ ਹੈ। ਪੈਂਟਾਗਨ ਦੇ ਅਧਿਕਾਰੀਆਂ ਅਤੇ ਆਰਥਿਕ ਮਾਹਿਰਾਂ ਅਨੁਸਾਰ ਇਸ ਜੰਗ 'ਤੇ ਹੋਣ ਵਾਲਾ ਖਰਚਾ ਸ਼ੁਰੂਆਤੀ ਅੰਦਾਜ਼ਿਆਂ ਨੂੰ ਕਿਤੇ ਪਿੱਛੇ ਛੱਡ ਚੁੱਕਾ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਇਹ 1 ਟ੍ਰਿਲੀਅਨ ਡਾਲਰ (ਲਗਭਗ 83 ਲੱਖ ਕਰੋੜ ਰੁਪਏ) ਦੇ ਅੰਕੜੇ ਨੂੰ ਛੂਹ ਸਕਦਾ ਹੈ। ਪੈਂਟਾਗਨ ਦੇ ਬਜਟ ਅਧਿਕਾਰੀ ਜੇ ਹਰਸਟ ਨੇ ਅਮਰੀਕੀ ਸੰਸਦ (ਕਾਂਗਰਸ) ਨੂੰ ਸੂਚਿਤ ਕੀਤਾ ਹੈ ਕਿ ਈਰਾਨ ਵਿਰੁੱਧ ਜੰਗ 'ਤੇ ਹੁਣ ਤੱਕ ਲਗਭਗ 29 ਬਿਲੀਅਨ ਡਾਲਰ ਖਰਚ ਕੀਤੇ ਜਾ ਚੁੱਕੇ ਹਨ। ਜ਼ਿਕਰਯੋਗ ਹੈ ਕਿ ਮਹਿਜ਼ ਦੋ ਹਫ਼ਤੇ ਪਹਿਲਾਂ ਇਹ ਅੰਦਾਜ਼ਾ 25 ਬਿਲੀਅਨ ਡਾਲਰ ਲਗਾਇਆ ਗਿਆ ਸੀ। ਅਧਿਕਾਰੀਆਂ ਦਾ ਕਹਿਣਾ ਹੈ ਕਿ ਜੰਗ ਦੇ ਮੈਦਾਨ ਵਿੱਚ ਹਥਿਆਰਾਂ ਦੀ ਮੁਰੰਮਤ, ਖਰਾਬ ਹੋਏ ਸਾਜ਼ੋ-ਸਾਮਾਨ ਨੂੰ ਬਦਲਣ ਅਤੇ ਫੌਜੀ ਕਾਰਵਾਈਆਂ ਦੇ ਵਧਦੇ ਖਰਚਿਆਂ ਕਾਰਨ ਇਹ ਅੰਕੜਾ ਲਗਾਤਾਰ ਵਧ ਰਿਹਾ ਹੈ।

ਰੋਜ਼ਾਨਾ 2 ਬਿਲੀਅਨ ਡਾਲਰ ਦਾ ਖਰਚਾ

ਹਾਰਵਰਡ ਕੈਨੇਡੀ ਸਕੂਲ ਦੀ ਜੰਗ ਬਜਟ ਮਾਹਿਰ ਲਿੰਡਾ ਬਿਲਮਸ ਨੇ ਇੱਕ ਹੈਰਾਨ ਕਰਨ ਵਾਲਾ ਖੁਲਾਸਾ ਕਰਦਿਆਂ ਕਿਹਾ ਹੈ ਕਿ ਅਮਰੀਕਾ ਇਸ ਜੰਗ 'ਤੇ ਰੋਜ਼ਾਨਾ ਲਗਭਗ 2 ਬਿਲੀਅਨ ਡਾਲਰ ਖਰਚ ਕਰ ਰਿਹਾ ਹੈ। ਉਨ੍ਹਾਂ ਅਨੁਸਾਰ ਹੁਣ ਤੱਕ ਸਾਹਮਣੇ ਆਏ ਅੰਕੜੇ ਤਾਂ ਸਿਰਫ਼ ਸ਼ੁਰੂਆਤ ਮਾਤਰ ਹਨ। ਜੇਕਰ ਲੰਬੇ ਸਮੇਂ ਦੇ ਖਰਚਿਆਂ, ਫੌਜੀਆਂ ਦੀ ਦੇਖਭਾਲ ਅਤੇ ਰੱਖਿਆ ਵਿਸਤਾਰ ਨੂੰ ਜੋੜਿਆ ਜਾਵੇ, ਤਾਂ ਇਹ ਅੰਕੜਾ 1 ਟ੍ਰਿਲੀਅਨ ਡਾਲਰ ਤੱਕ ਪਹੁੰਚਣਾ ਨਿਸ਼ਚਿਤ ਹੈ।

ਇਕ ਰਿਪੋਰਟ ਅਨੁਸਾਰ ਜੰਗ ਦੇ ਸ਼ੁਰੂਆਤੀ ਦਿਨਾਂ ਵਿੱਚ ਹੀ ਅਮਰੀਕਾ ਨੇ 16 ਬਿਲੀਅਨ ਡਾਲਰ ਖਰਚ ਕਰ ਦਿੱਤੇ ਸਨ। ਇਸ ਦਾ ਮੁੱਖ ਕਾਰਨ ਮਹਿੰਗੀਆਂ ਮਿਜ਼ਾਈਲ ਪ੍ਰਣਾਲੀਆਂ ਦੀ ਤੇਜ਼ੀ ਨਾਲ ਹੋਈ ਵਰਤੋਂ ਅਤੇ ਉੱਚ ਖਰਚੇ ਸਨ। ਇਸ ਤੋਂ ਇਲਾਵਾ ਖੇਤਰ ਵਿੱਚ ਅਮਰੀਕੀ ਫੌਜੀ ਸਥਾਨਾਂ ਨੂੰ ਹੋਏ ਨੁਕਸਾਨ ਦਾ ਅਜੇ ਤੱਕ ਕੋਈ ਸਹੀ ਅੰਦਾਜ਼ਾ ਨਹੀਂ ਲਗਾਇਆ ਜਾ ਸਕਿਆ, ਜਿਸ ਨਾਲ ਖਰਚਾ ਹੋਰ ਵਧੇਗਾ।

ਮਾਹਿਰਾਂ ਨੇ ਵੀ ਚੇਤਾਵਨੀ ਦਿੱਤੀ ਹੈ ਕਿ ਰੱਖਿਆ ਖਰਚਿਆਂ ਵਿੱਚ ਇਸ ਬੇਤਹਾਸ਼ਾ ਵਾਧੇ ਅਤੇ ਉਧਾਰ ਲੈਣ ਦੀ ਵਧਦੀ ਲਾਗਤ ਕਾਰਨ ਅਮਰੀਕਾ ਦੇ ਰਾਸ਼ਟਰੀ ਕਰਜ਼ੇ ਵਿੱਚ ਭਾਰੀ ਵਾਧਾ ਹੋਵੇਗਾ। ਵਰਤਮਾਨ ਵਿੱਚ ਅਮਰੀਕਾ ਦਾ ਰਾਸ਼ਟਰੀ ਕਰਜ਼ਾ ਪਹਿਲਾਂ ਹੀ ਲਗਭਗ 31 ਟ੍ਰਿਲੀਅਨ ਡਾਲਰ ਦੇ ਕਰੀਬ ਹੈ। ਜੇਕਰ ਜੰਗ ਲੰਬੀ ਖਿੱਚਦੀ ਹੈ ਤਾਂ ਇਹ ਅਮਰੀਕੀ ਅਰਥਚਾਰੇ ਲਈ ਇੱਕ ਗੰਭੀਰ ਸੰਕਟ ਪੈਦਾ ਕਰ ਸਕਦੀ ਹੈ।

# ਨਵੀਂ ਜੰਗ ਦੀ ਤਿਆਰੀ 'ਚ ਟਰੰਪ! ਕਿਊਬਾ ਨੇੜੇ ਵਧੀਆਂ ਅਮਰੀਕੀ ਫੌਜੀ ਗਤੀਵਿਧੀਆਂ

ਵਾਸ਼ਿੰਗਟਨ : ਅਮਰੀਕਾ ਅਤੇ ਕਿਊਬਾ ਵਿਚਾਲੇ ਤਣਾਅ ਇੱਕ ਵਾਰ ਫਿਰ ਸਿਖਰ 'ਤੇ ਪਹੁੰਚ ਗਿਆ ਹੈ। ਇੱਕ ਤਾਜ਼ਾ ਰਿਪੋਰਟ ਅਨੁਸਾਰ ਪਿਛਲੇ ਕੁਝ ਮਹੀਨਿਆਂ ਵਿੱਚ ਕਿਊਬਾ ਦੇ ਤੱਟ ਨੇੜੇ ਅਮਰੀਕੀ ਫੌਜੀ ਖੁਫੀਆ ਉਡਾਣਾਂ ਵਿੱਚ ਭਾਰੀ ਵਾਧਾ ਦਰਜ ਕੀਤਾ ਗਿਆ ਹੈ, ਜੋ ਕਿਸੇ ਵੱਡੇ ਫੌਜੀ ਆਪ੍ਰੇਸ਼ਨ ਦਾ ਸੰਕੇਤ ਹੋ ਸਕਦਾ ਹੈ। ਏਵੀਏਸ਼ਨ ਡਾਟਾ (FlightRadarBD) ਦੇ ਵਿਸ਼ਲੇਸ਼ਣ ਅਨੁਸਾਰ 4 ਫਰਵਰੀ ਤੋਂ ਹੁਣ ਤੱਕ ਅਮਰੀਕੀ ਜਲ ਸੈਨਾ ਅਤੇ ਹਵਾਈ ਸੈਨਾ ਨੇ ਕਿਊਬਾ ਦੇ ਤੱਟ ਨੇੜੇ ਘੱਟੋ-ਘੱਟ 25 ਉਡਾਣਾਂ ਭਰੀਆਂ ਹਨ। ਇਹ ਜਹਾਜ਼ ਹਵਾਨਾ ਅਤੇ ਸੈਂਟੀਆਗੋ ਡੀ ਕਿਊਬਾ ਦੇ ਬਹੁਤ ਨੇੜੇ ਪਹੁੰਚ ਰਹੇ ਹਨ, ਜਿਨ੍ਹਾਂ ਵਿੱਚੋਂ ਕੁਝ ਤੱਟ ਤੋਂ ਮਹਿਜ਼ 40 ਮੀਲ (64 ਕਿਲੋਮੀਟਰ) ਦੀ ਦੂਰੀ ਤੱਕ ਦੇਖੇ ਗਏ ਹਨ। ਸਮਾਚਾਰ ਏਜੰਸੀ ਸ਼ਿਨਹੂਆ ਨੇ ਸੀਐਨਐਨ ਦੀ ਰਿਪੋਪਟ ਦਾ ਹਵਾਲਾ ਦਿੰਦੇ ਹੋਏ ਦੱਸਿਆ ਕਿ ਇਨ੍ਹਾਂ ਮਿਸ਼ਨਾਂ ਵਿੱਚ ਮੁੱਖ ਤੌਰ 'ਤੇ P-81 ਪੋਸੀਡਨ ਜਾਸੂਸੀ ਜਹਾਜ਼, ਸਿਗਨਲ ਇੰਟੈਲੀਜੈਂਸ ਜਹਾਜ਼ ਅਤੇ ਉੱਚ-ਤਕਨੀਕੀ ਡਰੋਨ ਸ਼ਾਮਲ ਹਨ।



ਜਾਸੂਸੀ ਵਿੱਚ ਇਹ ਤੇਜ਼ੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਕਿਊਬਾ ਵਿਰੁੱਧ ਅਪਣਾਏ ਗਏ ਸਖ਼ਤ ਰੁਖ਼ ਤੋਂ ਬਾਅਦ ਆਈ ਹੈ। ਜਨਵਰੀ ਵਿੱਚ ਟਰੰਪ ਨੇ ਸੋਸ਼ਲ ਮੀਡੀਆ 'ਤੇ 'ਮੁਕਤ ਹਵਾਨਾ' ਦਾ ਜ਼ਿਕਰ ਕੀਤਾ ਸੀ ਅਤੇ ਇਸ ਦੇ ਕੁਝ ਦਿਨਾਂ ਬਾਅਦ ਹੀ ਕਿਊਬਾ ਦੀ ਤੇਲ ਨਾਕਾਬੰਦੀ ਦੇ ਹੁਕਮ ਜਾਰੀ ਕਰ ਦਿੱਤੇ ਸਨ। ਪਿਛਲੇ ਹਫ਼ਤੇ ਹੀ ਅਮਰੀਕਾ ਨੇ ਕਿਊਬਾ ਦੀਆਂ ਪ੍ਰਮੁੱਖ ਆਰਥਿਕ ਸੰਸਥਾਵਾਂ, ਜਿਨ੍ਹਾਂ ਵਿੱਚ ਇੱਕ ਕੈਨੇਡੀਅਨ ਮਾਈਨਿੰਗ ਜੁਆਇੰਟ ਵੈਂਚਰ ਅਤੇ ਕਿਊਬਾ ਦੀ ਫੌਜ ਦੁਆਰਾ ਚਲਾਇਆ ਜਾ ਰਿਹਾ ਕਾਰੋਬਾਰੀ ਸਮੂਹ ਸ਼ਾਮਲ ਹੈ, 'ਤੇ ਨਵੀਆਂ ਪਾਬੰਦੀਆਂ ਲਗਾ ਦਿੱਤੀਆਂ ਹਨ। ਅਮਰੀਕਾ ਦਾ ਕਹਿਣਾ ਹੈ ਕਿ ਇਹ ਅਦਾਰੇ ਉਸਦੀ ਰਾਸ਼ਟਰੀ ਸੁਰੱਖਿਆ ਅਤੇ ਵਿਦੇਸ਼ ਨੀਤੀ ਲਈ ਖ਼ਤਰਾ ਹਨ। ਰਿਪੋਰਟਾਂ ਅਨੁਸਾਰ ਅਮਰੀਕੀ ਜਾਸੂਸੀ ਦਾ ਇਹ ਪੈਟਰਨ ਬਿਲਕੁਲ ਉਸੇ ਤਰ੍ਹਾਂ ਦਾ ਹੈ ਜਿਵੇਂ ਵੈਨੇਜ਼ੁਏਲਾ ਅਤੇ ਈਰਾਨ ਵਿੱਚ ਅਮਰੀਕੀ ਫੌਜੀ ਕਾਰਵਾਈਆਂ ਤੋਂ ਪਹਿਲਾਂ ਦੇਖਿਆ ਗਿਆ ਸੀ। ਅਚਾਨਕ ਵਧੀ ਇਸ ਜਾਸੂਸੀ ਅਤੇ ਸਖ਼ਤ ਬਿਆਨਬਾਜ਼ੀ ਨੇ ਮਾਹਿਰਾਂ ਨੂੰ ਚਿੰਤਾ ਵਿੱਚ ਪਾ ਦਿੱਤਾ ਹੈ। ਹਾਲਾਂਕਿ ਪੈਂਟਾਗਨ ਨੇ ਇਨ੍ਹਾਂ ਖੁਫੀਆ ਮਿਸ਼ਨਾਂ 'ਤੇ ਅਜੇ ਤੱਕ ਕੋਈ ਵੀ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ ਹੈ।

# ਈਰਾਨ 100% ਰੋਕੇਗਾ ਯੂਰੇਨੀਅਮ ਭੰਡਾਰਨ! ਮਿਡਲ ਈਸਟ ਤਣਾਅ ਵਿਚਾਲੇ ਟਰੰਪ ਦਾ ਵੱਡਾ ਦਾਅਵਾ

ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਹ ਭਰੋਸਾ ਜਤਾਇਆ ਹੈ ਕਿ ਈਰਾਨ ਯੂਰੇਨੀਅਮ ਦੀ ਸੰਵਰਧਨ (Enrichment) ਪ੍ਰਕਿਰਿਆ ਨੂੰ ਪੂਰੀ ਤਰ੍ਹਾਂ ਬੰਦ ਕਰ ਦੇਵੇਗਾ ਅਤੇ ਪ੍ਰਮਾਣੂ ਹਥਿਆਰ ਬਣਾਉਣ ਦੀ ਕਿਸੇ ਵੀ ਕੋਸ਼ਿਸ਼ ਨੂੰ ਤਿਆਗ ਦੇਵੇਗਾ। ਹਾਲਾਂਕਿ ਵਾਸ਼ਿੰਗਟਨ ਅਤੇ ਤੇਹਰਾਨ ਵਿਚਕਾਰ ਗੱਲਬਾਤ ਅਜੇ ਵੀ ਇੱਕ ਗੰਭੀਰ ਰੁਕਾਵਟ ਦੇ ਦੌਰ ਵਿੱਚੋਂ ਗੁਜ਼ਰ ਰਹੀ ਹੈ, ਪਰ ਰਾਸ਼ਟਰਪਤੀ ਟਰੰਪ ਨੇ ਇਸ ਗੱਲ 'ਤੇ ਪੂਰਾ ਵਿਸ਼ਵਾਸ ਪ੍ਰਗਟਾਇਆ ਹੈ ਕਿ ਈਰਾਨ ਨੂੰ ਪ੍ਰਮਾਣੂ ਬੰਬ ਬਣਾਉਣ ਤੋਂ ਰੋਕਿਆ ਜਾ ਸਕਦਾ ਹੈ।

WABC ਦੇ ਪ੍ਰੋਗਰਾਮ 'ਸਿਡ ਐਂਡ ਫਰੈਂਡਸ ਇਨ ਦ ਮਾਰਨਿੰਗ' ਨੂੰ ਦਿੱਤੇ ਇੱਕ ਇੰਟਰਵਿਊ ਦੌਰਾਨ ਜਦੋਂ ਟਰੰਪ ਨੂੰ ਪੁੱਛਿਆ ਗਿਆ ਕਿ ਕੀ ਈਰਾਨ ਨੂੰ ਯੂਰੇਨੀਅਮ ਸੰਵਰਧਨ ਤੋਂ ਰੋਕਿਆ ਜਾ ਸਕਦਾ ਹੈ, ਤਾਂ ਉਨ੍ਹਾਂ ਨੇ ਦਾਅਵਾ ਕੀਤਾ ਕਿ 'ਉਹ 100% ਰੁਕਣ ਜਾ ਰਹੇ ਹਨ'। ਟਰੰਪ ਨੇ ਦੱਸਿਆ ਕਿ ਉਹ ਖੁਦ ਈਰਾਨੀ ਅਧਿਕਾਰੀਆਂ ਨਾਲ ਗੱਲਬਾਤ ਵਿੱਚ ਸਿੱਧੇ ਤੌਰ 'ਤੇ ਸ਼ਾਮਲ ਹਨ। ਉਨ੍ਹਾਂ ਨੇ ਪ੍ਰਮਾਣੂ ਸਮੱਗਰੀ ਲਈ ਇੱਕ ਖਾਸ ਸ਼ਬਦ ਦੀ ਵਰਤੋਂ ਕਰਦਿਆਂ ਕਿਹਾ, 'ਮੈਂ ਉਨ੍ਹਾਂ ਨਾਲ ਡੀਲ ਕਰ ਰਿਹਾ ਹਾਂ... ਅਤੇ ਉਨ੍ਹਾਂ ਕਿਹਾ ਕਿ ਸਾਨੂੰ ਉਹ ਧੂੜ ਮਿਲੇਗੀ। ਮੈਂ ਇਸਨੂੰ 'ਪ੍ਰਮਾਣੂ ਧੂੜ' (Nuclear Dust) ਕਹਿੰਦਾ ਹਾਂ ਕਿਉਂਕਿ ਇਹ ਸਹੀ ਨਾਮ ਹੈ, ਅਤੇ ਅਸੀਂ ਇਸਨੂੰ ਹਾਸਲ ਕਰਕੇ ਰਹਾਂਗੇ'।

ਰਾਸ਼ਟਰਪਤੀ ਨੇ ਇਹ ਵੀ ਸਪੱਸ਼ਟ ਕੀਤਾ ਕਿ ਅਮਰੀਕਾ ਨੂੰ ਕਿਸੇ ਸਮਝੌਤੇ 'ਤੇ ਪਹੁੰਚਣ ਲਈ ਬਹੁਤ ਤੇਜ਼ੀ ਦਿਖਾਉਣ ਦੀ ਲੋੜ ਨਹੀਂ ਹੈ। ਉਨ੍ਹਾਂ ਕਿਹਾ, 'ਅਸੀਂ ਕਿਸੇ ਵੀ ਚੀਜ਼ ਵਿੱਚ ਜਲਦਬਾਜ਼ੀ ਨਹੀਂ ਕਰਨ ਜਾ ਰਹੇ, ਕਿਉਂਕਿ ਸਾਡੇ ਕੋਲ ਨਾਕਾਬੰਦੀ (Blockade) ਹੈ'।

ਟਰੰਪ ਦੇ ਇਹ ਤਾਜ਼ਾ ਬਿਆਨ ਅਜਿਹੇ ਸਮੇਂ ਆਏ ਹਨ ਜਦੋਂ ਇਕ ਦਿਨ ਪਹਿਲਾਂ ਹੀ ਉਨ੍ਹਾਂ ਨੇ ਕਿਹਾ ਸੀ ਕਿ ਅਮਰੀਕਾ ਅਤੇ ਈਰਾਨ ਵਿਚਕਾਰ ਜੰਗਬੰਦੀ ਦੀ ਸਥਿਤੀ ਬਹੁਤ ਨਾਜ਼ੁਕ ਹੈ ਅਤੇ ਇਹ 'ਵੱਡੇ ਪੱਧਰ 'ਤੇ ਲਾਈਫ ਸਪੋਰਟ' 'ਤੇ ਚੱਲ ਰਹੀ ਹੈ। ਰਾਸ਼ਟਰਪਤੀ ਅਨੁਸਾਰ ਈਰਾਨ ਵੱਲੋਂ ਦਿੱਤਾ ਗਿਆ ਤਾਜ਼ਾ ਜਵਾਬੀ ਪ੍ਰਸਤਾਵ 'ਸਿਰਫ਼ ਅਸਵੀਕਾਰਨਯੋਗ' ਸੀ, ਜਿਸ ਕਾਰਨ ਗੱਲਬਾਤ ਵਿੱਚ ਖੜੋਤ ਆ ਗਈ ਹੈ। ਇਸ ਦੇ ਬਾਵਜੂਦ, ਟਰੰਪ ਦਾ ਈਰਾਨ ਦੇ ਨਿਹੱਥੇ ਹੋਣ ਬਾਰੇ ਭਰੋਸਾ ਕਾਇਮ ਦਿਖਾਈ ਦੇ ਰਿਹਾ ਹੈ।

# ਜਲਦੀ ਨਿਆਂ ਮਿਲਣ ਦੀ ਸੰਭਾਵਨਾ ਵਧੀ

ਦੇਸ਼ ਦੀ ਸੁਪਰੀਮ ਕੋਰਟ ਵਿਚ ਜੱਜਾਂ ਦੀ ਗਿਣਤੀ ਵਧਾਉਣ ਲਈ ਕੇਂਦਰੀ ਮੰਤਰੀ ਮੰਡਲ ਵਲੋਂ ਹਰੀ ਝੰਡੀ ਦਿੱਤੇ ਜਾਣ ਨਾਲ ਇਕ ਪਾਸੇ ਜਿੱਥੇ ਦੇਸ਼ ਦੇ ਆਮ ਲੋਕਾਂ ਨੂੰ ਜਲਦੀ ਨਿਆਂ ਮਿਲਣ ਦੀ ਸੰਭਾਵਨਾ ਪੈਦਾ ਹੋਈ ਹੈ, ਉੱਥੇ ਹੀ ਅਦਾਲਤ ਵਿਚ ਦਹਾਕਿਆਂ ਤੋਂ ਲਟਕਦੇ ਚਲੇ ਆ ਰਹੇ ਵੱਡੀ ਗਿਣਤੀ ਕੇਸਾਂ ਦਾ ਬੋਝ ਘੱਟ ਹੋਣ ਦੀ ਉਮੀਦ ਵੀ ਬੱਝਦੀ ਦਿਖਾਈ ਦਿੰਦੀ ਹੈ। ਸੁਪਰੀਮ ਕੋਰਟ ਵਿਚ ਮੌਜੂਦਾ ਸਮੇਂ ਜੱਜਾਂ ਦੀ ਕੁੱਲ ਗਿਣਤੀ 34 ਹੈ, ਜਦਕਿ ਨਵੇਂ ਫ਼ੈਸਲੇ ਤਹਿਤ 4 ਹੋਰ ਜੱਜ ਮਿਲਣ ਨਾਲ ਇਨ੍ਹਾਂ ਦੀ ਗਿਣਤੀ 38 ਹੋ ਜਾਵੇਗੀ, ਹਾਲਾਂਕਿ ਇਨ੍ਹਾਂ 34 ਜੱਜਾਂ 'ਚ ਸ੍ਰੀ ਸੂਰਿਆਕਾਂਤ ਦੇ ਚੀਫ਼ ਜਸਟਿਸ ਹੋਣ ਨਾਲ ਇਹ ਗਿਣਤੀ 33 ਰਹਿ ਜਾਂਦੀ ਹੈ। ਅਦਾਲਤਾਂ 'ਚ ਜੱਜਾਂ ਦੀ ਗਿਣਤੀ ਵਧਾਉਣ ਦੀ ਮੰਗ ਪਿਛਲੇ ਕਈ ਦਹਾਕਿਆਂ ਤੋਂ ਚੱਲੀ ਆ ਰਹੀ ਹੈ, ਜਿਸ ਕਾਰਨ ਸੂਬਿਆਂ ਦੀਆਂ ਹੇਠਲੀਆਂ ਅਦਾਲਤਾਂ ਤੋਂ ਲੈ ਕੇ ਦੇਸ਼ ਦੀ ਸੁਪਰੀਮ ਕੋਰਟ ਤੱਕ ਲੱਖਾਂ ਦੀ ਤਾਦਾਦ 'ਚ ਮੁਕੱਦਮਿਆਂ ਦੀਆਂ ਫਾਈਲਾਂ ਇਕੱਠੀਆਂ ਹੁੰਦੀਆਂ ਜਾ ਰਹੀਆਂ ਹਨ। ਇੱਥੋਂ ਤੱਕ ਕਿ ਸੁਪਰੀਮ ਕੋਰਟ 'ਚ ਵੀ ਬਕਾਇਆ ਚਲੇ ਆ ਰਹੇ ਕੇਸਾਂ ਦੀ ਗਿਣਤੀ ਕਈ ਲੱਖਾਂ ਤੱਕ ਪਹੁੰਚਦੀ ਜਾ ਰਹੀ ਹੈ। ਨਿਆਂਪਾਲਿਕਾ ਦੀ ਇਸ ਮੰਗ ਦੀ ਪੂਰਤੀ ਲਈ ਜੱਜਾਂ ਦੀ ਗਿਣਤੀ ਵਧਾਉਣ ਸੰਬੰਧੀ ਸੰਸਦ ਦੇ ਅਗਲੇ ਸੈਸ਼ਨ ਵਿਚ ਇਕ ਬਿੱਲ ਲਿਆਉਣ ਦੀ ਤਿਆਰੀ ਕੀਤੀ ਗਈ ਹੈ। ਕੇਂਦਰੀ ਮੰਤਰੀ ਮੰਡਲ ਦੇ ਫ਼ੈਸਲਿਆਂ ਅਨੁਸਾਰ ਹੁਣ ਸੁਪਰੀਮ ਕੋਰਟ ਲਈ 4 ਹੋਰ ਨਵੇਂ ਜੱਜ ਸ਼ਾਮਿਲ ਹੋਣਗੇ।

ਇਸ ਤੋਂ ਇਲਾਵਾ ਦੇਸ਼ ਦੀਆਂ ਵੱਖ-ਵੱਖ ਹਾਈ ਕੋਰਟਾਂ ਵਿਚ ਜੱਜਾਂ ਦੀ ਗਿਣਤੀ ਵੀ ਵਧਾਈ ਜਾਵੇਗੀ। ਸੁਪਰੀਮ ਕੋਰਟ ਕਾਲਜੀਅਮ ਨੇ ਚੀਫ਼ ਜਸਟਿਸ ਦੀ ਪ੍ਰਧਾਨਗੀ ਹੇਠ ਹੋਈ ਇਕ ਵਿਸ਼ੇਸ਼ ਮੀਟਿੰਗ ਵਿਚ ਰਸਮੀ ਤੌਰ 'ਤੇ ਇਸ ਦੀ ਸਿਫ਼ਾਰਸ਼ ਵੀ ਕਰ ਦਿੱਤੀ ਹੈ। ਇਸ ਸਿਫ਼ਾਰਸ਼ ਦੇ ਅਨੁਸਾਰ ਦੇਸ਼ ਦੀਆਂ ਵੱਖ-ਵੱਖ ਹਾਈ ਕੋਰਟਾਂ ਲਈ 10 ਨਵੇਂ ਜੱਜਾਂ ਦੀ ਨਿਯੁਕਤੀ ਨੂੰ ਮਨਜ਼ੂਰੀ ਮਿਲ ਗਈ ਹੈ। ਇਸ ਵੇਲੇ ਦੇਸ਼ ਦੀਆਂ ਵੱਖ-ਵੱਖ ਹਾਈ ਕੋਰਟਾਂ ਲਈ ਕੁੱਲ 85 ਜੱਜਾਂ ਦੀ ਪ੍ਰਵਾਨਗੀ ਹੁੰਦੀ ਹੈ, ਪਰ ਇਨ੍ਹਾਂ 'ਚੋਂ ਸਿਰਫ਼ 58 'ਤੇ ਹੀ ਜੱਜਾਂ ਦੀ ਨਿਯੁਕਤੀ ਹੈ। ਇਸ ਘਾਟ ਕਾਰਨ ਹਾਈ ਕੋਰਟਾਂ ਵਿਚ 4 ਲੱਖ ਤੋਂ ਵੱਧ ਕੇਸ ਬਕਾਇਆ ਪਏ ਹਨ। ਇਹ ਵੀ ਕਿ ਇਨ੍ਹਾਂ ਬਕਾਇਆ ਕੇਸਾਂ ਦੀ ਗਿਣਤੀ 'ਚ ਲਗਾਤਾਰ ਵਾਧਾ ਹੁੰਦਾ ਜਾ ਰਿਹਾ ਹੈ। ਇਸ ਸੰਦਰਭ ਵਿਚ ਖ਼ੁਦ ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਸੂਰਿਆਕਾਂਤ ਨੇ ਪਿਛਲੇ ਦਿਨੀਂ ਇਹ ਕਹਿ ਕੇ ਚਿੰਤਾ ਪ੍ਰਗਟਾਈ ਸੀ ਕਿ ਦੇਸ਼ ਵਿਚ ਲੱਖਾਂ ਦੀ ਗਿਣਤੀ 'ਚ ਕੇਸਾਂ ਦੇ ਬਕਾਇਆ ਪਏ ਰਹਿਣ ਕਾਰਨ ਆਮ ਆਦਮੀ ਨੂੰ ਨਿਆਂ ਮਿਲਣ 'ਚ ਦੇਰੀ ਹੁੰਦੀ ਹੈ। ਉਨ੍ਹਾਂ ਨੇ ਨਿਆਂਪਾਲਿਕਾ 'ਤੇ ਵਧਦੇ ਦਬਾਅ ਨੂੰ ਲੈ ਕੇ ਵੀ ਚਿੰਤਾ ਵਿਅਕਤ ਕੀਤੀ ਸੀ।

ਨਿਆਂਪਾਲਿਕਾ ਨਾਲ ਸੰਬੰਧਿਤ ਮਾਹਿਰਾਂ ਅਨੁਸਾਰ ਸੁਪਰੀਮ ਕੋਰਟ ਦੀ ਇਸ ਪਹੁੰਚ ਨਾਲ ਬਿਨਾਂ ਸ਼ੱਕ ਬਕਾਇਆ ਕੇਸਾਂ ਦੀ ਗਿਣਤੀ ਘੱਟ ਹੋਵੇਗੀ ਅਤੇ ਸੁਪਰੀਮ ਕੋਰਟ ਵਿਚ ਜੱਜਾਂ ਦੀ ਗਿਣਤੀ 'ਚ ਵਾਧਾ ਆਮ ਲੋਕਾਂ ਨੂੰ ਤੇਜ਼ੀ ਨਾਲ ਨਿਆਂ ਪ੍ਰਦਾਨ ਕਰਨ ਵਿਚ ਮਦਦ ਕਰੇਗਾ। ਇਸ ਨਾਲ ਬਕਾਇਆ ਪਏ ਕੇਸਾਂ ਦੇ ਨਿਪਟਾਰੇ ਦੀ ਪ੍ਰਕਿਰਿਆ ਨੂੰ ਤੇਜ਼ ਕਰਨ ਵਿਚ ਵੀ ਮਦਦ ਮਿਲੇਗੀ। ਇਸ ਨਾਲ ਕੇਸਾਂ ਦੇ ਨਿਪਟਾਰੇ ਲਈ ਲੱਗਣ ਵਾਲੇ ਸਮੇਂ 'ਚ ਵੀ ਕਮੀ ਆਉਣ ਦੀ ਸੰਭਾਵਨਾ ਹੈ। ਧਿਆਨ ਦੇਣ ਯੋਗ ਇਹ ਹੈ ਕਿ ਕਾਲਜੀਅਮ ਦੀ ਸਿਫ਼ਾਰਸ਼ ਤੋਂ ਬਾਅਦ ਜੱਜਾਂ ਦੇ ਅਹੁਦਿਆਂ ਦੀ ਨਿਯੁਕਤੀ ਲਈ ਕੇਂਦਰ ਸਰਕਾਰ ਕੋਲ ਜੱਜਾਂ ਦੀ ਨਿਯੁਕਤੀ ਦੀ ਸਿਰਫ਼ ਰਸਮੀ ਕਾਰਵਾਈ ਹੀ ਰਹਿ ਜਾਂਦੀ ਹੈ। ਇਸ ਤੋਂ ਬਾਅਦ ਰਾਸ਼ਟਰਪਤੀ ਦੀ ਪ੍ਰਵਾਨਗੀ ਮਗਰੋਂ ਇਕ ਨੋਟੀਫਿਕੇਸ਼ਨ ਜਾਰੀ ਹੋਣਾ ਹੀ ਬਾਕੀ ਰਹਿ ਜਾਂਦਾ ਹੈ।

ਕਿਸੇ ਵੀ ਲੋਕਤੰਤਰਿਕ ਸ਼ਾਸਨ ਵਿਚ ਦੇਸ਼ ਦੀ ਜਨਤਾ ਨੂੰ ਅਦਾਲਤਾਂ ਦੁਆਰਾ ਜਲਦੀ ਨਿਆਂ ਉਪਲਬਧ ਕਰਾਉਣਾ ਉਸ ਦਾ ਮੁਢਲਾ ਕੰਮ ਹੁੰਦਾ ਹੈ, ਪਰ ਦੇਸ਼ ਦੀਆਂ ਵੱਖ-ਵੱਖ ਅਦਾਲਤਾਂ 'ਚ ਜੱਜਾਂ ਦੀ ਘਾਟ ਜਾਂ ਕਈ ਹੋਰ ਤਰ੍ਹਾਂ ਦੀਆਂ ਪ੍ਰਕਿਰਿਆਵਾਂ ਦੀ ਘਾਟ ਕਾਰਨ ਇਕ ਪਾਸੇ ਜਲਦੀ ਨਿਆਂ ਮਿਲਣ 'ਚ ਰੁਕਾਵਟ ਆ ਰਹੀ ਸੀ, ਉੱਥੇ ਹੀ ਅਦਾਲਤਾਂ ਤੇ ਜੱਜਾਂ 'ਤੇ ਵਧਦਾ ਬੋਝ ਵੀ ਪ੍ਰੇਸ਼ਾਨੀ ਪੈਦਾ ਕਰ ਰਿਹਾ ਸੀ। ਲਿਹਾਜ਼ਾ ਜਿੱਥੇ ਜੱਜਾਂ ਦੀ ਨਵੀਂ ਨਿਯੁਕਤੀ ਜ਼ਰੂਰੀ ਬਣਦੀ ਜਾ ਰਹੀ ਸੀ, ਉੱਥੇ ਹੀ ਖ਼ੁਦ ਸੁਪਰੀਮ ਕੋਰਟ ਦੇ ਨਵੇਂ ਜੱਜਾਂ ਦੀ ਮੰਗ ਵੀ ਭਾਰੀ ਹੁੰਦੀ ਜਾ ਰਹੀ ਸੀ। ਹੁਣ ਜਿੱਥੇ ਸੁਪਰੀਮ ਕੋਰਟ ਨੇ ਹਾਈ ਕੋਰਟਾਂ 'ਚ ਜੱਜਾਂ ਦੀ ਨਿਯੁਕਤੀ ਦੀ ਸਿਫ਼ਾਰਸ਼ ਕੀਤੀ ਹੈ, ਉੱਥੇ ਹੀ ਕੇਂਦਰੀ ਮੰਤਰੀ ਮੰਡਲ ਵਲੋਂ ਸੁਪਰੀਮ ਕੋਰਟ ਲਈ ਚਾਰ ਨਵੇਂ ਜੱਜਾਂ ਦੀ ਨਿਯੁਕਤੀ ਪ੍ਰਤੀ ਸਹਿਮਤੀ ਦੇਣਾ ਇਕ ਚੰਗਾ ਫ਼ੈਸਲਾ ਹੋ ਸਕਦਾ ਹੈ। ਬਿਨਾਂ ਸ਼ੱਕ ਇਨ੍ਹਾਂ ਨਿਯੁਕਤੀਆਂ ਨਾਲ ਦੇਸ਼ ਦੇ ਨਿਆਇਕ ਪੱਧਰ ਦੀ ਸਥਿਤੀ ਸੁਧਰਨ ਦੀ ਸੰਭਾਵਨਾ ਦਿਖਾਈ ਦਿੰਦੀ ਹੈ। ਇਸ ਨਾਲ ਦੇਸ਼ ਦੀਆਂ ਅਦਾਲਤਾਂ ਵਲੋਂ ਨਿਆਂ ਉਪਲਬਧ ਕਰਾਉਣ ਦੇ ਅਮਲ ਵਿਚ ਹੋਰ ਵੀ ਤੇਜ਼ੀ ਆ ਸਕਦੀ ਹੈ।

# ਨਵੀਂ ਰੱਖਿਆ ਤਕਨੀਕ ਅਪਣਾਵੇ ਭਾਰਤ



ਰੂਸ ਯੂਕਰੇਨ ਨਾਲੋਂ ਦਸ ਗੁਣਾ ਸ਼ਕਤੀਸ਼ਾਲੀ ਪਰਮਾਣੂ ਮਹਾਸ਼ਕਤੀ ਹੈ ਪਰ ਚਾਰ ਸਾਲਾਂ ਦੀ ਲੰਬੀ ਜੰਗ ਦੇ ਬਾਵਜੂਦ ਯੂਕਰੇਨ ਨੂੰ ਝੁਕਾ ਨਹੀਂ ਸਕਿਆ। ਅਮਰੀਕਾ ਈਰਾਨ ਨਾਲੋਂ ਸੌ ਗੁਣਾ ਸ਼ਕਤੀਸ਼ਾਲੀ ਪਰਮਾਣੂ ਮਹਾਸ਼ਕਤੀ ਹੈ ਪਰ ਦੋ ਮਹੀਨਿਆਂ ਦੇ ਤਬਾਹਕੁੰਨ ਹਮਲਿਆਂ ਦੇ ਬਾਵਜੂਦ ਈਰਾਨ ਨੂੰ ਨਹੀਂ ਝੁਕਾ ਸਕਿਆ ਹੈ। ਕਾਰਨ ਸ਼ਾਇਦ ਯੂਕਰੇਨ ਦੇ ਰਾਸ਼ਟਰਪਤੀ ਜ਼ੇਲੈਂਸਕੀ ਦੇ ਪਿਛਲੇ ਮਹੀਨੇ ਦੇ ਉਸ ਦਾਅਵੇ ਵਿਚ ਹੈ ਜਿਸ ਵਿਚ ਉਨ੍ਹਾਂ ਨੇ ਕਿਹਾ ਸੀ ਕਿ ਉਨ੍ਹਾਂ ਦੀ ਫ਼ੌਜ ਦੇ ਆਟੋਮੈਟਿਕ ਰੋਬੋਟ ਵਾਹਨਾਂ ਅਤੇ ਡਰੋਨ ਪ੍ਰਣਾਲੀ ਨੇ ਇਕ ਰੂਸੀ ਮੋਰਚੇ 'ਤੇ ਕਬਜ਼ਾ ਕਰ ਲਿਆ ਅਤੇ ਤਿੰਨ ਰੂਸੀ ਸੈਨਿਕਾਂ ਨੂੰ ਬੰਦੀ ਬਣਾ ਲਿਆ। ਲੱਗਦਾ ਹੈ ਕਿ ਦੁਨੀਆ ਫਿਰ ਉਸ ਯੁੱਗ ਵਿਚ ਦਾਖ਼ਲ ਹੋ ਰਹੀ ਹੈ ਜਿੱਥੇ ਫ਼ੌਜਾਂ ਦੀ ਥਾਂ ਉਨ੍ਹਾਂ ਦੇ ਹਥਿਆਰਾਂ ਦਾ ਆਪਸ ਵਿਚ ਸੰਗਰਾਮ ਹੋਇਆ ਕਰੇਗਾ।

ਯੂਕਰੇਨ ਇਸ ਸਮੇਂ ਰੂਸੀ ਸੈਨਿਕਾਂ, ਵਾਹਨਾਂ ਅਤੇ ਟਿਕਾਣਿਆਂ ਨੂੰ ਨਸ਼ਟ ਕਰਨ, ਯੁੱਧ ਵਿਚ ਫਸੇ ਸੈਨਿਕਾਂ ਨੂੰ ਰਸਦ ਪਹੁੰਚਾਉਣ ਅਤੇ ਜ਼ਖ਼ਮੀ ਫ਼ੌਜੀਆਂ ਨੂੰ ਬਚਾਉਣ ਲਈ ਆਪਣੇ-ਆਪ ਹੀ ਕੰਮ ਕਰਨ ਵਾਲੀ ਰੋਬੋਟ ਪ੍ਰਣਾਲੀ ਦਾ ਇਸਤੇਮਾਲ ਕਰ ਰਿਹਾ ਹੈ। ਚਾਰ ਸਾਲਾਂ ਦੀ ਜੰਗ ਵਿਚ ਯੂਕਰੇਨ ਦੇ ਲਗਪਗ ਡੇਢ ਲੱਖ ਫ਼ੌਜੀ ਮਾਰੇ ਜਾ ਚੁੱਕੇ ਹਨ, ਇਸ ਲਈ ਉਹ ਰੂਸ ਦੀ ਸਰਹੱਦ 'ਤੇ 30 ਤੋਂ 40 ਕਿੱਲੋਮੀਟਰ ਚੌੜੀ ਪੱਟੀ ਨੂੰ ਅਜਿਹੇ ਖੇਤਰ ਵਿਚ ਬਦਲਣਾ ਚਾਹੁੰਦਾ ਹੈ ਜਿੱਥੇ ਆਟੋਮੈਟਿਕ ਰੋਬੋਟ ਅਤੇ ਡ ?ਰੋਨ ਦੁਸ਼ਮਣ ਨੂੰ ਦੇਖਦੇ ਹੀ ਮਾਰ ਸਕਣ। ਪਿਛਲੇ ਸਾਲ ਜੂਨ ਵਿਚ ਉਸ ਨੇ ਸੌ ਤੋਂ ਵੱਧ ਡ ?ਰੋਨਾਂ ਜ਼ਰੀਏ ਰੂਸ ਵਿਚ ਚਾਰ ਹਜ਼ਾਰ ਕਿੱਲੋਮੀਟਰ ਅੰਦਰ ਤੱਕ ਹਵਾਈ ਟਿਕਾਣਿਆਂ ਦੇ ਇਕ-ਤਿਹਾਈ ਜਹਾਜ਼ਾਂ ਨੂੰ ਨਸ਼ਟ ਕਰ ਦਿੱਤਾ ਸੀ। ਰੂਸ ਵੀ ਅਜਿਹੇ ਹਥਿਆਰਾਂ ਦੇ ਵਿਕਾਸ ਵਿਚ ਪਿੱਛੇ ਨਹੀਂ ਹੈ। ਯੂਕਰੇਨ ਨੇ ਪਿਛਲੇ ਸਾਲ ਰੂਸ ਦਾ ਇਕ ਅਜਿਹਾ ਡਰੋਨ ਫੜਿਆ ਸੀ ਜੋ ਆਰਟੀਫੀਸ਼ੀਅਲ ਇੰਟੈਲੀਜੈਂਸ (ਏਆਈ) ਜ਼ਰੀਏ ਚੱਲਣ ਕਾਰਨ ਦੁਸ਼ਮਣ ਦੇ ਟਿਕਾਣਿਆਂ ਦੀ ਖ਼ੁਦ ਭਾਲ ਕਰ ਕੇ ਉਨ੍ਹਾਂ ਨੂੰ ਨਸ਼ਟ ਕਰਨ ਦੀ ਸਮਰੱਥਾ ਰੱਖਦਾ ਸੀ। ਇਸ ਨੂੰ ਆਮ ਡਰੋਨ ਵਾਂਗ ਸਿਗਨਲ ਲੈਣ ਅਤੇ ਭੇਜਣ ਦੀ ਲੋੜ ਨਹੀਂ ਸੀ, ਇਸ ਲਈ ਉਸ ਨੂੰ ਜਾਮ ਵੀ ਨਹੀਂ ਕੀਤਾ ਜਾ ਸਕਦਾ ਸੀ। ਰੂਸ ਦੇ ਰੱਖਿਆ ਉਦਯੋਗ ਬਾਰੇ ਇਹ ਧਾਰਨਾ ਰਹੀ ਹੈ ਕਿ ਉਹ ਕੇਂਦਰੀ ਨਿਯੰਤਰਣ ਅਤੇ ਫ਼ੌਜ ਦੀਆਂ ਸੰਸਥਾਗਤ ਪਰੰਪਰਾਵਾਂ ਦੀ ਜਕੜ ਵਿਚ ਬੱਝਿਆ ਹੋਇਆ ਹੈ, ਜਿੱਥੇ ਕੋਈ ਵਿਆਪਕ ਬਦਲਾਅ ਬਹੁਤ ਮੁਸ਼ਕਲ ਨਾਲ ਹੁੰਦਾ ਹੈ। ਹਾਲਾਂਕਿ, ਯੂਕਰੇਨ ਜੰਗ ਦੀ ਸੱਟ ਨੇ ਉਸ ਦੀ ਰਵਾਇਤੀ ਸੋਚ ਨੂੰ ਬਦਲ ਦਿੱਤਾ ਹੈ।

ਇਸ ਲੜੀ ਵਿਚ ਰੂਸ ਨੇ ਸ਼ੁਰੂਆਤ ਈਰਾਨ ਦੇ ਸ਼ਾਹੀਨ ਡਰੋਨਾਂ ਜ਼ਰੀਏ ਕੀਤੀ ਸੀ ਜਿਨ੍ਹਾਂ ਵਿਚ ਸੁਧਾਰ ਕਰਦਿਆਂ ਹੋਇਆਂ ਉਹ ਆਜ਼ਾਦਾਨਾ ਤੌਰ 'ਤੇ ਕੰਮ ਕਰਨ ਵਾਲੇ ਡਰੋਨਾਂ ਤੱਕ ਪਹੁੰਚ ਗਿਆ ਹੈ। ਉਸ ਨੇ ਏਆਈ ਅਤੇ ਆਟੋਮੈਟਿਕ ਸ਼ਸਤਰਾਂ ਦੇ ਵਿਕਾਸ ਲਈ ਆਪਣੇ ਰੱਖਿਆ ਖੋਜ ਖੇਤਰ ਨੂੰ ਪੂਰੀ ਤਰ੍ਹਾਂ ਖੋਲ੍ਹ ਦਿੱਤਾ ਹੈ। ਨਿੱਜੀ ਖੇਤਰ ਦੇ ਸਟਾਰਟਅੱਪ, ਪ੍ਰਯੋਗਸ਼ਾਲਾਵਾਂ ਅਤੇ ਇੱਥੋਂ ਤੱਕ ਕਿ ਕੁਝ ਸਕੂਲ ਵੀ ਡਰੋਨ ਅਤੇ ਰੱਖਿਆ ਉਪਕਰਨਾਂ ਵਿਚ ਏਆਈ ਨਾਲ ਖ਼ੁਦਮੁਖਤਾਰ ਸਮਰੱਥਾ ਦੇ ਵਿਕਾਸ ਵਿਚ ਲੱਗੇ ਹੋਏ ਹਨ। ਜੰਗ ਦੇ ਮੈਦਾਨ ਤੋਂ ਹਰ ਰੋਜ਼ ਹਜ਼ਾਰਾਂ ਵੀਡੀਓਜ਼ ਆਉਂਦੀਆਂ ਹਨ ਜਿਨ੍ਹਾਂ ਦਾ ਮੁਲਾਂਕਣ ਕਰ ਕੇ ਉਨ੍ਹਾਂ ਦੀ ਜਾਣਕਾਰੀ ਨੂੰ ਡਰੋਨ ਤੇ ਆਟੋਮੈਟਿਕ ਵਾਹਨਾਂ ਵਿਚ ਭਰਿਆ ਜਾਂਦਾ ਹੈ। ਆਟੋਮੈਟਿਕ ਡ ?ਰੋਨਾਂ ਅਤੇ ਰੋਬੋਟ ਵਾਹਨਾਂ ਨੂੰ ਮਨੁੱਖੀ ਅਧਿਕਾਰ ਕਾਰਕੁਨ 21ਵੀਂ ਸਦੀ ਦਾ ਪਰਮਾਣੂ ਬੰਬ ਦੱਸਦੇ ਹਨ। ਇਨ੍ਹਾਂ ਆਟੋਮੈਟਿਕ ਪ੍ਰਣਾਲੀਆਂ ਦੇ ਇਸਤੇਮਾਲ ਨਾਲ ਜਿੱਥੇ ਫ਼ੌਜੀਆਂ ਦੀ ਜਾਨ ਦਾ ਜੋਖ਼ਮ ਘੱਟ ਹੋਵੇਗਾ, ਓਥੇ ਹੀ ਆਮ ਨਾਗਰਿਕਾਂ ਦੀ ਜਾਨ ਦਾ ਜੋਖ਼ਮ ਵਧ ਸਕਦਾ

**ਸ਼ਿਵਕਾਂਤ ਸ਼ਰਮਾ**

ਹੈ ਕਿਉਂਕਿ ਏਆਈ ਨਾਲ ਕੰਮ ਕਰ ਰਿਹਾ ਡਰੋਨ ਸੈਨਿਕ ਅਤੇ ਨਾਗਰਿਕ ਵਿਚਾਲੇ ਫ਼ਰਕ ਕਿਵੇਂ ਕਰ ਸਕੇਗਾ?

ਲੜ ਰਹੇ ਫ਼ੌਜੀ ਅਤੇ ਸਮਰਪਣ ਕਰ ਰਹੇ ਫ਼ੌਜੀ ਵਿਚ ਕਿਵੇਂ ਫ਼ਰਕ ਕਰ ਸਕੇਗਾ? ਰੂਸ ਤਾਂ ਇਹ ਸਭ ਚਾਰ ਸਾਲਾਂ ਤੋਂ ਚੱਲ ਰਹੀ ਜੰਗ ਜਿੱਤਣ ਲਈ ਬਣਾ ਰਿਹਾ ਹੈ ਕਿਉਂਕਿ ਉਸ ਨੂੰ ਯੂਕਰੇਨ ਦੇ ਨਾਗਰਿਕਾਂ ਨੂੰ ਹੋਣ ਵਾਲੇ ਨੁਕਸਾਨ ਦੀ ਪਰਵਾਹ ਨਹੀਂ ਹੈ ਪਰ ਯੂਰਪ, ਅਮਰੀਕਾ ਤੇ ਭਾਰਤ ਵਰਗੇ ਦੇਸ਼ਾਂ ਨੂੰ ਆਟੋਮੈਟਿਕ ਪ੍ਰਣਾਲੀਆਂ ਦੇ ਜੋਖ਼ਮ 'ਤੇ ਵੀ ਵਿਚਾਰ ਕਰਨਾ ਹੋਵੇਗਾ। ਇਸ ਦੇ ਬਾਵਜੂਦ ਅਮਰੀਕਾ ਪੂਰੇ ਜੋਸ਼ ਨਾਲ ਖ਼ੁਦਮੁਖਤਾਰ ਰੱਖਿਆ ਪ੍ਰਣਾਲੀਆਂ ਦੇ ਵਿਕਾਸ ਵਿਚ ਰੁੱਝਿਆ ਹੋਇਆ ਹੈ। ਕਿਉਂਕਿ ਉਸ ਨੇ ਈਰਾਨ ਨਾਲ ਹੋਈ ਜੰਗ ਵਿਚ ਡ ?ਰੋਨ ਦੀ ਮਾਰੂ ਸਮਰੱਥਾ ਦੇਖ ਲਈ ਹੈ, ਇਸ ਲਈ ਰੱਖਿਆ ਮੰਤਰੀ ਪੀਟ ਹੇਗਸੇਥ ਦਾ ਕਹਿਣਾ ਹੈ ਕਿ ਅਮਰੀਕਾ ਨੂੰ ਏਆਈ ਦੀ ਸਭ ਤੋਂ ਵੱਡੀ ਰੱਖਿਆ ਸ਼ਕਤੀ ਬਣਨਾ ਹੈ। ਇਸ ਨੂੰ ਹੀ ਧਿਆਨ ਵਿਚ ਰੱਖਦੇ ਹੋਏ ਪੈਂਟਾਗਨ ਨੇ ਏਆਈ ਵਿਕਾਸ ਵਿਚ ਮੋਹਰੀ ਗੂਗਲ, ਓਪਨ ਏਆਈ, ਐਮਾਜ਼ੋਨ, ਮਾਈਕ੍ਰੋਸਾਫਟ, ਸਪੇਸ ਐਕਸ, ਓਰੈਕਲ ਅਤੇ ਐਨਵੀਡੀਆ ਵਰਗੀਆਂ ਕੰਪਨੀਆਂ ਦੇ ਨਾਲ ਕਦਮਤਾਲ ਸ਼ੁਰੂ ਕੀਤੀ ਹੈ। ਡਰੋਮ ਵਿਕਾਸ ਲਈ ਸੰਭਵ ਤੌਰ 'ਤੇ ਉਸ ਨੂੰ ਯੂਕਰੇਨ ਤੋਂ ਹੀ ਮਦਦ ਲੈਣੀ ਹੋਵੇਗੀ ਜੋ ਇਸ ਸਮੇਂ ਡ ?ਰੋਨ ਵਿਕਾਸ ਦੇ ਮੋਰਚੇ 'ਤੇ ਬਹੁਤ ਉੱਚੇ ਪਾਏਦਾਨ 'ਤੇ ਹਨ। ਹਾਲ ਹੀਵਿਚ ਉਸ ਨੇ ਮਾਰੀਸ਼ਿਅਨ ਨਾਂ ਦੇ ਖ਼ੁਦਮੁਖਤਾਰ ਡਰੋਨ ਦਾ ਪ੍ਰੀਖਣ ਸ਼ੁਰੂ ਕੀਤਾ ਹੈ ਜੋ 300 ਕਿੱਲੋਮੀਟਰ ਪ੍ਰਤੀ ਘੰਟੇ ਦੀ ਰਫ਼ਤਾਰ ਨਾਲ ਉੱਡਦਾ ਹੈ ਤੇ ਡ ?ਰੋਨ ਟੋਹੀ ਰਾਡਾਰਾਂ ਦੀ ਪਕੜ ਵਿਚ ਵੀ ਨਹੀਂ ਆਉਂਦਾ।

ਭਾਰਤ ਦਾ ਰੱਖਿਆ ਤੰਤਰ ਵੀ ਹਥਿਆਰਾਂ ਦੀ ਖ਼ਰੀਦ ਜਾਂ ਵਿਕਾਸ ਦੀਆਂ ਸੰਸਥਾਗਤ ਪਰੰਪਰਾਵਾਂ ਵਿਚ ਬੱਝਿਆ ਹੋਇਆ ਹੈ। ਨਵੇਂ ਹਥਿਆਰਾਂ ਦਾ ਪ੍ਰੀਖਣ ਕਰ ਕੇ ਫ਼ੌਜ ਦੇ ਸਾਰੇ ਅੰਗਾਂ ਨਾਲ ਤਾਲਮੇਲ ਬਿਠਾਉਣ ਵਿਚ ਸਮਾਂ ਲੱਗਦਾ ਹੈ, ਜਦਕਿ ਖ਼ੁਦਮੁਖਤਾਰ ਰੋਬੋਟ ਤੇ ਡ ?ਰੋਨ ਪ੍ਰਣਾਲੀਆਂ ਦਾ ਵਿਕਾਸ ਇੰਨੀ ਤੇਜ਼ੀ ਨਾਲ ਹੋ ਰਿਹਾ ਹੈ ਕਿ ਕੁਝ ਮਹੀਨਿਆਂ ਵਿਚ ਹੀ ਉਨ੍ਹਾਂ ਦੀ ਕਾਟ ਲੱਭ ਲਈ ਜਾਂਦੀ ਹੈ ਅਤੇ ਉਨ੍ਹਾਂ ਦੇ ਹੋਰ ਉੱਨਤ ਰੂਪਾਂ ਦਾ ਵਿਕਾਸ ਕਰਨਾ ਪੈਂਦਾ ਹੈ। ਇਸ ਲਈ ਇਸ ਹੋੜ ਵਿਚ ਅੱਗੇ ਬਣੇ ਰਹਿਣ ਲਈ ਰੱਖਿਆ ਕੰਪਨੀਆਂ ਦੇ ਨਾਲ-ਨਾਲ ਨਿੱਜੀ ਖੇਤਰ ਅਤੇ ਸਟਾਰਟਅੱਪਸ ਦੀਆਂ ਪ੍ਰਤਿਭਾਵਾਂ ਦਾ ਸਹਿਯੋਗ ਲੈਣਾ ਵੀ ਜ਼ਰੂਰੀ ਹੈ। ਉਨ੍ਹਾਂ ਦੇ ਸਹਿਯੋਗ ਨਾਲ ਹੀ ਚੀਨ ਰੋਬੋਟ ਮਾਨਵਾਂ ਦੇ ਵਿਕਾਸ ਵਿਚ ਦੁਨੀਆ ਵਿਚ ਸਭ ਤੋਂ ਅੱਗੇ ਨਿਕਲ ਗਿਆ ਹੈ। ਬੀਤੇ ਮਹੀਨੇ ਬੀਜਿੰਗ ਵਿਚ ਹੋਈ ਮਾਨਵ ਤੇ ਰੋਬੋਕ ਦੌੜਾਕਾਂ ਦੀ 21 ਕਿੱਲੋਮੀਟਰ ਲੰਬੀ ਮੈਰਾਥਨ ਦੌੜ ਵਿਚ ਚੀਨੀ ਮੋਬਾਈਲ ਕੰਪਨੀ ਦੇ ਰੋਬੋਟ ਮਾਨਵ ਲਾਈਟਨਿੰਗ ਨੇ ਵਿਸ਼ਵ ਰਿਕਾਰਡ ਸੱਤ ਮਿੰਟਾਂ ਨਾਲ ਤੋੜ ਦਿੱਤਾ।

ਭਾਰਤ ਲਈ ਖ਼ੁਦਮੁਖਤਾਰ ਰੋਬੋਟ ਤੇ ਡ ?ਰੋਨ ਤਕਨੀਕ ਵਿਚ ਬੜ੍ਹਤ ਗੁਆਂਢੀ ਦੇਸ਼ਾਂ ਵਿਚ ਅੱਤਵਾਦ ਦੇ ਅੱਡਿਆਂ ਨਾਲ ਸਿੱਝਣ ਵਿਚ ਵੀ ਮਦਦਗਾਰ ਬਣੇਗੀ। ਜ਼ਰੂਰਤ ਪੈਣ 'ਤੇ ਖ਼ੁਦਮੁਖਤਾਰ ਰੋਬੋਟ ਤੇ ਡ ?ਰੋਨ ਪ੍ਰਣਾਲੀ ਦੀ ਮਦਦ ਨਾਲ ਕਰੋੜਾਂ ਡਾਲਰ ਦੇ ਜੰਗੀ ਜਹਾਜ਼ਾਂ ਅਤੇ ਟਰੇਂਡ ਪਾਇਲਟਾਂ ਨੂੰ ਜੋਖ਼ਮ ਵਿਚ ਪਾਏ ਬਿਨਾਂ ਆਪ੍ਰੇਸ਼ਨ ਸਿੰਧੂਰ ਵਰਗੀ ਕਾਰਵਾਈ ਕੀਤੀ ਜਾ ਸਕਦੀ ਹੈ। ਹਾਲਾਂਕਿ ਰੱਖਿਆ ਮਾਹਿਰ ਇਹ ਚਿਤਾਵਨੀ ਵੀ ਦਿੰਦੇ ਹਨ ਕਿ ਜੇ ਇਸ ਤਰ੍ਹਾਂ ਦੇ ਖ਼ੁਦਮੁਖਤਾਰ ਡ ?ਰੋਨ ਤੇ ਰੋਬੋਟ ਅੱਤਵਾਦੀ ਸੰਗਠਨਾਂ ਦੇ ਹੱਥ ਲੱਗ ਜਾਣ ਤਾਂ ਇਹ ਗੰਭੀਰ ਸਮੱਸਿਆ ਬਣ ਸਕਦੇ ਹਨ। ਇਸ ਲਈ ਇਨ੍ਹਾਂ ਤੋਂ ਬਚਾਅ ਲਈ ਤਿਆਰ ਹੋ ਰਹੇ ਹਥਿਆਰਾਂ ਦੇ ਵਿਕਾਸ 'ਤੇ ਵੀ ਓਨਾ ਹੀ ਧਿਆਨ ਦੇਣ ਦੀ ਜ਼ਰੂਰਤ ਹੈ। ਇਜ਼ਰਾਈਲ, ਬ੍ਰਿਟੇਨ ਅਤੇ ਅਮਰੀਕਾ ਨੇ ਅਜਿਹੀ ਲੇਜ਼ਰ ਗੰਨ ਦਾ ਵਿਕਾਸ ਕੀਤਾ ਹੈ ਜੋ ਇਕ ਕਿੱਲੋਮੀਟਰ ਦੀ ਦੂਰੀ ਤੋਂ ਹੀ ਡਰੋਨ ਨੂੰ ਸੁੱਟ ਸਕਦੀ ਹੈ ਅਤੇ ਪੈਟਰੀਅਟ ਤੇ ਐੱਸ-400 ਵਰਗੀਆਂ ਮਿਜ਼ਾਈਲ ਰੱਖਿਆ ਪ੍ਰਣਾਲੀਆਂ ਦੀ ਤੁਲਨਾ ਵਿਚ ਬੇਹੱਦ ਸਸਤੀ ਹੈ ਪਰ ਇਸ ਦਾ ਦੂਜਾ ਪੱਖ ਵੀ ਹੈ ਕਿ ਇਕ ਤਾਂ ਇਹ ਕੋਹਰੇ ਅਤੇ ਬਰਸਾਤ ਵਿਚ ਓਨੀ ਕਾਰਗਰ ਨਹੀਂ ਰਹਿੰਦੀ, ਦੂਜਾ ਨਿਸ਼ਾਨਾ ਖੁੰਝਣ ਜਾਂ ਡਿੱਗਣ 'ਤੇ ਜਹਾਜ਼ਾਂ ਤੇ ਉਪਗ੍ਰਹਿਾਂ ਨੂੰ ਨੁਕਸਾਨ ਪਹੁੰਚਾ ਸਕਦੀ ਹੈ। ਇਸ ਲਈ ਡਰੋਨ ਰੱਖਿਆ 'ਤੇ ਹਾਲੇ ਹੋਰ ਬਹੁਤ ਕੰਮ ਹੋਣਾ ਬਾਕੀ ਹੈ।

ਸਾਡੇ ਲੋਕ SADE LOK

ਸਤਨਾਮ ਸਿੰਘ ਖਾਲਸਾ

Office : (925) 243-1300 | Cell : (510) 706-1300 | Fax : (925) 373-1300 | India : 783 706 1300

1406 Janis CT Livermore CA 94551

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.

ALL DISPUTES SUBJECTED TO THE COUNTY OF ALAMEDA CALIFORINA. ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

# ਧੰਨ ਧੰਨ ਬਾਬਾ ਜਵਾਹਰ ਦਾਸ ਜੀ ਪਿੰਡ ਸੂਸਾਂ

ਜਿਨ੍ਹਾਂ ਨੇ ਸਾਰੀ ਜ਼ਿੰਦਗੀ ਸੰਗਤਾਂ ਨੂੰ ਮਨੁੱਖਤਾ ਤੇ ਮਾਨਵਤਾ ਨਾਲ ਜੋੜਿਆ ਅਤੇ ਸੱਚ ਦਾ ਪ੍ਰਚਾਰ ਤੇ ਪ੍ਰਸਾਰ ਕੀਤਾ। ਸੇਵਾ ਸਿਮਰਨ ਦੇ ਨਾਲ ਮਨੁੱਖਤਾ ਦਾ ਉਧਾਰ ਕੀਤਾ। ਧੰਨ ਧੰਨ ਬਾਬਾ ਜਵਾਹਰ ਦਾਸ ਜੀ ਪਿੰਡ ਸੂਸਾਂ ਵਾਲਿਆਂ ਜੀ ਦੀ ਪਵਿੱਤਰ ਯਾਦ 'ਚ







## ਗੁਰਦੁਆਰਾ ਸਾਹਿਬ ਲਵਿੰਗਸਟਨ ਕੈਲੀਫੋਰਨੀਆ

**884 B Street Livingston California**

ਵਿਖੇ ਮਹਾਨ ਪਵਿੱਤਰ ਸਮਾਗਮ ਹੋ ਰਹੇ ਹਨ। ਸਮੂਹ ਸੰਗਤਾਂ ਦੇ ਚਰਨਾਂ ਵਿਚ ਨਿਮਰਤਾ ਸਾਹਿਤ ਬੇਨਤੀ ਹੈ ਕਿ ਸਮੇਤ ਪਰਿਵਾਰ ਹਾਜ਼ਰੀਆਂ ਭਰਕੇ ਜੀਵਨ ਸਫ਼ਲਾ ਕਰੋ ਜੀ।

### ਸਮਾਗਮ ਦੇ ਵੇਰਵੇ ਇਸ ਤਰ੍ਹਾਂ ਹਨ :

ਅਰੰਭਤਾ ਸ੍ਰੀ ਅਖੰਡ ਪਾਠ ਸਾਹਿਬ 15 ਮਈ 2026 ਦਿਨ ਸ਼ੁੱਕਰਵਾਰ ਸਵੇਰੇ 10 ਵਜੇ

ਸੰਪੂਰਨਤਾ ਸ੍ਰੀ ਅਖੰਡ ਪਾਠ ਸਾਹਿਬ 17 ਮਈ, 2026 ਦਿਨ ਐਤਵਾਰ ਸਵੇਰੇ 10 ਵਜੇ

ਉਪਰੰਤ ਭਾਰੀ ਦੀਵਾਨ ਸੱਜਣਗੇ, ਜਿਸ ਵਿਚ ਰਾਗੀ, ਢਾਡੀ, ਕਥਾਕਾਰ ਇਲਾਹੀ ਬਾਣੀ ਦੇ ਕੀਰਤਨ ਤੇ ਗੁਰਮਤਿ ਵਿਚਾਰਾਂ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ।



ਭਾਈ ਗੁਰਪ੍ਰੀਤ ਸਿੰਘ, ਭਾਈ ਮਨਪ੍ਰੀਤ ਸਿੰਘ, ਭਾਈ ਚਰਨਬੀਰ ਸਿੰਘ

ਹੋਰ ਜਾਣਕਾਰੀ ਲਈ

ਸ. ਹਰਜਿੰਦਰ ਸਿੰਘ ਹੈਪੀ ਸੂਚ (209) 535-0294

ਸ. ਮਨਜੀਤ ਸਿੰਘ ਬਾਸੀ (209) 678-8519

ਸ. ਹਰਿੰਦਰ ਸਿੰਘ ਸੂਚ (443) 567-0074



ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਨਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਾਨਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖ਼ਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

*ਇਤਿਹਾਸ ਦੇ ਝਰੋਖੇ ਵਿਚੋਂ*

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

(ੲ) ਜਦ ਗੁਰਮਤਾ ਕਰਨਾ ਹੋਵੇ ਤਾਂ 'ਸ੍ਰੀ ਅਕਾਲ ਤਖਤ' ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਉਤੇ ਦਸ ਸੈਂਟ੍ਰਲ ਪੰਥਕ ਜਥੇ ਦਾ ਇਕੱਠ ਹੋਵੇ। ਉਸ ਵਿਚ ਪੰਜ ਪਿਆਰੇ ਚੁਣੇ ਜਾਣ। ਹਰ ਇਕ ਗੁਰਮਤਾ ਪੰਜ ਪਿਆਰਿਆਂ ਵਲੋਂ ਪੇਸ਼ ਹੋਵੇ। ਪੇਸ਼ ਹੋਣ ਉਤੇ ਵਿਚਾਰ ਹੋਵੇ। ਫਿਰ ਰਾਵਾਂ ਲਈਆਂ ਜਾਣ। ਪਾਸ ਹੋਣ 'ਤੇ ਸਾਰੇ ਪੰਥ ਵਲ ਹੁਕਮਨਾਮੇ ਦੇ ਤੌਰ 'ਤੇ ਭੇਜਿਆ ਜਾਵੇ।

੫. ਸਥਾਨਕ ਫੈਸਲਿਆਂ ਦੀ ਅਪੀਲ

(ੳ) ਸਥਾਨਕ ਗੁਰਸੰਗਤ ਦੇ ਫੈਸਲਿਆਂ ਦੀ ਅਪੀਲ ਅਕਾਲ ਤਖਤ ਪਾਸ ਹੋ ਸਕਦੀ ਹੈ। ਇਸ ਕੰਮ ਲਈ ਅਕਾਲ ਤਖਤ ਦੇ ਪੰਜ ਪਿਆਰੇ ਇਹ ਹੋਣ : ਜਥੇਦਾਰ ਸ੍ਰੀ ਅਕਾਲ ਤਖਤ ਤੇ ਚਾਰ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਦੇ।

(ਅ) ਇਨ੍ਹਾਂ ਦੀ ਚੋਣ ਇਸ ਤਰ੍ਹਾਂ ਹੋਵੇ : ਸਥਾਨਕ ਗੁਰ ਸੰਗਤਾਂ ਇਨ੍ਹਾਂ ਪਦਵੀਆਂ ਲਈ ਨਾਮ ਪੇਸ਼ ਕਰਨ। ਫਿਰ ਉਹੋ ਗੁਰਸੰਗਤਾਂ ਵੋਟਾਂ ਦੇ ਕੇ ਚੁਣਨ। ਜੇ ਇਨ੍ਹਾਂ ਵਿਚੋਂ ਕਿਸੇ ਨੂੰ ਹਟਾਣਾ ਹੋਵੇ ਤਾਂ ਗੁਰ ਸੰਗਤਾਂ ਦੀ ਬਹੁਸੰਮਤੀ ਵਲੋਂ ਮੰਗ ਆਵੇ ਕਿ ਫਲਾਣੇ ਨੂੰ ਹਟਾਇਆ ਜਾਵੇ। ਫਿਰ ਇਸ ਉਤੇ ਸੈਂਟ੍ਰਲ ਜਥੇ ਦੀ ਵਿਚਾਰ ਹੋਵੇ।

ਤੇਜਾ ਸਿੰਘ

ਕਾਰਵਾਈ ਜਨਰਲ ਸਮਾਗਮ ਸ਼੍ਰੋਮਣੀ ਗੁ. ਪ੍ਰਬੰਧਕ ਕਮੇਟੀ

ਸ਼੍ਰੋਮਣੀ ਗੁ. ਪ੍ਰ. ਕਮੇਟੀ ਦਾ ਉਚੇਚਾ ਜਨਰਲ ਸਮਾਗਮ ੩੦ ਦਸੰਬਰ ੧੯੩੩ ਮੁਤਾਬਿਕ ੧੬ ਪੋਹ ੪੬੫ ਨਾ: ਸ਼ਨਿਚਰਵਾਰ ਸ੍ਰੀ ਅਕਾਲ ਤਖਤ ਸਾਹਿਬ ਤੇ ਸਰਦਾਰ ਪ੍ਰਤਾਪ ਸਿੰਘ ਜੀ ਸ਼ੰਕਰ ਦੀ ਪ੍ਰਧਾਨਗੀ ਹੇਠ ਦਿਨ ਤੇ ਤਕਰੀਬਨ 1 ਵਜੇ ਆਹਰੰਭ ਹੋਇਆ। ਹੇਠ ਲਿਖੇ ਸੱਜਣਾਂ ਨੇ ਦਰਸ਼ਨ ਦਿੱਤੇ :

**(ੳ) ਮੈਂਬਰ ਸ਼੍ਰੋ. ਗੁ. ਪ੍ਰ. ਕਮੇਟੀ**

**ਜ਼ਿਲ੍ਹਾ ਹਿਸਾਰ :**

੧. ਸ. ਮੇਹਰ ਸਿੰਘ ਜੀ, ੨. ਸ. ਕਿਸ਼ਨ ਸਿੰਘ ਜੀ।

**ਜ਼ਿਲ੍ਹਾ ਅੰਬਾਲਾ**

੩. ਸ. ਬਚਨ ਸਿੰਘ ਜੀ, ੪. ਸ. ਅਜੀਤ ਸਿੰਘ ਜੀ।

**ਜ਼ਿਲਾ ਕਾਂਗੜਾ ਤੇ ਹੁਸ਼ਿਆਰਪੁਰ**

੫. ਸ. ਵਲੀ ਸਿੰਘ ਜੀ, ੬. ਸ. ਠੋਹਲਾ ਸਿੰਘ ਜੀ, ੭. ਸ. ਦਲੀਪ ਸਿੰਘ ਜੀ, ੮. ਸ. ਬਤਨ ਸਿੰਘ ਜੀ, ੯. ਸ. ਮਾਲਾ ਸਿੰਘ ਜੀ

**ਜ਼ਿਲ੍ਹਾ ਜਲੰਧਰ**


੧੦. ਸ. ਭੋਲਾ ਸਿੰਘ ਜੀ, ੧੧. ਸ. ਨਗਿੰਦਰ ਸਿੰਘ ਜੀ, ੧੨. ਸ. ਲਾਭ ਸਿੰਘ ਜੀ, ੧੩. ਸ. ਥੰਮਣ ਸਿੰਘ ਜੀ, ੧੪. ਸ. ਰਛਪਾਲ ਸਿੰਘ ਜੀ, ੧੫. ਸ. ਬਖਸ਼ੀਸ਼ ਸਿੰਘ ਜੀ, ੧੬, ਸ੍ਰ. ਬਲਵੰਤ ਸਿੰਘ ਜੀ

**ਜ਼ਿਲ੍ਹਾ ਲੁਧਿਆਣਾ**

੧੭. ਸ. ਰਾਮ ਸਿੰਘ ਜੀ, ੧੮. ਸ. ਹਰਦਿਤ ਸਿੰਘ ਜੀ, ੧੯. ਸ. ਸੁੰਦਰ ਸਿੰਘ ਜੀ, ੨੦. ਸ. ਲਾਲ ਸਿੰਘ ਜੀ, ੨੧. ਸ. ਗੁਰਨਾਮ ਸਿੰਘ ਜੀ, ੨੨. ਸ. ਅਲਬੇਲ ਸਿੰਘ ਜੀ, ੨੩. ਸ. ਮੰਗਲ ਸਿੰਘ ਜੀ, ੨੪. ਸ. ਸੁਖਦੇਵ ਸਿੰਘ ਜੀ।

**ਜ਼ਿਲ੍ਹ ਫਿਰੋਜ਼ਪੁਰ**

੨੫. ਸ. ਨਰਿੰਦਰ ਸਿੰਘ ਜੀ, ੨੬. ਗਿ. ਸ਼ੇਰ ਸਿੰਘ ਜੀ, ੨੭. ਸ੍ਰ. ਦੇਵ ਸਿੰਘ ਜੀ, ੨੮. ਸ. ਟਹਿਲ ਸਿੰਘ ਜੀ, ੨੯. ਸ. ਗੰਗਾ ਸਿੰਘ ਜੀ, ੩੦. ਸ. ਈਸ਼ਰ ਸਿੰਘ ਜੀ, ੩੧. ਸ. ਕੁੰਢਾ ਸਿੰਘ ਜੀ, ੩੨. ਸ. ਦਰਬਾਰਾ ਸਿੰਘ




ਜੀ, ੩੩. ਸ. ਈਸ਼ਰ ਸਿੰਘ ਜੀ।

**ਜ਼ਿਲ੍ਹਾ ਲਾਹੌਰ**

੩੪. ਸ੍ਰ. ਹਰਨਾਮ ਸਿੰਘ ਜੀ, ੩੫. ਸ. ਆਸਾ ਸਿੰਘ ਜੀ, ੩੬. ਸ. ਵਰਿਆਮ ਸਿੰਘ ਜੀ 'ਬੁੱਤ', ੩੭. ਸ. ਜਗਤ ਸਿੰਘ ਜੀ, ੩੮. ਸ. ਤੇਜਾ ਸਿੰਘ ਜੀ, ੩੯. ਸ. ਲਛਮਣ ਸਿੰਘ ਜੀ, ੪੦. ਸ. ਚੰਨਣ ਸਿੰਘ ਜੀ।

**ਜ਼ਿਲ੍ਹਾ ਅੰਮ੍ਰਿਤਸਰ**

੪੧. ਸ. ਮੱਘਰ ਸਿੰਘ ਜੀ, ੪੨. ਸ. ਰੂੜ ਸਿੰਘ ਜੀ, ੪੩. ਸ. ਜਗਤ ਸਿੰਘ ਜੀ, ੪੪. ਸ. ਸੁਰਮੁਖ ਸਿੰਘ ਜੀ 'ਚਮਕ', ੫੪. ਸ. ਸੁੰਦਰ ਸਿੰਘ ਜੀ, ੪੬. ਸ. ਗੁਰਬਖਸ਼ ਸਿੰਘ ਜੀ, ੪੭. ਸ. ਕਰਤਾਰ ਸਿੰਘ ਜੀ, ੪੮ ਭਾਈ ਮੋਹਨ ਸਿੰਘ ਜੀ ਵੈਦ, ੪੯. ਸ. ਜਸਵੰਤ ਸਿੰਘ ਜੀ ਝਬਾਲ, ੫੦. ਸ. ਪ੍ਰਤਾਪ ਸਿੰਘ ਜੀ।

**ਜ਼ਿਲ੍ਹਾ ਗੁਰਦਾਸਪੁਰ**

੫੧. ਸ. ਭਾਗ ਸਿੰਘ ਜੀ ਵਕੀਲ, ਸ. ੫੨. ਸ. ਸ਼ਿਵ ਸਿੰਘ ਜੀ, ੫੩. ਸ. ਗੁਰਦਿਤ ਸਿੰਘ ਜੀ, ੫੪. ਸ. ਤੇਜਾ ਸਿੰਘ ਜੀ ਅੱਕਰਪੁਰੀ, ੫੫. ਸ. ਮੇਹਰ ਸਿੰਘ ਜੀ।

**ਜ਼ਿਲ੍ਹਾ ਸਿਆਲਕੋਟ**

੫੬. ਸ. ਸੁੰਦਰ ਸਿੰਘ ਜੀ ਰਸਾਲਦਾਰ, ੫੭. ਸ. ਬਲਵੰਤ ਸਿੰਘ ਜੀ, ੫੮. ਸ. ਗੁਰਬਖਸ਼ ਸਿੰਘ ਜੀ, ੫੯. ਗੁਰਚਰਨ ਸਿੰਘ ਜੀ ਵਕੀਲ।

**ਜ਼ਿਲ੍ਹਾ ਗੁਜਰਾਂਵਾਲਾ**

੬੦. ਸ. ਅਵਤਾਰ ਸਿੰਘ ਜੀ ਬੈਰਿਸਟਰ, ੬੧. ਸ. ਤਾਰਾ ਸਿੰਘ ਜੀ।

ਜ਼ਿਲ੍ਹਾ ਸ਼ੇਖੂਪੁਰਾ

੬੨. ਭਾਈ ਕਰਤਾਰ ਸਿੰਘ ਜੀ ਬੱਬਰ, ੬੩. ਸ. ਰਾਮ ਸਿੰਘ ਜੀ, ੬੪. ਸ. ਗਹਿਣਾ ਸਿੰਘ ਜੀ।

**ਜ਼ਿਲ੍ਹਾ ਗੁਜਰਾ**

੬੫. ਸ. ਜਗਤ ਸਿੰਘ ਜੀ ਵਾਸੂ।

ਜ਼ਿਲ੍ਹਾ ਸਾਹਪੁਰ

੬੬. ਸ. ਲਾਭ ਸਿੰਘ ਜੀ, ੬੭. ਸ. ਬਲਬੀਰ ਸਿੰਘ ਜੀ ਵਕੀਲ।


ਜ਼ਿਲ੍ਹਾ ਰਾਵਲਪਿੰਡੀ

੬੮. ਸ. ਬਲਵੰਤ ਸਿੰਘ ਜੀ, ੬੯ ਸ. ਗੁਪਾਲ ਸਿੰਘ ਜੀ।

**(ਚਲਦਾ)**

# ਕੈਲੀਫੌਰਨੀਆ ਦੀ Mayor ਨਿਕਲੀ ਚੀਨ ਦੀ ਏਜੰਟ ! ਫੜੇ ਜਾਣ 'ਤੇ ਕਬੂਲਿਆ ਗੁਨਾਹ, ਦਿੱਤਾ ਅਸਤੀਫ਼ਾ

ਕੈਲੀਫੋਰਨੀਆ : ਅਮਰੀਕਾ ਤੋਂ ਇਕ ਵੱਡੀ ਖ਼ਬਰ ਆਈ ਹੈ, ਜਿੱਥੋਂ ਦੀ ਜਾਂਚ ਏਜੰਸੀ FBI ਨੇ ਦੱਖਣੀ ਕੈਲੀਫੋਰਨੀਆ ਦੇ ਆਰਕੇਡੀਆ ਸ਼ਹਿਰ ਦੀ ਮੇਅਰ ਆਈਲੀਨ ਵਾਂਗ (58) ਨੂੰ ਚੀਨ ਲਈ ਇੱਕ ਖੁਫ਼ੀਆ ਏਜੰਟ ਵਜੋਂ ਕੰਮ ਕਰਨ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਹੈ। ਵਾਂਗ ਨੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ ਅਤੇ ਅਦਾਲਤ ਵਿੱਚ ਆਪਣਾ ਗੁਨਾਹ ਕਬੂਲ ਕਰਨ ਲਈ ਸਹਿਮਤੀ ਜਤਾਈ ਹੈ।



FBI ਅਨੁਸਾਰ, ਆਈਲੀਨ ਵਾਂਗ ਸਾਲ 2020 ਤੋਂ 2022 ਦਰਮਿਆਨ ਚੀਨ ਸਰਕਾਰ ਦੇ ਅਧਿਕਾਰੀਆਂ ਦੇ ਸਿੱਧੇ ਸੰਪਰਕ ਵਿੱਚ ਸੀ। ਉਨ੍ਹਾਂ ਨੇ ਅਮਰੀਕੀ ਸਰਕਾਰ ਨੂੰ ਸੂਚਿਤ ਕੀਤੇ ਬਿਨਾਂ ਚੀਨ ਦੇ ਹਿੱਤਾਂ ਲਈ ਕੰਮ ਕੀਤਾ। ਵਾਂਗ 'ਤੇ ਦੋਸ਼ ਹੈ ਕਿ ਉਨ੍ਹਾਂ ਨੇ 'US News Center' ਨਾਮਕ ਵੈੱਬਸਾਈਟ ਰਾਹੀਂ ਚੀਨ ਪੱਖੀ ਖ਼ਬਰਾਂ ਦਾ ਪ੍ਰਚਾਰ ਕੀਤਾ। ਇਹ ਲੇਖ ਅਕਸਰ ਚੀਨੀ ਅਧਿਕਾਰੀਆਂ ਵੱਲੋਂ ਲਿਖੇ ਜਾਂਦੇ ਸਨ, ਜਿਨ੍ਹਾਂ ਨੂੰ ਵਾਂਗ ਨੇ ਅਮਰੀਕੀ ਮੀਡੀਆ ਵਿੱਚ ਪੋਸਟ ਕਰਵਾਉਣ ਵਿੱਚ ਮਦਦ ਕੀਤੀ। ਇਸ ਤੋਂ ਇਲਾਵਾ ਉਨ੍ਹਾਂ ਨੇ ਚੀਨ ਦੇ ਜ਼ਿਨਜਿਆਂਗ ਖੇਤਰ ਵਿੱਚ ਹੋ ਰਹੀਆਂ ਮਨੁੱਖੀ ਅਧਿਕਾਰਾਂ ਦੀਆਂ ਉਲੰਘਣਾਵਾਂ ਦੇ ਦੋਸ਼ਾਂ ਨੂੰ ਨਕਾਰਨ ਵਾਲੇ ਆਰਟੀਕਲ ਵੀ ਪਬਲਿਸ਼ ਕਰਵਾਏ ਸਨ। ਫੈਡਰਲ ਚਾਰਜ ਲੱਗਣ ਤੋਂ ਬਾਅਦ ਵਾਂਗ ਨੇ ਸੋਮਵਾਰ ਨੂੰ ਆਰਕੇਡੀਆ ਸਿਟੀ ਕੌਂਸਲ ਅਤੇ ਮੇਅਰ ਦੇ ਅਹੁਦੇ ਤੋਂ ਤੁਰੰਤ ਪ੍ਰਭਾਵ ਨਾਲ ਅਸਤੀਫਾ ਦੇ ਦਿੱਤਾ ਹੈ। ਜੇਕਰ ਅਦਾਲਤ ਵਾਂਗ 'ਤੇ ਲੱਗੇ ਦੋਸ਼ ਸਾਬਿਤ ਹੋ ਜਾਂਦੇ ਹਨ ਤਾਂ ਉਨ੍ਹਾਂ ਨੂੰ ਫੈਡਰਲ ਜੇਲ੍ਹ ਵਿੱਚ 10 ਸਾਲ ਤੱਕ ਦੀ ਸਜ਼ਾ ਹੋ ਸਕਦੀ ਹੈ। FBI ਦੇ ਅਧਿਕਾਰੀਆਂ ਅਤੇ ਰਾਸ਼ਟਰੀ ਸੁਰੱਖਿਆ ਵਿਭਾਗ ਨੇ ਇਸ ਨੂੰ ਅਮਰੀਕੀ ਲੋਕਤੰਤਰ ਵਿੱਚ ਵਿਦੇਸ਼ੀ ਦਖਲਅੰਦਾਜ਼ੀ ਦਾ ਇੱਕ ਗੰਭੀਰ ਮਾਮਲਾ ਦੱਸਿਆ ਹੈ।

FBI ਨੇ ਚਿਤਾਵਨੀ ਦਿੱਤੀ ਹੈ ਕਿ ਅਮਰੀਕੀ ਸੰਸਥਾਵਾਂ ਵਿੱਚ ਵਿਦੇਸ਼ੀ ਸਰਕਾਰਾਂ ਦੇ ਪ੍ਰਭਾਵ ਨੂੰ ਜੜ੍ਹੋਂ ਪੁੱਟਣ ਲਈ ਕਾਰਵਾਈ ਜਾਰੀ ਰਹੇਗੀ। ਇਸ ਮਾਮਲੇ ਵਿੱਚ ਚੀਨੋ ਹਿਲਸ ਦੇ ਰਹਿਣ ਵਾਲੇ ਯਾਓਨਿੰਗ 'ਮਾਈਕ' ਸਨ ਦਾ ਨਾਂ ਵੀ ਸਾਹਮਣੇ ਆਇਆ ਹੈ, ਜੋ ਪਹਿਲਾਂ ਹੀ ਅਜਿਹੇ ਮਾਮਲੇ ਵਿੱਚ ਸਜ਼ਾ ਕੱਟ ਰਿਹਾ ਹੈ। ਇਹ ਦੋਵੇਂ ਮਿਲ ਕੇ ਚੀਨੀ ਖੁਫੀਆ ਤੰਤਰ ਦੇ ਇਸ਼ਾਰੇ 'ਤੇ ਕੰਮ ਕਰ ਰਹੇ ਸਨ।

## ਪਾਕਿਸਤਾਨ ਦੀ ਖੁੱਲ੍ਹੀ ਪੋਲ !

# ਚੋਰੀ-ਚੋਰੀ ਕੀਤੀ ਈਰਾਨ ਦੀ ਮਦਦ, ਅਮਰੀਕਾ ਨੂੰ ਦਿੱਤਾ ਧੋਖਾ

ਵਾਸ਼ਿੰਗਟਨ : ਅਮਰੀਕਾ-ਈਰਾਨ ਯੁੱਧ ਨੂੰ ਖਤਮ ਕਰਨ ਵਿੱਚ ਵਿਚੋਲੇ ਦੀ ਭੂਮਿਕਾ ਨਿਭਾ ਰਹੇ ਪਾਕਿਸਤਾਨ ਨੇ ਅਮਰੀਕੀ ਹਵਾਈ ਹਮਲਿਆਂ ਤੋਂ ਬਚਾਉਣ ਲਈ ਈਰਾਨੀ ਫੌਜੀ ਜਹਾਜ਼ਾਂ ਨੂੰ ਆਪਣੇ ਹਵਾਈ ਅੱਡਿਆਂ 'ਤੇ ਜਗ੍ਹਾ ਪ੍ਰਦਾਨ ਕੀਤੀ। ਸੀਬੀਐਸ ਨਿਊਜ਼ ਨੇ ਅਮਰੀਕੀ ਅਧਿਕਾਰੀਆਂ ਦੇ ਹਵਾਲੇ ਨਾਲ ਇਹ ਜਾਣਕਾਰੀ ਦਿੱਤੀ। ਰਿਪੋਰਟ ਵਿੱਚ ਇਹ ਵੀ ਦਾਅਵਾ ਕੀਤਾ ਗਿਆ ਹੈ ਕਿ ਈਰਾਨ ਨੇ ਅਮਰੀਕੀ ਹਵਾਈ ਹਮਲਿਆਂ ਤੋਂ ਬਚਣ ਲਈ ਆਪਣੇ ਨਾਗਰਿਕ ਜਹਾਜ਼ ਅਫਗਾਨਿਸਤਾਨ ਵਿੱਚ ਪਾਰਕ ਕੀਤੇ ਸਨ। ਇਸ ਖ਼ਬਰ 'ਤੇ ਪ੍ਰਤੀਕਿਰਿਆ ਦਿੰਦੇ ਹੋਏ ਰਿਪਬਲਿਕਨ ਪਾਰਟੀ ਦੇ ਸੰਸਦ ਮੈਂਬਰ ਲਿੰਡਸੇ ਗ੍ਰਾਹਮ ਨੇ 28 ਫਰਵਰੀ ਨੂੰ ਸ਼ੁਰੂ ਹੋਈ ਅਮਰੀਕਾ-ਈਰਾਨ ਜੰਗ ਨੂੰ ਖਤਮ ਕਰਨ ਵਿੱਚ ਵਿਚੋਲੇ ਵਜੋਂ ਪਾਕਿਸਤਾਨ ਦੀ ਭੂਮਿਕਾ 'ਤੇ ਮੁੜ ਵਿਚਾਰ ਕਰਨ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ।

ਦੱਖਣੀ ਕੈਰੋਲੀਨਾ ਦੇ ਸੈਨੇਟਰ ਗ੍ਰਾਹਮ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਇੱਕ ਪੋਸਟ ਵਿੱਚ ਕਿਹਾ, 'ਜੇਕਰ ਇਹ ਰਿਪੋਰਟਾਂ ਸੱਚ ਹਨ, ਤਾਂ ਈਰਾਨ, ਸੰਯੁਕਤ ਰਾਜ ਅਤੇ ਹੋਰ ਧਿਰਾਂ ਵਿਚਕਾਰ ਵਿਚੋਲੇ ਵਜੋਂ ਪਾਕਿਸਤਾਨ ਦੀ ਭੂਮਿਕਾ 'ਤੇ ਪੂਰੀ ਤਰ੍ਹਾਂ ਮੁੜ ਵਿਚਾਰ ਕਰਨ ਦੀ ਜ਼ਰੂਰਤ ਹੋਏਗੀ।' ਸੀਬੀਐਸ ਨੇ ਅਮਰੀਕੀ ਅਧਿਕਾਰੀਆਂ ਦੇ ਹਵਾਲੇ ਨਾਲ ਦੱਸਿਆ ਕਿ ਈਰਾਨ ਨੇ ਅਪ੍ਰੈਲ ਵਿੱਚ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੁਆਰਾ ਜੰਗਬੰਦੀ ਦਾ ਐਲਾਨ ਕਰਨ ਤੋਂ ਥੋੜ੍ਹੀ ਦੇਰ ਬਾਅਦ ਪਾਕਿਸਤਾਨ ਦੇ ਨੂਰ ਖਾਨ ਹਵਾਈ ਅੱਡੇ 'ਤੇ 'ਕਈ ਜਹਾਜ਼' ਭੇਜੇ, ਜਿਨ੍ਹਾਂ ਵਿੱਚ ਇੱਕ ਜਾਸੂਸੀ ਅਤੇ ਖੁਫੀਆ ਜਹਾਜ਼ ਸ਼ਾਮਲ ਸਨ।



ਇੱਕ ਸੀਨੀਅਰ ਪਾਕਿਸਤਾਨੀ ਅਧਿਕਾਰੀ ਨੇ ਨੂਰ ਖਾਨ ਹਵਾਈ ਅੱਡੇ ਬਾਰੇ ਦਾਅਵਿਆਂ ਨੂੰ ਖਾਰਜ ਕਰਦੇ ਹੋਏ ਸੀਬੀਐਸ ਨਿਊਜ਼ ਨੂੰ ਦੱਸਿਆ ਕਿ 'ਨੂਰ ਖਾਨ ਹਵਾਈ ਅੱਡਾ ਸ਼ਹਿਰ ਦੇ ਬਿਲਕੁਲ ਵਿਚਕਾਰ ਸਥਿਤ ਹੈ; ਉੱਥੇ ਖੜ੍ਹੇ ਜਹਾਜ਼ਾਂ ਦੇ ਵੱਡੇ ਬੇੜੇ ਨੂੰ ਲੋਕਾਂ ਦੀਆਂ ਨਜ਼ਰਾਂ ਤੋਂ ਲੁਕਾਇਆ ਨਹੀਂ ਜਾ ਸਕਦਾ।' ਇੱਕ ਅਫਗਾਨ ਨਾਗਰਿਕ ਹਵਾਬਾਜ਼ੀ ਅਧਿਕਾਰੀ ਨੇ ਸੀਬੀਐਸ ਨਿਊਜ਼ ਨੂੰ ਦੱਸਿਆ ਕਿ 'ਮਹਾਨ ਏਅਰ' ਨਾਲ ਸਬੰਧਤ ਇੱਕ ਈਰਾਨੀ ਨਾਗਰਿਕ ਹਵਾਈ ਜਹਾਜ਼ ਯੁੱਧ ਸ਼ੁਰੂ ਹੋਣ ਤੋਂ ਥੋੜ੍ਹੀ ਦੇਰ ਪਹਿਲਾਂ ਕਾਬੁਲ ਵਿੱਚ ਉਤਰਿਆ ਸੀ ਅਤੇ ਈਰਾਨੀ ਹਵਾਈ ਖੇਤਰ ਬੰਦ ਹੋਣ ਤੋਂ ਬਾਅਦ ਵੀ ਉੱਥੇ ਹੀ ਰਿਹਾ।

# BASRA
## Heating & Air Conditioning

## ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ

# ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

**ਤੁਹਾਡੇ ਢੇਰ ਸਾਰੇ ਪੈਸੇ**




Reasonable price first class work ਅਤੇ 100% ਗਰੰਟੀ

**Basra Heating & Air Conditioning has trained technicians and the right equipment to solve the problem fast and at a reasonable price.**

### AC REPAIR

**Common Air Conditioner Problems Requiring Repair**
**Low or Leaking Refrigerant**
**Broken Belt**
**Compressor Failure**
**Coil Issues**



### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more

### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

## ਹੋਰ ਜਾਣਕਾਰੀ ਲਈ ਕਾਲ ਕਰੋ

## ਸ. ਰਜਿੰਦਰ ਸਿੰਘ ਬਸਰਾ (209) 834-6188

## Address: 231 Portico Ln, Tracy, CA 95377



ਸੰਤ ਸੇਵਾ ਸਿੰਘ ਜੀ

ਸਿੱਖ ਪੰਥ ਦੀ ਮਹਾਨ ਸ਼ਖ਼ਸੀਅਤ ਸੱਚਖੰਡਵਾਸੀ, ਬ੍ਰਹਮਗਿਆਨੀ ਮਹਾਂਪੁਰਖ ਸ੍ਰੀਮਾਨ ਸੰਤ ਬਾਬਾ ਹਰਨਾਮ ਸਿੰਘ ਜੀ ਰਾਮਪੁਰ ਖੇੜੇ ਵਾਲੇ, ਜਿਨ੍ਹਾਂ ਨੇ ਸ਼ਬਦ ਗੁਰੂ ਦੇ ਨਾਲ ਆਪਣੀ ਸੁਰਤ ਨੂੰ ਜੋੜ ਕੇ ਜਿੱਥੇ ਆਪ ਪਰਮੇਸ਼ਰ ਜੀ ਵਿੱਚ ਅਭੇਦਤਾ ਪ੍ਰਾਪਤ ਕੀਤੀ; ਉਥੇ ਗੁਰਮਤਿ ਮਾਰਗ ਤੋਂ ਦੁਰੇਡੇ ਜਾ ਚੁੱਕਿਆਂ ਨੂੰ ਖੰਡੇ ਬਾਟੇ ਦੀ ਪਾਹੁਲ ਛਕਾ ਕੇ 'ਸ਼ਬਦ ਗੁਰੂ' ਦੇ ਲੜ ਲਾ ਉਹਨਾਂ ਦਾ ਮਾਰਗ ਦਰਸ਼ਨ ਕੀਤਾ। ਮਹਾਂਪੁਰਖਾਂ ਦੇ ਉੱਤਰਾਧਿਕਾਰੀ ਸੰਤ ਬਾਬਾ ਸੇਵਾ ਸਿੰਘ ਜੀ 'ਰਾਮਪੁਰ ਖੇੜੇ ਵਾਲਿਆਂ' ਨੇ 'ਸੇ ਕਿਨੇਹਿਆ ?' ਪੁਸਤਕ ਵਿੱਚ ਸੱਚਖੰਡਵਾਸੀ ਸੰਤ ਬਾਬਾ ਹਰਨਾਮ ਸਿੰਘ ਜੀ ਦੇ ਜੀਵਨ ਦਾ ਬਾਖੂਬੀ ਚਿਤਰਨ ਕੀਤਾ ਹੈ। ਇਹ ਪੁਸਤਕ ਸਿੱਖ ਜਗਤ ਵਿੱਚ ਬਹੁਤ ਹੀ ਮਕਬੂਲੀਅਤ ਹਾਸਲ ਕਰ ਚੁੱਕੀ ਹੈ ਅਤੇ ਲੱਖਾਂ ਦੀ ਗਿਣਤੀ ਵਿੱਚ ਛਾਪ ਕੇ ਸੰਗਤਾਂ ਤੱਕ ਪਹੁੰਚਾਈ ਗਈ ਹੈ। ਸੰਤ ਬਾਬਾ ਸੇਵਾ ਸਿੰਘ ਜੀ ਦੀ ਕਲਮ ਰਾਹੀਂ ਲਿਖੀਆਂ ਗਈਆਂ ਅਨੇਕਾਂ ਪੁਸਤਕਾਂ ਵਿੱਚੋਂ ਉਨ੍ਹਾਂ ਦੀ ਇਹ ਸ਼ਾਹਕਾਰ ਰਚਨਾ 'ਸੇ ਕਿਨੇਹਿਆ ?' ਆਪਣੇ ਪਾਠਕਾਂ ਦੀ ਮੰਗ 'ਤੇ ਅਸੀਂ ਆਪਣੇ ਅਖਬਾਰ ਰਾਹੀਂ ਲੜੀਵਾਰ ਛਾਪ ਰਹੇ ਹਾਂ। ਆਸ ਹੈ ਕਿ ਇਸ ਯਤਨ ਤੋਂ ਸਾਡੇ ਪਾਠਕ ਲਾਭ ਪ੍ਰਾਪਤ ਕਰਨਗੇ। – ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

# ਦਾਸ ਦਾ ਬਾਬਾ ਜੀ ਨਾਲ ਮਿਲਾਪ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

**ਦਾਸ ਦਾ ਬਾਬਾ ਜੀ ਨਾਲ ਮਿਲਾਪ**

ਮੇਰੇ ਮਾਤਾ ਜੀ (ਮਾਤਾ ਚਰਨ ਕੌਰ) ਦੱਸਦੇ ਹੁੰਦੇ ਸਨ ਕਿ ਇੱਕ ਦਿਨ ਬਾਬਾ ਜੀ ਲੌਂਢੇ ਪਹਿਰ ਅਚਨਚੇਤ ਸਾਡੀ ਹਵੇਲੀ ਵਿੱਚ ਆ ਗਏ ਅਤੇ ਮੈਨੂੰ (ਉਸ ਵੇਲੇ ਮੇਰੀ ਉਮਰ ਕੋਈ ਸੱਤ ਕੁ ਸਾਲ ਦੀ ਹੋਵੇਗੀ) ਮੰਜੇ ਉੱਪਰ ਬੈਠ ਕੇ ਆਪਣੀ ਗੋਦੀ ਵਿੱਚ ਲੈ ਲਿਆ। ਮਾਤਾ ਜੀ ਨੂੰ ਭਰਮ ਪੈ ਗਿਆ ਕਿ ਸੰਤ ਕਈ ਵਾਰੀ ਬੱਚਿਆਂ ਨੂੰ ਕੁੱਝ ਕਰ ਦਿੰਦੇ ਹਨ। ਇਸ ਲਈ ਮਨ ਵਿੱਚ ਇਹ ਫੁਰਨਾ ਬਣੀ ਜਾਵੇ ਕਿ ਕਿਵੇਂ ਨਾ ਕਿਵੇਂ ਇਹ ਸੰਤ ਮੇਰੇ ਬੱਚੇ ਨੂੰ ਛੱਡ ਦੇਣ ਪਰ ਬਾਬਾ ਜੀ ਉੱਠੇ ਤੇ ਮਾਈ ਹੋਰਾਂ ਨੂੰ ਕਹਿਣ ਲੱਗੇ ਕਿ ਅਸੀਂ ਗੁਰਬਖ਼ਸ਼ ਸਿੰਘ ਪ੍ਰੋਫ਼ੈਸਰ ਦੇ ਘਰ ਚਲੇ ਹਾਂ ਤੇ ਕਾਕਾ ਜੀ ਨੂੰ ਵੀ ਨਾਲ ਲਿਜਾ ਰਹੇ ਹਾਂ, ਛੇਤੀ ਹੀ ਵਾਪਿਸ ਛੱਡ ਜਾਵਾਂਗੇ। ਕੁੱਝ ਚਿਰ ਉਡੀਕਣ ਤੋਂ ਬਾਅਦ ਮਾਤਾ ਜੀ ਮੈਨੂੰ ਲੈਣ ਲਈ ਸ. ਗੁਰਬਖ਼ਸ਼ ਸਿੰਘ ਹੋਰਾਂ ਦੇ ਘਰ ਵੱਲ ਤੁਰ ਪਏ। ਉੱਧਰ ਰਸਤੇ ਵਿੱਚ ਹੀ ਬਾਬਾ ਜੀ ਮੈਨੂੰ ਛੱਡਣ ਆਉਂਦੇ ਮਾਤਾ ਜੀ ਨੂੰ ਮਿਲ ਪਏ। ਬਾਬਾ ਜੀ ਨੇ ਮੇਰੀ ਬਾਂਹ ਮਾਤਾ ਜੀ ਨੂੰ ਫੜਾ ਦਿੱਤੀ ਤੇ ਬਚਨ ਕੀਤਾ ਕਿ 'ਬੀਬੀ! ਅਸੀਂ ਕਾਫ਼ੀ ਜਨਮਾਂ ਦੇ ਇਕੱਠੇ ਤੁਰੇ ਆ ਰਹੇ ਹਾਂ। ਐਸ ਜਨਮ ਵਿੱਚ ਅਸੀਂ ਇਸ ਨੂੰ ਲੱਭ ਰਹੇ ਸੀ ਤੇ ਇਹ ਸਾਨੂੰ, ਹੁਣ ਗੁਰੂ ਕਿਰਪਾ ਨਾਲ ਮਿਲਾਪ ਹੋ ਗਿਆ ਹੈ। ਅੱਜ ਤੋਂ ਬਾਅਦ ਨਾ ਅਸੀਂ ਇਸ ਨੂੰ ਛੱਡਣਾ ਹੈ ਤੇ ਨਾ ਇਹ ਹੀ ਸਾਨੂੰ ਛੱਡ ਸਕੇਗਾ।' ਇਤਨੇ ਬਚਨ ਕਰਕੇ ਮਹਾਂਪੁਰਖ ਆਪਣੇ ਟਿਕਾਣੇ ਚਲੇ ਗਏ।

ਉਸ ਦਿਨ ਤੋਂ ਮੈਨੂੰ ਬਾਬਾ ਜੀ ਐਨੇ ਚੰਗੇ ਅਤੇ ਪਿਆਰੇ ਲੱਗਣੇ ਕਿ ਆਪਣੇ ਮਾਤਾ ਪਿਤਾ ਤੋਂ ਵੀ ਨੇੜੇ ਭਾਸਣ ਲੱਗ ਪਏ। ਸਾਰੇ ਦਿਨ ਵਿੱਚ ਕੋਈ ਵੀ ਚੰਗੀ ਚੀਜ਼ ਮਿਲਣੀ ਤਾਂ ਮਨ ਵਿੱਚ ਇਹ ਵਿਚਾਰ ਕੇ ਕਿ ਇਹ ਬਾਬਾ ਜੀ ਨੂੰ ਦੇਵਾਂਗੇ, ਸਾਂਭ ਕੇ ਰੱਖ ਲੈਣੀ। ਗਰਮੀ ਦੇ ਦਿਨਾਂ ਨੂੰ ਜਦ ਅੰਬਾਂ ਦੇ ਫਲ ਬਾਗ਼ ਵਿੱਚੋਂ ਚੁਗ ਕੇ ਲਿਆਉਣੇ ਤਾਂ ਜਿਨ੍ਹਾਂ ਅੰਬਾਂ ਦਾ ਰੰਗ ਰੂਪ ਚੰਗਾ ਸੋਹਣਾ ਹੋਣਾ ਉਹ ਤਿੰਨ ਚਾਰ ਅੰਬ ਬਾਬਾ ਜੀ ਲਈ ਰੱਖ ਲੈਣੇ।

ਮੈਂ ਉਸ ਵੇਲੇ ਤਲਵੰਡੀ ਦੇ ਪ੍ਰਾਇਮਰੀ ਸਕੂਲ ਦੀ ਦੂਸਰੀ ਜਮਾਤ ਵਿੱਚ ਪੜ੍ਹਦਾ ਸਾਂ। ਜਦੋਂ ਸਵੇਰੇ ਬਾਬਾ ਜੀ ਨੇ ਸ. ਲਾਭ ਸਿੰਘ ਹੁਰਾਂ ਦੇ ਘਰ ਪ੍ਰਸ਼ਾਦਾ ਛਕਣ ਆਉਣਾ, ਉਨ੍ਹਾਂ ਨੂੰ ਨਮਸਕਾਰ ਕਰ ਕੇ ਅੰਬ ਜਾਂ ਜੋ ਵੀ ਵਸਤੂ ਖਾਣ ਵਾਲੀ ਬਾਬਾ ਜੀ ਲਈ ਰੱਖੀ ਹੋਈ ਹੋਵੇ, ਦੇ ਕੇ ਫਿਰ ਸਕੂਲ ਨੂੰ ਜਾਣਾ। ਕਈ ਵਾਰੀ ਸਕੂਲ ਜਾਣ ਨੂੰ ਦੇਰ ਵੀ ਹੋ ਜਾਣੀ ਤੇ ਮਾਸਟਰਾਂ ਦੀਆਂ ਝਿੜਕਾਂ ਵੀ ਖਾਣੀਆਂ ਪੈਣੀਆਂ। ਉੱਧਰ ਬਾਬਾ ਜੀ ਦਾ ਯਤਨ ਹੁੰਦਾ ਸੀ ਕਿ ਦਾਸ ਦੇ ਸਕੂਲ ਜਾਣ ਤੋਂ ਪਹਿਲੇ ਪਿੰਡ ਪੁੱਜ ਜਾਣ।

ਸਕੂਲ ਵਿੱਚ ਛੁੱਟੀ ਹੋਣ ਤੋਂ ਬਾਅਦ ਘਰ ਜਾਣ ਦੀ ਥਾਂ ਸਿੱਧੇ ਬਾਬਾ ਜੀ ਪਾਸ, ਜਿਸ ਨੂੰ ਉਸ ਵੇਲੇ ਥੇਹ ਕਿਹਾ ਜਾਂਦਾ ਸੀ (ਜਿੱਥੇ ਹੁਣ ਗੁਰਦੁਆਰਾ ਸਾਹਿਬ ਸ਼ਸ਼ੋਭਿਤ ਹੈ) ਪੁੱਜ ਜਾਣਾ। ਬਾਬਾ ਜੀ ਨੇ ਕੁੱਝ ਨਾ ਕੁੱਝ ਛੱਕਣ ਨੂੰ ਦੇਣਾ ਅਤੇ ਫਿਰ ਨਿੱਤਨੇਮ ਦੀ ਸੰਥਿਆ ਦੇਣੀ। ਸ਼ਾਮ ਨੂੰ ਕਈ ਵਾਰੀ ਬਾਬਾ ਜੀ ਨੇ ਮੈਨੂੰ ਪਿੰਡ ਛੱਡ ਜਾਣਾ ਜਾਂ ਮਾਤਾ ਜੀ ਨੇ ਜਾ ਕੇ ਲੈ ਆਉਣਾ।

ਕੁੱਝ ਸਮੇਂ ਬਾਅਦ ਸਾਡੇ ਮਾਤਾ ਜੀ ਨੇ, ਬਾਬਾ ਜੀ ਨੂੰ ਬੇਨਤੀ ਕੀਤੀ ਕਿ ਆਪ ਜੀ ਸਾਡੇ ਉੱਪਰ ਵੀ ਬਖ਼ਸ਼ਿਸ਼ ਕਰੋ, ਹਫ਼ਤੇ ਵਿੱਚੋਂ ਅੱਧੇ ਦਿਨ ਸਾਡੇ ਗ੍ਰਹਿ ਰੁੱਖਾ-ਸੁੱਕਾ ਪ੍ਰਸ਼ਾਦਾ ਪ੍ਰਵਾਨ ਕਰੋ। ਬਾਬਾ ਜੀ ਨੇ ਬੇਨਤੀ ਮੰਨ ਲਈ ਅਤੇ ਤਿੰਨ ਦਿਨ ਸ. ਲਾਭ ਸਿੰਘ ਜੀ, ਤਿੰਨ ਦਿਨ ਸਾਡੇ ਅਤੇ ਇੱਕ ਦਿਨ ਸ. ਬੰਤਾ ਸਿੰਘ (੧ਹੈੱਡ-ਮਾਸਟਰ ਪੂਰਨ ਸਿੰਘ ਜੀ ਦੇ ਪਿਤਾ) ਦੇ ਗ੍ਰਹਿ ਲੰਗਰ ਛਕਣਾ। ਉਸੇ ਤਰ੍ਹਾਂ ਕਾਫ਼ੀ ਅਰਸੇ ਤੱਕ ਸਵੇਰ ਦਾ ਲੰਗਰ ਇਨ੍ਹਾਂ ਘਰਾਂ ਵਿੱਚੋਂ ਹੀ ਆਉਂਦਾ ਰਿਹਾ।

ਪ੍ਰਾਇਮਰੀ ਸਕੂਲ ਤਲਵੰਡੀ ਵਿੱਚੋਂ ਚੌਥੀ ਜਮਾਤ ਪਾਸ ਕਰਨ ਉਪ੍ਰੰਤ ਖਾਲਸਾ ਹਾਈ ਸਕੂਲ ਗੜ੍ਹਦੀਵਾਲਾ ਵਿੱਚ ਦਾਖ਼ਲਾ ਲੈ ਲਿਆ। ਉਥੋਂ ਵੀ ਪੜ੍ਹਾਈ ਕਰ ਕੇ ਸਿੱਧੇ ਬਾਬਾ ਜੀ ਪਾਸ ਆ ਜਾਣਾ ਅਤੇ ਸੰਥਿਆ ਲੈਣੀ। ਪੰਜ ਗ੍ਰੰਥੀ ਤੋਂ ਬਾਅਦ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਥਿਆ ਬਾਬਾ ਜੀ ਨੇ ਅਰੰਭ ਕਰਵਾ ਦਿੱਤੀ। ਦਸਵੀਂ ਪਾਸ ਕਰਨ ਤੱਕ ਸ੍ਰੀ




ਗੁਰੂ ਗ੍ਰੰਥ ਸਾਹਿਬ ਜੀ ਦੀ ਤਿੰਨ ਵਾਰੀ ਸੰਥਿਆ ਬਾਬਾ ਜੀ ਪਾਸੋਂ ਪੂਰੀ ਕੀਤੀ। ਨਿੱਤਨੇਮ ਤਾਂ ਮਹਾਂਪੁਰਖਾਂ ਦੀ ਪ੍ਰੇਰਨਾ ਨਾਲ ਪਹਿਲੇ ਹੀ ਅਰੰਭ ਕਰ ਦਿੱਤਾ ਸੀ। ਫਿਰ 1958 ਈ. ਦੀ ਵਿਸਾਖੀ ਨੂੰ ਬਾਬਾ ਜੀ ਨੇ ਅੰਮ੍ਰਿਤ ਛਕਾਉਣ ਦੀ ਕਿਰਪਾ ਵੀ ਕਰ ਦਿੱਤੀ।

ਸ਼ਾਮ ਨੂੰ ਬਾਬਾ ਜੀ ਪਾਸੋਂ ਸੰਥਿਆ ਲੈ ਕੇ, ਘਰੋਂ ਲੰਗਰ ਛਕ ਕੇ ਵਾਪਿਸ ਰਾਤ ਬਾਬਾ ਜੀ ਪਾਸ ਗੁਰਦੁਆਰੇ ਹੀ ਆ ਠਹਿਰਨਾ। ਬਾਬਾ ਜੀ ਨੇ ਕਿਰਪਾ ਕਰਕੇ ਆਪਣੇ ਕੋਲ ਬਿਠਾ ਕੇ ਕਈ ਵਾਰੀ, ਮੂਲ-ਮੰਤ੍ਰ, ਚਾਚਰੀ ਛੰਦ

ਗੁਬਿੰਦੇ ॥ ਮੁਕੰਦੇ ॥ ਉਦਾਰੇ ॥ ਅਪਾਰੇ ॥ ੯੪ ॥
ਹਰੀਅੰ ॥ ਕਰੀਅੰ ॥ ਨ੍ਰਿਨਾਮੇ ॥ ਅਕਾਮੇ ॥ ੯੫ ॥
(ਜਾਪੁ ਸਾਹਿਬ)

ਅਤੇ ਹੋਰ ਕਈ ਸ਼ਬਦਾਂ ਦੇ ਸਵਾ-ਸਵਾ ਲੱਖ ਪਾਠ ਕਰਵਾਏ। ਜੇ ਕਈ ਵਾਰੀ ਦਾਸ ਨੇ ਸਰੀਰਕ ਆਲਸ ਆਉਣ ਕਾਰਨ ਮਾਲਾ ਪੂਰੀਆਂ ਨਾ ਕਰ ਸਕਣੀਆਂ ਤਾਂ ਰਹਿੰਦੀਆਂ ਮਾਲਾ ਬਾਬਾ ਜੀ ਨੇ ਆਪ ਪੂਰੀਆਂ ਕਰ ਕੇ ਮੇਰੇ ਨਾਂ ਦੀ ਅਰਦਾਸ ਕਰ ਦੇਣੀ। ਇਹ ਉਨ੍ਹਾਂ ਦੀ ਬਖ਼ਸ਼ਿਸ਼ ਸੀ।

ਪੜ੍ਹਾਈ ਉਪਰੰਤ ਤਿੰਨ ਕੁ ਸਾਲ ਨੌਕਰੀ ਲਈ ਯਤਨ ਕੀਤਾ, ਪਰ ਸਫ਼ਲਤਾ ਨਾ ਮਿਲੀ। ਫਿਰ ਸਟੈਨੋ ਦੀ ਸਰਕਾਰੀ ਨੌਕਰੀ ਮਿਲ ਗਈ। ਪਹਿਲੀ ਨਿਯੁਕਤੀ ਤਹਿਸੀਲ ਊਨਾ (ਅੱਜ ਕੱਲ੍ਹ ਹਿਮਾਚਲ ਵਿੱਚ) ਦੀ ਹੋਈ ਪਰ ਬਾਬਾ ਜੀ ਚਾਹੁੰਦੇ ਸਨ ਕਿ ਮੈਂ ਉਨ੍ਹਾਂ ਦੇ ਨੇੜੇ-ਤੇੜੇ ਹੀ ਰਹਾਂ। ਉਨ੍ਹਾਂ ਹੀ ਦਿਨਾਂ ਵਿੱਚ ਡਾਕਟਰ ਪ੍ਰੀਤਮ ਸਿੰਘ (ਰਸੂਲਪੁਰ) ਜੋ ਸਰਕਾਰੀ ਨੌਕਰੀ ਵਿੱਚ ਸਨ, ਉਹ ਵੀ ਨੌਕਰੀ ਤੋਂ ਤਿਆਗ ਪੱਤ੍ਰ ਦੇ ਕੇ ਆਪਣਾ ਕੰਮ ਕਰਨਾ ਚਾਹੁੰਦੇ ਸਨ। ਡਾਕਟਰ ਪ੍ਰੀਤਮ ਸਿੰਘ ਜੀ, ਜੋ ਪਹਿਲਾਂ ਸੰਤ ਬਾਬਾ ਤੇਜਾ ਸਿੰਘ੧ ਜੀ ਦੇ ਸੰਗੀ ਸਨ, ਬਾਬਾ ਜੀ ਨਾਲ ਮਿਲਾਪ ਹੋਣ ਤੇ ਉਨ੍ਹਾਂ ਨੇ ਬਾਬਾ ਜੀ ਦੀ ਸੰਗਤ ਵਿੱਚੋਂ ਵੀ ਕਾਫ਼ੀ ਲਾਹਾ ਪ੍ਰਾਪਤ ਕੀਤਾ ਅਤੇ ਬਹੁਤ ਨੇੜੇ ਦੇ ਸੰਗਤੀਆਂ ਵਿੱਚੋਂ ਇੱਕ ਬਣ ਗਏ। ਬਾਬਾ ਜੀ ਦੀ ਸੰਗਤ ਵਿੱਚ ਆਉਣ ਕਾਰਨ ਡਾਕਟਰ ਸਾਹਿਬ ਦਾ ਮੇਰੇ ਨਾਲ ਵੀ ਕਾਫ਼ੀ ਪਿਆਰ ਸੀ। ਉਹ ਵੀ ਚਾਹੁੰਦੇ ਸਨ ਕਿ ਅਸੀਂ ਦੋਵੇਂ ਇਕੱਠੇ ਹੀ ਸੰਸਾਰਕ ਵਿਹਾਰ ਕਰੀਏ। ਅਖ਼ੀਰ ਬਾਬਾ ਜੀ ਨਾਲ ਸਾਰੀ ਸਲਾਹ ਕਰਕੇ ਦਸੂਹੇ ਡਾਕਟਰੀ ਕਲਿਨਿਕ ਖੋਲ੍ਹ ਲਿਆ ਜਿੱਥੇ ਅਸੀਂ ਦੋਵਾਂ ਨੇ ਦੁਨਿਆਵੀ ਰੋਜ਼ੀ ਵੀ ਕਮਾਈ ਅਤੇ ਸੰਗਤ ਰੂਪ ਵਿੱਚ ਇਕੱਠੇ ਕੰਮ ਕਰਕੇ ਪਰਮਾਰਥੀ ਲਾਹਾ ਵੀ ਖੱਟਿਆ। ਅਸਾਂ ਦੋਵਾਂ ਨੇ ਸੋਲ੍ਹਾਂ ਸਾਲ ਇਕੱਠੇ ਕੰਮ ਕੀਤਾ ਅਤੇ ਇਹ ਸੋਲ੍ਹਾਂ ਸਾਲ ਦਾ ਸਮਾਂ ਇੰਨੇ ਪ੍ਰੇਮ-ਪਿਆਰ ਨਾਲ ਬੀਤਿਆ ਕਿ ਉਸ ਸਮੇਂ ਦੀ ਯਾਦ ਹੁਣ ਵੀ ਮਨ ਵਿੱਚ ਪਿਆਰ ਭਰ ਦਿੰਦੀ ਹੈ। ਲੰਗਰ ਪਾਣੀ ਇਕੱਠਾ, ਦੁੱਖ-ਸੁਖ ਸਾਂਝਾ, ਇੱਜ਼ਤ ਮਾਣ ਦੇ ਭਾਈਵਾਲ ਅਤੇ ਹਰ ਔਖ-ਸੌਖ ਇਕੱਠੇ ਰਹਿ ਕੇ ਬਿਤਾਈ।

ਭਾਵੇਂ ਮੇਰਾ ਮਨ ਗ੍ਰਹਿਸਤ ਵਿੱਚ ਪੈਣ ਨੂੰ ਉੱਕਾ ਹੀ ਰਾਜ਼ੀ ਨਹੀਂ ਸੀ ਪਰ ਬਾਬਾ ਜੀ ਨੇ ਗੁਰੂ ਹੁਕਮ ਵਿੱਚ ਦਾਸ ਦਾ ਵਿਆਹ ਪਿੰਡ ਤਲਵੰਡੀ ਜੱਟਾਂ ਤਹਿਸੀਲ ਭੂੰਗਾ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਬੀਬੀ ਗੁਰਦਿਆਲ ਕੌਰ ਪੁੱਤਰੀ ਸ. ਰਤਨ ਸਿੰਘ ਨਾਲ 1966 ਈ. ਨੂੰ ਕਰਵਾ ਦਿੱਤਾ ਅਤੇ ਅਨੰਦ ਕਾਰਜ ਦੇ ਸਮੇਂ ਆਪ ਹਾਜ਼ਰ ਹੋ ਕੇ ਅਨੇਕ ਪ੍ਰਕਾਰ ਦੀਆਂ ਅਸੀਸਾਂ ਬਖਸ਼ਿਸ਼ ਕੀਤੀਆਂ।

ਵਿਆਹ ਉਪ੍ਰੰਤ ਰਿਹਾਇਸ਼ ਦਸੂਹੇ ਕੀਤੀ ਗਈ। ਹਫ਼ਤੇ ਵਿੱਚ ਘੱਟੋ ਘੱਟ ਤਿੰਨ ਦਿਨ ਬਾਬਾ ਜੀ ਪਾਸ ਜ਼ਰੂਰ ਆਉਣਾ। ਜੇ ਕਿਸੇ ਕਾਰਨ ਮੈਂ ਨਾ ਆ ਸਕਣਾ ਤਾਂ ਬਾਬਾ ਜੀ ਨੇ ਆਪ ਦਸੂਹੇ ਪੁੱਜ ਕੇ ਨਿਵਾਜਣ ਦੀ ਕ੍ਰਿਪਾ ਕਰਨੀ। 28 ਅਗਸਤ 1969 ਈ. ਨੂੰ ਸਤਿਗੁਰੂ ਜੀ ਦੇ ਚਰਨਾਂ ਵਿੱਚ ਬਾਬਾ ਜੀ ਦੀ ਕੀਤੀ ਬੇਨਤੀ ਸਦਕਾ ਦਾਸ ਦੇ ਘਰ ਭੁਝੰਗੀ ਨੇ ਜਨਮ ਲਿਆ; ਜਿਸ ਦਾ ਨਾਂ ਬਾਬਾ ਜੀ ਨੇ ਭੁਪਿੰਦਰ ਸਿੰਘ ਰੱਖਿਆ। ਜਿਸ ਨੂੰ ਬਾਬਾ ਜੀ ਦੀ ਪਿਆਰ-ਭਰੀ ਗੋਦ ਦਾ ਅਨੰਦ ਮਾਨਣ ਅਤੇ ਅਨੇਕ ਪ੍ਰਕਾਰ ਦੀਆਂ ਪ੍ਰੇਮ-ਅਸੀਸਾਂ ਪ੍ਰਾਪਤ ਕਰਨ ਦਾ ਬੇਅੰਤ ਸੁਭਾਗ ਪ੍ਰਾਪਤ ਹੋਇਆ।

ਕਈ ਇੱਕ ਮਜ਼ਬੂਰੀਆਂ ਕਰਕੇ ਦਾਸ ਨੂੰ ਡਾਕਟਰ ਪ੍ਰੀਤਮ ਸਿੰਘ ਹੁਰਾਂ ਪਾਸੋਂ ਕੰਮ-ਕਾਜ ਤੋਂ ਛੁੱਟੀ ਕਰਨੀ ਪਈ ਅਤੇ ਪਿੰਡ ਆ ਕੇ ਟਰੈਕਟਰ ਲੈ ਕੇ ਖੇਤੀ ਦਾ ਕੰਮ ਅਰੰਭ ਕਰ ਦਿੱਤਾ। ਉਪ੍ਰੰਤ ਹੁਣ ਸਤਿਗੁਰੂ ਜੀ ਵੱਲੋਂ ਜੋ ਸੇਵਾ ਜ਼ਿੰਮੇ ਲੱਗੀ ਹੈ, ਗੁਰੂ ਟੇਕ ਆਸਰੇ ਉਸ ਨੂੰ ਨਿਭਾਉਣ ਦਾ ਯਤਨ ਨਿਰੰਤਰ ਜਾਰੀ ਹੈ।

ਉਪ੍ਰੋਕਤ ਜ਼ਿਕਰ ਅਨੁਸਾਰ ਮਹਾਂਪੁਰਖਾਂ ਨਾਲ ਦਾਸ ਦੇ ਬਚਪਨ ਤੋਂ ਹੋਏ ਮੇਲ ਤੋਂ ਲੈ ਕੇ ਬਾਬਾ ਜੀ ਦੇ ਸੱਚਖੰਡ ਪਿਆਨਾ ਕਰਨ ਤੱਕ ਇਸ ਪੂਰਬ ਸੰਯੋਗੀ ਮਿਲਾਪ ਨੂੰ ਸਤਿਗੁਰੂ ਜੀ ਅਤੇ ਮਹਾਂਪੁਰਖਾਂ ਨੇ ਰਹਿਮਤ ਕਰਕੇ ਤੋੜ ਨਿਭਾਹ ਲਿਆ। 35-36 ਸਾਲ ਦੇ ਲੰਬੇਰੇ ਸਮੇਂ ਦੁਰਾਨ ਇਸ ਰਹਿਮਤ ਭਰੇ ਮਿਲਾਪ ਵਿੱਚੋਂ ਪ੍ਰਾਪਤ ਹੋਈਆਂ ਬਖਿਸ਼ਸ਼ਾਂ ਅਕੱਥਨੀਯ ਹਨ।

(ਚਲਦਾ)

## ਇਸ ਮਹੀਨੇ ਮੈਡੀਕਲ ਜਾਂਚ ਕਰਾਉਣਗੇ ਰਾਸ਼ਟਰਪਤੀ ਟਰੰਪ

ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਇਸ ਮਹੀਨੇ ਦੰਦਾਂ ਅਤੇ ਸਿਹਤ ਜਾਂਚ ਲਈ ਡਾਕਟਰਾਂ ਨਾਲ ਮੁਲਾਕਾਤ ਕਰਨਗੇ, ਜੋ ਕਿ ਅਹੁਦਾ ਸੰਭਾਲਣ ਤੋਂ ਬਾਅਦ ਉਨ੍ਹਾਂ ਦੀ ਚੌਥੀ ਵਾਰ ਜਾਂਚ ਹੋਵੇਗੀ। ਵ੍ਹਾਈਟ ਹਾਊਸ ਨੇ ਇਸ ਨੂੰ ਇੱਕ ਰੁਟੀਨ ਸਾਲਾਨਾ ਸਰੀਰਕ ਜਾਂਚ ਦੱਸਿਆ ਹੈ। ਵ੍ਹਾਈਟ ਹਾਊਸ ਨੇ ਸੋਮਵਾਰ ਸ਼ਾਮ ਨੂੰ ਇੱਕ ਬਿਆਨ ਵਿੱਚ ਕਿਹਾ ਕਿ ਟਰੰਪ 26 ਮਈ ਨੂੰ ਵਾਲਟਰ ਰੀਡ ਨੈਸ਼ਨਲ ਮਿਲਟਰੀ ਮੈਡੀਕਲ ਸੈਂਟਰ ਵਿੱਚ ਆਪਣੇ ਡਾਕਟਰਾਂ ਨਾਲ ਮੁਲਾਕਾਤ ਕਰਨਗੇ। ਟਰੰਪ ਸੰਯੁਕਤ ਰਾਜ ਅਮਰੀਕਾ ਦੇ ਹੁਣ ਤੱਕ ਦੇ ਚੁਣੇ ਗਏ ਸਭ ਤੋਂ ਬਜ਼ੁਰਗ ਵਿਅਕਤੀ ਹਨ ਅਤੇ ਅਗਲੇ ਮਹੀਨੇ 80 ਸਾਲ ਦੇ ਹੋ ਜਾਣਗੇ।



ਰਾਸ਼ਟਰਪਤੀ ਟਰੰਪ ਦੀ ਸਿਹਤ ਬਾਰੇ ਚਰਚਾਵਾਂ ਅਕਸਰ ਚੱਲਦੀਆਂ ਰਹਿੰਦੀਆਂ ਹਨ। ਟਰੰਪ ਨੇ ਕਿਹਾ ਕਿ ਉਨ੍ਹਾਂ ਨੂੰ ਪਿਛਲੇ ਸਾਲ ਆਪਣੇ ਦਿਲ ਅਤੇ ਪੇਟ ਦੀ ਜਾਂਚ ਕਰਵਾਉਣ ਤੋਂ ਬਾਅਦ ਇਸ ਗੱਲ ਦਾ ਅਫਸੋਸ ਹੋਇਆ ਕਿ ਇਸ ਨਾਲ ਲੋਕਾਂ ਦੇ ਮਨ ਵਿਚ ਉਨ੍ਹਾਂ ਦੀ ਸਿਹਤ ਬਾਰੇ ਚਿੰਤਾਵਾਂ ਪੈਦਾ ਹੋ ਗਈਆਂ ਸਨ। ਟਰੰਪ, ਜਿਸਨੇ ਅਕਸਰ ਸਾਬਕਾ ਰਾਸ਼ਟਰਪਤੀ ਜੋਅ ਬਾਈਡੇਨ ਦੀ ਉਮਰ ਨਾਲ ਸਬੰਧਤ ਪੇਚੀਦਗੀਆਂ ਅਤੇ ਸਿਹਤ ਸਮੱਸਿਆਵਾਂ ਲਈ ਆਲੋਚਨਾ ਕੀਤੀ ਹੈ, ਨੇ ਹਾਲ ਹੀ ਵਿੱਚ ਟਿੱਪਣੀ ਕੀਤੀ ਕਿ ਉਹ ਆਪਣੀ ਵਧਦੀ ਉਮਰ ਦੇ ਬਾਵਜੂਦ ਠੀਕ ਮਹਿਸੂਸ ਕਰਦੇ ਹਨ। ਟਰੰਪ ਨੇ ਸੋਮਵਾਰ ਨੂੰ ਕਿਹਾ ਕਿ ਉਹ ਅਜੇ ਵੀ 50 ਸਾਲ ਪਹਿਲਾਂ ਵਾਂਗ ਹੀ ਮਹਿਸੂਸ ਕਰਦੇ ਹਨ। ਟਰੰਪ ਨੇ ਓਵਲ ਆਫਿਸ ਦੇ ਇੱਕ ਸਮਾਗਮ ਵਿੱਚ ਕਿਹਾ, 'ਮੈਂ ਬਿਲਕੁਲ ਉਸੇ ਤਰ੍ਹਾਂ ਮਹਿਸੂਸ ਕਰਦਾ ਹਾਂ। ਮੈਨੂੰ ਨਹੀਂ ਪਤਾ ਅਜਿਹਾ ਕਿਉਂ ਹੈ। ਅਜਿਹਾ ਇਸ ਲਈ ਨਹੀਂ ਹੈ ਕਿਉਂਕਿ ਮੇਰੀ ਖੁਰਾਕ ਉੱਚ ਗੁਣਵੱਤਾ ਵਾਲੀ ਹੈ।'

## ਮਾਰਕ ਕਾਰਨੀ ਸਰਕਾਰ ਦੀ ਸਖ਼ਤੀ ਦਾ ਨਤੀਜਾ !


### ਕੈਨੇਡਾ 'ਚ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ ਘਟਣ ਦੇ ਅਸਾਰ

ਔਟਵਾ : ਸਟੈਟਿਸਟਿਕਸ ਕੈਨੇਡਾ ਦੀ ਨਵੀਂ ਰੀਪੋਰਟ ਅਨੁਸਾਰ, ਓਂਟੇਰਿਓ ਵਿਚ 2025-26 ਅਕਾਦਮਿਕ ਸਾਲ ਦੌਰਾਨ ਲਗਭਗ 92,000 ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ ਘਟਣ ਦੀ ਸੰਭਾਵਨਾ ਹੈ, ਜੋ ਕਿ ਕੁਲ ਵਿਦਿਆਰਥੀਆਂ ਦਾ ਇਕ ਤਿਹਾਈ ਤੋਂ ਵੱਧ ਹਿੱਸਾ ਬਣਦੀ ਹੈ। ਇਹ ਕਮੀ ਫ਼ੈਡਰਲ ਸਰਕਾਰ ਵਲੋਂ ਜਨਵਰੀ 2024 ਵਿਚ ਲਾਗੂ ਕੀਤੇ ਗਏ 'ਸਟੂਡੈਂਟ ਪਰਮਿਟ ਕੈਪ' ਕਾਰਨ ਆ ਰਹੀ ਹੈ। ਇਸ ਬਾਰੇ ਮੀਡੀਆ ਨਾਲ ਗੱਲਬਾਤ 'ਚ ਟੋਰਾਂਟੋ ਯੂਨੀਵਰਸਿਟੀ ਦੇ ਪੀ.ਐਚ.ਡੀ. ਵਿਦਿਆਰਥੀ ਅਮੀਰ ਮੁਕੱਦਮ ਨੇ ਕਿਹਾ, "ਅਸੀਂ ਕੈਨੇਡਾ ਇਸ ਲਈ ਆਏ ਸੀ ਕਿਉਂਕਿ ਇੱਥੇ ਸਵਾਗਤੀ ਮਾਹੌਲ ਸੀ, ਪਰ ਹੁਣ ਸਰਕਾਰ ਦੀ ਭਾਸ਼ਾ ਅਤੇ ਨੀਤੀਆਂ ਵੇਖ ਕੇ ਉਹ ਮਾਹੌਲ ਨਹੀਂ ਰਿਹਾ।" ਉਨ੍ਹਾਂ ਨੇ ਇਹ ਵੀ ਕਿਹਾ ਕਿ ਵਧ ਰਹੀ ਮਹਿੰਗਾਈ ਅਤੇ ਘੱਟ ਫੰਡਿੰਗ ਪਹਿਲਾਂ ਹੀ ਸਮੱਸਿਆ ਸੀ, ਪਰ ਹੁਣ ਵਿਦਿਆਰਥੀਆਂ ਨੂੰ ਹੀ ਬਲੀ ਦਾ ਬੱਕਰਾ ਬਣਾਇਆ ਜਾ ਰਿਹਾ ਹੈ। ਜੌਰਜ ਬ੍ਰਾਊਨ ਪੌਲੀਟੈਕਨਿਕ ਦੇ ਪ੍ਰੋਫੈਸਰ ਜੈਫ਼ ਬ੍ਰਾਊਨ ਨੇ ਕਿਹਾ, "ਜੇਕਰ ਸਿਸਟਮ ਪਹਿਲਾਂ ਤੋਂ ਹੀ ਫੰਡਾਂ ਦੀ ਕਮੀ ਨਾਲ ਜੂਝ ਨਾ ਰਿਹਾ ਹੁੰਦਾ ਤਾਂ ਇਸ ਕੈਪ ਦਾ ਇੰਨਾ ਵੱਡਾ ਅਸਰ ਨਾ ਹੁੰਦਾ।" ਉਧਰ ਓਂਟੇਰਿਓ ਸਰਕਾਰ ਦੀ ਬੁਲਾਰਨ ਬਿਆਂਕਾ ਜਿਆਕੋਬੋਨੀ ਨੇ ਦਾਅਵਾ ਕੀਤਾ ਕਿ ਪਰਮਿਟ ਕੈਪ ਦੇ ਬਾਵਜੂਦ ਸੂਬਾ ਸਰਕਾਰ ਨੇ ਪੋਸਟ-ਸੈਕੰਡਰੀ ਸਿੱਖਿਆ ਲਈ ਇਤਿਹਾਸਕ ਨਿਵੇਸ਼ ਕੀਤਾ ਹੈ ਅਤੇ 6.4 ਅਰਬ ਡਾਲਰ ਦੀ ਵਾਧੂ ਰਕਮ ਦਿਤੀ ਜਾ ਰਹੀ ਹੈ।



ਯੂਨੀਵਰਸਿਟੀ ਫੈਕਲਟੀ ਐਸੋਸੀਏਸ਼ਨਜ਼ ਦੇ ਪ੍ਰੈਜ਼ੀਡੈਂਟ ਰੌਬ ਕ੍ਰਿਸਟੋਫ਼ਰਸਨ ਨੇ ਚੇਤਾਵਨੀ ਦਿਤੀ ਕਿ ਓਂਟੇਰਿਓ ਦੀ ਅੰਤਰਰਾਸ਼ਟਰੀ ਸਿੱਖਿਆ ਦਾ ਅਕਸ ਵਿਸ਼ਵ ਪੱਧਰ 'ਤੇ ਨੁਕਸਾਨ ਝੱਲ ਰਿਹਾ ਹੈ ਅਤੇ ਸਰਕਾਰ ਨੂੰ ਮਜ਼ਬੂਤ ਫੰਡਿੰਗ ਨਾਲ ਸਿਸਟਮ ਨੂੰ ਦੁਬਾਰਾ ਖੜ੍ਹਾ ਕਰਨਾ ਪਵੇਗਾ। ਇਹ ਰੀਪੋਰਟ ਸੂਬੇ ਦੇ ਸਿੱਖਿਆ ਖੇਤਰ ਲਈ ਵੱਡੀ ਚੁਨੌਤੀ ਵਜੋਂ ਸਾਹਮਣੇ ਆਈ ਹੈ।

# ਪੰਜਾਬੀ ਗੱਭਰੂ ਨੇ ਅਮਰੀਕਾ 'ਚ ਗੱਡੇ ਝੰਡੇ, NCAA ਬਾਸਕਟਬਾਲ ਖੇਡਣ ਵਾਲਾ ਪਹਿਲਾ ਸਿੱਖ ਖਿਡਾਰੀ ਬਣਿਆ ਈਸ਼ਰ ਸਿੰਘ



ਵੈਨਕੂਵਰ : ਕੈਨੇਡਾ ਦੇ ਸਰੀ ਸ਼ਹਿਰ ਨਾਲ ਸੰਬੰਧਿਤ ਇੱਕ ਪੰਜਾਬੀ ਮੂਲ ਦੇ ਦਸਤਾਰਧਾਰੀ ਨੌਜਵਾਨ ਨੇ ਅਮਰੀਕੀ ਕਾਲਜ ਬਾਸਕਟਬਾਲ ਵਿੱਚ ਇਤਿਹਾਸ ਰਚ ਦਿੱਤਾ ਹੈ। ਸਰੀ ਦੇ ਫਲੀਟਵੁੱਡ ਪਾਰਕ ਸੈਕੰਡਰੀ ਸਕੂਲ ਦੇ ਸਾਬਕਾ ਵਿਦਿਆਰਥੀ ਈਸ਼ਰ ਸਿੰਘ ਸਰਾਏ ਨੇ ਐਨਸੀਏਏ ਡਿਵੀਜ਼ਨ-1 ਦੀ ਟੀਮ ਨਾਲ ਜੁੜ ਕੇ ਇੱਕ ਵਿਲੱਖਣ ਮਾਣ ਹਾਸਲ ਕੀਤਾ ਹੈ।

ਜਾਣਕਾਰੀ ਅਨੁਸਾਰ ਈਸ਼ਰ ਸਿੰਘ ਸਰਾਏ ਨੇ ਹਾਲ ਹੀ ਵਿੱਚ ਅਮਰੀਕਾ ਦੀ ਵਿੰਥਰੋਪ ਯੂਨੀਵਰਸਿਟੀ ਨਾਲ ਕਮਿਟਮੈਂਟ ਕੀਤੀ ਹੈ। ਇਸ ਦੇ ਨਾਲ ਹੀ ਉਹ ਐਨਸੀਏਏ ਡਿਵੀਜ਼ਨ-1 ਬਾਸਕਟਬਾਲ ਵਿੱਚ ਖੇਡਣ ਵਾਲੇ ਪਹਿਲੇ ਦਸਤਾਰਧਾਰੀ ਖਿਡਾਰੀ ਬਣ ਗਏ ਹਨ, ਜਿਸ ਕਾਰਨ ਪੰਜਾਬੀ ਭਾਈਚਾਰੇ ਵਿੱਚ ਖੁਸ਼ੀ ਅਤੇ ਮਾਣ ਦੀ ਲਹਿਰ ਪਾਈ ਜਾ ਰਹੀ ਹੈ। ਖੇਡ ਮਾਹਿਰਾਂ ਅਨੁਸਾਰ ਇਹ ਪ੍ਰਾਪਤੀ ਨਾ ਸਿਰਫ਼ ਈਸ਼ਰ ਸਿੰਘ ਲਈ, ਸਗੋਂ ਪੂਰੇ ਸਿੱਖ ਭਾਈਚਾਰੇ ਲਈ ਇੱਕ ਇਤਿਹਾਸਕ ਮੋੜ ਵਜੋਂ ਵੇਖੀ ਜਾ ਰਹੀ ਹੈ। ਬਾਸਕਟਬਾਲ ਵਰਗੀ ਮੁਕਾਬਲੇਬਾਜ਼ ਖੇਡ ਵਿੱਚ ਪੱਗ ਅਤੇ ਦਾੜ੍ਹੀ ਨਾਲ ਆਪਣੀ ਪਛਾਣ ਨੂੰ ਕਾਇਮ ਰੱਖਦਿਆਂ ਉੱਚ ਪੱਧਰ 'ਤੇ ਪਹੁੰਚਣਾ ਕਈ ਨੌਜਵਾਨਾਂ ਲਈ ਪ੍ਰੇਰਨਾ ਬਣ ਰਿਹਾ ਹੈ।

ਦੱਸਿਆ ਜਾ ਰਿਹਾ ਹੈ ਕਿ ਈਸ਼ਰ ਸਿੰਘ ਸਰਾਏ ਨੇ ਸਕੂਲੀ ਅਤੇ ਕਲੱਬ ਪੱਧਰ 'ਤੇ ਸ਼ਾਨਦਾਰ ਪ੍ਰਦਰਸ਼ਨ ਕੀਤਾ, ਜਿਸ ਕਾਰਨ ਉਹ ਅਮਰੀਕੀ ਕਾਲਜ ਬਾਸਕਟਬਾਲ ਸਕਾਊਟਾਂ ਦੀ ਨਜ਼ਰ ਵਿੱਚ ਆਏ। ਹੁਣ ਉਨ੍ਹਾਂ ਦੀ ਇਸ ਪ੍ਰਾਪਤੀ ਨੂੰ ਸਰੀ ਅਤੇ ਵੈਨਕੂਵਰ ਦੇ ਪੰਜਾਬੀ ਭਾਈਚਾਰੇ ਵੱਲੋਂ ਵੱਡੇ ਮਾਣ ਨਾਲ ਦੇਖਿਆ ਜਾ ਰਿਹਾ ਹੈ।

# ਕੈਨੇਡਾ 'ਚ 'ਚੱਲਦਾ ਵਹੀਰ ਖਾਲਸਾ ਹੈਰੀਟੇਜ ਮਿਊਜ਼ੀਅਮ' ਦੀ ਸ਼ੁਰੂਆਤ



ਸਰੀ: ਸਿੱਖ ਕੌਮ ਦੇ ਸ਼ਸਤਰਾਂ ਦੇ ਆਮ ਜਨਤਾ ਨੂੰ ਦਰਸ਼ਨ ਕਰਵਾਏ ਜਾ ਰਹੇ ਹਨ। ਸਿੱਖ ਕੌਮ 'ਚ ਸ਼ਾਸਤਰਾਂ ਦੀ ਮਹੱਤਤਾ, ਪੁਰਾਤਨ ਯੁੱਧ ਕਲਾ ਅਤੇ ਗੁਰੂ ਸਾਹਿਬਾਨ ਦੇ ਸਮੇਂ ਜੰਗਾਂ 'ਚ ਵਰਤੇ ਜਾਂਦੇ ਸ਼ਾਸਤਰਾਂ ਅਤੇ ਸਿੱਖਾਂ ਸਮੇਤ ਵਿਦੇਸ਼ੀ ਮੂਲ ਦੇ ਲੋਕਾਂ ਵੱਲੋਂ ਵੀ ਸਦੀਆਂ ਤੋਂ ਯੁੱਧ ਕਲਾ ਦੇ ਪ੍ਰਤੀਕ ਸਿੱਖਾਂ ਦੇ ਗੱਤਕੇ ਦੀ ਤਰਜ਼ 'ਤੇ ਕੀਤੇ ਜਾਂਦੇ ਅਭਿਆਸ 'ਚ ਵਰਤੇ ਜਾਂਦੇ ਸ਼ਾਸਤਰਾਂ ਨੂੰ ਲੈ ਕੇ ਚੱਲਦਾ ਵਹੀਰ ਖਾਲਸਾ ਹੈਰੀਟੇਜ ਮਿਊਜ਼ੀਅਮ ਪੂਰੇ ਕੈਨੇਡਾ ਵਿੱਚ ਜਾਵੇਗਾ। ਇਸ ਦੀ ਸ਼ੁਰੂਆਤ ਗੁਰੂ ਨਾਨਕ ਸਿੱਖ ਗੁਰਦੁਆਰਾ ਸਰੀ ਤੋਂ ਪੰਜ ਸਿੰਘਾਂ ਵੱਲੋਂ ਅਰਦਾਸ ਕਰਕੇ ਕੀਤੀ ਗਈ।

ਇਸ ਮੌਕੇ ਦਮਦਮੀ ਟਕਸਾਲ ਦੇ ਪ੍ਰਚਾਰਕ ਭਾਈ ਜੈਮਲ ਸਿੰਘ ਨੇ ਬਾਣੀ ਦੇ ਪਾਠ ਕੀਤੇ ਤੇ ਅਰਦਾਸ ਉਪਰੰਤ ਕਿਹਾ ਕਿ ਵਿਦੇਸ਼ੀ ਧਰਤੀ 'ਤੇ ਸਿੱਖ ਬੱਚਿਆਂ ਨੂੰ ਆਪਣੀ ਵਿਰਾਸਤ ਨਾਲ ਜੋੜਨ ਲਈ ਇਹ ਵਿਲੱਖਣ ਉਪਰਾਲਾ ਹੈ। ਉਨ੍ਹਾਂ ਕਿਹਾ ਕਿ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਨੇ ਸਾਨੂੰ ਮੀਰੀ ਤੇ ਪੀਰੀ ਦਾ ਸਿਧਾਂਤ ਦਿੱਤਾ ਅਤੇ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਸਜਾ ਕੇ ਸ਼ਾਸਤਰ ਸਦਾ ਲਈ ਸਿੱਖਾਂ ਦੇ ਤਨ ਤੇ ਮਨ ਉੱਪਰ ਸਜਾ ਦਿੱਤੇ। ਉਨ੍ਹਾਂ ਮਿਊਜ਼ੀਅਮ ਨੂੰ ਬਣਾਉਣ ਲਈ ਭਾਈ ਜਗਜੀਤ ਸਿੰਘ ਦੀਆਂ ਸੇਵਾਵਾਂ ਦੀ ਸ਼ਲਾਘਾ ਕੀਤੀ ਤੇ ਕਿਹਾ ਕਿ ਭਾਈ ਸਾਹਿਬ ਦਹਾਕਿਆਂ ਤੋਂ ਸੇਵਾਵਾਂ ਨਿਭਾਉਂਦੇ ਆ ਰਹੇ ਹਨ। ਇਸ ਮੌਕੇ ਦਮਦਮੀ ਟਕਸਾਲ ਵੱਲੋਂ ਭਾਈ ਜਗਜੀਤ ਸਿੰਘ ਨੂੰ ਸਿਰੋਪਾਓ ਵੀ ਭੇਂਟ ਕੀਤਾ ਗਿਆ।

ਭਾਈ ਜਗਜੀਤ ਸਿੰਘ ਨੇ ਦੱਸਿਆ ਕਿ ਇਸ ਮਿਊਜ਼ੀਅਮ ਨੂੰ ਬਣਾਉਣ ਲਈ ਸਰੀ ਦੇ ਸਾਰੇ ਹੀ ਗੁਰੂ ਘਰਾਂ ਦੀਆਂ ਕਮੇਟੀਆਂ ਅਤੇ ਉਨ੍ਹਾਂ ਕੋਲ ਗੱਤਕਾ ਸਿੱਖ ਰਹੇ ਬੱਚਿਆਂ ਦਾ ਵੱਡਾ ਯੋਗਦਾਨ ਹੈ। ਉਨ੍ਹਾਂ ਸਹਿਯੋਗੀ ਸੰਗਤਾਂ ਦਾ ਧੰਨਵਾਦ ਵੀ ਕੀਤਾ। ਉਨ੍ਹਾਂ ਇਹ ਵੀ ਦੱਸਿਆ ਕਿ ਖਾਲਸਾਈ ਰੰਗ ਵਿੱਚ ਰੰਗੀ ਇਹ ਵਹੀਰ ਜਿੱਥੇ ਵੀ ਜਾਵੇਗੀ, ਉੱਥੇ ਖਾਲਸਾ ਸਜੇ ਘੋੜ ਸਵਾਰ, ਗੱਤਕਾ ਟੀਮਾਂ ਅਤੇ ਇਸ ਵਹੀਰ ਨਾਲ ਬੱਚਿਆਂ ਨੂੰ ਜੋੜਨ ਲਈ ਪੂਰੇ ਕੈਨੇਡਾ ਤੇ ਅਮਰੀਕਾ ਵਿੱਚ ਜਾਵੇਗੀ। ਇਸ ਮੌਕੇ ਵੱਡੀ ਗਿਣਤੀ 'ਚ ਸੰਗਤਾਂ ਤੇ ਬੱਚਿਆਂ ਨੇ ਮਿਊਜ਼ੀਅਮ ਵਿੱਚ ਸ਼ਾਸਤਰਾਂ ਦੇ ਦਰਸ਼ਨ ਕੀਤੇ।

# ਕਾਰ ਬੂਟ ਸੇਲ ਤੋਂ 25 ਪਾਉਂਡ ਵਿਚ ਖਰੀਦਿਆ ਕੈਪਟਨ ਕੁੱਕ ਦਾ ਤਗਮਾ ਨਿਲਾਮੀ 'ਚ 5,000 ਪਾਉਂਡ ਵਿਚ ਵਿਕਿਆ

ਲੈਸਟਰ (ਇੰਗਲੈਂਡ) : ਬਰਤਾਨੀਆ ਦੇ ਪ੍ਰਸਿੱਧ ਸਮੁੰਦਰੀ ਖੋਜੀ ਕੈਪਟਨ ਜੇਮਜ਼ ਕੁੱਕ ਦੀ ਯਾਦ ਵਿਚ ਤਿਆਰ ਕੀਤਾ ਗਿਆ 18ਵੀਂ ਸਦੀ ਦਾ ਇਕ ਬਹੁਤ ਹੀ ਦੁਰਲੱਭ ਕਾਂਸੀ ਦਾ ਤਗਮਾ ਵੈਸਟ ਯਾਰਕਸ਼ਾਇਰ ਦੀ ਇਕ ਕਾਰ ਬੂਟ ਸੇਲ ਤੋਂ ਸਿਰਫ਼ 25 ਪਾਉਂਡ ਵਿਚ ਖਰੀਦਿਆ ਗਿਆ ਸੀ, ਜੋ ਹੁਣ ਨਿਲਾਮੀ ਦੌਰਾਨ 5,000 ਪਾਉਂਡ ਵਿਚ ਵਿਕ ਕੇ ਚਰਚਾ ਦਾ ਕੇਂਦਰ ਬਣ ਗਿਆ ਹੈ।

ਇਹ ਇਤਿਹਾਸਕ ਤਗਮਾ ਹੁਣ ਵਿਟਬੀ ਸਥਿਤ ਕੈਪਟਨ ਕੁੱਕ ਮੈਮੋਰੀਅਲ ਮਿਊਜ਼ੀਅਮ ਵੱਲੋਂ ਖਰੀਦਿਆ ਗਿਆ ਹੈ। ਮਿਊਜ਼ੀਅਮ ਪ੍ਰਬੰਧਕਾਂ ਦਾ ਕਹਿਣਾ ਹੈ ਕਿ ਇਸ ਤਮਗੇ ਨੂੰ ਕੈਪਟਨ ਕੁੱਕ ਦੇ ਜਨਮ ਦੇ 300 ਸਾਲ ਪੂਰੇ ਹੋਣ ਮੌਕੇ ਲਗਾਈ ਜਾਣ ਵਾਲੀ ਵਿਸ਼ੇਸ਼ ਪ੍ਰਦਰਸ਼ਨੀ ਵਿਚ ਰੱਖਿਆ ਜਾਵੇਗਾ। ਕੈਪਟਨ ਜੇਮਜ਼ ਕੁੱਕ ਦਾ ਜਨਮ 1728 ਵਿਚ ਹੋਇਆ ਸੀ ਅਤੇ ਉਹ ਦੁਨੀਆ ਦੇ ਸਭ ਤੋਂ ਮਸ਼ਹੂਰ ਖੋਜੀਆਂ ਵਿਚੋਂ ਇਕ ਮੰਨੇ ਜਾਂਦੇ ਹਨ। ਜਿਸ ਵਿਅਕਤੀ ਨੇ ਇਹ ਤਮਗਾ ਖਰੀਦਿਆ ਸੀ, ਉਸ ਨੇ ਦੱਸਿਆ ਕਿ ਉਹ ਵੈਸਟ ਯਾਰਕਸ਼ਾਇਰ ਦੀ ਇਕ ਕਾਰ ਬੂਟ ਸੇਲ 'ਤੇ ਗਿਆ ਸੀ, ਜਿੱਥੇ ਉਸ ਨੇ ਪੁਰਾਣੇ ਸਿੱਕਿਆਂ ਅਤੇ ਤਮਗਿਆਂ ਨਾਲ ਭਰਿਆ ਇਕ ਡੱਬਾ ਸਿਰਫ਼ 25 ਪਾਉਂਡ ਵਿਚ ਖਰੀਦ ਲਿਆ। ਉਸ ਸਮੇਂ ਉਸ ਨੂੰ ਇਹ ਅਹਿਸਾਸ ਨਹੀਂ ਸੀ ਕਿ ਉਸ ਡੱਬੇ ਵਿਚ ਕੈਪਟਨ ਕੁੱਕ ਨਾਲ ਸਬੰਧਤ ਇਕ ਇਤਿਹਾਸਕ ਅਤੇ ਬਹੁਤ ਦੁਰਲੱਭ ਤਮਗਾ ਵੀ ਮੌਜੂਦ ਹੈ। ਬਾਅਦ ਵਿਚ ਜਦੋਂ ਮਾਹਿਰਾਂ ਨੇ ਜਾਂਚ ਕੀਤੀ ਤਾਂ ਪਤਾ ਲੱਗਿਆ ਕਿ ਇਹ ਤਮਗਾ 18ਵੀਂ ਸਦੀ ਵਿਚ ਕੈਪਟਨ ਕੁੱਕ ਦੀ ਮੌਤ ਦੀ ਯਾਦ ਵਿਚ ਤਿਆਰ ਕੀਤਾ ਗਿਆ ਸੀ। ਇਹ ਤਮਗਾ ਕਾਫ਼ੀ ਦੁਰਲੱਭ ਹੈ ਅਤੇ ਇਸ ਵਰਗੇ ਸਿਰਫ਼ ਦੋ ਹੋਰ ਨਮੂਨੇ ਹੀ ਦੁਨੀਆ ਭਰ ਦੇ ਮਿਊਜ਼ੀਅਮਾਂ ਵਿਚ ਦਰਜ ਹਨ। ਇਕ ਨਮੂਨਾ ਗ੍ਰੀਨਵਿਚ ਅਤੇ ਦੂਜਾ ਆਸਟ੍ਰੇਲੀਆ ਦੇ ਸਿਡਨੀ ਮਿਊਜ਼ੀਅਮ ਵਿਚ ਮੌਜੂਦ ਹੈ। ਟੈਨੈਂਟਸ ਆਕਸ਼ਨੀਅਰਜ਼ ਦੇ ਸਿੱਕਾ ਮਾਹਿਰ ਵਿਲ ਡੌਬਿਨਜ਼ ਨੇ ਕਿਹਾ ਕਿ ਇਹ ਨਿਲਾਮੀ ਬਹੁਤ ਖਾਸ ਰਹੀ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਖੁਸ਼ੀ ਹੈ ਕਿ ਇਹ ਤਮਗਾ ਹੁਣ ਕੈਪਟਨ ਕੁੱਕ ਮੈਮੋਰੀਅਲ ਮਿਊਜ਼ੀਅਮ ਵਿਚ ਰੱਖਿਆ ਜਾਵੇਗਾ, ਜਿੱਥੇ ਲੋਕ ਇਸ ਨੂੰ ਨੇੜੇ ਤੋਂ ਦੇਖ ਸਕਣਗੇ। ਉਨ੍ਹਾਂ ਕਿਹਾ ਕਿ ਇਹ ਸਿਰਫ਼ ਇਕ ਤਮਗਾ ਨਹੀਂ, ਸਗੋਂ ਬਰਤਾਨਵੀ ਸਮੁੰਦਰੀ ਇਤਿਹਾਸ ਦੀ ਮਹੱਤਵਪੂਰਨ ਨਿਸ਼ਾਨੀ ਹੈ। ਮਿਊਜ਼ੀਅਮ ਦੇ ਟਰੱਸਟੀ ਬੋਰਡ ਦੇ ਚੇਅਰਮੈਨ ਰਿਚਰਡ ਕੋਰਨਿਕੀ ਨੇ ਦੱਸਿਆ ਕਿ ਇਹ ਤਮਗਾ ਉਸ ਇਮਾਰਤ ਵਿਚ ਰੱਖਿਆ ਜਾਵੇਗਾ ਜਿੱਥੇ ਨੌਜਵਾਨ ਜੇਮਜ਼ ਕੁੱਕ ਨੇ ਸਮੁੰਦਰੀ ਜੀਵਨ ਦੀ ਸਿਖਲਾਈ ਲਈ ਸੀ। ਉਨ੍ਹਾਂ ਕਿਹਾ ਕਿ ਵਿਟਬੀ ਸ਼ਹਿਰ ਕੈਪਟਨ ਕੁੱਕ ਦੇ ਜੀਵਨ ਨਾਲ ਡੂੰਘੇ ਤੌਰ 'ਤੇ ਜੁੜਿਆ ਹੋਇਆ ਹੈ ਅਤੇ ਇਹ ਤਮਗਾ ਮਿਊਜ਼ੀਅਮ ਦੀ ਸ਼ਾਨ ਵਿਚ ਹੋਰ ਵਾਧਾ ਕਰੇਗਾ। ਕੈਪਟਨ ਜੇਮਜ਼ ਕੁੱਕ ਨੇ 1768 ਵਿਚ ਪਾਉਂਡਚਪਾਉਂਡਮ ਬਾਰਕ ਪਾਉਂਡਾਂਡੇਵਰ ਜਹਾਜ਼ ਰਾਹੀਂ ਆਪਣੀ ਪਹਿਲੀ ਸਮੁੰਦਰੀ ਯਾਤਰਾ ਸ਼ੁਰੂ ਕੀਤੀ ਸੀ। ਉਹ ਤਿੰਨ ਵੱਡੀਆਂ ਸਮੁੰਦਰੀ ਯਾਤਰਾਵਾਂ ਲਈ ਮਸ਼ਹੂਰ ਹਨ, ਜਿਨ੍ਹਾਂ ਦੌਰਾਨ ਉਨ੍ਹਾਂ ਨੇ ਦੁਨੀਆ ਦੇ ਕਈ ਨਵੇਂ ਖੇਤਰਾਂ ਦੀ ਖੋਜ ਕੀਤੀ। ਉਨ੍ਹਾਂ ਨੇ ਤਾਹੀਤੀ ਸਮੇਤ ਕਈ ਟਾਪੂਆਂ ਅਤੇ ਪ੍ਰਸ਼ਾਂਤ ਮਹਾਸਾਗਰ ਦੇ ਇਲਾਕਿਆਂ ਬਾਰੇ ਮਹੱਤਵਪੂਰਨ ਜਾਣਕਾਰੀ ਦੁਨੀਆ ਸਾਹਮਣੇ ਰੱਖੀ। ਉਨ੍ਹਾਂ ਦੀਆਂ ਯਾਤਰਾਵਾਂ ਨੇ ਭੂਗੋਲ, ਸਮੁੰਦਰੀ ਵਿਗਿਆਨ ਅਤੇ ਖਗੋਲ ਵਿਗਿਆਨ ਦੇ ਖੇਤਰਾਂ ਵਿਚ ਵੱਡਾ ਯੋਗਦਾਨ ਪਾਇਆ। 1779 ਵਿਚ ਹਵਾਈ ਟਾਪੂ 'ਚ ਸਥਾਨਕ ਲੋਕਾਂ ਨਾਲ ਹੋਈ ਝੜਪ ਦੌਰਾਨ ਉਨ੍ਹਾਂ ਦੀ ਮੌਤ ਹੋ ਗਈ ਸੀ। ਰੌਇਲ ਮਿੰਟ ਵੱਲੋਂ ਵੀ ਕੈਪਟਨ ਕੁੱਕ ਦੀ ਯਾਦ ਵਿਚ ਕਈ ਯਾਦਗਾਰੀ ਸਿੱਕੇ ਅਤੇ ਤਮਗੇ ਜਾਰੀ ਕੀਤੇ ਜਾ ਚੁੱਕੇ ਹਨ। 1928 ਵਿਚ ਉਨ੍ਹਾਂ ਦੇ ਜਨਮ ਦੇ 200 ਸਾਲ ਪੂਰੇ ਹੋਣ 'ਤੇ ਪਹਿਲਾ ਯਾਦਗਾਰੀ ਸਿੱਕਾ ਜਾਰੀ ਕੀਤਾ ਗਿਆ ਸੀ, ਜਦਕਿ ਹਾਲੀਆ ਸਾਲਾਂ ਵਿਚ ਵੀ ਉਨ੍ਹਾਂ ਦੀਆਂ ਸਮੁੰਦਰੀ ਯਾਤਰਾਵਾਂ ਨੂੰ ਸਮਰਪਿਤ ਵਿਸ਼ੇਸ਼ ਸਿੱਕੇ ਜਾਰੀ ਕੀਤੇ ਗਏ ਹਨ।




# ਵਿਨੀਪੈਗ 'ਚ ਸਿੱਖ ਲੜਕੇ ਨੂੰ ਕਕਾਰਾਂ ਕਾਰਨ ਪੇਪਰ ਦੇਣ ਤੋਂ ਰੋਕਿਆ

**• ਅਧਿਕਾਰੀਆਂ ਨੇ ਕਿਰਪਾਨ ਉਤਾਰ ਕੇ ਜਮ੍ਹਾਂ ਕਰਵਾਉਣ ਦੀ ਕੀਤੀ ਅਪੀਲ**

**• ਜਸਪਾਲ ਸਿੰਘ ਨੇ ਕਿਹਾ-ਪੇਪਰ ਨਾ ਦੇਣਾ ਮਨਜ਼ੂਰ ਪਰ ਕਿਰਪਾਨ ਨਹੀਂ ਉਤਾਰਾਂਗਾ**

ਵਿਨੀਪੈਗ, (ਸਾਡੇ ਲੋਕ) :ਵਿਨੀਪੈਗ ਦੇ ਸਿੱਖ ਵਿਅਕਤੀ ਨੂੰ ਕਕਾਰਾਂ ਕਾਰਨ ਪੇਪਰ ਦੇਣ ਤੋਂ ਰੋਕਣ ਦਾ ਮਾਮਲਾ ਸਾਹਮਣੇ ਆਇਆ ਹੈ। ਸਿੱਖ ਵਿਅਕਤੀ ਦਾ ਕਹਿਣਾ ਹੈ ਕਿ ਉਸ ਨੂੰ ਸ੍ਰੀ ਸਾਹਿਬ ਉਤਾਰਨ ਤੋਂ ਇਨਕਾਰ ਕਰਨ ਤੋਂ ਬਾਅਦ ਪੁਲੀਸ ਭਰਤੀ ਪ੍ਰੀਖਿਆ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ ਸੀ। ਜਸਪਾਲ ਸਿੰਘ ਗਿੱਲ ਦਾ ਕਹਿਣਾ ਹੈ ਕਿ ਇਸ ਘਟਨਾ ਨੇ ਉਸ ਦਾ ਪੁਲੀਸ ਅਧਿਕਾਰੀ ਬਣਨ ਦਾ ਸੁਪਨਾ ਚਕਨਾਚੂਰ ਕਰ ਦਿੱਤਾ ਹੈ, "ਮੇਰੇ ਨਾਲ ਵਿਤਕਰਾ ਹੋਇਆ ਹੈ ਅਤੇ ਕੈਨੇਡਾ ਵਿੱਚ ਧਾਰਮਿਕ ਅਤੇ ਚਾਰਟਰ ਅਧਿਕਾਰਾਂ ਬਾਰੇ ਸਵਾਲ ਖੜ੍ਹੇ ਕਰ ਰਿਹਾ ਹੈ।"

ਜਸਪਾਲ ਸਿੰਘ ਗਿੱਲ ਆਪਣੇ ਭਾਈਚਾਰੇ ਦੀ ਸੇਵਾ ਕਰਨ ਲਈ ਪੁਲੀਸ ਅਧਿਕਾਰੀ ਬਣਨਾ ਚਾਹੁੰਦਾ ਸੀ ਅਤੇ ਉਹ ਲੰਬੇ ਸਮੇਂ ਤੋਂ ਇਸ ਦੀ ਤਿਆਰੀ ਕਰ ਰਿਹਾ ਸੀ ਅਤੇ ਉਸ ਦਾ ਪੁਲੀਸ ਸੇਵਾ ਵਿੱਚ ਸ਼ਾਮਲ ਹੋਣਾ ਇਕ ਨਿੱਜੀ ਟੀਚਾ ਵੀ ਸੀ ਕਿਉਂਕਿ ਉਸ ਦੇ ਦਾਦਾ ਅਤੇ ਪਿਤਾ ਭਾਰਤ ਵਿੱਚ ਪੁਲੀਸ ਅਧਿਕਾਰੀ ਸਨ। ਗਿੱਲ ਜੋ ਕੇ 2021 ਵਿੱਚ ਭਾਰਤ ਤੋਂ ਨਿਊ ਬਰੰਜ਼ਵਿਕ ਵਿਚ ਆਇਆ ਸੀ ਅਤੇ 2024 ਵਿੱਚ ਉਹ ਕੈਨੇਡਾ ਦਾ ਸਥਾਈ ਨਿਵਾਸੀ ਬਣ ਗਿਆ ਅਤੇ ਪਿਛਲੀਆਂ ਗਰਮੀਆਂ ਵਿੱਚ ਹੀ ਉਹ ਵਿਨੀਪੈਗ ਆਇਆ ਸੀ ।

ਉਸ ਨੇ ਕਿਹਾ ਕਿ ਉਹ ਕੈਨੇਡਾ ਪਹੁੰਚਣ ਤੋਂ ਬਾਅਦ ਪੁਲੀਸ ਭਰਤੀ ਪ੍ਰੀਖਿਆਵਾਂ ਲਈ ਪੜ੍ਹ ਰਿਹਾ ਹੈ ਅਤੇ ਉਸ ਨੇ ਅਪਰੈਲ ਦੇ ਅਖੀਰ ਵਿੱਚ ਪੁਲੀਸ ਦੇ ਡਾਊਨ ਟਾਊਨ ਹੈੱਡਕੁਆਰਟਰ ਵਿੱਚ ਵਿਨੀਪੈਗ ਪੁਲੀਸ ਸਰਵਿਸ ਵਾਸਤੇ ਅਪਲਾਈ ਕੀਤਾ ਸੀ। ਪਰ ਪ੍ਰੀਖਿਆ ਕੇਂਦਰ ਵਿਚ ਜਦੋਂ ਇਕ ਅਧਿਕਾਰੀ ਨੇ ਕਿਹਾ, 'ਤੁਹਾਨੂੰ ਪ੍ਰੀਖਿਆ ਦੇਣ ਲਈ ਆਪਣੀ ਕਿਰਪਾਨ ਉਤਾਰਨੀ ਪਏਗੀ।' ਜਸਪਾਲ ਸਿੰਘ ਗਿੱਲ ਨੇ ਕਕਾਰਾਂ ਦੀ ਮਹੱਤਤਾ ਦੱਸਦਿਆਂ ਕਿਹਾ ਕਿ ਅਸੀਂ ਇਸ ਨੂੰ ਹਿੰਮਤ ਅਤੇ ਬੇਇਨਸਾਫ਼ੀ ਵਿਰੁੱਧ ਲੜਨ ਦੀ ਆਪਣੀ ਜ਼ਿੰਮੇਵਾਰੀ ਦੇ ਪ੍ਰਤੀਕ ਵਜੋਂ ਪਹਿਨਦੇ ਹਾਂ, ਪਰ ਭਰਤੀ ਅਧਿਕਾਰੀਆਂ ਨੇ ਕਿਹਾ ਕਿ ਜਦੋਂ ਤੱਕ ਉਹ ਕਿਰਪਾਨ ਨਹੀਂ ਸੌਂਪ ਦਿੰਦੇ ਉਦੋਂ ਤੱਕ ਉਨ੍ਹਾਂ ਨੂੰ ਪ੍ਰੀਖਿਆ ਦੇਣ ਦੀ ਆਗਿਆ ਨਹੀਂ ਦਿੱਤੀ ਜਾਵੇਗੀ। ਗਿੱਲ ਨੇ ਕਿਹਾ ਕਿ ਉਨ੍ਹਾਂ ਨੇ ਇਸ ਦੀ ਬਜਾਏ ਇਮਤਿਹਾਨ ਨਾ ਲਿਖਣ ਦਾ ਫ਼ੈਸਲਾ ਕੀਤਾ। ਗਿੱਲ ਨੇ ਕਿਹਾ, ਹੋਰ ਸਾਰੇ ਮੈਂਬਰਜ਼ ਨੂੰ ਇਮਤਿਹਾਨ ਲਿਖਣ ਦੀ ਆਗਿਆ ਸੀ, ਪਰ ਮੈਨੂੰ ਇਜਾਜ਼ਤ ਨਹੀਂ ਦਿੱਤੀ ਗਈ ਕਿਉਂਕਿ ਮੈਂ ਸ੍ਰੀ ਸਾਹਿਬ ਧਾਰਨ ਕੀਤੀ ਹੋਈ ਸੀ। ਵਿਨੀਪੈਗ ਪੁਲੀਸ ਦਾ ਕਹਿਣਾ ਹੈ ਕਿ ਪ੍ਰੀਖਿਆ ਦੌਰਾਨ ਸੁਰੱਖਿਅਤ ਸਟੋਰੇਜ ਦੀ ਪੇਸ਼ਕਸ਼ ਕੀਤੀ ਗਈ ਸੀ, ਪਰ ਗਿੱਲ ਨੇ ਇਨਕਾਰ ਕਰ ਦਿੱਤਾ।



ਪੁਲੀਸ ਬੁਲਾਰੇ ਨੇ ਦੱਸਿਆ ਕਿ ਇੱਕ ਬਿਨੈਕਾਰ ਨੂੰ ਪਿਛਲੇ ਹਫ਼ਤੇ ਪ੍ਰੀਖਿਆ ਦੀ ਮਿਆਦ ਲਈ ਕਿਰਪਾਨ ਲਈ ਸੁਰੱਖਿਅਤ ਸਟੋਰੇਜ ਵਿਕਲਪਾਂ ਦੀ ਪੇਸ਼ਕਸ਼ ਕੀਤੀ ਗਈ ਸੀ। ਇਕ ਈਮੇਲ ਵਿੱਚ ਬੁਲਾਰੇ ਨੇ ਲਿਖਿਆ, "ਇਹ ਵਿਕਲਪ ਸਤਿਕਾਰ ਨਾਲ ਪੇਸ਼ ਕੀਤਾ ਗਿਆ ਸੀ। ਉਸ ਵਿਅਕਤੀ ਨੇ ਸਟੋਰੇਜ ਵਿਕਲਪਾਂ ਤੋਂ ਇਨਕਾਰ ਕਰ ਦਿੱਤਾ ਅਤੇ ਪ੍ਰੀਖਿਆ ਨਾ ਲਿਖਣ ਦਾ ਫ਼ੈਸਲਾ ਕੀਤਾ।" ਉਨ੍ਹਾਂ ਨੇ ਕਿਹਾ ਕਿ ਟੈਸਟਿੰਗ, ਇਮਾਰਤ ਦੇ ਇੱਕ ਸੁਰੱਖਿਅਤ ਖੇਤਰ ਵਿੱਚ ਹੁੰਦੀ ਹੈ। "ਅਸੀਂ ਜਿੱਥੇ ਵੀ ਸੰਭਵ ਹੋਵੇ ਵਾਜਬ ਸਟੋਰੇਜ ਵਿਕਲਪਾਂ ਪ੍ਰਦਾਨ ਕਰਨ ਦੀ ਕੋਸ਼ਿਸ਼ ਕਰਦੇ ਹਾਂ ਅਤੇ ਸੁਰੱਖਿਆ ਦੀਆਂ ਜ਼ਰੂਰਤਾਂ ਨੂੰ ਕਾਇਮ ਰੱਖਦੇ ਹੋਏ ਉਨ੍ਹਾਂ ਦੇ ਧਾਰਮਿਕ ਚਿੰਨ੍ਹਾਂ ਦਾ ਸਤਿਕਾਰ ਕਰਦੇ ਹਾਂ।" ਉਨ੍ਹਾਂ ਕਿਹਾ ਕਿਰਪਾਨ ਨੂੰ ਸੁਰੱਖਿਅਤ ਢੰਗ ਨਾਲ ਸਟੋਰ ਕਰਨ ਦੇ ਵਿਕਲਪ ਨੂੰ ਪਿਛਲੇ ਸਮੇਂ ਵਿੱਚ ਬਹੁਤ ਸਾਰੇ ਬਿਨੈਕਾਰਾਂ ਵੱਲੋਂ ਸਵੀਕਾਰ ਕੀਤਾ ਗਿਆ ਹੈ ਅਤੇ ਉਨ੍ਹਾਂ ਨੂੰ ਟੈਸਟਿੰਗ ਪ੍ਰਕਿਰਿਆ ਨੂੰ ਪੂਰਾ ਕਰਨ ਦਿੱਤਾ ਗਿਆ ਹੈ। ਹਾਲਾਂਕਿ, ਗਿੱਲ ਨੇ ਕਿਹਾ ਕਿ ਪੁਲੀਸ ਨੇ ਉਨ੍ਹਾਂ ਦੇ ਚਾਰਟਰ ਅਧਿਕਾਰਾਂ ਦੀ ਉਲੰਘਣਾ ਕੀਤੀ ਹੈ ਅਤੇ 2006 ਦੇ ਕੈਨੇਡਾ ਦੀ ਸੁਪਰੀਮ ਕੋਰਟ ਦੇ ਫ਼ੈਸਲੇ ਵੱਲ ਇਸ਼ਾਰਾ ਕੀਤਾ ਜਿਸ ਵਿੱਚ ਸਿੱਖਾਂ ਦੇ ਕਿਰਪਾਨ ਲਿਜਾਣ 'ਤੇ ਪਾਬੰਦੀ ਲਗਾਉਣਾ ਕਿਸੇ ਦੀ ਧਾਰਮਿਕ ਆਜ਼ਾਦੀ ਦੀ ਉਲੰਘਣਾ ਹੈ। ਉਸ ਨੇ ਅੱਗੇ ਕਿਹਾ ਕਿ ਸੁਪਰੀਮ ਕੋਰਟ ਨੇ ਫ਼ੈਸਲਾ ਦਿੱਤਾ ਹੈ ਕਿ ਸ੍ਰੀ ਸਾਹਿਬ ਹਥਿਆਰ ਨਹੀਂ ਹੈ। ਖ਼ਾਲਸੇ ਨੂੰ ਅਦਾਲਤਾਂ ਵਿੱਚ ਸ੍ਰੀ ਸਾਹਿਬ ਪਹਿਨਣ ਦੀ ਆਗਿਆ ਹੈ, ਉਨ੍ਹਾਂ ਨੂੰ ਵਿਧਾਨ ਸਭਾ ਵਿੱਚ ਸ੍ਰੀ ਸਾਹਿਬ ਪਹਿਨਣ ਦੀ ਆਗਿਆ ਹੈ ਅਤੇ ਘਰੇਲੂ ਉਡਾਣਾਂ ਵਿੱਚ ਸ੍ਰੀ ਸਾਹਿਬ ਪਹਿਨਣ ਦੀ ਆਗਿਆ ਹੈ।

ਮੈਨੀਟੋਬਾ ਯੂਨੀਵਰਸਿਟੀ ਦੇ ਸੈਂਟਰ ਫ਼ਾਰ ਪ੍ਰੋਫੈਸ਼ਨਲ ਐਂਡ ਅਪਲਾਈਡ ਐਥਿਕਸ ਦੇ ਡਾਇਰੈਕਟਰ ਨੀਲ ਮੈਕਆਰਥਰ ਨੇ ਕਿਹਾ ਕਿ ਸੁਪਰੀਮ ਕੋਰਟ ਦੀ ਮਿਸਾਲ ਦੇ ਮੱਦੇਨਜ਼ਰ ਇੱਕ ਅਦਾਲਤ ਸੰਭਾਵਿਤ ਤੌਰ 'ਤੇ ਗਿੱਲ ਦੇ ਹੱਕ ਵਿੱਚ ਫ਼ੈਸਲਾ ਦੇਵੇਗੀ। ਮੈਕਆਰਥਰ ਨੇ ਸੀ ਟੀ ਵੀ ਨਿਊਜ਼ ਨੂੰ ਦੱਸਿਆ, 'ਸੁਪਰੀਮ ਕੋਰਟ ਦਾ ਫ਼ੈਸਲਾ ਇੱਕ ਸਕੂਲ ਨਾਲ ਸਬੰਧਿਤ ਸੀ ਅਤੇ ਇਸ ਨੇ ਫ਼ੈਸਲਾ ਕੀਤਾ ਕਿ ਸਕੂਲ ਦੇ ਮਾਹੌਲ ਵਿੱਚ ਸਿੱਖਾਂ ਨੂੰ ਆਪਣੇ ਕਿਰਪਾਨ ਪਹਿਨਣਾ ਬਿਲਕੁਲ ਸੁਰੱਖਿਅਤ ਸੀ।' ਮੈਕਆਰਥਰ ਨੇ ਕਿਹਾ, 'ਆਰ ਸੀ ਐਮ ਪੀ ਸਮੇਤ ਸਾਰੀਆਂ ਪੁਲੀਸ ਸੇਵਾਵਾਂ ਮੰਨਦੀਆਂ ਹਨ ਕਿ ਉਹ ਆਪਣੀ ਡਿਊਟੀ ਦੌਰਾਨ ਇਸ ਨੂੰ ਪਹਿਨ ਸਕਦਾ ਹੈ ਤਾਂ ਫਿਰ ਕੋਈ ਵਿਅਕਤੀ ਆਪਣੀ ਡਿਊਟੀ ਦੌਰਾਨ ਕਿਰਪਾਨ ਕਿਉਂ ਨਹੀਂ ਪਹਿਨ ਸਕਦਾ ਅਤੇ ਅਧਿਕਾਰੀ ਬਣਨ ਦੀ ਪ੍ਰੀਖਿਆ ਵਿੱਚ ਕਿਉਂ ਨਹੀਂ ਬੈਠ ਸਕਦਾ?'

ਗਿੱਲ ਨੇ ਕਿਹਾ ਕਿ ਉਨ੍ਹਾਂ ਨੂੰ ਲੱਗਦਾ ਹੈ ਕਿ ਅਧਿਕਾਰੀਆਂ ਨੂੰ ਆਪਣੀ ਨੀਤੀ 'ਤੇ ਗੌਰ ਕਰਨਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਇਸ ਨੂੰ ਬਦਲਣਾ ਚਾਹੀਦਾ ਹੈ। "ਮੇਰਾ ਮੰਨਣਾ ਹੈ ਕਿ ਹੋਰ ਬਹੁਤ ਸਾਰੇ ਸਿੱਖ ਬਿਨੈਕਾਰਾਂ ਨੂੰ ਪੁਲੀਸ ਸੇਵਾਵਾਂ ਲਈ ਅਰਜ਼ੀ ਦੇਣ ਤੋਂ ਨਿਰਾਸ਼ ਹੋਣਾ ਪਵੇਗਾ।" ਉਹ ਮੈਨੀਟੋਬਾ ਮਨੁੱਖੀ ਅਧਿਕਾਰ ਕਮਿਸ਼ਨ ਕੋਲ ਸ਼ਿਕਾਇਤ ਦਾਇਰ ਕਰਨ ਬਾਰੇ ਵਿਚਾਰ ਕਰ ਸਕਦਾ ਹੈ।

CALL US: 209-637-0210 | 612-578-8078
925-495-0207

SAN RAMON
Lathrop & Main Street Manteca
URGENT CARE & CLINIC

# CITIZENSHIP ELIGIBILITY AND GREEN CARD APPLICATION

DR. RAJESH MAHESHWARI, MD

VISIT US NOW!

San Ramon URGENT CARE & CLINIC
9140 Alcosta Boulevard Ste D
San Ramon, CA 94583
(925) 361-5959

Lathrop URGENT CARE
15810 Harlan Road #A
Lathrop, CA 95330
(209) 983-9000

Main Street URGENT CARE
1040 North Main Street
Manteca, CA 95336
(209) 825-5155

https://www.sanramonurgentcare.com/

Email us at info@sanramonucc.com



ਸਰਦਾਰ ਮੱਲ ਸਿੰਘ ਜੀ ਸਿੱਖ ਪੰਥ ਵਿੱਚ ਇੱਕ ਜਾਣਿਆ ਪਹਿਚਾਣਿਆ ਨਾਮ ਹੈ। ਜਿਨ੍ਹਾਂ ਨੇ ਬਚਪਨ ਤੋਂ ਲੈਕੇ ਅੱਜ ਤੱਕ ਜਿਥੇ ਘਰਾਂ ਦੀ ਗਰੀਬੀ ਨਾਲ ਮੁਕਾਬਲਾ ਕੀਤਾ, ਉਥੇ ਸ਼ੁਰੂ ਤੋਂ ਹੀ ਸਿੱਖੀ ਜੀਵਨ ਅਤੇ ਸਿੱਖੀ ਕਦਰਾਂ ਕੀਮਤਾਂ ਲਈ ਲੜਾਈ ਜਾਰੀ ਰੱਖੀ। ਕਈ ਵਾਰ ਰਸਤੇ 'ਚ ਆਰਥਿਕ ਅਤੇ ਹੋਰ ਅੜਚਨਾਂ ਰੁਕਾਵਟਾਂ ਆਈਆਂ ਪਰ ਗੁਰੂ ਦੇ ਨਿਮਾਣੇ ਸਿੱਖ ਵਾਂਗ ਹੱਸਕੇ ਮੁਕਾਬਲਾ ਕੀਤਾ। ਭਾਵੇਂ ਬਚਪਨ 'ਚ ਅਤਿ ਗਰੀਬੀ ਕਾਰਨ ਸਤਵੀਂ ਦੀ ਪੜ੍ਹਾਈ ਵਿੱਚੇ ਛੱਡਕੇ ਕਾਰਖਾਨਿਆਂ 'ਚ ਮਜ਼ਦੂਰੀ ਕਰਨੀ ਪਈ ਪਰ ਹੌਸਲਾ ਨਾ ਛੱਡਿਆ। ਕਾਰਖਾਨੇ 'ਚ ਕੰਮ ਕਰਕੇ ਮੁੜ ਸਕੂਲ 'ਚ ਦਾਖਲਾ ਲੈ ਲਿਆ ਅਤੇ ਕੰਮਕਾਰ ਦੇ ਨਾਲ-ਨਾਲ ਪੜ੍ਹਾਈ ਜਾਰੀ ਰੱਖੀ ਅਤੇ ਸਿੱਖ ਇਤਿਹਾਸ ਦੀਆਂ ਕਿਤਾਬਾਂ ਪੜ੍ਹ ਪੜ੍ਹ ਕੇ ਸਿੱਖ ਇਤਿਹਾਸ ਤੋਂ ਹੋਰ ਜਾਣੂ ਅਤੇ ਸ਼ਰਧਾਲੂ ਹੁੰਦੇ ਗਏ। ਪਿਤਾ ਸ਼੍ਰੀ ਕਿਸ਼ਨ ਚੰਦ ਅਤੇ ਮਾਤਾ ਨਾਮ ਕੌਰ ਜੀ ਦੀ ਸਿੱਖੀ ਨਾਲ ਅਤਿ ਲਗਾਉ ਅਤੇ ਧਾਰਮਿਕ ਦ੍ਰਿੜਤਾ ਨੇ ਸਰਦਾਰ ਮੱਲ ਸਿੰਘ ਉਪਰ ਗਹਿਰਾ ਪ੍ਰਭਾਵ ਛੱਡਿਆ। ਡੀ.ਏ.ਵੀ. ਕਾਲਜ ਜਲੰਧਰ ਪ੍ਰੀ-ਯੂਨੀਵਰਸਿਟੀ ਪਾਸ ਕਰਨ ਉਪਰੰਤ 1970 ਵਿਚ Indian Posts And Telegraph Department ਜਲੰਧਰ ਉਨਾ ਨੂੰ ਸਰਕਾਰੀ ਨੌਕਰੀ ਮਿਲ ਗਈ ਅਤੇ 40 ਸਾਲ ਨੌਕਰੀ ਕਰਨ ਬਾਅਦ ਸ੍ਰ. ਮੱਲ ਸਿੰਘ ਜੀ 2010 'ਚ ਰਿਟਾਇਰ ਹੋ ਗਏ ਅਤੇ ਉਨ੍ਹਾਂ ਨੇ ਸਿੱਖੀ ਅਤੇ ਸਿੱਖ ਇਤਿਹਾਸ ਲਈ ਪੂਰਾ ਸਮਾਂ ਕੰਮ ਕਰਨਾ ਸ਼ੁਰੂ ਕਰ ਦਿੱਤਾ। ਸਰਦਾਰ ਸਾਹਿਬ ਵੱਖ-ਵੱਖ ਧਾਰਮਿਕ ਅਤੇ ਸਿਆਸੀ ਸੰਸਥਾਵਾਂ ਦੇ ਮੁੱਖ ਸੇਵਾਦਾਰਾਂ ਵਜੋਂ ਕੰਮ ਕਰਦੇ ਰਹੇ ਉਨ੍ਹਾਂ ਦੀ ਸ਼ਾਦੀ 1974 ਵਿੱਚ ਹੋਈ। ਹੁਣ ਤਿੰਨ ਪੁੱਤਰਾਂ ਦੇ ਬਾਪ ਹਨ ਉਨ੍ਹਾਂ ਨੇ ਸਿੱਖ ਇਤਿਹਾਸ ਉਪਰ ਡੂੰਘਾ ਅਧਿਐਨ ਕੀਤਾ ਅਤੇ ਉਨ੍ਹਾਂ ਨੇ ਇਤਿਹਾਸਕ ਕਿਤਾਬਾਂ ਲਿਖੀਆਂ। ਸਾਲ 2015-16 ਤੋਂ ਲੈ ਕੇ ਹੁਣ ਤੱਕ ਉਨ੍ਹਾ ਦੀਆਂ ਚਾਰ ਪੁਸਤਕਾਂ ਛਪ ਚੁੱਕੀਆਂ ਹਨ। ਜਿਨ੍ਹਾਂ ਵਿੱਚ 1. ਗੁਰੂ ਗੋਬਿੰਦ ਸਿੰਘ ਜੀ ਦਾ ਨਾਦੀ ਪੁੱਤਰ ਬਾਬਾ ਬੰਦਾ ਸਿੰਘ ਬਹਾਦਰ - ਪੰਨੇ 200, 2. 'ਮਨ ਕੀ ਕਟੀਐ ਮੈਲ' ਪੰਨੇ 80, 3. ਡਾ. ਭੀਮ ਰਾਓ ਅੰਬੇਡਕਰ ਸਿੱਖ ਕਿਉਂ ਨਾ ਬਣ ਸਕੇ (ਦੋਸ਼ੀ ਕੌਣ) ਪੰਨੇ 558, 4. ਸਿੱਖ ਮਿਸ਼ਨ ਤੇ ਡਾ. ਭੀਮ ਰਾਓ ਅੰਬੇਡਕਰ - ਪੰਨੇ 392, 5. ਇਸ ਤੋਂ ਇਲਾਵਾ ਪੰਜਵੀਂ ਪੁਸਤਕ 'ਪੰਥ ਪ੍ਰਕਾਸ਼' ਭਾਈ ਰਤਨ ਸਿੰਘ ਭੰਗੂ ਕਵਿਤਾ ਤੋਂ ਵਾਰਤਕ ਵਿਚ ਹੱਥ ਲਿਖਤ ਪਈ ਹੋਈ ਹੈ। ਉਪਰੋਕਤ ਪੁਸਤਕ ਜੋ ਲੜੀ ਨੰ. 3 ਅਤੇ 4 'ਤੇ ਹੈ, ਇਨ੍ਹਾਂ ਦੋਹਾਂ ਪੁਸਤਕਾਂ ਦਾ ਅੰਗਰੇਜ਼ੀ ਅਨੁਵਾਦ ਇਕੱਠੇ ਹੀ ਤਿਆਰ ਹੋ ਚੁੱਕਾ ਹੈ। ਉਨ੍ਹਾਂ ਨੇ ਇਹ ਸਿੱਧ ਕਰਕੇ ਕੀ ਸਿੱਖਾਂ ਨੇ ਡਾਕਟਰ ਅੰਬੇਦਕਰ ਨੂੰ ਸਿੱਖ ਨਹੀਂ ਬਣਨ ਦਿੱਤਾ। ਝੂਠ ਸਿੱਧ ਕਰਕੇ ਸਿੱਖਾਂ ਦੇ ਮੱਥੇ ਤੋਂ ਕਲੰਕ ਧੋਇਆ ਹੈ। ਉਨ੍ਹਾਂ ਨੇ ਸਬੂਤਾਂ ਸਾਹਿਤ ਦੱਸਿਆ ਕਿ ਕਿਵੇਂ ਗਾਂਧੀ ਨਹਿਰੂ ਅਤੇ ਉਸ ਸਮੇਂ ਦੇ ਹੋਰ ਹਿੰਦੂ ਲੀਡਰ ਨਹੀਂ ਸੀ ਚਹੁੰਦੇ ਕਿ ਡਾਕਟਰ ਅੰਬੇਕਰ ਸਿੱਖ ਅਤੇ ਉਸ ਨਾਲ ਉਸਦੇ ਪੈਰੋਕਾਰ ਸਿੱਖ ਬਣਨ ਤੇ ਸਿੱਖਾਂ ਦੀ ਗਿਣਤੀ ਵਧ ਜਾਵੇ ਜਿਸਨੂੰ ਉਸ ਸਮੇਂ ਦੇ ਹਾਕਮਾਂ ਨੇ ਬਹੁਤ ਚਤੁਰਾਈ ਨਾਲ ਖੇਡਿਆ। ਕਿਉਂਕਿ ਡਾਕਟਰ ਅੰਬੇਦਕਰ ਨੇ ਕਿਹਾ ਸੀ ਕਿ ਮੈਂ ਹਿੰਦੂ ਪੈਦਾ ਹੋਇਆ ਪਰ ਹਿੰਦੂ ਮਰਾਂਗਾ ਨਹੀਂ। ਇਸ ਲਈ ਡਾਕਟਰ ਅੰਬੇਦਕਰ ਨੇ ਕਈ ਕਾਰਨਾਂ ਕਰਕੇ ਬੁੱਧ ਧਰਮ ਗ੍ਰਹਿਣ ਕਰ ਲਿਆ ਪਰ ਸਰਦਾਰ ਮੱਲ ਸਿੰਘ ਨੇ ਸਿੱਖਾਂ ਖਿਲਾਫ ਸਾਜਿਸ਼ ਤਹਿਤ ਸਿਰਜੀ ਮਿੱਥ ਤੋੜਕੇ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਚ ਆਪਣਾ ਨਾਲ ਜੋੜ ਦਿੱਤਾ। ਇਹ ਇਤਿਹਾਸਕ ਦਸਤਾਵੇਜ਼ ਅਸੀਏ 'ਸਾਡੇ ਲੋਕ' ਦੇ ਪਾਠਕਾਂ ਲਈ ਸ਼ੁਰੂ ਕਰ ਰਹੇ ਹਾਂ। ਜਿਥੇ ਅਸੀਂ ਸਿੱਖ ਸਕਾਲਰ ਸ. ਮੱਲ ਸਿੰਘ ਜੀ ਦਾ ਤਹਿ ਦਿਲ ਤੋਂ ਧੰਨਵਾਦ ਕਰਦੇ ਹਾਂ ਉਥੇ ਸਾਨੂੰ ਆਸ ਹੈ ਕਿ ਪਾਠਕ ਪੜ੍ਹਕੇ ਜ਼ਰੂਰ ਲਾਭ ਲੈਣਗੇ -ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

# ਸਿੱਖ ਮਿਸ਼ਨ ਅਤੇ ਤੇ ਡਾ. ਭੀਮ ਰਾਓ ਅੰਬੇਡਕਰ

(ਪਿਛਲੇ ਅੰਕ ਦੀ ਬਾਕੀ)

1. 'ਮਹਾਰਾਜਾ ਕਪੂਰਥਲਾ ਕਲਾਲਾਂ ਵਿੱਚੋਂ ਆਇਆ। ਇਸ ਦਾ ਬਜ਼ੁਰਗ ਸਿੱਖਾਂ ਵਿੱਚੋਂ ਪਹਿਲਾ ਰਾਜਾ ਹੋਇਆ ਹੈ।

2. 'ਤਰਖਾਣ ਘਰਾਣਾ, ਫੂਲਕੀਆਂ ਰਿਆਸਤਾਂ ਦੇ ਹਾਕਮਾਂ ਲਈ ਬਤੌਰ ਪੁਜਾਰੀ ਕੰਮ ਕਰ ਰਿਹਾ।

3. 'ਸਿੱਖ ਰਾਜ ਦੇ ਆਰੰਭ ਹੋਣ ਵੇਲੇ 12 ਮਿਸਲਾਂ ਕਾਇਮ ਸਨ। ਉਨ੍ਹਾਂ ਦੇ ਸਰਦਾਰ ਜੱਟ, ਤਰਖਾਣ ਤੇ ਕਲਾਲ ਸਨ। ਇਹਨਾਂ 12 ਆਗੂਆਂ ਵਿੱਚ ਇਕ ਵੀ ਉੱਚ-ਜਾਤੀਆਂ ਵਿੱਚੋਂ ਨਹੀਂ ਸੀ।

4. 'ਮੌਜੂਦਾ ਸਿੱਖ ਸੁਧਾਰ ਲਹਿਰ ਦਾ ਮੋਢੀ ਭਾਈ ਦਿੱਤ ਸਿੰਘ ਜੀ ਦਾ ਬਹੁਤ ਵੱਕਾਰ ਹੈ। ਉਹ ਨੀਚ ਜਾਤ ਦੇ 'ਚਮਾਰ' S/c ਸਨ।

5. 'ਮੌਜੂਦਾ ਸਮੇਂ ਜਿਸ ਸ਼ਖ਼ਸ ਨੇ ਸਿੱਖਾਂ ਵਿੱਚ ਸਭਨਾਂ ਨਾਲੋਂ ਉੱਚੀ ਪੁਜ਼ੀਸ਼ਨ ਹਾਸਲ ਕੀਤੀ ਜਿਸ ਨੂੰ ਬੇ-ਤਾਜ ਬਾਦਸ਼ਾਹ ਕਹਿੰਦੇ ਰਹੇ, ਉਹ ਕਲਾਲ ਹੈ।

6. 'ਨਾਈਆਂ ਵਿੱਚੋਂ ਸਾਡੇ ਸਿੱਖ ਵੱਡੇ ਵੱਡੇ ਜਗੀਰਦਾਰ ਤੇ ਜ਼ਮੀਨਾਂ ਦੇ ਮਾਲਕ ਹਨ। 'ਚੂਹੜੇ ਤੇ ਚਮਾਰ' ਜ਼ਾਤਾਂ ਵਿਚੋਂ ਆਏ ਸਿੱਖਾਂ ਨੇ ਵੱਡੇ ਵੱਡੇ ਫ਼ੌਜੀ ਮਰਾਤਬੇ ਹਾਸਲ ਕੀਤੇ ਤੇ ਜ਼ਮੀਨਾਂ ਦੇ ਮਾਲਕ ਹਨ। ਗੁਰਦੁਆਰਿਆਂ ਦੇ ਗ੍ਰੰਥੀ ਹਨ ਤੇ ਹੈੱਡ ਗ੍ਰੰਥੀ ਹਨ।

7. 'ਅਕਾਲੀ ਲਹਿਰ ਇਸ ਤੋਂ ਚਲੀ ਸੀ ਕਿ 'ਚੂਹੜੇ ਤੇ ਚਮਾਰਾਂ' ਵਿੱਚੋਂ ਸਜੇ ਸਿੰਘਾਂ ਦੀ ਭਾਈਚਾਰਕ ਪੁਜ਼ੀਸ਼ਨ ਨੂੰ ਉੱਚਿਆਂ ਕੀਤਾ ਜਾਵੇ।

8. 'ਛੋਟੀਆਂ ਜਾਤਾਂ ਵਿੱਚੋਂ ਸਜੇ ਸਿੰਘ ਗ੍ਰੰਥੀ ਬਣਾਏ ਜਾਂਦੇ ਹਨ। ਉੱਚੀਆਂ ਜਾਤਾਂ ਵਾਲਿਆਂ ਨੂੰ ਸਿੱਖ ਸਜਾਉਣ ਵੇਲੇ ਅੰਮ੍ਰਿਤ ਛਕਾਉਂਦੇ ਹਨ।

'ਮੈਂ ਕਿਹਾ ਸੀ ਕਿ ਤੁਸੀਂ ਬਾਹਰਲੀ ਸਹਾਇਤਾ ਪੁਰ ਨਿਰਭਰ ਨਾ ਰੱਖੋ। ਮੈਂ ਮੁੜ ਇਹ ਪੂਰੇ ਜ਼ੋਰ ਨਾਲ ਕਹਿੰਦਾ ਹਾਂ ਕਿ ਕਿਸੇ ਕੌਮ ਜਾਂ ਆਦਮੀ ਨੇ ਇਸ ਤਰ੍ਹਾਂ ਤਰੱਕੀ ਨਹੀਂ ਕੀਤੀ। ਸਿੱਖ ਕੌਮ ਦੀ ਮਿਸਾਲ ਦੀ ਪੈਰਵੀ ਕਰੋ। ਤੁਹਾਡੀ ਇਹ ਆਜ਼ਾਦੀ ਦੀ ਲਹਿਰ ਸਿੱਖਾਂ ਦੀ ਹਾਲਤ ਨਾਲ ਟਾਕਰਾ ਖਾਂਦੀ ਹੈ। ...ਦਲਿਤ ਤੇ ਦੁਖੀਆਂ ਲਈ ਕੁਰਬਾਨੀ, ਕਰੋ, ਤੁਸੀਂ ਤੇ ਕੇਵਲ ਤੁਸੀਂ, ਆਪਣੇ ਲੋਕਾਂ ਦੀ ਮਾਨਸਿਕ ਅਵਸਥਾ ਨੂੰ ਬਦਲ ਸਕਦੇ ਹੋ। ਨੀਚਤਾ ਭਾਵ ਨੂੰ ਦੂਰ ਕਰੋ ਤਾਂ ਤੁਸੀਂ ਓਨੇ ਹੀ ਉੱਚੇ ਹੋ ਜਾਵੋਗੇ ਜਿੰਨਾ ਕਿ ਹੋਰ ਕੋਈ। ਇਸ ਮਾਨਸਿਕ ਅਵਸਥਾ ਵਿੱਚ ਤਬਦੀਲੀ ਲਿਆਉਣ ਲਈ ਲਗਾਤਾਰ ਕੋਸ਼ਿਸ਼ ਤੇ ਭਾਰੀ ਕੁਰਬਾਨੀ ਦੀ ਲੋੜ ਹੈ। ਅਸੀਂ ਬਤੌਰ ਸਿੱਖ ਆਜ਼ਾਦੀ ਦੇ ਚਾਹਵਾਨਾਂ ਦੀ ਸਹਾਇਤਾ ਕਰਨਾ ਆਪਣਾ ਫ਼ਰਜ਼ ਸਮਝਦੇ ਹਾਂ। ਅਸੀਂ ਗਿਣਤੀ ਦੇ ਚਾਹਵਾਨ ਨਹੀਂ ਬਲਕਿ ਸੇਵਾ ਕਰਨ ਦੇ ਚਾਹਵਾਨ ਹਾਂ।'




-ਹਵਾਲਾ 4 ਜੂਨ ਤੇ 11 ਜੂਨ, 1936 ਦੇ 'ਅਕਾਲੀ' ਅਖ਼ਬਾਰ ਦੇ ਪਰਚਿਆਂ ਵਿਚ ਛਪਿਆ।

ਦਲਿਤ ਜਾਤੀਆਂ ਦਾ ਸਿੱਖ ਬਣਨ ਦਾ ਫ਼ੈਸਲਾ ਤੇ ਮਹਾਤਮਾ ਗਾਂਧੀ ਦਾ ਵਿਰੋਧ ਸਪਤਾਹਿਕ 'ਖ਼ਾਲਸਾ ਸਮਾਚਾਰ' ਵਿਚ ਇਹ ਰਿਪੋਰਟ ਛਪੀ.

**ਸ਼ਿਮਲਾ 6 ਅਗਸਤ 1936**

ਦਲਿਤ ਜਾਤੀਆਂ ਨੂੰ ਕਿਸੇ ਇਕ ਧਰਮ ਦੇ ਧਾਰਨ ਸੰਬੰਧੀ, ਉਨ੍ਹਾਂ ਨੂੰ ਕੀ ਲਾਭ ਹੋਣਗੇ ਅਤੇ ਉਨ੍ਹਾਂ ਨੂੰ ਕੀ ਕਦਮ ਉਠਾਉਣਾ ਚਾਹੀਦਾ ਹੈ। ਇਸ ਸੰਬੰਧੀ ਡਾਕਟਰ ਅੰਬੇਦਕਰ ਤੇ ਡਾਕਟਰ ਮੌਂਜੇ ਵਿਚਕਾਰ ਜੋ ਫ਼ੈਸਲਾ ਹੋਇਆ ਮਿ. ਐਮ. ਸੀ. ਰਾਜਾ ਨੇ ਵਿਰੋਧਤਾ ਪ੍ਰਗਟ ਕੀਤੀ ਅਤੇ ਮਹਾਤਮਾ ਗਾਂਧੀ

ਪੰਡਤ ਮਦਨ ਮੋਹਨ ਜੀ ਮਾਲਵੀਆ ਤੇ ਮਿ. ਸੀ. ਰਾਜ ਗੁਪਾਲ ਅਚਾਰੀਆ ਨੇ ਜੋ ਤਸਦੀਕ ਕੀਤੀ ਹੈ, ਉਹ ਪ੍ਰੈੱਸ ਵਿੱਚ ਪ੍ਰਕਾਸ਼ਿਤ ਹੋਣ ਲਈ ਦਿੱਤੀ ਗਈ ਹੈ।

ਡਾਕਟਰ ਮੁੰਜੇ ਨੇ 30 ਜੂਨ, 1936 ਨੂੰ ਰਾਓ ਬਹਾਦਰ ਐਮ. ਸੀ. ਰਾਜਾ ਨੂੰ ਹੇਠ ਲਿਖੀ ਚਿੱਠੀ ਲਿਖੀ

ਸ੍ਰੀ ਮਾਨ ਜੀਓ!

ਬੰਬਈ ਤੋਂ ਕੁਝ ਦੋਸਤਾਂ ਤੇ ਸ੍ਰੀ ਮਾਨ ਸੇਠ ਜੁਗਲ ਕਿਸ਼ੋਰ ਬਿਰਲਾ ਦੇ ਸੱਦੇ ਪੁਰ ਡਾ. ਅੰਬੇਦਕਰ ਨਾਲ ਮੈਨੂੰ 18 ਜੂਨ ਨੂੰ ਬੰਬਈ ਜਾਣ ਦਾ ਅਵਸਰ ਮਿਲਿਆ। ਉੱਥੇ ਡਾਕਟਰ ਅੰਬੇਦਕਰ ਨਾਲ ਮੇਰੀ ਤਿੰਨ ਦਿਨ ਲਗਾਤਾਰ ਗੱਲਬਾਤ ਹੁੰਦੀ ਰਹੀ। ਅੰਤ ਵਿੱਚ ਹਿੰਦੂ ਮੱਤ ਤੋਂ ਉਸ ਦੀ ਬਗ਼ਾਵਤ ਨੂੰ ਮੁੱਖ ਰੱਖ ਕੇ, ਉਨ੍ਹਾਂ ਨੇ ਫ਼ੈਸਲੇ ਲਈ ਇਕ ਵਿਉਂਤ ਵਿਉਂਤੀ। ਡਾ. ਅੰਬੇਦਕਰ ਨੇ ਇਸ ਨੂੰ ਪ੍ਰਵਾਨ ਕਰ ਲਿਆ। ਉਹ ਵਿਉਂਤ ਇਸ ਪ੍ਰਕਾਰ ਹੈ-

ਜੇ ਡਾਕਟਰ ਅੰਬੇਦਕਰ ਇਹ ਐਲਾਨ ਕਰ ਦੇਵੇ ਕਿ ਉਹ ਤੇ ਉਸ ਦੇ ਸਾਥੀ ਇਸਲਾਮ ਤੇ ਈਸਾਈ ਮੱਤ ਨਾਲੋਂ ਸਿੱਖ ਧਰਮ ਨੂੰ ਵਿਸ਼ੇਸ਼ ਸਮਝ ਕੇ ਧਾਰਨ ਕਰਨਗੇ ਅਤੇ ਉਹ ਦਿਲੋਂ ਹਿੰਦੂਆਂ ਤੇ ਸਿੱਖਾਂ ਨਾਲ ਉਨ੍ਹਾਂ ਦੀ ਸਭਿਅਤਾ ਤੇ ਸਭਿਆਚਾਰ ਦਾ ਪ੍ਰਚਾਰ ਅਤੇ ਦਲਿਤ ਜਾਤੀਆਂ ਨੂੰ ਇਸਲਾਮ ਦੇ ਦਾਇਰੇ ਵਿੱਚ ਲਿਆਉਣ ਲਈ ਮੁਸਲਮਾਨੀ ਲਹਿਰ ਦੀ ਵਿਰੋਧਤਾ ਵਿੱਚ ਉਨ੍ਹਾਂ ਦਾ ਸਾਥ ਦੇਣਗੇ ਤਾਂ ਹਿੰਦੂ ਸਭਾ, ਇਸ ਖ਼ਿਆਲ ਨਾਲ ਕਿ ਉਹ ਹਿੰਦੂ ਸਭਿਆਚਾਰ ਵਿੱਚ ਰਹਿਣਗੇ, ਐਲਾਨ ਕਰਦੀ ਹੈ-

1. ਦਲਿਤ ਜਾਤੀਆਂ ਸਿੱਖ ਮਤ ਧਾਰਨ ਕਰਨ।

2. ਦਲਿਤ ਜਾਤੀਆਂ ਵਿੱਚੋਂ ਨਵੇਂ ਬਣੇ ਸਿੱਖ ਪੱਛੜੀਆਂ ਜਾਤਾਂ ਵਿੱਚ ਸ਼ਾਮਲ ਰਹਿਣ।

3. ਦਲਿਤ ਜਾਤੀਆਂ ਪੂਨਾ ਪੈਕਟ ਰਾਹੀਂ ਮਿਲੇ ਅਧਿਕਾਰਾਂ ਤੋਂ ਲਾਭ ਉਠਾਉਣ।

(ਚਲਦਾ)

# ਚੰਦਰੀ ਚੌਧਰ ਦਾ ਸਵਾਲ ?

ਪੰਜਾਬ ਸਰਕਾਰ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਵਿਰੁੱਧ ਬਣਾਏ ਗਏ ਕਾਨੂੰਨ ਦੀ ਭਰਵੀਂ ਸ਼ਲਾਘਾ ਵੀ ਹੋ ਰਹੀ ਹੈ ਅਤੇ ਕੁੱਝ ਅਵਾਜ਼ਾਂ ਵਿਰੋਧ ਦੀਆਂ ਵੀ ਆ ਰਹੀਆਂ ਹਨ। ਸ੍ਰੀ ਅਕਾਲ ਤਖਤ ਸਾਹਿਬ ਅਤੇ ਸ਼੍ਰੋਮਣੀ ਕਮੇਟੀ ਵਲੋਂ ਇਸ ਕਾਨੂੰਨ ਦੇ ਕੀਤੇ ਜਾ ਰਹੇ ਵਿਰੋਧ ਵਿੱਚ ਕਈ ਕਾਨੂੰਨੀ ਘਾਟਾਂ/ਖਦਸ਼ਿਆਂ ਤੋਂ ਇਲਾਵਾ ਵੱਡੇ ਜ਼ੋਰ ਸ਼ੋਰ ਨਾਲ ਇਹ ਕਾਰਨ ਵੀ ਉਭਾਰਿਆ ਜਾ ਰਿਹਾ ਹੈ ਕਿ ਕਾਨੂੰਨ ਬਣਾਉਣ ਦੀ ਪ੍ਰਕਿਰਿਆ ਅਰੰਭ ਕਰਨ ਵੇਲੇ ਸਾਨੂੰ ਪੁੱਛਿਆ ਤੱਕ ਨਹੀਂ ਗਿਆ।



ਤਰਲੋਚਨ ਸਿੰਘ ਦੁਪਾਲ ਪੁਰ
ਸਾਬਕਾ ਮੈਂਬਰ ਐਸ.ਜੀ.ਪੀ.ਸੀ
ਕੈਲੇਫੋਰਨੀਆਂ,ਯੂ.ਐਸ.ਏ
001-408-915-1268

ਸ਼੍ਰੋਮਣੀ ਕਮੇਟੀ ਪ੍ਰਧਾਨ ਧਾਮੀ ਸਾਹਿਬ ਨੇ ਇਸ ਕਾਨੂੰਨ ਦੇ ਬਣਦੇ ਸਾਰ ਸ਼੍ਰੋਮਣੀ ਸੰਸਥਾ ਵਲੋਂ ਪਹਿਲਾਂ ਕੀਤੀ 'ਪੁਰਜ਼ੋਰ ਸ਼ਲਾਘਾ' ਅਤੇ ਪੰਜਾਬ ਸਰਕਾਰ ਦੇ ਕੀਤੇ ਗਏ 'ਧੰਨਵਾਦ' ਦੀ, ਹਫਤੇ ਕੁ ਮਗਰੋਂ ਮੁਆਫੀ ਮੰਗਦਿਆਂ ਵਿਰੋਧ ਦਾ ਇਹ ਕਾਰਨ ਉਚੇਚ ਨਾਲ ਦੁਹਰਾਇਆ ਕਿ ਸਿੱਖ ਪੰਥ ਦੇ ਇਸ਼ਟ ਸਬੰਧੀ ਇਹ ਕਾਨੂੰਨ ਬਣਾਉਣ ਵੇਲੇ ਰਾਏ ਦੇਣ ਦੇ ਅਸੀਂ 'ਪ੍ਰਥਮ ਹੱਕਦਾਰ' ਸਾਂ ਪਰ ਮਾਨ ਸਰਕਾਰ ਨੇ ਸਾਨੂੰ ਅਣਗੌਲਿਆ ਕਰ ਦਿੱਤਾ। ਵੈਸੇ ਮੇਰਾ ਮੰਨਣਾ ਹੈ ਕਿ ਜੇ ਏਹੀ ਕਾਨੂੰਨ ਸੁਖਬੀਰ ਸਿੰਘ ਬਾਦਲ ਦੇ ਰਾਜ-ਭਾਗ ਵਿੱਚ ਬਣਿਆ ਹੁੰਦਾ ਤਾਂ ਧਾਮੀ ਸਾਹਿਬ ਨੇ ਸਾਰੇ ਇਤਿਹਾਸਕ ਗੁਰਦੁਆਰਾ ਸਾਹਿਬਾਨ ਵਿੱਚ ਸੁਖਬੀਰ ਬਾਦਲ ਨੂੰ ਸੱਦ ਸੱਦ ਕੇ ਉਹਦੀ ਗਰਦਣ ਸਿਰੋਪਿਆਂ ਨਾਲ ਭਰ ਦੇਣੀ ਸੀ!

ਚਲੋ ਖੈਰ ਕਾਨੂੰਨੀ ਬਰੀਕੀਆਂ ਦੀ ਕੋਈ ਚੀਰ-ਫਾੜ ਕਰਨ ਦੀ ਬਜਾਇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਭਾਈ ਧਾਮੀ ਜੀ ਦੇ ਉਕਤ ਹਿਰਖ ਬਾਰੇ ਮੈਨੂੰ ਪੇਂਡੂ ਪਿਛੋਕੜ ਵਾਲੀ ਇਕ ਲੋਕ-ਵਾਰਤਾ ਚੇਤੇ ਆ ਗਈ ਜੋ ਇਸ ਘਟਨਾਕ੍ਰਮ ਨਾਲ ਕਾਫੀ ਢੁਕਦੀ ਹੈ- ਕਹਿੰਦੇ ਕਿਸੇ ਪੇਂਡੂ ਘਰ ਵਿੱਚ ਨਵੀਂ ਨਵੀਂ ਆਈ ਵਹੁਟੀ ਨੇ ਆਪਣੇ ਸਹੁਰਾ ਪ੍ਰਵਾਰ ਦੇ ਜੀਆਂ ਦੀ ਫਿਤਰਤ ਬਾਰੇ ਜਾਣ ਲਿਆ ਕਿ ਇਹ ਏਨੇ ਕੰਜੂਸ ਹਨ ਕਿ ਦਰ ਆਏ ਕਿਸੇ ਮੰਗਤੇ ਫਕੀਰ ਨੂੰ ਖ਼ੈਰ ਵੀ ਨਹੀਂ ਪਾਉਂਦੇ!

ਇਕ ਦਿਨ ਕੀ ਹੋਇਆ ਕਿ ਵਹੁਟੀ ਝਾੜੂ-ਬਹਾਰੂ ਕਰਕੇ ਜਿਉਂ ਹੀ ਕੂੜਾ ਸੁੱਟਣ ਦਰਵਾਜਿਉਂ ਬਾਹਰ ਨਿਕਲੀ ਤਾਂ ਇਕ ਮੰਗਤੇ ਨੇ ਅਲਖ ਜਗਾਈ। ਵਹੁਟੀ ਨੇ ਹੱਥ ਦਾ ਇਸ਼ਾਰਾ ਕਰਦਿਆਂ ਦੱਬਵੀਂ ਜ਼ੁਬਾਨੇ ਮੰਗਤੇ ਨੂੰ ਕਹਿ'ਤਾ ਕਿ ਭਾਈ ਅਗਲੇ ਘਰ ਚਲਾ ਜਾਹ ਇੱਥੋਂ ਕੁੱਝ ਨਹੀਂ ਮਿਲਣਾ ਤੈਨੂੰ!

ਮੰਗਤਾ ਤਾਂ ਇਹ ਘਰ ਛੱਡਕੇ ਗਲੀ ਓ ਗਲੀ ਅਗਲੇ ਘਰ ਨੂੰ ਤੁਰ ਪਿਆ ਪਰ ਓਧਰ ਘਰ ਵਿੱਚ ਤੁਰੀ ਫਿਰਦੀ ਸੱਸ ਨੇ ਸੁਣ ਲਿਆ ਕਿ ਵਹੁਟੀ ਨੇ ਦਰ ਆਏ ਮੰਗਤੇ ਨੂੰ 'ਕੁੱਝ ਕਿਹਾ' ਹੈ। ਸੋ ਉਹ 'ਮੌਕਾ ਦੇਖਣ ਵਾਲਿਆਂ' ਵਾਂਗ ਦਰਵਾਜ਼ੇ ਵੱਲ ਨੂੰ ਦੌੜੀ ਆਈ ਤੇ ਇਹ ਘਰ ਛੱਡ ਕੇ ਅਗਲੇ ਘਰ ਵੱਲ ਤੁਰੇ ਜਾਂਦੇ ਮੰਗਤੇ ਨੂੰ 'ਵਾਜ ਮਾਰ ਕੇ ਪਿੱਛੇ ਨੂੰ ਮੋੜ ਲਿਆ।


ਕਹਿੰਦੀ-ਵੇ ਭਾਈ, ਸਾਡੇ ਘਰ ਮੰਗਣ ਆਏ ਨੂੰ ਤੈਨੂੰ ਵਹੁਟੀ ਨੇ ਕੀ ਕਹਿ ਦਿੱਤਾ?

ਨਿਮਾਣਾ ਜਿਹਾ ਹੁੰਦਿਆਂ ਮੰਗਤਾ ਕਹਿੰਦਾ ਜੀ ਬੀਬੀ ਨੇ ਏਹੀ ਕਿਹਾ ਕਿ ਇਸ ਘਰੋਂ ਤੈਨੂੰ ਖ਼ੈਰ ਨਹੀਂ ਮਿਲਣੀ.!

ਸੱਸ ਮਾਤਾ ਉਹਨੂੰ ਵਿੱਚੋਂ ਹੀ ਟੋਕਦਿਆਂ ਬੋਲੀ- "ਉਹ ਕੌਣ ਹੁੰਦੀ ਐ ਤੈਨੂੰ ਜਵਾਬ ਦੇਣ ਵਾਲੀ! ਕੱਲ੍ਹ ਆ ਕੇ 'ਪ੍ਰਧਾਨ' ਬਣ ਗਈ ਐ? ਜਵਾਬ ਤਾਂ ਤੈਨੂੰ ਮੈਂ ਦੇਣਾ ਸੀ!.. ਜਾਹ ਭਾਈ ਭੱਜ ਜਾ ਇੱਥੋਂ!

# ਸਰਕਾਰਾਂ ਦੀ ਸਵੱਲੀ ਨਜ਼ਰ ਦੀ ਉਡੀਕ 'ਚ ਦਮ ਤੋੜਦੀਆਂ ਸਿੱਖ ਰਾਜ ਦੀਆਂ ਅਹਿਮ ਨਿਸ਼ਾਨੀਆਂ

ਦੀਨਾਨਗਰ : ਕਦੇ ਪੰਜਾਬ ਤੋਂ ਲੈ ਕੇ ਚੀਨ ਦੀਆਂ ਸਰਹੱਦਾਂ, ਦਰਾ ਖੈਬਰ ਅਤੇ ਸਿੰਧ ਤੱਕ ਸਿੱਖ ਰਾਜ ਦਾ ਝੰਡਾ ਬੁਲੰਦ ਕਰਨ ਵਾਲੇ ਸ਼ੇਰ ਏ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਰਾਜਭਾਗ ਵੇਲੇ ਦੀਆਂ ਦੀਨਾਨਗਰ ਸ਼ਹਿਰ ਅੰਦਰ ਮੌਜੂਦ ਅਹਿਮ ਇਤਿਹਾਸਕ ਨਿਸ਼ਾਨੀਆਂ ਸਰਕਾਰਾਂ ਦੀ ਸਵੱਲੀ ਨਜ਼ਰ ਦੀ ਉਡੀਕ 'ਚ ਦਮ ਤੋੜਦੀਆਂ ਨਜ਼ਰ ਆ ਰਹੀਆਂ ਹਨ। ਪੰਜਾਬ ਸਰਕਾਰ ਦੇ ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲੇ ਵਿਭਾਗ ਵਲੋਂ ਇਤਿਹਾਸਕ ਵਿਰਾਸਤਾਂ ਐਲਾਨੇ ਜਾਣ ਦੇ ਬਾਵਜੂਦ ਵੀ ਕਿਸੇ ਸਰਕਾਰ ਨੇ ਇਨ੍ਹਾਂ ਦੀ ਸਾਂਭ ਸੰਭਾਲ ਲਈ ਧੇਲਾ ਨਹੀਂ ਖ਼ਰਚਿਆ। ਜਿਸ ਕਾਰਨ ਅੱਜ ਖੰਡਰ ਦਾ ਰੂਪ ਧਾਰਨ ਕਰ ਚੁੱਕੀਆਂ ਇਨ੍ਹਾਂ ਇਮਾਰਤਾਂ ਦੇ ਬਚੇ ਹੋਏ ਵਜੂਦ ਵੀ ਖਤਰੇ ਵਿਚ ਹਨ।



ਦੀਨਾਨਗਰ ਸਥਿਤ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀ ਸ਼ਾਹੀ ਬਾਰਾਂਦਰੀ ਨੂੰ ਸਾਲ 2010 'ਚ ਹਿਸਟੋਰੀਕਲ ਮੋਨੂਮੈਂਟ ਐਲਾਨੇ ਜਾਣ ਮਗਰੋਂ ਭਾਵੇਂ ਸਰਕਾਰਾਂ ਨੇ ਤਾਂ ਕਦੇ ਇਸ ਦੀ ਸਾਂਭ ਸੰਭਾਲ ਵੱਲ ਮੂੰਹ ਨਹੀਂ ਕੀਤਾ। ਪਰ ਇਸ ਇਤਿਹਾਸਕ ਧਰੋਹਰ ਅਤੇ ਇਸ ਨਾਲ ਜੁੜੀ 46 ਕਨਾਲ 15 ਮਰਲੇ ਬੇਸ਼ਕੀਮਤੀ ਜ਼ਮੀਨ ਨੂੰ ਹੜੱਪਣ ਵਾਲੀਆਂ ਤਾਕਤਾਂ ਇਸ ਦਾ ਮਲੀਆ ਮੇਟ ਕਰਨ ਲਈ ਪੂਰਾ ਤਰ੍ਹਾਂ ਸਰਗਰਮ ਹਨ। ਤਾਜ਼ਾ ਮਾਮਲੇ 'ਚ ਇਸ ਸ਼ਾਹੀ ਬਾਰਾਂਦਰੀ ਉੱਪਰ ਕਬਜ਼ੇ ਦੀ ਨੀਅਤ ਨਾਲ ਕੀਤੀ ਗਈ ਭੰਨਤੋੜ ਕਾਰਨ ਸਿੱਖ ਰਾਜ ਦੀ ਇਹ ਅਹਿਮ ਨਿਸ਼ਾਨੀ ਕਾਫੀ ਚਰਚਾ ਵਿਚ ਹੈ। ਇੰਜ ਜਾਪਦਾ ਹੈ ਜਿਵੇਂ ਇਸ ਸ਼ਾਹੀ ਬਾਰਾਂਦਰੀ ਨਾਲ ਜੁੜੀ ਬੇਸ਼ਕੀਮਤੀ ਜ਼ਮੀਨ ਹੀ ਇਸ ਦੀ ਦੁਸ਼ਮਣ ਬਣ ਬੈਠੀ ਹੋਵੇ ਅਤੇ ਇਸੇ ਜ਼ਮੀਨ ਨੂੰ ਹਥਿਆਉਣ ਲਈ ਭੂ ਮਾਫ਼ੀਆ ਇਸ ਇਤਿਹਾਸਕ ਨਿਸ਼ਾਨੀ ਦਾ ਖੁਰਾ ਖੋਜ ਮਿਟਾਉਣ ਲਈ ਬਜ਼ਿਦ ਹੋਵੇ। ਜੇਕਰ ਦੀਨਾਨਗਰ ਸ਼ਹਿਰ ਦੇ ਇਤਿਹਾਸ ਵੱਲ ਝਾਤ ਮਾਰੀਏ ਤਾਂ ਕਦੇ ਅੰਬਾਂ ਦੇ ਬਾਗ਼ਾਂ ਦੇ ਸ਼ਹਿਰ ਵਜੋਂ ਜਾਣਿਆ ਜਾਂਦਾ ਦੀਨਾਨਗਰ ਸਿੱਖ ਮਿਸਲਾਂ ਦੇ ਰਾਜ ਵੇਲੇ ਘਨੱਈਆ ਅਤੇ ਰਾਮਗੜ੍ਹੀਆ ਮਿਸਲਾਂ ਦੀਆਂ ਗਤੀਵਿਧੀਆਂ ਦਾ ਕੇਂਦਰ ਰਿਹਾ ਹੈ। 1808 ਵਿਚ ਪਹਿਲਾਂ ਰਾਮਗੜ੍ਹੀਆ ਮਿਸਲ ਅਤੇ ਫਿਰ 1811 ਵਿਚ ਘਨੱਈਆ ਮਿਸਲ ਨੂੰ ਆਪਣੇ ਅਧੀਨ ਕਰ ਲੈਣ ਮਗਰੋਂ ਮਹਾਰਾਜਾ ਰਣਜੀਤ ਸਿੰਘ ਵਲੋਂ ਇਸ ਸ਼ਹਿਰ ਨੂੰ ਆਪਣੇ ਅਧੀਨ ਕਰ ਲਿਆ ਗਿਆ। ਮਹਾਰਾਜਾ ਰਣਜੀਤ ਸਿੰਘ ਨੇ ਦੀਨਾਨਗਰ ਸ਼ਹਿਰ 'ਚ ਯੂਰਪੀਅਨ ਤੇ ਮੁਗ਼ਲ ਕਲਾ ਦੇ ਸ਼ਾਨਦਾਰ ਸੁਮੇਲ ਨਾਲ ਕਈ ਆਲੀਸ਼ਾਨ ਇਮਾਰਤਾਂ ਦਾ ਨਿਰਮਾਣ ਕਰਵਾਇਆ। ਇਨ੍ਹਾਂ ਵਿਚ ਸ਼ਾਹੀ ਬਾਰਾਂਦਰੀ, ਵੈਨਤਰਾ ਹਾਊਸ, ਹਮਾਮ, ਸ਼ਿਵਾਲਾ, ਗਊਸ਼ਾਲਾ, ਅਸਤਬਲ ਅਤੇ ਫ਼ੌਜੀ ਠਹਿਰਾਓ ਲਈ ਤਿਆਰ ਕੀਤੀਆਂ ਇਮਾਰਤਾਂ ਸ਼ਾਮਿਲ ਸਨ, ਜਿਨ੍ਹਾਂ 'ਚੋਂ ਕਈ ਇਮਾਰਤਾਂ ਭੂਮੀਗਤ ਸੁਰੰਗਾਂ ਰਾਹੀਂ ਇਕ ਦੂਜੇ ਨਾਲ ਜੁੜਦੀਆਂ ਸਨ ਪਰ ਦੀਨਾਨਗਰ ਸ਼ਹਿਰ ਅੰਦਰ ਮੌਜੂਦ ਮਹਾਨ ਸਿੱਖ ਰਾਜ ਦੀਆਂ ਵਿਰਾਸਤਾਂ ਨਾਲ ਹਰ ਪੱਖੋਂ ਮਤਰੇਈ ਮਾਂ ਵਾਲਾ ਸਲੂਕ ਹੀ ਹੁੰਦਾ ਰਿਹਾ ਹੈ, ਜਿਸ ਕਾਰਨ ਸਿੱਖ ਰਾਜ ਦੀਆਂ ਅਨਮੋਲ ਵਿਰਾਸਤਾਂ ਹੌਲੀ ਹੌਲੀ ਆਪਣਾ ਵਜੂਦ ਗੁਆਉਣ ਲੱਗੀਆਂ ਹਨ।

ਇਤਿਹਾਸਕ ਧਰੋਹਰ ਨੂੰ ਬਚਾਉਣ ਲਈ ਵਿਰਾਸਤੀ ਮੰਚ ਬਟਾਲਾ ਵਲੋਂ ਲੜੀ ਜਾ ਰਹੀ ਕਾਨੂੰਨੀ ਲੜਾਈ ਦੇ ਇਲਾਵਾ ਡੀ. ਜੀ. ਐਮ. ਸੀ. ਦੀ ਧਰਮ ਪ੍ਰਚਾਰ ਕਮੇਟੀ ਸਣੇ ਕਈ ਹੋਰ ਜਥੇਬੰਦੀਆਂ ਵੀ ਅੱਗੇ ਆਈਆਂ ਹਨ, ਜਿਨ੍ਹਾਂ ਵਲੋਂ ਸਰਕਾਰ ਨੂੰ ਇਸ ਦੀ ਸਾਂਭ ਸੰਭਾਲ ਲਈ ਉਪਰਾਲੇ ਕਰਨ ਦੀ ਬੇਨਤੀ ਕੀਤੀ ਗਈ ਹੈ। ਪਰ ਹੁਣ ਦੇਖਣ ਵਾਲੀ ਗੱਲ ਇਹ ਹੋਵੇਗੀ ਕਿ ਸਿੱਖ ਰਾਜ ਦੀ ਇਸ ਅਹਿਮ ਨਿਸ਼ਾਨੀ ਵੱਲ ਸਰਕਾਰ ਦੀ ਨਜ਼ਰ ਸਵੱਲੀ ਹੁੰਦੀ ਹੈ ਜਾਂ ਫਿਰ ਸਰਕਾਰ ਵਲੋਂ ਇਸ ਨੂੰ ਭੂ ਮਾਫ਼ੀਆ ਦੇ ਮੂੰਹ ਦੀ ਬੁਰਕੀ ਬਣਨ ਲਈ ਛੱਡ ਦਿੱਤਾ ਜਾਂਦਾ ਹੈ।

ਡਾ. ਗੁਰਪ੍ਰੀਤ ਸਿੰਘ ਧੁੱਗਾ M.D., C.M.D. ਸਟਰ ਹਸਪਤਾਲ (ਫੇਅਰ ਫੀਲਡ-ਵਲੇਹੋ) ਵਿਚ ਮੈਡੀਕਲ ਡਾਇਰੈਕਟਰ ਹਨ। ਅਮੈਰੀਕਨ ਮੈਡੀਕਲ ਬੋਰਡ ਵਲੋਂ ਡਬਲ ਬੋਰਡ ਸਰਟੀਫਾਈਡ ਹਨ। ਉਨ੍ਹਾਂ ਨੂੰ ਸਾਲ 2006 ਵਿਚ 'ਸੀਨੀਅਰ ਹੈਲਥ ਹੀਰੋ' ਦਾ ਪੁਰਸਕਾਰ ਵੀ ਦਿੱਤਾ ਗਿਆ। ਡਾ. ਧੁੱਗਾ ਨੇ ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਤੋਂ ਆਪਣੀ ਮੁਢਲੀ ਮੈਡੀਕਲ ਸਿੱਖਿਆ ਪੂਰੀ ਕੀਤੀ। ਡਾ. ਧੁੱਗਾ ਕੈਲੀਫੋਰਨੀਆ ਦੇ ਫੇਅਰਫੀਲਡ ਸ਼ਹਿਰ ਵਿਚ ਬਤੌਰ ਚੇਅਰਮੈਨ, ਪਲੈਨਿੰਗ ਕਮਿਸ਼ਨ ਸੇਵਾਵਾਂ ਨਿਭਾਅ ਚੁੱਕੇ ਹਨ। ਉਹ ਪੰਜਾਬੀ ਅਮੈਰੀਕਨ ਕਲਚਰਲ ਐਸੋਸੀਏਸ਼ਨ ਦੇ ਫਾਉਂਡਰ ਮੈਂਬਰ ਹਨ, ਜੋ ਕਿ ਕੈਲੀਫੋਰਨੀਆ ਵਿਚ ਇਕ ਸਮਾਜਿਕ ਕੰਮ ਕਰਨ ਵਾਲੀ ਸੰਸਥਾ ਹੈ। ਡਾ. ਗੁਰਪ੍ਰੀਤ ਸਿੰਘ ਧੁੱਗਾ ਵਲੋਂ ਸਿਹਤ ਸਬੰਧੀ ਲਿਖੀ ਆਪਣੀ ਕਿਤਾਬ 'ਹੈਲਥ ਗਾਈਡ' ਬਿਮਾਰੀਆਂ ਦੀ ਜਾਣਕਾਰੀ ਅਤੇ ਰੋਕਥਾਮ, ਬਚਾਅ, ਘਰੇਲੂ ਇਲਾਜ ਅਤੇ ਡਾਕਟਰਾਂ ਨੂੰ ਕਦੋਂ ਵਿਖਾਈਏ ਬਾਰੇ ਵਿਸਥਾਰ ਨਾਲ ਦੱਸਦੀ ਹੈ। ਸਿਹਤ ਸਬੰਧੀ ਜ਼ਿਆਦਾਤਰ ਕਿਤਾਬਾਂ ਮੈਡੀਕਲ ਨਾਲ ਸਬੰਧਤ ਵਿਅਕਤੀਆਂ ਦੇ ਲਈ ਹੀ ਲਿਖੀਆਂ ਗਈਆਂ ਹਨ। ਜਿਸ ਕਰਕੇ ਅਜਿਹੀ ਸਿਹਤ ਸਬੰਧੀ 'ਹੈਲਥ ਗਾਈਡ' ਵਰਗੀ ਕਿਤਾਬ ਦੀ ਬੇਹੱਦ ਜ਼ਰੂਰਤ ਸੀ ਜੋ ਆਮ ਵਿਅਕਤੀ ਪੜ੍ਹ ਸਕੇ, ਸਮਝ ਸਕੇ ਅਤੇ ਆਪਣੀ ਰੋਜ਼ਮਰਾਂ ਦੀ ਜ਼ਿੰਦਗੀ 'ਚ ਵਰਤ ਸਕੇ। ਇਹ ਕਿਤਾਬ 'ਹੈਲਥ ਗਾਈਡ' ਸਭ ਜ਼ਰੂਰਤਾਂ ਨੂੰ ਪੂਰਾ ਕਰਦੀ ਹੈ। ਇਸ ਕਿਤਾਬ ਸਬੰਧੀ ਜਾਣਕਾਰੀ ਅਸੀਂ 'ਸਾਡੇ ਲੋਕ' 'ਚ ਪਾਠਕਾਂ ਦੀ ਮੰਗ 'ਤੇ ਦੁਆਰਾ ਲੜੀਵਾਰ ਛਾਪ ਕੇ ਮਾਣ ਹਾਸਲ ਕਰ ਰਹੇ ਹਾਂ। ਜੇਕਰ ਕਿਸੇ ਵਿਅਕਤੀ ਨੂੰ ਇਹ ਕਿਤਾਬ ਚਾਹੀਦੀ ਹੈ ਤਾਂ ਉਹ ਡਾ. ਧੁੱਗਾ ਨਾਲ gpdhugga@gmail.com 'ਤੇ ਸੰਪਰਕ ਕਰ ਸਕਦੇ ਹਨ।



**ਹੈਲਥ ਗਾਈਡ**

# ਸਿਹਤਮੰਦ ਜੀਵਨ ਦੇ ਨੁਕਤੇ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

**ਭਾਰ ਘਟਾਉਣ ਵਾਲੀਆਂ ਦਵਾਈਆਂ ਤੋਂ ਗੁਰੇਜ਼ ਕਰੋ :**

1. ਜ਼ਿਆਦਾਤਰ ਭਾਰ ਘਟਾਉਣ ਵਾਲੀਆਂ ਦਵਾਈਆਂ ਸਥਿਰ ਨਤੀਜੇ ਨਹੀਂ ਦਿਖਾਉਂਦੀਆਂ।
2. ਇਨ੍ਹਾਂ ਦਵਾਈਆਂ ਦੇ ਨੁਕਸਾਨਦਾਇਕ ਪ੍ਰਭਾਵ ਵੀ ਹੋ ਸਕਦੇ ਹਨ।
3. ਇਨ੍ਹਾਂ ਦਵਾਈਆਂ ਨੂੰ ਛੱਡਣ ਤੋਂ ਬਾਅਦ ਲੋਕਾਂ ਦਾ ਭਾਰ ਹੋਰ ਵੱਧ ਜਾਂਦਾ ਹੈ।
4. ਇਨ੍ਹਾਂ ਕਾਰਨਾਂ ਕਰਕੇ ਹੀ ਕ੍ਰੈਸ਼ ਡਾਈਟ ਕੋਰਸ ਵੀ ਫਾਇਦੇਮੰਦ ਨਹੀਂ ਹਨ।


**ਡਾਕਟਰ ਨੂੰ ਕਦੋਂ ਦਿਖਾਈਏ :**

ਹਾਰਮੋਨਲ ਬਿਮਾਰੀਆਂ ਜਿਵੇਂ ਕਿ ਡਾਇਬੀਟੀਜ਼, ਥਾਈਰੋਇਡ ਗਲੈਂਡ ਜਾਂ ਪਿਚੂਟਰੀ ਗਲੈਂਡ ਦੀਆਂ ਬਿਮਾਰੀਆਂ ਭਾਰ ਨੂੰ ਕਾਬੂ ਵਿੱਚ ਨਾ ਰਹਿਣ ਦਾ ਕਾਰਨ ਬਣਦੀਆਂ ਹਨ। ਇਨ੍ਹਾਂ ਨੂੰ ਖ਼ੂਨ ਦੀ ਜਾਂਚ ਕਰਵਾ ਕੇ ਜਾਣਿਆ ਜਾ ਸਕਦਾ ਹੈ ਅਤੇ ਇਨ੍ਹਾਂ ਦਾ ਇਲਾਜ ਵੀ ਆਸਾਨ ਹੈ। ਇਸ ਲਈ ਡਾਕਟਰ ਨੂੰ ਦਿਖਾਓ, ਜੇ :

1. ਤੁਸੀਂ ਭਾਰ ਨੂੰ ਘਟਾਉਣ ਅਤੇ ਭਾਰ ਨੂੰ ਸੰਤੁਲਨ ਵਿੱਚ ਰੱਖਣ ਦੇ ਉਪਾਅ ਕਰਦੇ ਹੋ, ਪਰ ਫਿਰ ਵੀ ਭਾਰ ਵਧਦਾ ਜਾ ਰਿਹਾ ਹੈ।
2. ਤੁਸੀਂ ਠੀਕ ਖਾਣਾ ਖਾ ਰਹੇ ਹੋ, ਪਰ ਫਿਰ ਵੀ ਤੁਹਾਡਾ ਭਾਰ ਲੋੜ ਤੋਂ ਜ਼ਿਆਦਾ ਘਟਦਾ ਜਾ ਰਿਹਾ ਹੈ।
3. ਤੁਸੀਂ ਹਰ ਸਮੇਂ ਥਕਾਵਟ ਮਹਿਸੂਸ ਕਰਦੇ ਹੋ।

**ਟੀਕਾਕਰਨ**
**(ਇਮਿਊਨਾਈਜੇਸ਼ਨ)**

ਟੀਕਾਕਰਨ ਬਿਮਾਰੀਆਂ ਨੂੰ ਰੋਕਦਾ ਹੈ। ਸਮੇਂ 'ਤੇ ਟੀਕਾਕਰਨ ਕਰਵਾਉਣਾ ਸਮਝਦਾਰੀ ਹੈ। ਅਮੈਰੀਕਨ ਅਕੈਡਮੀ ਆਫ਼




ਪੇਡਿਏਟ੍ਰਿਕਸ (ਬੱਚਿਆਂ ਸੰਬੰਧੀ ਅਮੈਰੀਕਨ ਅਕੈਡਮੀ) ਨੇ ਹੇਠ ਲਿਖੇ ਟੀਕਾਕਰਨਾਂ ਦਾ ਸੁਝਾਓ ਦਿੱਤਾ ਹੈ। ਵੱਖ-ਵੱਖ ਦੇਸ਼ਾਂ ਵਿੱਚ ਇਹ ਸੁਝਾਓ ਥੋੜੇ-ਥੋੜੇ ਅਲੱਗ ਵੀ ਹੋ ਸਕਦੇ ਹਨ, ਇਸ ਲਈ ਸਥਾਨਕ ਡਾਕਟਰ ਤੋਂ ਮਸ਼ਵਰਾ ਲਵੋ। ਇਹ ਜਾਣਕਾਰੀ ਸਿਰਫ਼ ਤੁਹਾਡੀ ਸਹਾਇਤਾ ਲਈ ਹੈ।

1. **ਡੀ.ਪੀ.ਟੀ. (ਡਿਪਥੀਰੀਆ, ਪਰਟਿਉਸਿਸ, ਟੈਟਨਸ) :**
2 ਮਹੀਨੇ, 4 ਮਹੀਨੇ, 6 ਮਹੀਨੇ, 1 ਸਾਲ ਅਤੇ ਆਖ਼ਰੀ ਵਾਰ ਤਕਰੀਬਨ 5 ਸਾਲ ਦੀ ਉਮਰ ਹੋਣ 'ਤੇ।
2. **ਪੋਲੀਓ (ਅਪੰਗਤਾ) :**
2 ਮਹੀਨੇ, 4 ਮਹੀਨੇ, 1 ਸਾਲ ਅਤੇ ਆਖ਼ਰੀ ਵਾਰ ਤਕਰੀਬਨ 5 ਸਾਲ ਦੀ ਉਮਰ ਹੋਣ 'ਤੇ।
3. **ਐਮ.ਐਮ.ਆਰ. (ਮੀਜ਼ਲਜ਼, ਮੰਮਪਸ, ਰੁਬੈਲਾ) :**
1 ਸਾਲ, 5 ਸਾਲ ਅਤੇ ਇਸ ਤੋਂ ਬਾਅਦ ਤਕਰੀਬਨ 10 ਸਾਲ ਦੀ ਉਮਰ ਹੋਣ 'ਤੇ।
4. **ਚਿਕਨਪੌਕਸ (ਛੋਟੀ ਮਾਤਾ) :**
ਤਕਰੀਬਨ 1 ਸਾਲ ਅਤੇ ਇਸ ਤੋਂ ਬਾਅਦ ਤਕਰੀਬਨ 10 ਸਾਲ ਦੀ ਉਮਰ ਹੋਣ 'ਤੇ।
5. **ਹੈਪੇਟਾਈਟਸ-ਬੀ :**
ਬੱਚਿਆਂ ਅਤੇ ਵੱਡਿਆਂ ਵਿੱਚ ਤਿੰਨ ਟੀਕੇ। ਦੂਜਾ ਅਤੇ ਤੀਜਾ ਟੀਕਾ, ਪਹਿਲੇ
ਟੀਕੇ ਤੋਂ ਇੱਕ ਅਤੇ ਛੇ ਮਹੀਨੇ ਬਾਅਦ।
6. **ਹਿਮੋਫੀਲਸ ਇਨਫਲੁਇੰਜਾ-ਬੀ :**
2 ਮਹੀਨੇ, 4 ਮਹੀਨੇ, 6 ਮਹੀਨੇ ਅਤੇ ਆਖ਼ਰੀ ਵਾਰ 1 ਸਾਲ ਦੀ ਉਮਰ ਹੋਣ 'ਤੇ।
7. **ਟੈਟਨਸ :**
ਤਕਰੀਬਨ 10 ਸਾਲ ਦੀ ਉਮਰ ਹੋਣ 'ਤੇ ਅਤੇ ਬਾਅਦ ਵਿੱਚ ਹਰ 10 ਸਾਲ ਬਾਅਦ।
8. **ਨਿਉਮੋਕੋਕਲ (ਨਿਮੋਨੀਏ ਤੋਂ ਬਚਾਅ ਲਈ) :**
**65 ਸਾਲ ਤੋਂ ਵੱਧ ਦੀ ਉਮਰ ਹੋਣ 'ਤੇ ਸਿਰਫ਼ ਇੱਕ ਵਾਰੀ।**
9. **ਸ਼ਿੰਗਲਜ ਦੀ ਦਵਾਈ (ਨਵਲ ਦਵਾਈ, ਅਜੇ ਹਰ ਜਗ੍ਹਾ ਮੌਜੂਦ ਨਹਲ ਹੈ) :**
60 ਸਾਲ ਦੀ ਉਮਰ ਤੋਂ ਵੱਧ, ਸਿਰਫ਼ ਇੱਕ ਵਾਰੀ।
10. **ਇਨਫਲੁਇੰਜਾ (ਫਲੂ ਦੀ ਦਵਾਈ) :**
ਫਲੂ ਦੇ ਮੌਸਮ ਵਿੱਚ ਹਰ ਸਾਲ।
11. **ਐਚ.ਪੀ.ਵੀ. (ਹਿਊਮਨ ਪੈਪੀਲੋਮਾ ਵਾਇਰਸ) ਦੀ ਦਵਾਈ :**
11 ਤੋਂ 26 ਸਾਲ ਦੀ ਉਮਰ ਵਿੱਚ ਤਿੰਨ ਟੀਕੇ ਕੁਝ ਅੰਤਰਾਲ ਬਾਅਦ।

**ਜ਼ਰੂਰੀ ਟੈਸਟ**
**(ਬਿਮਾਰੀਆਂ ਤੋਂ ਬਚਾਅ ਲਈ)**

ਇਹ ਸੁਝਾਓ ਵੱਖ-ਵੱਖ ਦੇਸ਼ਾਂ ਵਿੱਚ ਥੋੜੇ-ਥੋੜੇ ਅਲੱਗ ਵੀ ਹੋ ਸਕਦੇ ਹਨ।
ਕਿਰਪਾ ਕਰਕੇ ਆਪਣੇ ਡਾਕਟਰ ਨੂੰ ਇਸਦੀ ਪੁਸ਼ਟੀ ਲਈ ਮਿਲੋ। ਇਹ ਸੁਝਾਓ
ਸਿਰਫ਼ ਤੁਹਾਡੀ ਸਹਾਇਤਾ ਲਈ ਹਨ।

1. **ਕੋਲੈਸਟ੍ਰੌਲ ਟੈਸਟ :** 40 ਸਾਲ ਦੀ ਉਮਰ ਤੋਂ ਬਾਅਦ ਹਰ 5 ਸਾਲ ਬਾਅਦ। ਜੇ ਤੁਹਾਡਾ ਕੋਲੈਸਟ੍ਰੌਲ ਜ਼ਿਆਦਾ ਹੈ, ਜਾਂ ਕੋਲੈਸਟ੍ਰੌਲ ਘੱਟ ਕਰਨ ਵਾਲੀ ਦਵਾਈ ਦੀ ਵਰਤੋਂ ਕਰਦੇ ਹੋ ਤਾਂ ਇਹ ਟੈਸਟ ਹਰ ਸਾਲ ਕਰਵਾਓ।
2. **ਬਲੱਡ ਪ੍ਰੈਸ਼ਰ :** 40 ਸਾਲ ਦੀ ਉਮਰ ਤੋਂ ਬਾਅਦ ਹਰ 1-2 ਸਾਲ ਦੇ ਬਾਅਦ। ਜੇਕਰ ਤੁਹਾਡੇ ਪਰਿਵਾਰ ਵਿੱਚ ਪਹਿਲਾਂ ਹੀ ਬਲੱਡ ਪ੍ਰੈਸ਼ਰ ਦੀ ਬਿਮਾਰੀ ਕਿਸੇ ਨੂੰ ਹੈ ਤਾਂ ਤੁਹਾਨੂੰ 20 ਸਾਲ ਦੀ ਉਮਰ ਵਿੱਚ ਹੀ ਇਸਦੀ ਜਾਂਚ ਕਰਵਾਉਣੀ ਸ਼ੁਰੂ ਕਰ ਦੇਣੀ ਚਾਹੀਦੀ ਹੈ।
3. **ਅੱਖਾਂ ਦੀ ਜਾਂਚ :** 35 ਸਾਲ ਦੀ ਉਮਰ ਵਿੱਚ ਅਤੇ ਉਸ ਤੋਂ ਬਾਅਦ ਹਰ ਸਾਲ।
4. **ਕੰਨਾਂ ਦੀ ਜਾਂਚ :** 50 ਸਾਲ ਦੀ ਉਮਰ ਵਿੱਚ ਅਤੇ ਉਸ ਤੋਂ ਬਾਅਦ ਹਰ 2-3 ਸਾਲ ਬਾਅਦ।

**(ਚਲਦਾ)**

ਇਹ ਕਾਲਮ ਤੁਹਾਡੀ ਜਾਣਕਾਰੀ ਲਈ ਹੈ, ਜੇ ਬਿਮਾਰੀ ਉਚਿਤ ਸਮੇਂ ਵਿਚ ਠੀਕ ਨਹੀਂ ਹੁੰਦੀ ਤਾਂ ਡਾਕਟਰ ਨੂੰ ਦਿਖਾਓ।

HEALING HERBS & MASSAGE
ਨੈਚੁਰਲ ਹੀਲਿੰਗ • ਕੁਦਰਤੀ ਇਲਾਜ
ANY TYPE OF LADIES & GENTS PROBLEM
Healing Herbs & Healing Massage
ਕੀ ਤੁਸੀਂ ਸਰੀਰਕ ਦੁੱਖਾਂ ਦਰਦਾਂ ਤੋਂ ਪ੍ਰੇਸ਼ਾਨ ਹੋ ?
Cure with Homeopathy or Ayurved Best Natural Way of treatment with no side effects.
ਜੜੀ-ਬੂਟੀਆਂ ਅਤੇ ਮਾਲਿਸ਼ ਰਾਹੀਂ ਕੁਦਰਤੀ ਇਲਾਜ !
ਸਰੀਰ ਦੀ ਕਾਇਆ ਕਲਪ ਕਰੋ ! ਤਣਾਅ ਅਤੇ ਦਰਦ ਤੋਂ ਮੁਕਤੀ ਪਾਉਣ ਲਈ ਅੱਜ ਹੀ ਪਹੁੰਚੋ।

ਅਸੀਂ ਲੈ ਕੇ ਆਏ ਹਾਂ ਤੁਹਾਡੀ ਸਿਹਤ ਲਈ ਕੁਦਰਤੀ ਖਜ਼ਾਨਾ। ਸਾਡੇ ਕੋਲ ਦੇਸੀ ਜੜੀ-ਬੂਟੀਆਂ, ਦੇਸੀ ਦਵਾਈਆਂ ਅਤੇ ਮਾਹਿਰਾਂ ਦੁਆਰਾ ਮਾਲਿਸ਼ ਦੀ ਸਹੂਲਤ ਉਪਲਬਧ ਹੈ।
ਸਾਡਾ ਸਮਾਂ:
ਸੋਮਵਾਰ ਤੋਂ ਸ਼ੁੱਕਰਵਾਰ: ਸ਼ਾਮ 4 ਵਜੇ ਤੋਂ ਰਾਤ 8 ਵਜੇ ਤੱਕ
ਸ਼ਨੀਵਾਰ ਤੇ ਐਤਵਾਰ: ਸਵੇਰੇ 11 ਵਜੇ ਤੋਂ ਸ਼ਾਮ 6 ਵਜੇ ਤੱਕ
ਇਥੇ ਸ਼ੂਗਰ ਦੀ ਬਿਮਾਰੀ ਦਾ ਇਲਾਜ ਦੇਸੀ ਦਵਾਈਆਂ ਅਤੇ ਕੁਦਰਤੀ ਤਰੀਕੇ ਨਾਲ ਕੀਤਾ ਜਾਂਦਾ ਹੈ
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ 510-200-1110
ਪਤਾ: 3038 Castro Valley Blvd, Castro Valley, CA 94546

# ਬੇਅਦਬੀ ਕਾਨੂੰਨ ਨਾਲ ਦੋਸ਼ੀਆਂ ਨੂੰ ਮਿਸਾਲੀ ਸਜ਼ਾ ਮਿਲੇਗੀ: ਮਾਨ

## ਸ਼ੁਕਰਾਨਾ ਯਾਤਰਾ ਦੌਰਾਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਵੱਖ-ਵੱਖ ਥਾਵਾਂ 'ਤੇ ਨਿੱਘਾ ਸਵਾਗਤ








ਚੰਡੀਗੜ੍ਹ: ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਨਵਾਂ ਕਾਨੂੰਨ ਭਵਿੱਖ ਵਿੱਚ ਬੇਅਦਬੀ ਦੀਆਂ ਘਟਨਾਵਾਂ 'ਤੇ ਰੋਕ ਲਾਉਣ ਵਿੱਚ ਵਧੇਰੇ ਮਦਦਗਾਰ ਸਾਬਤ ਹੋਵੇਗਾ। ਭਵਾਨੀਗੜ੍ਹ ਵਿਚ ਬਠਿੰਡਾ-ਚੰਡੀਗੜ੍ਹ ਨੈਸ਼ਨਲ ਹਾਈਵੇਅ ਸਥਿਤ ਪਿੰਡ ਫੱਗੂਵਾਲਾ ਵਿੱਚ ਸ਼ੁਕਰਾਨਾ ਯਾਤਰਾ ਦੌਰਾਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਹਲਕਾ ਸੰਗਰੂਰ ਤੋਂ ਪਹੁੰਚੀ ਸੰਗਤ ਦਾ ਪਿਆਰ ਕਬੂਲਦਿਆਂ ਕਿਹਾ ਕਿ ਅੱਤ ਦੀ ਗਰਮੀ ਵਿੱਚ ਪਹੁੰਚਣ ਲਈ ਉਹ ਮੁੱਖ ਮੰਤਰੀ ਨਹੀਂ, ਬਲਕਿ ਭਰਾ ਬਣ ਕੇ ਧੰਨਵਾਦ ਕਰਦੇ ਹਨ।

ਇਸ ਕਾਨੂੰਨ ਨੂੰ ਇਤਿਹਾਸਕ ਦੱਸਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਗੇ ਕਿਹਾ, "ਸਾਡੀ ਸਰਕਾਰ ਸੁਭਾਗੀ ਹੈ ਕਿ ਇਸ ਇਤਿਹਾਸਕ ਕਾਨੂੰਨ ਨੂੰ ਪਾਸ ਕਰਨ ਦੀ ਜ਼ਿੰਮੇਵਾਰੀ ਸਾਨੂੰ ਮਿਲੀ ਹੈ, ਜੋ ਭਵਿੱਖ ਵਿੱਚ ਬੇਅਦਬੀ ਦੀਆਂ ਘਟਨਾਵਾਂ 'ਤੇ ਰੋਕ ਲਾਉਣ ਵਿੱਚ ਵਧੇਰੇ ਮਦਦਗਾਰ ਸਿੱਧ ਹੋਵੇਗਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਪੰਜਾਬ ਵਿੱਚ ਸ਼ਾਂਤੀ, ਭਾਈਚਾਰਕ ਸਾਂਝ ਅਤੇ ਫਿਰਕੂ ਸਦਭਾਵਨਾ ਨੂੰ ਭੰਗ ਕਰਨ ਦੇ ਉਦੇਸ਼ ਨਾਲ ਇੱਕ ਡੂੰਘੀ ਸਾਜ਼ਿਸ਼ ਦਾ ਹਿੱਸਾ ਸੀ। ਇਹ ਕਾਨੂੰਨ ਇਹ ਯਕੀਨੀ ਬਣਾਉਂਦਾ ਹੈ ਕਿ ਇਸ ਨਾ-ਮੁਆਫੀਯੋਗ ਅਪਰਾਧ ਦੇ ਦੋਸ਼ੀ ਪਾਏ ਜਾਣ ਵਾਲੇ ਕਿਸੇ ਵੀ ਵਿਅਕਤੀ ਨੂੰ ਬਖ਼ਸ਼ਿਆ ਨਹੀਂ ਜਾਵੇਗਾ ਅਤੇ ਇਸ ਅਪਰਾਧ ਦੇ ਦੋਸ਼ੀਆਂ ਨੂੰ ਮਿਸਾਲੀ ਸਜ਼ਾ ਦਿਵਾਈ ਜਾਵੇਗੀ।

ਇਸ ਤੋਂ ਬਾਅਦ ਇਹ ਸ਼ੁਕਰਾਨਾ ਯਾਤਰਾ ਅਗਲੇ ਪੜਾਅ ਲਈ ਰਵਾਨਾ ਹੋ ਗਈ। ਇਸ ਮੌਕੇ ਹਲਕਾ ਵਿਧਾਇਕ ਨਰਿੰਦਰ ਕੌਰ ਭਰਾਜ, ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਗੁਰਮੇਲ ਸਿੰਘ ਘਰਾਚੋਂ, ਇੰਫਕੋਫੈੱਡ ਦੇ ਚੇਅਰਮੈਨ ਮਿੰਕੂ ਜਵੰਧਾ ਸਮੇਤ ਪਾਰਟੀ ਆਗੂ ਅਤੇ ਪੰਚ ਸਰਪੰਚ ਹਾਜ਼ਰ ਸਨ।

# 'ਸ਼ੁਕਰਾਨਾ ਯਾਤਰਾ' ਦੀ ਸਮਾਪਤੀ; ਮੁੱਖ ਮੰਤਰੀ ਭਗਵੰਤ ਮਾਨ ਨੇ ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ ਵਿਖੇ ਟੇਕਿਆ ਮੱਥਾ







ਫਤਿਹਗੜ੍ਹ ਸਾਹਿਬ : 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ 2026' ਦੇ ਪਾਸ ਹੋਣ ਤੋਂ ਬਾਅਦ ਰਾਜ ਭਰ ਵਿੱਚ ਕੱਢੀ ਗਈ 'ਸ਼ੁਕਰਾਨਾ ਯਾਤਰਾ' ਫਤਿਹਗੜ੍ਹ ਸਾਹਿਬ ਵਿਖੇ ਇੱਕ ਵਿਸ਼ੇਸ਼ ਸਮਾਗਮ ਨਾਲ ਸੰਪੰਨ ਹੋ ਗਈ। ਇਸ ਯਾਤਰਾ ਦੇ ਅੰਤਿਮ ਦਿਨ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਇਤਿਹਾਸਕ ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ ਵਿਖੇ ਨਤਮਸਤਕ ਹੋ ਕੇ ਅਰਦਾਸ ਕੀਤੀ। ਮੁੱਖ ਮੰਤਰੀ ਨੇ ਕਿਹਾ ਕਿ ਇਹ ਯਾਤਰਾ ਸੰਗਤਾਂ ਵੱਲੋਂ ਕੀਤੇ ਗਏ ਸਤਿਕਾਰ ਅਤੇ ਸਰਕਾਰ ਵੱਲੋਂ ਪਾਸ ਕੀਤੇ ਗਏ ਇਤਿਹਾਸਕ ਕਾਨੂੰਨ ਪ੍ਰਤੀ ਇੱਕ ਸਮਰਪਣ ਹੈ। ਯਾਤਰਾ ਦੀ ਸਮਾਪਤੀ 'ਤੇ ਵੱਡੀ ਗਿਣਤੀ ਵਿੱਚ ਸੰਗਤਾਂ ਮੌਜੂਦ ਸਨ, ਜਿਨ੍ਹਾਂ ਨੇ ਸਰਕਾਰ ਦੇ ਇਸ ਕਦਮ ਦੀ ਭਰਪੂਰ ਸ਼ਲਾਘਾ ਕੀਤੀ।

# ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਪਿੰਡ ਭਲਵਾਨ ਤੋਂ 'ਮੇਰੀ ਰਸੋਈ' ਸਕੀਮ ਦਾ ਆਗਾਜ਼

## ਸੂਬੇ ਦੇ 40 ਲੱਖ ਪਰਿਵਾਰਾਂ ਨੂੰ ਹਰ ਤਿੰਨ ਮਹੀਨੇ ਬਾਅਦ ਮਿਲੇਗੀ ਰਾਸ਼ਨ ਕਿੱਟ




ਧੂਰੀ : ਮੁੱਖ ਮੰਤਰੀ ਭਗਵੰਤ ਮਾਨ ਨੇ ਆਪਣੇ ਹਲਕੇ ਧੂਰੀ ਦੇ ਪਿੰਡ ਭਲਵਾਨ ਵਿੱਚ ਲੋੜਵੰਦ ਪਰਿਵਾਰਾਂ ਨੂੰ ਰਾਸ਼ਨ ਕਿੱਟਾਂ ਵੰਡ ਕੇ 'ਮੇਰੀ ਰਸੋਈ ਸਕੀਮ' ਦਾ ਰਸਮੀ ਆਗਾਜ਼ ਕੀਤਾ। ਲੋੜਵੰਦ ਪਰਿਵਾਰਾਂ ਨੂੰ ਪੌਸ਼ਟਿਕ ਖੁਰਾਕ ਮੁਹੱਈਆ ਕਰਵਾਉਣ ਦੇ ਇਸ ਅਹਿਮ ਉਪਰਾਲੇ ਤਹਿਤ ਸੂਬੇ ਦੇ ਕਰੀਬ 40 ਲੱਖ ਪਰਿਵਾਰਾਂ ਨੂੰ ਸਿੱਧਾ ਫਾਇਦਾ ਪੁੱਜੇਗਾ। ਇਸ ਯੋਜਨਾ ਤਹਿਤ ਹਰੇਕ ਲਾਭਪਾਤਰੀ ਨੂੰ ਹਰ ਤਿੰਨ ਮਹੀਨੇ ਬਾਅਦ ਵਿਸ਼ੇਸ਼ ਰਾਸ਼ਨ ਕਿੱਟ ਮੁਹੱਈਆ ਕਰਵਾਈ ਜਾਵੇਗੀ। ਇਸ ਕਿੱਟ ਵਿੱਚ ਘਰੇਲੂ ਰਸੋਈ ਚਲਾਉਣ ਲਈ ਜ਼ਰੂਰੀ ਵਸਤਾਂ ਜਿਵੇਂ ਸਰ੍ਹੋਂ ਦਾ ਤੇਲ, ਦਾਲ, ਖੰਡ, ਲੂਣ ਅਤੇ ਹਲਦੀ ਸ਼ਾਮਲ ਕੀਤੀਆਂ ਗਈਆਂ ਹਨ। ਮੁੱਖ ਮੰਤਰੀ ਨੇ ਮਹਿੰਗਾਈ ਦੇ ਦੌਰ ਵਿੱਚ ਆਮ ਲੋਕਾਂ ਦੀ ਰਸੋਈ ਦਾ ਖਰਚਾ ਘਟਾਉਣ ਬਾਰੇ ਗੱਲ ਕਰਦਿਆਂ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਭਲਾਈ ਕੰਮਾਂ ਨੂੰ ਸਿਰਫ਼ ਕਣਕ ਅਤੇ ਦਾਲਾਂ ਵੰਡਣ ਤੱਕ ਹੀ ਸੀਮਤ ਕਰ ਦਿੱਤਾ ਸੀ ਜਦਕਿ ਮੌਜੂਦਾ ਸਰਕਾਰ ਨੇ ਲੋਕਾਂ ਦੀਆਂ ਅਸਲ ਲੋੜਾਂ ਸਮਝਦਿਆਂ ਇਹ ਵਿਆਪਕ ਕਦਮ ਚੁੱਕਿਆ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਇਸ ਸਕੀਮ ਦਾ ਮੁੱਖ ਮਕਸਦ ਇਹ ਯਕੀਨੀ ਬਣਾਉਣਾ ਹੈ ਕਿ ਗਰੀਬ ਅਤੇ ਮੱਧ ਵਰਗ ਦੇ ਪਰਿਵਾਰਾਂ ਦੀਆਂ ਰਸੋਈਆਂ 'ਚ ਰੋਜ਼ਾਨਾ ਵਰਤੋਂ ਵਾਲਾ ਸਾਰਾ ਜ਼ਰੂਰੀ ਸਾਮਾਨ ਆਸਾਨੀ ਨਾਲ ਪਹੁੰਚੇ ਅਤੇ ਕੋਈ ਵੀ ਖੁਰਾਕ ਤੋਂ ਵਾਂਝਾ ਨਾ ਰਹੇ। ਸਮਾਗਮ ਦੌਰਾਨ ਖੁਰਾਕ ਤੇ ਸਿਵਲ ਸਪਲਾਈਜ਼ ਮੰਤਰੀ ਲਾਲ ਚੰਦ ਕਟਾਰੂਚੱਕ, ਦਲਵੀਰ ਸਿੰਘ ਢਿੱਲੋਂ, ਅਸ਼ੋਕ ਲੱਖਾ, ਸਤਿੰਦਰ ਸਿੰਘ ਚੱਠਾ, ਹਰਜਿੰਦਰ ਸਿੰਘ ਕਾਂਝਲਾ, ਰਛਪਾਲ ਸਿੰਘ ਭੁੱਲਰ (ਦੋਵੇਂ ਜ਼ਿਲ੍ਹਾ ਪਰਿਸ਼ਦ ਮੈਂਬਰ), ਸਰਪੰਚ ਭਗਵਾਨ ਸਿੰਘ ਭਲਵਾਨ ਤੇ ਹੋਰ ਹਾਜ਼ਰ ਸਨ।

# ਪੰਜਾਬ ਵਿਰੋਧੀ ਬੇਅਦਬੀ ਕਾਨੂੰਨ ਲਈ ਮੁੱਖ ਮੰਤਰੀ ਮਾਨ ਦਾ ਸਨਮਾਨ

## ਬਾਬਾ ਬੁੱਢਾ ਜੀ ਇੰਟਰਨੈਸ਼ਨਲ ਗੁਰਮਤਿ ਗ੍ਰੰਥੀ ਸਭਾ ਵੱਲੋਂ ਵਿਸ਼ੇਸ਼ ਉਪਰਾਲਾ



ਚੰਡੀਗੜ੍ਹ : ਪੰਜਾਬ ਸਰਕਾਰ ਵੱਲੋਂ ਬੇਅਦਬੀ ਦੇ ਮਾਮਲਿਆਂ ਨੂੰ ਰੋਕਣ ਲਈ ਲਿਆਂਦੇ ਗਏ ਨਵੇਂ ਕਾਨੂੰਨ ਦਾ ਸਵਾਗਤ ਕਰਦਿਆਂ, 'ਬਾਬਾ ਬੁੱਢਾ ਜੀ ਇੰਟਰਨੈਸ਼ਨਲ ਗੁਰਮਤਿ ਗ੍ਰੰਥੀ ਸਭਾ' ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਹੈ। ਇਸ ਸੰਸਥਾ, ਜੋ ਕਿ ਦੇਸ਼ ਪੱਧਰੀ ਗ੍ਰੰਥੀ ਸਿੰਘਾਂ ਦੀ ਪ੍ਰਮੁੱਖ ਜਥੇਬੰਦੀ ਹੈ, ਦੇ ਸੀਨੀਅਰ ਮੈਂਬਰਾਂ ਨੇ ਸੋਮਵਾਰ ਨੂੰ ਮੁੱਖ ਮੰਤਰੀ ਨਾਲ ਮੁਲਾਕਾਤ ਕੀਤੀ। ਇਸ ਦੌਰਾਨ ਗ੍ਰੰਥੀ ਸਿੰਘਾਂ ਨੇ ਬੇਅਦਬੀ ਵਿਰੋਧੀ ਕਾਨੂੰਨ ਨੂੰ ਪੰਜਾਬ ਦੀਆਂ ਧਾਰਮਿਕ ਭਾਵਨਾਵਾਂ ਦੀ ਰਾਖੀ ਲਈ ਇੱਕ ਇਤਿਹਾਸਕ ਕਦਮ ਦੱਸਿਆ ਅਤੇ ਇਸ ਨੀਤੀ ਨੂੰ ਅਮਲ ਵਿੱਚ ਲਿਆਉਣ ਲਈ ਮੁੱਖ ਮੰਤਰੀ ਦਾ ਧੰਨਵਾਦ ਕੀਤਾ। ਸਮਾਗਮ ਦੇ ਅੰਤ ਵਿੱਚ ਸਭਾ ਦੇ ਨੁਮਾਇੰਦਿਆਂ ਨੇ ਮੁੱਖ ਮੰਤਰੀ ਨਾਲ ਯਾਦਗਾਰੀ ਤਸਵੀਰ ਵੀ ਸਾਂਝੀ ਕੀਤੀ।

# ਹਲਕਾ ਵਿਧਾਇਕ ਵੱਲੋਂ ਟਾਂਡਾ ਵਾਰਡ ਨੰਬਰ 2 'ਚ 25 ਲੱਖ ਦੀ ਲਾਗਤ ਨਾਲ ਹੋਣ ਵਾਲੇ ਵਿਕਾਸ ਕਾਰਜਾਂ ਦਾ ਕੀਤਾ ਗਿਆ ਉਦਘਾਟਨ



ਵਿਕਾਸ ਕਾਰਜਾਂ ਦਾ ਉਦਘਾਟਨ ਕਰਦੇ ਹੋਏ ਹਲਕਾ ਵਿਧਾਇਕ ਅਤੇ ਮਹੱਲਾ ਨਿਵਾਸੀ

ਹੁਸ਼ਿਆਰਪੁਰ ਟਾਂਡਾ, (ਰਵਿੰਦਰ ਸਿੰਘ ਟਾਂਡਾ) : ਜਦੋਂ ਦੀ ਆਮ ਆਦਮੀ ਪਾਰਟੀ ਦੀ ਪੰਜਾਬ ਵਿੱਚ ਸਰਕਾਰ ਬਣੀ ਹੈ ਪਾਰਟੀ ਦਾ ਮੁੱਖ ਮਕਸਦ ਚਾਹੇ ਪਿੰਡ ਹੋਵੇ ਚਾਹੇ ਸ਼ਹਿਰ ਹੋਵੇ ਹਰ ਇੱਕ ਹਲਕੇ ਦਾ ਵਿਕਾਸ ਕਰਨਾ ਮੁੱਖ ਮਕਸਦ ਹੈ ਉਸ ਘੜੀ ਤਹਿਤ ਹੀ ਵੱਖ-ਵੱਖ ਸ਼ਹਿਰਾਂ ਅਤੇ ਪਿੰਡਾਂ ਦੇ ਵਿੱਚ ਲਗਾਤਾਰ ਗਰਾਂਟਾਂ ਦੇ ਕੇ ਵਿਕਾਸ ਕੀਤੇ ਜਾ ਰਹੇ ਹਨ ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਵਿਧਾਇਕ ਜਸਵੀਰ ਸਿੰਘ ਰਾਜਾ ਵੱਲੋਂ ਅੱਜ ਵਾਰਡ ਨੰਬਰ ਦੋ ਵਿੱਚ ਸੀਵਰੇਜ ਅਤੇ ਨਵੀਂ ਗਲੀ ਬਣਾਉਣ ਦੇ ਵਿਕਾਸ ਕਾਰਜਾਂ ਦੀ ਸ਼ੁਰੂਆਤ ਵੇਲੇ ਕੀਤਾ ਗਿਆ ਇਸ ਪ੍ਰੋਜੈਕਟ ਦੀ ਲਾਗਤ 25 ਲੱਖ ਰੁਪਏ ਦੱਸੇ ਜਾ ਰਹੀ ਹੈ ਅਤੇ ਹਲਕਾ ਵਿਧਾਇਕ ਜਸਵੀਰ ਸਿੰਘ ਰਾਜਾ ਨੇ ਦੱਸਿਆ ਕਿ ਇਸ ਵਾਰਡ ਦੇ ਵਿੱਚ ਕਾਫੀ ਲੰਬੇ ਸਮੇਂ ਤੋਂ ਉਡੀਕ ਸੀ ਕਿਉਂਕਿ 50 ਤੋਂ 70 ਸਾਲ ਹੋਣ ਦੇ ਬਾਵਜੂਦ ਵੀ ਗਲੀਆਂ ਕੱਚੀਆਂ ਸਨ ਤੇ ਸੀਵਰੇਜ ਤੇ ਪਾਣੀ ਦੀ ਬਹੁਤ ਵੱਡੀ ਸਮੱਸਿਆ ਸੀ ਹੁਣ ਇਸ ਸਮੱਸਿਆ ਦਾ ਹੱਲ ਜਿਹੜਾ ਕਰ ਦਿੱਤਾ ਗਿਆ ਹੈ ਬਹੁਤ ਹੀ ਘੱਟ ਸਮੇਂ ਵਿੱਚ ਗਲੀ ਬਣ ਜਾਵੇਗੀ ਅਤੇ ਸੀਵਰੇਜ ਅਤੇ ਪੀਣ ਵਾਲੇ ਪਾਣੀ ਦੀ ਸਪਲਾਈ ਜਿਹੜੀ ਚਾਲੂ ਹੋ ਜਾਵੇਗੀ। ਇਸ ਮੌਕੇ ਕੇਸ਼ਵ ਸੈਣੀ, ਹਰੀ ਕਿਸ਼ਨ ਕੁੱਕੂ ਸੈਣੀ, ਸੋਨੂੰ ਖੰਨਾ, ਲਖਵਿੰਦਰ ਸਿੰਘ ਮੁਲਤਾਨੀ, ਅਨਿਲ ਕੁਮਾਰ ਗੋਰਾ, ਗੁਰਮੀਤ ਬਿੱਟੂ, ਸੁਰਿੰਦਰਪਾਲ ਬਿੱਲੂ, ਰਾਜਨ ਸੋਂਧੀ, ਹਰਮੀਤ ਸਿੰਘ ਵੜੈਚ, ਚੰਦਰ ਮੋਹਨ, ਸੇਠ ਰਾਮ ਸੇਠੀ ਆਦਿ ਮੌਜੂਦ ਸਨ।

# ਸਹਾਰਾ ਕਲੱਬ ਜਲਦੀ ਹੀ ਸ਼ਮਸ਼ਾਨ ਘਾਟ ਦਾ ਗੇਟ ਅਤੇ ਹੋਰ ਉਸਾਰੀ ਦੇ ਕੰਮ ਕਰਵਾਏਗਾ : ਅਰੋੜਾ

## ਸਾਲ 26/27 ਲਈ ਅਹੁਦੇਦਾਰ ਕੀਤੇ ਗਏ ਨਿਯੁਕਤ



ਸਹਾਰਾ ਵੈਲਫੇਅਰ ਕਲੱਬ ਉੜਮੁੜ ਵੱਲੋਂ ਇਸ ਸਾਲ ਕੀਤੇ ਜਾਣ ਵਾਲੇ ਕੰਮਾਂ ਦੀ ਜਾਣਕਾਰੀ ਦਿੰਦੇ ਹੋਏ ਕਲੱਬ ਚੇਅਰਮੈਨ ਸੁਖਵਿੰਦਰ ਸਿੰਘ ਅਰੋੜਾ ਪ੍ਰਧਾਨ ਤਰਸੇਮ ਪੱਪੂ ਅਤੇ ਹੋਰ।

ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : ਸ਼ਹਿਰ ਦੀ ਪ੍ਰਮੁੱਖ ਸਮਾਜ ਸੇਵੀ ਸੰਸਥਾ ਸਹਾਰਾ ਵੈਲਫੇਅਰ ਕਲੱਬ ਉੜਮੁੜ ਦੀ ਇੱਕ ਅਹਿਮ ਮੀਟਿੰਗ ਕਲੱਬ ਦੇ ਚੇਅਰਮੈਨ ਸੁਖਵਿੰਦਰ ਸਿੰਘ ਅਰੋੜਾ ਅਤੇ ਪ੍ਰਧਾਨ ਤਰਸੇਮ ਪੱਪੂ ਦੀ ਸਰਪਰਸਤੀ ਹੇਠ ਹੋਈ ਜਿਸ ਵਿੱਚ ਕਲੱਬ ਵੱਲੋਂ ਸਾਲ 26/27 ਵਿੱਚ ਕੀਤੇ ਜਾਣ ਵਾਲੇ ਕੰਮਾਂ ਪ੍ਰਤੀ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਇਸ ਦੇ ਨਾਲ ਹੀ ਨਵੇਂ ਅਹੁਦੇਦਾਰਾਂ ਦੀ ਲਿਸਟ ਵੀ ਜਾਰੀ ਕੀਤੀ ਗਈ। ਪ੍ਰੈਸ ਦੇ ਨਾਂ ਜਾਰੀ ਇਕ ਬਿਆਨ ਵਿੱਚ ਚੇਅਰਮੈਨ ਸੁਖਵਿੰਦਰ ਸਿੰਘ ਅਰੋੜਾ ਤੇ ਪ੍ਰਧਾਨ ਤਰਸੇਮ ਪੱਪੂ ਨੇ ਦੱਸਿਆ ਕਿ ਕਲੱਬ ਵੱਲੋਂ ਜਲਦੀ ਹੀ ਸ਼ਮਸ਼ਾਨ ਘਾਟ ਉੜਮੜ ਦੇ ਨਵੇਂ ਗੇਟ ਦੀ ਉਸਾਰੀ ਦਾ ਕੰਮ ਸ਼ੁਰੂ ਕੀਤਾ ਜਾ ਰਿਹਾ ਹੈ ਅਤੇ ਇਸੇ ਤਰ੍ਹਾਂ ਹੀ ਮੰਦਰ ਦੇ ਤਲਾਅ ਦੀ ਚਾਰਦੀਵਾਰੀ ਦਾ ਕੰਮ ਵੀ ਸ਼ੁਰੂ ਕਰਵਾਇਆ ਜਾ ਰਿਹਾ ਹੈ। ਉਹਨਾਂ ਦੱਸਿਆ ਕਿ ਇਹ ਮੰਦਭਾਗੀ ਗੱਲ ਹੈ ਕਿ ਸ਼ਮਸ਼ਾਨ ਘਾਟ ਵਿੱਚ ਲੱਗੇ ਪੱਖੇ ਦੂਜੀ ਵਾਰ ਵੀ ਕਿਸੇ ਵੱਲੋਂ ਚੋਰੀ ਕਰਲਏ ਗਏ ਹਨ ਜਿੱਥੇ ਹੁਣ ਜਲਦੀ ਹੀ ਨਵੇਂ ਪੱਖੇ ਲਾਏ ਜਾ ਰਹੇ ਹਨ। ਕਲੱਬ ਵੱਲੋਂ ਸਾਲ 2026/27 ਲਈ ਨਿਯੁਕਤ ਕੀਤੇ ਅਹੁਦੇਦਾਰਾਂ ਦੀ ਲਿਸਟ ਅਨੁਸਾਰ ਲਾਟੀ ਮਦਾਨ ਨੂੰ ਖਜਾਨਚੀ ਬੱਬੂ ਸੰਧਾਵਾਲੀਆ ਜਨਰਲ ਸਕੱਤਰ, ਮਹਿੰਦਰ ਪਾਲ ਮਦਾਨ ਸੀਨੀਅਰ ਮੀਤ ਪ੍ਰਧਾਨ, ਸੇਵਾ ਸਿੰਘ ਅਤੇ ਨਰੇਸ਼ ਜੈਨ ਮੀਤ ਪ੍ਰਧਾਨ, ਨਵਦੀਪ ਸ਼ਿਤਰੂ ਅਤੇ ਆਤਮਜੀਤ ਸੋਢੀ ਪ੍ਰੋਜੈਕਟ ਡਾਇਰੈਕਟਰ ਅਤੇ ਰਾਜਨ ਸੋਨੀ ਕਲੱਬ ਦੇ ਪੀ ਆਰ ਓ ਹੋਣਗੇ। ਇਸੇ ਤਰ੍ਹਾਂ ਅੰਮ੍ਰਿਤਪਾਲ ਬਾਜਵਾ ਨੂੰ ਮੀਡੀਆ ਇੰਚਾਰਜ ਅਤੇ ਮਹੇਸ਼ ਸ਼ੌਬਤੀ ਨੂੰ ਜੁਇੰਟ ਸੈਕਟਰੀ ਲਾਇਆ ਗਿਆ ਹੈ। ਰਕੇਸ ਡੇਜੀ, ਰਵਿੰਦਰ ਸਿੰਘ, ਬਲਜੀਤ ਸਿੰਘ ਅਤੇ ਗੁਰਮੀਤ ਸਿੰਘ ਕਲੱਬ ਦੇ ਸਲਾਹਕਾਰ ਹੋਣਗੇ ਜਦੋਂ ਕਿ ਰਜਿੰਦਰ ਸਿੰਘ ਮਾਰਸ਼ਲ ਅਤੇ ਮਾਸਟਰ ਵਿਨੋਦ ਕੁਮਾਰ ਕਲੱਬ ਦੇ ਸਰਪ੍ਰਸਤ ਨਿਯੁਕਤ ਕੀਤੇ ਗਏ ਹਨ। ਕਲੱਬ ਦੇ ਨਵੇਂ ਬਣੇ ਪ੍ਰਧਾਨ ਸ੍ਰੀ ਤਰਸੇਮ ਪੱਪੂ ਵੱਲੋਂ ਜਾਰੀ ਕੀਤੀ ਗਈ ਇਸ ਲਿਸਟ ਦਾ ਸਮੂਹ ਮੈਂਬਰਾਂ ਨੇ ਸਰਬ ਸੰਮਤੀ ਨਾਲ ਸਵਾਗਤ ਕੀਤਾ। ਇਸ ਮੌਕੇ ਵੱਡੀ ਗਿਣਤੀ ਵਿੱਚ ਕਲੱਬ ਦੇ ਮੈਂਬਰ ਹਾਜ਼ਰ ਸਨ।

# ਪੰਜਾਬ ਦੇ ਅਤੇ ਭਾਰਤ ਦੇ ਵਿੱਚੋਂ ਕੋਰੀਅਨ ਬਲਾਇੰਡ ਵਿਅਕਤੀ ਅੱਖ ਦੀ ਰੌਸ਼ਨੀ ਦੇ ਲਈ ਸੰਪਰਕ ਕਰ ਸਕਦੇ ਨੇ ਰੋਟਰੀ ਕਲੱਬ ਹੁਸ਼ਿਆਰਪੁਰ : ਸਮਾਜ ਸੇਵੀ ਭਾਈ ਬਰਿੰਦਰ ਸਿੰਘ ਮਸੀਤੀ



ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : ਪੰਜਾਬ ਦੇ ਅਤੇ ਭਾਰਤ ਦੇ ਵਿੱਚੋਂ ਕਿਸੇ ਵੀ ਸੂਬੇ ਦਾ ਕੋਰਨੀਅਨ ਬਲਾਇੰਡ ਵਿਅਕਤੀ ਹੋਵੇ ਉਹ ਆਪਣੀ ਅੱਖਾਂ ਦੀ ਰੌਸ਼ਨੀ ਦੇ ਲਈ ਸੰਪਰਕ ਕਰ ਸਕਦੇ ਨੇ ਰੋਟਰੀ ਕਲੱਬ ਹੁਸ਼ਿਆਰਪੁਰ ਦੇ ਨਾਲ ਰੋਟਰੀ ਕਲੱਬ ਦੇ ਚੇਅਰਮੈਨ ਮਨੋਜ ਉਹੀ ਔਰ ਸਮੂਹ ਟੀਮ ਕਲੱਬ ਵੱਲੋਂ ਅਪੀਲ ਕੀਤੀ ਜਾਂਦੀ ਹੈ ਦੇਸ਼ ਦੇ ਵਿੱਚ ਕਿਸੇ ਵੀ ਸੂਬੇ ਨਾਲ ਸੰਬੰਧਿਤ ਵਿਅਕਤੀ ਹੋਵੇ ਕੋਨੀਅਨ ਬਲਾਇੰਡ ਹੋਵੇ ਜਦ ਤੁਹਾਡੇ ਕਿਸੇ ਮਹੱਲੇ ਦੇ ਵਿੱਚ ਹੋਵੇ ਜਾਂ ਸ਼ਹਿਰ ਦੇ ਵਿੱਚ ਹੋਵੇ ਉਸ ਵਿਅਕਤੀ ਦਾ ਸੰਪਰਕ ਤੁਸੀਂ ਜਰੂਰ ਕਰਵਾ ਦਿਓ ਕਿਉਂਕਿ ਕੋਨੀਅਨ ਬਲਾਇੰਡ ਵਿਅਕਤੀ ਦੁਨੀਆਂ ਨੂੰ ਦੇਖ ਨਹੀਂ ਸਕਦਾ ਔਰ ਮਨੁੱਖਤਾ ਦੇ ਭਲੇ ਦੇ ਲਈ ਹਰ ਇਨਸਾਨ ਦਾ ਇਹੀ ਫਰਜ ਬਣਦਾ ਹੈ ਆਪਣੀ ਜ਼ਿੰਦਗੀ ਦੇ ਵਿੱਚ ਉਹਨੂੰ ਕੋਈ ਵੀ ਨੇਤਰਹੀਣ ਵਿਅਕਤੀ ਮਿਲੇ ਉਸ ਵਿਅਕਤੀ ਦੇ ਨਾਲ ਸੰਪਰਕ ਕਰੋ ਔਰ ਉਸਦੀ ਕੌਨੀ ਟਰਾਂਸਪਲਾਂਟ ਕਰਨ ਦੇ ਲਈ ਰੋਟਰੀ ਕਲੱਬ ਦੇ ਨਾਲ ਸੰਪਰਕ ਕਰ ਸਕਦੇ ਹੋ ਇਹ ਵਿਚਾਰ ਅੱਜ ਭਾਈ ਬਰਿੰਦਰ ਸਿੰਘ ਮਸੀਤੀ ਸਮਾਜ ਸੇਵੀ ਸਰੀਰ ਦਾਨੀ ਜੀ ਨੇ ਕਿਹਾ ਜਿਲਾ ਹੁਸ਼ਿਆਰਪੁਰ ਦਾ ਸਬੰਧਤ ਰੋਟਰੀ ਕਲੱਬ ਹੁਸ਼ਿਆਰਪੁਰ ਵੱਲੋਂ ਪਹਿਲਾਂ ਕਈ ਸੈਂਕੜੇ ਵਿਅਕਤੀਆਂ ਨੂੰ ਕੋਰਨੀਅਲ ਟਰਾਂਸਫਰ ਕੀਤੀਆਂ ਜਾ ਚੁੱਕੀਆਂ ਨੇ ਔਰ ਲੋੜਵੰਦ ਨੇਤਰਹੀਣ ਵਿਅਕਤੀਆਂ ਨੂੰ ਉਹਨਾਂ ਦੀਆਂ ਕੋਰਨੀਅਲ ਟਰਾਂਸਪਲਾਂਟ ਕਰਾ ਕੇ ਉਹਨਾਂ ਨੂੰ ਮੁਫਤ ਦੇ ਵਿੱਚ ਇਹ ਸੇਵਾ ਦਿੱਤੀ ਗਈ ਹੈ ਅੱਜ ਕੋਨੀਅਨ ਬਲਾਇੰਡ ਵਿਅਕਤੀ ਦੁਨੀਆਂ ਨੂੰ ਦੇਖ ਰਹੇ ਨੇ ਇੱਥੇ ਭਾਈ ਬਰਿੰਦਰ ਸਿੰਘ ਮਸੀਤੀ ਜੀ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਆਪਣੀਆਂ ਮਰਨ ਤੋਂ ਉਪਰੰਤ ਅੱਖਾਂ ਜਰੂਰ ਦਾਨ ਕਰਾਓ ਸਰੀਰ ਦਾਨ ਕਰਾਓ ਅੰਗ ਦਾਨ ਕਰਵਾਓ ਔਰ ਲੋੜਮੰਦ ਵਿਅਕਤੀਆਂ ਨੂੰ ਇਹ ਅੰਗ ਤੁਹਾਡੇ ਵੱਲੋਂ ਦਾਨ ਕੀਤੇ ਹੋਏ ਉਹਨਾਂ ਦੇ ਨਵਾਂ ਜੀਵਨ ਉਹਨਾਂ ਨੂੰ ਮਿਲ ਸਕਦਾ ਹੈ ਨੇਤਰਹੀਣ ਵਿਅਕਤੀ ਨੂੰ ਤੁਹਾਡੀਆਂ ਦਾਨ ਕੀਤੀਆਂ ਹੋਈਆਂ ਅੱਖਾਂ ਦੇ ਨਾਲ ਰੌਸ਼ਨੀ ਦਿੱਤੀ ਜਾ ਸਕਦੀ ਹੈ ਔਰ ਤੁਹਾਡੇ ਵੱਲੋਂ ਦਾਨ ਕੀਤੇ ਹੋਏ ਅੰਗ ਲੋੜਵੰਦ ਵਿਅਕਤੀਆਂ ਨੂੰ ਅੱਜ ਜੀਵਨ ਦੇ ਰਹੇ ਨੇ ਔਰ ਧੰਨਵਾਦ ਕਰ ਰਹੇ ਪੰਜਾਬ ਸਰਕਾਰ ਔਰ ਪੰਜਾਬ ਦੀਆਂ ਸਮਾਜ ਸੇਵੀ ਸੰਸਥਾਵਾਂ ਦਾ ਜਿਹੜੀਆਂ ਜੋ ਲੋੜਵੰਦ ਵਿਅਕਤੀਆਂ ਦੀ ਮਦਦ ਦੇ ਲਈ ਅੱਗੇ ਆ ਰਹੀਆਂ ਨੇ ਔਰ ਧੰਨਵਾਦ ਕਰ ਰਿਹਾ ਰੋਟੀ ਕਲੱਬ ਹੁਸ਼ਿਆਰਪੁਰ ਦਾ ਜੋ ਪੂਰੇ ਦੇਸ਼ ਦੇ ਅੰਦਰ ਉਹਨਾਂ ਵੱਲੋਂ ਕੌਨੀਅਰ ਟਰਾਂਸਪਲਾਂਟ ਵਿਅਕਤੀਆਂ ਨੂੰ ਜੋ ਸੁਨੇਹਾ ਦਿੱਤਾ ਗਿਆ ਉਹ ਵਿਅਕਤੀ ਵੀ ਆਪਣੀਆਂ ਅੱਖਾਂ ਦੀ ਰੌਸ਼ਨੀ ਦੇ ਲਈ ਸੰਪਰਕ ਕਰੋ ਔਰ ਆਪਣੀ ਜੀਵਨ ਦੇ ਵਿੱਚ ਦੁਨੀਆਂ ਨੂੰ ਦੇਖ ਕੇ ਇਸ ਸੰਸਾਰ ਤੋਂ ਉਹ ਜਾਣਗੇ ਤੇ ਉਹਨਾਂ ਦੇ ਮਨ ਦੇ ਵਿੱਚ ਇੱਕ ਖੁਸ਼ੀ ਪ੍ਰਗਟ ਹੋਏਗੀ ਕਰ ਭਲਾ ਹੋ ਭਲਾ ਅੰਤ ਭਲੇ ਦਾ ਭਲਾ ਇਸ ਕਰਕੇ ਅਸੀਂ ਭਾਈ ਬਰਿੰਦਰ ਸਿੰਘ ਮਸੀਤੀ ਜੀ ਨੇ ਵੀ ਕਿਹਾ ਕਿ ਮੇਰੀਆਂ ਦੋ ਅੱਖਾਂ ਤੇ ਮੇਰੇ ਸਰੀਰ ਦੇ ਸਾਰੇ ਅੰਗ ਡਾਕਟਰਾਂ ਦੇ ਮੁਤਾਬਿਕ ਇਹ ਲੋੜਵੰਦ ਵਿਅਕਤੀਆਂ ਨੂੰ ਦਾਨ ਦੇ ਵਿੱਚ ਦਿੱਤੇ ਜਾਣਗੇ ਔਰ ਇਹ ਅੰਗ ਮੁਕਤ ਦੇ ਵਿੱਚ ਦਾਨ ਕੀਤੇ ਜਾਣਗੇ ਔਰ ਔਰ ਮੁਫਤ ਦੇ ਵਿੱਚ ਇਹ ਲਗਾਏ ਜਾਣਗੇ ਸੰਸਥਾਵਾਂ ਵੱਲੋਂ ਧੰਨਵਾਦ ਭਾਈ ਵਰਿੰਦਰ ਸਿੰਘ ਮਸੀਤੀ ਵੱਲੋਂ ਸਾਰੇ ਲੋਕਾਂ ਨੂੰ ਅਪੀਲ ਕਰਦੇ ਹੋਏ ਘਰ ਭਲਾ ਹੋ ਭਲਾ ਅੰਤ ਭਲੇ ਦਾ ਭਲਾ ਭਾਈ ਮਸੀਤੀ।

# ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦਾ ਸਰਕਾਰ ਨੂੰ 15 ਦਿਨਾਂ ਦਾ ਅਲਟੀਮੇਟਮ

## ਇਤਰਾਜ਼ਯੋਗ ਮੱਦਾਂ ਹਟਾਓ ਜਾਂ ਟਕਰਾਅ ਲਈ ਰਹੋ ਤਿਆਰ: ਜਥੇਦਾਰ ਗੜਗੱਜ



ਅੰਮ੍ਰਿਤਸਰ : ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੂੰ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸੋਧ ਐਕਟ 2026 ਵਿੱਚੋ ਕੁਝ ਇਤਰਾਜ਼ਯੋਗ ਮੱਦਾਂ ਹਟਾਉਣ ਬਾਰੇ ਇੱਕ ਵਿਸਥਾਰਤ ਪੱਤਰ ਭੇਜਿਆ ਹੈ।

ਸ੍ਰੀ ਅਕਾਲ ਤਖਤ ਸਾਹਿਬ ਦੇ ਸਕੱਤਰੇਤ ਦੇ ਇੰਚਾਰਜ ਬਗੀਚਾ ਸਿੰਘ ਦੇ ਵੱਲੋਂ ਜਾਰੀ ਕੀਤੇ ਗਏ ਇਸ ਸੱਤ ਸਫਿਆਂ ਦੇ ਪੱਤਰ ਵਿੱਚ ਇਤਰਾਜ਼ਯੋਗ ਮੱਦਾਂ ਦਾ ਜ਼ਿਕਰ ਕੀਤਾ ਗਿਆ ਹੈ ਅਤੇ ਉਸ ਨਾਲ ਪੈਣ ਵਾਲੇ ਪ੍ਰਭਾਵਾਂ ਨੂੰ ਦੱਸਿਆ ਗਿਆ ਹੈ। ਪੱਤਰ ਵਿੱਚ ਸਰਕਾਰ ਨੂੰ ਆਖਿਆ ਗਿਆ ਹੈ ਕਿ ਇਹਨਾਂ ਮੱਦਾਂ ਨੂੰ ਹਟਾਇਆ ਜਾਵੇ।

ਇਸ ਤੋਂ ਪਹਿਲਾਂ ਇਸ ਮਾਮਲੇ ਵਿੱਚ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੂੰ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਸਕੱਤਰੇਤ ਵਿੱਚ ਸੱਦਿਆ ਗਿਆ ਸੀ, ਜਿੱਥੇ ਉਹਨਾਂ ਨੂੰ ਇਹਨਾਂ ਇਤਰਾਜ਼ਯੋਗ ਮੱਦਾਂ ਬਾਰੇ ਜਾਣਕਾਰੀ ਦਿੱਤੀ ਗਈ ਸੀ। ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸਰਕਾਰ ਨੂੰ ਅਲਟੀਮੇਟਮ ਦਿੱਤਾ ਹੈ ਕਿ 15 ਦਿਨਾਂ ਦੇ ਵਿੱਚ ਇਹਨਾਂ ਇਤਰਾਜ਼ਯੋਗ ਮੱਦਾਂ ਨੂੰ ਹਟਾ ਦਿੱਤਾ ਜਾਵੇ। ਜੇਕਰ ਸਰਕਾਰ ਇਹਨਾਂ ਮੱਦਾਂ ਨੂੰ ਨਹੀਂ ਹਟਾਉਂਦੀ ਹੈ ਤਾਂ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਸੱਦ ਕੇ ਇਸ ਮਾਮਲੇ ਵਿੱਚ ਅਗਲੇਰਾ ਕੋਈ ਠੋਸ ਫੈਸਲਾ ਕੀਤਾ ਜਾਵੇਗਾ। ਸੱਤ ਸਫਿਆਂ ਦੇ ਇਸ ਪੱਤਰ ਵਿੱਚ ਕਸਟੋਡੀਅਨ, ਬੀੜਾ ਤੋਂ ਸਰੂਪ ਸ਼ਬਦ ਕੀਤੇ ਜਾਣ, ਪਾਵਨ ਸਰੂਪਾਂ ਦੀ ਪ੍ਰਕਾਸ਼ਨਾ ਤੋਂ ਬਾਅਦ ਇਸ ਦੇ ਵੇਰਵੇ ਜਨਤਕ ਕਰਨ ਸਬੰਧੀ ਮੱਦਾਂ ’ਤੇ ਇਤਰਾਜ਼ ਕੀਤਾ ਗਿਆ ਹੈ। ਪੱਤਰ ਵਿੱਚ ਦੱਸਿਆ ਹੈ ਕਿ ਇਹਨਾਂ ਇਤਰਾਜ਼ਯੋਗ ਮੱਦਾਂ ਦੇ ਕਾਰਨ ਸਿੱਖ ਸੰਗਤ, ਪਾਠੀ ਸਿੰਘਾਂ ਤੇ ਹੋਰਨਾਂ ਵਿੱਚ ਸਹਿਮ ਦੀ ਭਾਵਨਾ ਹੈ। ਉਨ੍ਹਾਂ ਆਖਿਆ ਕਿ ਇਹਨਾਂ ਮੱਦਾਂ ਨੂੰ ਕਾਨੂੰਨ ਦੇ ਵਿੱਚੋਂ ਹਟਾਇਆ ਜਾਵੇ।

ਦੱਸਣਯੋਗ ਹੈ ਕਿ ਦੂਜੇ ਪਾਸੇ ਮੁੱਖ ਮੰਤਰੀ ਇਸ ਕਾਨੂੰਨ ਵਿੱਚ ਸੋਧ ਕਰਨ ਜਾਂ ਇਸ ਨੂੰ ਵਾਪਸ ਲੈਣ ਤੋਂ ਪਹਿਲਾਂ ਹੀ ਮਨਾ ਕਰ ਚੁੱਕੇ ਹਨ। ਜੇਕਰ ਸਰਕਾਰ ਅਜਿਹਾ ਨਹੀਂ ਕਰਦੀ ਹੈ ਤਾਂ ਸਰਕਾਰ ਅਤੇ ਸ੍ਰੀ ਅਕਾਲ ਤਖਤ ਸਾਹਿਬ ਵਿਚਾਲੇ ਟਕਰਾਅ ਵਧਣ ਦੀਆਂ ਸੰਭਾਵਨਾ ਵੱਧ ਗਈਆਂ ਹਨ। ਇਸ ਦੌਰਾਨ ਕਈ ਸਿੱਖ ਜਥੇਬੰਦੀਆਂ ਵੱਲੋਂ ਵੀ ਇਹਨਾਂ ਮੱਦਾਂ ’ਤੇ ਇਤਰਾਜ਼ ਅਤੇ ਖਦਸ਼ੇ ਪ੍ਰਗਟਾਏ ਜਾ ਚੁੱਕੇ ਹਨ।

# ਮੁੱਖ ਮੰਤਰੀ ਨੂੰ ਸਵਾਲ ਕੀਤਾ, ਪੁੱਤ ਨੂੰ ਛਡਵਾਉਣ ਲਈ ਤਰਲਾ ਨਹੀ ਮਾਰਿਆ: ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੀ ਮਾਤਾ



ਸ੍ਰੀ ਗੋਇੰਦਵਾਲ ਸਾਹਿਬ : ਅਕਾਲੀ ਦਲ ਵਾਰਿਸ ਪੰਜਾਬ ਜਥੇਬੰਦੀ ਵੱਲੋਂ ਖਡੂਰ ਸਾਹਿਬ ਵਿਖੇ ਹਲਕਾ ਵਾਸੀਆ ਦਾ ਵਿਸ਼ੇਸ਼ ਇਕੱਠ ਕੀਤਾ ਗਿਆ। ਭਾਰੀ ਇਕੱਠ ਨੂੰ ਸੰਬੋਧਨ ਕਰਨ ਲਈ ਖਡੂਰ ਸਾਹਿਬ ਦੇ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਮਾਤਾ ਬਲਵਿੰਦਰ ਕੌਰ ਉਚੇਚੇ ਤੌਰ ’ਤੇ ਪਹੁੰਚੇ। ਇਸ ਮੌਕੇ ਜਥੇਬੰਦੀ ਵੱਲੋਂ ਥਾਪੇ ਹਲਕਾ ਖਡੂਰ ਸਾਹਿਬ ਦੇ ਇੰਚਾਰਜ਼ ਕੁਲਦਮਨਰੂਪ ਸਿੰਘ ਖਾਲਸਾ ਵੱਲੋਂ ਸਮਾਗਮ ਦੀ ਅਗਵਾਈ ਕਰਦੇ ਹੋਏ।

ਹਲਕਾ ਖਡੂਰ ਸਾਹਿਬ ਦੇ ਲੋਕਾਂ ਨੂੰ ਇੱਕਮਤ ਹੋ ਕੇ ਅੰਮ੍ਰਿਤਪਾਲ ਸਿੰਘ ਨਾਲ ਖੜ੍ਹਨ ਦਾ ਸੱਦਾ ਦਿੱਤਾ ਗਿਆ। ਇਸ ਮੌਕੇ ਬੀਬੀ ਬਲਵਿੰਦਰ ਕੌਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਰਈਆ ਵਿਖੇ “ਮੈਂ ਮੁੱਖ ਮੰਤਰੀ ਭਗਵੰਤ ਮਾਨ ਕੋਲ ਆਪਣੇ ਪੁੱਤ ਨੂੰ ਛਡਵਾਉਣ ਲਈ ਕੋਈ ਤਰਲਾ ਨਹੀਂ ਮਾਰਿਆ ਬਲਕਿ ਜ਼ੇਲ੍ਹਾ ਵਿੱਚ ਬੰਦ ਹਜ਼ਾਰਾਂ ਨੌਜਵਾਨਾ ਨੂੰ ਨਜਾਇਜ਼ ਹਿਰਾਸਤ ਵਿੱਚ ਰੱਖਣ ਬਾਰੇ ਸਵਾਲ ਕੀਤੇ ਸਨ, ਜਿੰਨਾ ਦਾ ਮੁੱਖ ਮੰਤਰੀ ਜਵਾਬ ਦਿੱਤੇ ਬਗੈਰ ਹੀ ਚਲੇ ਗਏ।

ਇਸ ਦੌਰਾਨ ਮੀਟਿੰਗ ਵਿੱਚ ਭਾਰੀ ਗਿਣਤੀ ਵਿੱਚ ਬੀਬੀਆਂ ਨੇ ਸ਼ਮੂਲੀਅਤ ਕੀਤੀ ਅਤੇ ਗੋਇੰਦਵਾਲ ਸਾਹਿਬ ਵਿਖੇ ਬਣੀ 11 ਮੈਂਬਰੀ ਬੀਬੀਆਂ ਦੀ ਕਮੇਟੀ ਨੂੰ ਬੀਬੀ ਬਲਵਿੰਦਰ ਕੌਰ ਵੱਲੋਂ ਵਿਸ਼ੇਸ਼ ਤੌਰ ‘ਤੇ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਜਿਨ੍ਹਾਂ ਵਿੱਚ ਹਰਭਜਨ ਸਿੰਘ ਤੂੜ ਮੈਂਬਰ ਪੰਜ ਮੈਂਬਰੀ ਕਮੇਟੀ ਪੰਜਾਬ, ਸੁਖਦੇਵ ਸਿੰਘ ਕਾਦੀਆਂ ਪ੍ਰਧਾਨ ਯੂਥਵਿੰਗ ਪੰਜਾਬ, ਜ਼ਿਲ੍ਹਾ ਪ੍ਰਧਾਨ ਚਮਕੌਰ ਸਿੰਘ ਧੁੰਨ,ਦਲਜੀਤ ਸਿੰਘ ਜਵੰਧਾ, ਅਮਰਜੀਤ ਸਿੰਘ ਕਾਲੇਕੇ, ਭਾਈ ਅਜ਼ਮੇਰ ਸਿੰਘ ਚੰਬਾ ਆਦਿ ਨੇ ਸੰਬੋਧਨ ਕੀਤਾ।

ਇਸ ਮੌਕੇ ਭਾਈ ਅਰਜਿੰਦਰ ਸਿੰਘ ਹੀਰਾ ਨੂੰ ਪਿੰਡ ਖਡੂਰ ਸਾਹਿਬ ਕਮੇਟੀ ਦੇ ਪ੍ਰਧਾਨ ਅਤੇ ਬਾਕੀ 13 ਵਾਰਡਾ ਦੇ ਇੰਚਾਰਜ਼ ਜਿਨ੍ਹਾਂ ਵਿੱਚ ਦਲਜੀਤ ਸਿੰਘ ਸੰਮਤੀ ਮੈਂਬਰ, ਕੁਲਬੀਰ ਸਿੰਘ ਮੈਂਬਰ, ਮੁਖਤਾਰ ਸਿੰਘ ਫੌਜੀ, ਲਖਵਿੰਦਰ ਸਿੰਘ, ਪਾਲ ਸਿੰਘ ਫੌਜੀ, ਫੂਲਾ ਸਿੰਘ, ਸਰੂਪ ਸਿੰਘ, ਸਤਨਾਮ ਸਿੰਘ ਹੋਟਲ ਵਾਲੇ, ਬਲਵੰਤ ਸਿੰਘ, ਪਲਵਿੰਦਰ ਸਿੰਘ, ਕਰਤਾਰ ਸਿੰਘ, ਬੂਟਾ ਸਿੰਘ, ਸੁਖਮਿੰਦਰ ਸਿੰਘ, ਅਤੇ 65 ਮੈਂਬਰਾਂ ਵਾਲੀ ਕਮੇਟੀ ਦਾ ਗਠਨ ਕੀਤਾ ਗਿਆ। ਇਸ ਮੌਕੇ ਜਥੇਬੰਦੀ ਵੱਲੋਂ ਖਡੂਰ ਸਾਹਿਬ ਵਿਖੇ ਖੋਲ੍ਹੇ ਗਏ ਦਫ਼ਤਰ ਦਾ ਉਦਘਾਟਨ ਕੀਤਾ ਗਿਆ।

# ਕੀਰਤਪੁਰ ਸਾਹਿਬ ਦੇ 400 ਸਾਲਾ ਸਮਾਗਮਾਂ ਦੀ ਸਫਲਤਾ ਲਈ ਸ਼ੁਕਰਾਨਾ ਸਮਾਗਮ

## ਸੰਗਤ ਤੇ ਸੇਵਾਦਾਰਾਂ ਦੇ ਸਹਿਯੋਗ ਨਾਲ ਇਤਿਹਾਸਕ ਸਮਾਗਮ ਯਾਦਗਾਰੀ ਬਣੇ: ਗੜਗੱਜ



ਸ੍ਰੀ ਕੀਰਤਪੁਰ ਸਾਹਿਬ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਤਿਹਾਸਕ ਗੁਰਦੁਆਰਾ ਸ਼ੀਸ਼ ਮਹਿਲ ਸਾਹਿਬ ਵਿੱਚ ਕੀਰਤਪੁਰ ਸਾਹਿਬ ਦੇ 400 ਸਾਲਾ ਸਥਾਪਨਾ ਦਿਵਸ ਸਬੰਧੀ ਕਰਵਾਏ ਗਏ ਸਮਾਗਮਾਂ ਦੀ ਸਫ਼ਲਤਾ ਲਈ ਵਿਸ਼ੇਸ਼ ਸ਼ੁਕਰਾਨਾ ਸਮਾਗਮ ਕਰਵਾਇਆ ਗਿਆ। ਇਸ ਮੌਕੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਪ੍ਰਬੰਧ ਅਧੀਨ ਰੱਖੇ ਗਏ ਸ੍ਰੀ ਅਖੰਡ ਪਾਠ ਦੇ ਭੋਗ ਪਾਏ ਗਏ ਅਤੇ ਅਰਦਾਸ ਕਰਕੇ ਗੁਰੂ ਸਾਹਿਬ ਦਾ ਸ਼ੁਕਰਾਨਾ ਕੀਤਾ ਗਿਆ।

ਸਮਾਗਮ ਦੌਰਾਨ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਬੁਲਾਰੇ ਤੇ ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਜੋਗਿੰਦਰ ਸਿੰਘ ਤੇ ਹੋਰ ਬੁਲਾਰਿਆਂ ਨੇ ਕਿਹਾ ਕਿ ਸ੍ਰੀ ਕੀਰਤਪੁਰ ਸਾਹਿਬ ਦੀ ਧਰਤੀ ਨੂੰ ਛੇ ਪਾਤਸ਼ਾਹੀਆਂ ਦੀ ਚਰਨ ਛੋਹ ਪ੍ਰਾਪਤ ਹੈ ਅਤੇ ਇਹ ਅਸਥਾਨ ਸਿੱਖ ਇਤਿਹਾਸ ਵਿੱਚ ਵਿਲੱਖਣ ਮਹੱਤਵ ਰੱਖਦਾ ਹੈ। ਉਨ੍ਹਾਂ ਕਿਹਾ ਕਿ ਲੰਮੇ ਸਮੇਂ ਤੱਕ ਇਸ ਅਸਥਾਨ ਦੀ ਅਸਲ ਮਹਿਮਾ ਨੂੰ ਉਹ ਮਾਣ-ਸਤਿਕਾਰ ਨਹੀਂ ਮਿਲ ਸਕਿਆ ਜਿਸ ਦਾ ਇਹ ਹੱਕਦਾਰ ਸੀ। ਆਮ ਤੌਰ ’ਤੇ ਲੋਕ ਕੀਰਤਪੁਰ ਸਾਹਿਬ ਨੂੰ ਸਿਰਫ਼ ਪਤਾਲਪੁਰੀ ਸਾਹਿਬ ਨਾਲ ਜੋੜ ਕੇ ਹੀ ਜਾਣਦੇ ਰਹੇ, ਪਰ 400 ਸਾਲਾ ਸਮਾਗਮਾਂ ਨੇ ਸੰਗਤਾਂ ਨੂੰ ਇਸ ਅਸਥਾਨ ਦੇ ਵਿਸ਼ਾਲ ਇਤਿਹਾਸ ਨਾਲ ਜਾਣੂ ਕਰਵਾਇਆ ਹੈ। ਉਨ੍ਹਾਂ ਦੱਸਿਆ ਕਿ ਇਸੇ ਪਵਿੱਤਰ ਧਰਤੀ ’ਤੇ ਦੋ ਸਿੱਖ ਗੁਰੂਆਂ ਦਾ ਪ੍ਰਕਾਸ਼ ਹੋਇਆ, ਦੋ ਗੁਰੂ ਸਾਹਿਬਾਨ ਨੂੰ ਗੁਰਤਾ ਗੱਦੀ ਪ੍ਰਾਪਤ ਹੋਈ ਅਤੇ ਦੋ ਗੁਰੂਆਂ ਦਾ ਅੰਤਿਮ ਸਮਾਂ ਵੀ ਇੱਥੇ ਹੀ ਬੀਤਿਆ। ਬੁਲਾਰਿਆਂ ਨੇ ਕਿਹਾ ਕਿ ਇਨ੍ਹਾਂ ਸਮਾਗਮਾਂ ਰਾਹੀਂ ਨਵੀਂ ਪੀੜ੍ਹੀ ਨੂੰ ਵੀ ਸਿੱਖ ਇਤਿਹਾਸ ਨਾਲ ਜੋੜਨ ਦਾ ਯਤਨ ਕੀਤਾ ਗਿਆ ਹੈ ਤੇ ਇਹ ਯਤਨ ਸਾਰਥਕ ਸਿੱਧ ਹੋਏ।

ਸ਼੍ਰੋਮਣੀ ਕਮੇਟੀ ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ ਨੇ ਇਲਾਕੇ ਦੀ ਸੰਗਤ, ਮਹਾਂਪੁਰਸ਼ਾਂ ਅਤੇ ਸੇਵਾਦਾਰਾਂ ਦਾ ਵਿਸ਼ੇਸ਼ ਧੰਨਵਾਦ ਕਰਦਿਆਂ ਕਿਹਾ ਕਿ ਸੰਗਤਾਂ ਦੇ ਸਹਿਯੋਗ ਅਤੇ ਸਮਰਪਣ ਸਦਕਾ ਹੀ ਇਹ ਵਿਸ਼ਾਲ ਸਮਾਗਮ ਸਫ਼ਲਤਾਪੂਰਵਕ ਨੇਪਰੇ ਚੜ੍ਹ ਸਕੇ ਹਨ। ਉਨ੍ਹਾਂ ਲੰਗਰਾਂ, ਜੋੜਾ-ਘਰਾਂ ਅਤੇ ਹੋਰ ਸੇਵਾਵਾਂ ਵਿੱਚ ਦਿਨ-ਰਾਤ ਜੁਟੇ ਰਹਿਣ ਵਾਲੇ ਸੇਵਾਦਾਰਾਂ ਦੀ ਭਰਪੂਰ ਸ਼ਲਾਘਾ ਵੀ ਕੀਤੀ। ਇਸ ਮੌਕੇ ਹੋਰਾਂ ਤੋਂ ਇਲਾਵਾ ਬਾਬਾ ਜਰਨੈਲ ਸਿੰਘ ਕਾਰ ਸੇਵਾ ਵਾਲੇ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੈਨੇਜਰ ਮਲਕੀਤ ਸਿੰਘ, ਵਧੀਕ ਮੈਨੇਜਰ ਐਡਵੋਕੇਟ ਹਰਦੇਵ ਸਿੰਘ ਅਤੇ ਵੱਡੀ ਗਿਣਤੀ ਵਿੱਚ ਸੰਗਤ ਮੌਜੂਦ ਸੀ।

# ਸ੍ਰੀ ਦਰਬਾਰ ਸਾਹਿਬ ਦੇ ਰਸਤਿਆਂ ਦੀ ਬਦਲੇਗੀ ਨੁਹਾਰ; ਕਾਰ ਸੇਵਾ ਆਰੰਭ

## ਲੰਗਰ ਸ੍ਰੀ ਗੁਰੂ ਰਾਦਮਾਸ ਜੀ ਨੇੜੇ ਰਸਤੇ ਦਾ ਨਵੀਕੀਰਨ ਅਤੇ ਸੁੰਦਰੀਕਰਨ ਸ਼ੁਰੂ



ਅੰਮ੍ਰਿਤਸਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਦਰਬਾਰ ਸਾਹਿਬ ਸਥਿਤ ਲੰਗਰ ਸ੍ਰੀ ਗੁਰੂ ਰਾਮਦਾਸ ਜੀ ਤੋਂ ਗੁਰਦੁਆਰਾ ਬਾਬਾ ਅਟੱਲ ਰਾਇ ਸਾਹਿਬ ਤੱਕ ਆਉਂਦੇ ਰਸਤੇ ਦੇ ਸੁੰਦਰੀਕਰਨ ਅਤੇ ਨਵੀਨੀਕਰਨ ਦੀ ਸੇਵਾ ਅੱਜ ਅਰਦਾਸ ਉਪਰੰਤ ਆਰੰਭ ਹੋ ਗਈ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਤੇ ਬਾਬਾ ਕਸ਼ਮੀਰ ਸਿੰਘ ਭੂਰੀਵਾਲਿਆਂ ਵੱਲੋਂ ਪ੍ਰਮੁੱਖ ਸ਼ਖ਼ਸੀਅਤਾਂ ਦੀ ਹਾਜ਼ਰੀ ਵਿੱਚ ਇਹ ਸੇਵਾ ਆਰੰਭ ਕੀਤੀ ਗਈ। ਸ਼੍ਰੋਮਣੀ ਕਮੇਟੀ ਨੇ ਇਸ ਕਾਰਜ ਦੀ ਸੇਵਾ ਬਾਬਾ ਕਸ਼ਮੀਰ ਸਿੰਘ ਕਾਰਸੇਵਾ ਭੂਰੀਵਾਲਿਆਂ ਨੂੰ ਸੌਂਪੀ ਹੈ।


ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸਮੁੱਚੀ ਮਾਨਵਤਾ ਦੀ ਆਸਥਾ ਦਾ ਕੇਂਦਰ ਹੈ ਅਤੇ ਹਰ ਸਿੱਖ ਇਸ ਪਾਵਨ ਅਸਥਾਨ ’ਤੇ ਨਤਮਸਤਕ ਹੋਣ ਦੀ ਤਾਂਘ ਰੱਖਦਾ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਸ੍ਰੀ ਦਰਬਾਰ ਸਾਹਿਬ ਵਿਖੇ ਦਰਸ਼ਨਾਂ ਲਈ ਪੁੱਜਦੀਆਂ ਸੰਗਤਾਂ ਦੀ ਸਹੂਲਤ ਲਈ ਨਿਰੰਤਰ ਯਤਨਸ਼ੀਲ ਹੈ। ਸੰਗਤਾਂ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਅੰਤਰਿੰਗ ਕਮੇਟੀ ਨੇ ਇਸ ਰਸਤੇ ਦੇ ਨਵੀਨੀਕਰਨ ਅਤੇ ਸੁੰਦਰੀਕਰਨ ਨੂੰ ਪ੍ਰਵਾਨਗੀ ਦਿੱਤੀ ਸੀ, ਜਿਸ ਦੀ ਅੱਜ ਰਸਮੀ ਤੌਰ ’ਤੇ ਸ਼ੁਰੂਆਤ ਕੀਤੀ ਗਈ। ਉਨ੍ਹਾਂ ਕਿਹਾ ਕਿ ਇਸ ਰਸਤੇ ਨੂੰ ਖੂਬਸੂਰਤ ਤਰੀਕੇ ਨਾਲ ਤਿਆਰ ਕਰਨ ਲਈ ਮਾਸਟਰ ਪਲਾਨ ਤਿਆਰ ਕੀਤਾ ਗਿਆ ਹੈ। ਰਸਤੇ ਵਿਚ ਪੈਦਲ ਚੱਲਣ ਲਈ ਵਿਸ਼ੇਸ਼ ਜਗ੍ਹਾ ਤਿਆਰ ਕਰਨ ਦੇ ਨਾਲ-ਨਾਲ ਕੁਦਰਤੀ ਵਾਤਾਵਰਣ ਲਈ ਦਰੱਖ਼ਤ ਵੀ ਲਗਾਏ ਜਾਣਗੇ। ਉਨ੍ਹਾਂ ਸੰਗਤਾਂ ਦੀ ਵੱਡੀ ਆਮਦ ਦੇ ਮੱਦੇਨਜ਼ਰ ਬਾਬਾ ਕਸ਼ਮੀਰ ਸਿੰਘ ਭੂਰੀਵਾਲਿਆਂ ਨੂੰ ਇਹ ਕਾਰਜ ਜਲਦ ਤੋਂ ਜਲਦ ਮੁਕੰਮਲ ਕਰਨ ਦੀ ਅਪੀਲ ਕੀਤੀ। ਇਸੇ ਦੌਰਾਨ ਬਾਬਾ ਕਸ਼ਮੀਰ ਸਿੰਘ ਭੂਰੀਵਾਲਿਆਂ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਕੀਤੇ ਫੈਸਲੇ ਅਨੁਸਾਰ ਸੰਗਤਾਂ ਦੀ ਸਹੂਲਤ ਲਈ ਇਹ ਰਸਤਾ ਜਲਦ ਤਿਆਰ ਕੀਤਾ ਜਾਵੇਗਾ। ਉਨ੍ਹਾਂ ਇਸ ਕਾਰਜ ਦੀ ਸੇਵਾ ਸੌਂਪਣ ਲਈ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਤੇ ਪ੍ਰਬੰਧਕਾਂ ਦਾ ਧੰਨਵਾਦ ਵੀ ਕੀਤਾ। ਇਸ ਮੌਕੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਧਾਮੀ ਵੱਲੋਂ ਬਾਬਾ ਕਸ਼ਮੀਰ ਸਿੰਘ ਭੂਰੀਵਾਲਿਆਂ ਅਤੇ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਨੂੰ ਸਨਮਾਨਿਤ ਵੀ ਕੀਤਾ। ਆਰੰਭਤਾ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਰਾਜਦੀਪ ਸਿੰਘ, ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ, ਬਾਬਾ ਸਤਨਾਮ ਸਿੰਘ ਕਿਲ੍ਹਾ ਅਨੰਦਗੜ੍ਹ ਸਾਹਿਬ, ਬਾਬਾ ਸੁਖਵਿੰਦਰ ਸਿੰਘ ਭੂਰੀਵਾਲੇ, ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ, ਸੁਰਜੀਤ ਸਿੰਘ ਭਿੱਟੇਵੱਡ, ਭਾਈ ਅਜੈਬ ਸਿੰਘ ਅਭਿਆਸੀ, ਓਐਸਡੀ ਸਤਬੀਰ ਸਿੰਘ, ਸਕੱਤਰ ਬਲਵਿੰਦਰ ਸਿੰਘ ਕਾਹਲਵਾਂ, ਗੁਰਿੰਦਰ ਸਿੰਘ ਮਥਰੇਵਾਲ, ਨਿੱਜੀ ਸਕੱਤਰ ਸ਼ਾਹਬਾਜ਼ ਸਿੰਘ, ਵਧੀਕ ਸਕੱਤਰ ਜਸਵਿੰਦਰ ਸਿੰਘ ਜੱਸੀ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਮੇਜਰ ਸਿੰਘ, ਮੀਤ ਸਕੱਤਰ ਹਰਭਜਨ ਸਿੰਘ ਵਕਤਾ ਤੇ ਹੋਰ ਮੌਜੂਦ ਸਨ।

# ਮਾਮਲੇ ’ਚ ਵੱਡਾ ਖ਼ੁਲਾਸਾ; ਕਰੋੜਾਂ ਦੀ ਫ਼ਰਮ ਦਾ ਮਾਲਕ ਨਿਕਲਿਆ ਦਿਹਾੜੀਦਾਰ ਮਜ਼ਦੂਰ !

## ਈਡੀ ਦੀ ਜਾਂਚ ’ਚ ਵੱਡਾ ਖ਼ੁਲਾਸਾ; ਮੰਤਰੀ ਦੀ ਕੰਪਨੀ ਨੇ ਮਜ਼ਦੂਰ ਦੇ ਖਾਤਿਆਂ ’ਚ ਭੇਜੇ 27.73 ਕਰੋੜ ਰੁਪਏ

ਚੰਡੀਗੜ੍ਹ : ਜਦੋਂ ਐਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ ਕੈਬਨਿਟ ਮੰਤਰੀ ਸੰਜੀਵ ਅਰੋੜਾ ਦੇ ਖਾਤਿਆਂ ਦੀ ਫਰੋਲਾ ਫਰਾਲੀ ਕੀਤੀ ਤਾਂ ਇੱਕ ਦਿਹਾੜੀਦਾਰ ਮਜ਼ਦੂਰ ਕਮਲ ਅਹਿਮਦ ਕਰੋੜਪਤੀ ਫ਼ਰਮ ਦਾ ਮਾਲਕ ਨਿਕਲਿਆ। ਈ ਡੀ ਨੇ ਗੁਰੂਗਰਾਮ ਦੀ ਪੀ.ਐੱਮ.ਐੱਲ.ਏ ਵਿਸ਼ੇਸ਼ ਅਦਾਲਤ ’ਚ ਸੁਣਵਾਈ ਦੌਰਾਨ ਇਹ ਤੱਥ ਰੱਖੇ ਹਨ। ਈ ਡੀ ਅਨੁਸਾਰ ਕੈਬਨਿਟ ਮੰਤਰੀ ਸੰਜੀਵ ਅਰੋੜਾ ਦੀ ਕੰਪਨੀ ਹੈਮਪਟਨ ਸਕਾਈ ਰਿਐਲਟੀ ਲਿਮਟਿਡ ਨੇ 27.73 ਕਰੋੜ ਦੀ ਟਰਾਂਸਫ਼ਰ ਦਿੱਲੀ ਦੀ ਇੱਕ ਅਜਿਹੀ ਫ਼ਰਮ ਨੂੰ ਕੀਤੀ ਹੈ ਜਿਸ ਦਾ ਮਾਲਕ ਦਿਹਾੜੀਦਾਰ ਮਜ਼ਦੂਰ ਹੈ।


ਦਿਹਾੜੀਦਾਰ ਮਜ਼ਦੂਰ ਕਮਲ ਅਹਿਮਦ ਦਿੱਲੀ ਦੇ ਉੱਤਰੀ ਘੋਂਡਾ ਦਾ ਰਹਿਣ ਵਾਲਾ ਹੈ ਜਿਸ ਨੇ ਈ ਡੀ ਕੋਲ ਬਿਆਨ ਦਰਜ ਕਰਾਏ ਹਨ ਕਿ ਉਹ ਤਾਂ ਬਹੁਤਾ ਪੜਿਆ ਲਿਖਿਆ ਨਹੀਂ ਹੈ ਅਤੇ ਨਾ ਹੀ ਉਸ ਨੂੰ ਕੰਪਨੀ ਆਦਿ ਬਾਰੇ ਕੋਈ ਗਿਆਨ ਹੀ ਹੈ। ਮਜ਼ਦੂਰ ਕਮਲ ਅਹਿਮਦ ਨੇ ਬਿਆਨ ਦਰਜ ਕਰਾਏ ਕਿ ਅਜ਼ਹਰ ਹੈਦਰ ਉਰਫ਼ ਮੋਂਟੀ ਨਾਮ ਦੇ ਵਿਅਕਤੀ ਨੇ ਉਸ ਦਾ ਅਧਾਰ ਅਤੇ ਪੈਨ ਕਾਰਡ ਲੈਣ ਤੋਂ ਇਲਾਵਾ ਕਾਗ਼ਜ਼ਾਂ ’ਤੇ ਦਸਤਖ਼ਤ ਲਏ ਸਨ। ਹੈਦਰ ਨੇ ਖ਼ੁਦ ਵੀ ਮੰਨਿਆ ਹੈ ਕਿ ਉਸ ਨੇ ਡੇਢ ਦੋ ਫ਼ੀਸਦੀ ਕਮਿਸ਼ਨ ਦੇ ਅਧਾਰ ’ਤੇ ਇਹ ਕੰਮ ਕੀਤਾ ਹੈ। ਸੰਜੀਵ ਅਰੋੜਾ ਦੀ ਫ਼ਰਮ ਨੇ ਅਗਸਤ 2023 ਤੋਂ ਜਨਵਰੀ 2024 ਦੇ ਦਰਮਿਆਨ ਕਥਿਤ ਤੌਰ ’ਤੇ ਐੱਸ ਕੇ ਐਂਟਰਪ੍ਰਾਈਜ਼ਿਜ਼ ਦੇ ਕਈ ਬੈਂਕ ਖਾਤਿਆਂ ’ਚ 41 ਆਰ ਟੀ ਜੀ ਐੱਸ ਭੁਗਤਾਨਾਂ ਜ਼ਰੀਏ 27.73 ਕਰੋੜ ਰੁਪਏ ਟਰਾਂਸਫ਼ਰ ਕੀਤੇ ਜਿਸ ਫ਼ਰਮ ਦਾ ਮਾਲਕ ਦਿਹਾੜੀਦਾਰ ਮਜ਼ਦੂਰ ਹੈ।



ਅਰੋੜਾ ਪਰਿਵਾਰ ਦੀਆਂ ਫ਼ਰਮਾਂ ਨੇ 157.12 ਕਰੋੜ ਦੇ ਮੋਬਾਈਲ ਫੋਨਾਂ ਦੀ ਵਿੱਕਰੀ ਸਥਾਨਿਕ ਅਤੇ ਵਿਦੇਸ਼ੀ ਕੰਪਨੀਆਂ ਨੂੰ ਦਿਖਾਈ ਹੈ। ਸੰਜੀਵ ਅਰੋੜਾ ਇਸ ਵੇਲੇ ਈ ਡੀ ਕੋਲ ਰਿਮਾਂਡ ’ਤੇ ਚੱਲ ਰਹੇ ਹਨ ਅਤੇ ਅਰੋੜਾ ਨੇ ਇਸ ਗ੍ਰਿਫ਼ਤਾਰੀ ਦੇ ਖ਼ਿਲਾਫ਼ ਪੰਜਾਬ ਤੇ ਹਰਿਆਣਾ ਹਾਈ ਕੋਰਟ ਤੱਕ ਵੀ ਪਹੁੰਚ ਕੀਤੀ ਹੈ।

# ਕੈਲੇਫੋਰਨੀਆਂ ਤੋਂ ਗਾਇਕ ਅਵਤਾਰ ਗਰੇਵਾਲ ਦੇ ਗੀਤ "ਸੇਵਾ ਦੀ ਦਾਤ" ਨੂੰ ਮਿਲ ਰਿਹਾ ਭਰਵਾਂ ਹੁੰਗਾਰਾ

ਫਰਿਜ਼ਨੋ/ਕੈਲੇਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ): ਕੈਲੇਫੋਰਨੀਆਂ ਵਿੱਚ ਦਿਲਦਾਰ ਮਿਊਜ਼ੀਕਲ ਬ੍ਰਦਰਜ਼ ਗਰੁੱਪ ਦੇ ਮੋਢੀ ਰਹਿ ਚੁੱਕੇ ਗਾਇਕ ਅਵਤਾਰ ਗਰੇਵਾਲ ਦਾ ਪੰਜਾਬੀ ਧਾਰਮਿਕ ਗੀਤ "ਸੇਵਾ ਦੀ ਦਾਤ" ਰਿਲੀਜ਼ ਹੋ ਚੁੱਕਿਆ ਹੈ। ਜਿਸ ਦੇ ਗੀਤਕਾਰ ਜੱਗਾ ਗਿੱਲ ਹੈ। ਗਾਇਕ ਅਤੇ ਗੀਤਕਾਰ ਦੋਨੋ ਹੀ ਕੈਲੇਫੋਰਨੀਆਂ ਤੋਂ ਹਨ। ਜਦ ਕਿ ਸੰਗੀਤ ਰੋਹਿਤ ਸਿੱਧੂ ਨੇ ਦਿੱਤਾ ਹੈ। ਇਹ ਧਾਰਮਿਕ ਗੀਤ ਗੁਰਸਿੱਖਾਂ ਦੀਆਂ ਸੇਵਾ ਪ੍ਰਤੀ ਭਾਵਨਾਵਾਂ ਨਾਲ ਜੁੜਿਆ ਹੋਇਆ ਹੈ। ਆਪਣੇ "ਦਿਲਦਾਰ ਬ੍ਰਦਰਜ਼ ਮਿਊਜ਼ੀਕਲ ਗਰੁੱਪ ਕੈਲੇਫੋਰਨੀਆਂ" ਦੇ ਪ੍ਰਸਿੱਧ ਗਾਇਕ ਅਵਤਾਰ ਗਰੇਵਾਲ ਨੇ ਹਮੇਸ਼ਾ ਵਧੀਆਂ ਗੀਤ ਪੰਜਾਬੀ ਮਿਊਜ਼ਿਕ ਇੰਡਸਟਰੀ ਨੂੰ ਦਿੱਤੇ ਹਨ। ਜਿੰਨ੍ਹਾਂ ਵਿੱਚ ਬਹੁਤ ਸਾਰੇ ਸੱਭਿਆਚਾਰਿਕ ਅਤੇ ਧਾਰਮਿਕ ਗੀਤ ਸ਼ਾਮਲ ਹਨ। ਹੁਣ ਰਿਲੀਜ਼ ਹੋਣ ਜਾ ਰਹੇ ਗੀਤ "ਸੇਵਾ ਦੀ ਦਾਤ"ਦੀ ਵੀਡੀਓ ਵੀ ਸਾਡੇ ਅਜ਼ੀਜ਼ ਦੋਸਤ ਕੁਮਾਰ ਵਿਨੋਦ ਦੀ ਨਿਰਦੇਸ਼ਨਾ ਵਿੱਚ ਬਹੁਤ ਵਧੀਆ ਬਣਾਈ ਗਈ ਹੈ। ਜਦ ਕਿ ਸੰਗੀਤ ਰੋਹਿਤ ਸਿੱਧੂ ਦਾ ਹੈ। ਇਸ ਗੀਤ ਨੂੰ K Dhalian YouTube (ਯੂਟਿਊਬ) 'ਤੇ ਰਿਲੀਜ਼ ਕੀਤਾ ਗਿਆ ਹੈ। ਇਸ ਗੀਤ ਦੀ ਵੀਡੀਉ ਵੀ ਕੁਮਾਰ




ਵਿਨੋਦ ਦੀ ਨਿਰਦੇਸ਼ਨਾ ਅਧੀਨ ਬਹੁਤ ਪਿਆਰੀ ਬਣਾਈ ਗਈ ਹੈ। ਇਸ ਗੀਤ ਨੂੰ ਸਮੁੱਚੇ ਭਾਈਚਾਰੇ ਅਤੇ ਸੰਗੀਤ ਜਗਤ ਨਾਲ ਜੁੜੀਆਂ ਸਖਸੀਅਤਾਂ ਵੱਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਅਸੀਂ "ਧਾਲੀਆਂ ਅਤੇ ਮਾਛੀਕੇ ਮੀਡੀਆਂ ਅਮਰੀਕਾ" ਵੱਲੋਂ ਸਮੁੱਚੀ ਟੀਮ ਨੂੰ ਵਧਾਈ ਦਿੰਦੇ ਹਾਂ। ਉਮੀਦ ਕਰਦੇ ਹਾਂ ਕਿ ਸਮੁੱਚੀ ਟੀਮ ਭਵਿੱਖ ਵਿੱਚ ਅਜਿਹੇ ਹੋਰ ਮਿਆਰੀ ਗੀਤਾਂ ਰਾਹੀਂ ਸੱਭਿਆਚਾਰਕ ਵਿਰਸੇ ਦਾ ਮਾਣ ਵਧਾਉਂਦੀ ਰਹੇਗੀ।

# ਕੈਲਗਰੀ ਵਿਖੇ ਖ਼ਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਨਗਰ ਕੀਰਤਨ ਸਜਾਇਆ

ਕੈਲਗਰੀ : ਖ਼ਾਲਸਾ ਸਾਜਨਾ ਦਿਵਸ ਤੇ ਸਿੱਖਾਂ ਦੇ 'ਖ਼ਾਲਸਾ ਡੇਅ ਪ੍ਰੇਡ' ਵਜੋਂ ਮਨਾਏ ਜਾਂਦੇ ਸਾਲਾਨਾ 28ਵੇਂ ਕੈਲਗਰੀ ਨਗਰ ਕੀਰਤਨ 'ਚ ਸੰਗਤ ਦਾ ਬੇਮਿਸਾਲ ਇਕੱਠ ਦੇਖਣ ਨੂੰ ਮਿਲਿਆ। ਸ੍ਰੀ ਸਹਿਜ ਪਾਠ ਦੇ ਭੋਗ ਪੈਣ ਉਪਰੰਤ ਨਗਰ ਕੀਰਤਨ ਗੁਰਦੁਆਰਾ ਦਸਮੇਸ਼ ਕਲਚਰ ਸੈਂਟਰ ਕੈਲਗਰੀ ਤੋਂ ਪੰਜ ਪਿਆਰਿਆਂ ਦੀ ਅਗਵਾਈ 'ਚ ਜੈਕਾਰਿਆਂ ਦੀ ਗੂੰਜ 'ਚ ਆਰੰਭ ਹੋਇਆ। ਇਸ ਨਗਰ ਕੀਰਤਨ 'ਚ ਇਕ ਲੱਖ 80 ਹਜ਼ਾਰ ਤੋਂ ਵੱਧ ਦੀ ਗਿਣਤੀ ਵਿਚ ਸੰਗਤ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਸਿੱਖਾਂ ਤੋਂ ਇਲਾਵਾ ਕੈਨੇਡੀਅਨ ਭਾਈਚਾਰਿਆਂ ਨੇ ਵੀ ਹਾਜ਼ਰੀ ਭਰੀ। ਕੈਲਗਰੀ ਤੋਂ ਇਲਾਵਾ ਐਡਮਿੰਟਨ, ਸਰੀ, ਵੈਨਕੂਵਰ, ਐਬਟਸਫੋਰਡ, ਟੋਰਾਂਟੋ ਤੋਂ ਸੰਗਤ ਨੇ ਹਾਜ਼ਰੀ ਭਰੀ। ਸੰਗਤ ਦੀ ਵੱਡੀ ਗਿਣਤੀ ਕਰਕੇ ਕੈਲਗਰੀ ਕੇਸਰੀ, ਨੀਲੀਆਂ ਦਸਤਾਰਾਂ ਤੇ ਦੁਪੱਟਿਆਂ ਦੇ ਰੰਗ 'ਚੋਂ ਪੂਰੀ ਤਰ੍ਹਾਂ ਰੰਗਿਆ ਨਜ਼ਰ ਆ ਰਿਹਾ ਸੀ। ਗਤਕੇ ਦੀ ਟੀਮ ਨਗਰ ਕੀਰਤਨ ਸਮੇਂ ਖਿੱਚ ਦਾ ਕੇਂਦਰ ਬਣੀ ਰਹੀ। ਇਸ ਮੌਕੇ ਰਸਤੇ 'ਚ ਥਾਂ-ਥਾਂ 'ਤੇ ਲੰਗਰ ਲਗਾਏ ਗਏ ਸਨ। ਨਗਰ ਕੀਰਤਨ ਦੀ ਮੁੱਖ ਸਟੇਜ ਪ੍ਰੇਰੀਵਿੰਡ ਪਾਰਕ 'ਚ ਲਗਾਈ ਗਈ ਜਿਥੋਂ ਢਾਡੀ ਜਥਿਆ ਤੇ ਰਾਗੀ ਜਥਿਆਂ ਨੇ



ਗੁਰਬਾਣੀ ਕੀਰਤਨ ਰਾਹੀਂ ਸੰਗਤ ਨੂੰ ਨਿਹਾਲ ਕੀਤਾ। ਇਸ ਸਮੇਂ ਅਲਬਰਟਾ ਦੀ ਮੁੱਖ ਮੰਤਰੀ ਡੈਨੀਅਲ ਸਮਿੱਥ, ਸੰਸਦ ਮੈਂਬਰ ਜਸਰਾਜ ਸਿੰਘ ਹੱਲਣ, ਸੰਸਦ ਮੈਂਬਰ ਅਮਨਪ੍ਰੀਤ ਸਿੰਘ ਗਿੱਲ, ਸੰਸਦ ਮੈਂਬਰ ਦਲਵਿੰਦਰ ਸਿੰਘ ਗਿੱਲ, ਕੈਲਗਰੀ ਸ਼ਹਿਰ ਦੇ ਮੇਅਰ ਜੈਮੀ ਫਰਕਿਸ, ਕੌਂਸਲਰ ਰਾਜ ਧਾਲੀਵਾਲ, ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਨਾਹੀਦ ਨੈਨਸੀ ਨੇ ਵੀ ਸੰਗਤ ਨੂੰ ਵਧਾਈ ਦਿੱਤੀ। ਇਸ ਮੌਕੇ ਮੰਤਰੀ ਮਿੱਕੀ ਐਮਰੀ ਨੇ ਮਈ ਮਹੀਨੇ ਦਾ ਦੂਜਾ ਹਫਤਾ 'ਡਰੱਗ ਅਵੇਅਰਨਸ' ਹਫਤਾ ਐਲਾਨਿਆ। ਸਟੇਜ ਸਕੱਤਰ ਦੀ ਸੇਵਾ ਭਾਈ ਰਣਬੀਰ ਸਿੰਘ ਪਰਮਾਰ ਤੇ ਭਾਈ ਰਵਿੰਦਰ ਸਿੰਘ ਤੱਬੜ ਹੁਰਾਂ ਵਲੋਂ ਨਿਭਾਈ ਗਈ। ਨਗਰ ਕੀਰਤਨ ਸਮੇਂ ਖਾਲਿਸਤਾਨ ਜ਼ਿੰਦਾਬਾਦ ਦੇ ਨਾਅਰਿਆਂ ਨਾਲ ਕੈਲਗਰੀ ਸ਼ਹਿਰ ਗੂੰਜ ਉੱਠਿਆ। ਇਸ ਸਮੇਂ ਵਿਧਾਨ ਸਭਾ ਦੇ ਸਪੀਕਰ ਰਿਕ ਮਕੈਵਰ, ਪਰਮੀਤ ਸਿੰਘ ਬੋਪਾਰਾਏ ਵਿਧਾਇਕ, ਗੁਰਿੰਦਰ ਸਿੰਘ ਬਰਾੜ ਵਿਧਾਇਕ, ਹਰਦਿਆਲ ਸਿੰਘ ਹੈਪੀ ਮਾਨ, ਜਤਿੰਦਰ ਸਿੰਘ ਤਤਲਾ, ਕੈਬਨਿਕ ਮੰਤਰੀ ਰਾਜਨ ਸਾਹਨੀ, ਕਿਰਨ ਰੰਧਾਵਾ ਕੌਂਸਲਰ, ਕੈਬਨਿਟ ਮੰਤਰੀ ਮਿੱਕੀ ਐਮਰੀ ਨੇ ਵੀ ਹਾਜ਼ਰੀ ਭਰੀ। ਅਖੀਰ ਵਿਚ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਭਾਈ ਹਰਪਾਲ ਸਿੰਘ ਗਰੇਵਾਲ, ਚੇਅਰਮੈਨ ਰਣਬੀਰ ਸਿੰਘ ਪਰਮਾਰ ਤੇ ਜਨਰਲ ਸਕੱਤਰ ਦਲਜੀਤ ਸਿੰਘ ਢਿੱਲੋਂ ਨੇ ਸਾਰੇ ਵਲੰਟੀਅਰ, ਪ੍ਰਬੰਧਕ ਕਮੇਟੀ, ਪ੍ਰਸ਼ਾਸਨ, ਕੈਲਗਰੀ ਪੁਲਿਸ ਤੇ ਸੰਗਤ ਦਾ ਧੰਨਵਾਦ ਕਰਦਿਆਂ ਖ਼ਾਲਸਾ ਸਾਜਨਾ ਦਿਵਸ ਦੀ ਵਧਾਈ ਦਿੱਤੀ

# ਕੁਸ਼ਤੀ ਫੈਡਰੇਸ਼ਨ ਨੇ ਵਿਨੇਸ਼ ਫੋਗਾਟ ਨੂੰ ਖੇਡਣ ਤੋਂ ਰੋਕਿਆ

## ਅਨੁਸ਼ਾਸਨੀ ਜਾਂਚ ਅਤੇ ਨੋਟਿਸ ਦਾ ਹਵਾਲਾ ਦਿੱਤਾ; ਪਹਿਲਵਾਨ ਨੇ ਫੈਡਰੇਸ਼ਨ ਦੀ ਕਾਰਵਾਈ ਨੂੰ ਸਾਜ਼ਿਸ਼ ਦੱਸਿਆ

ਗੋਂਡਾ : ਭਾਰਤੀ ਕੁਸ਼ਤੀ ਫੈਡਰੇਸ਼ਨ (ਡਬਲਿਊ ਐੱਫ ਆਈ) ਨੇ ਪਹਿਲਵਾਨ ਵਿਨੇਸ਼ ਫੋਗਾਟ ਦੇ ਨੈਸ਼ਨਲ ਓਪਨ ਰੈਂਕਿੰਗ ਟੂਰਨਾਮੈਂਟ ਵਿੱਚ ਖੇਡਣ 'ਤੇ ਰੋਕ ਲਾ ਦਿੱਤੀ ਹੈ। ਫੈਡਰੇਸ਼ਨ ਨੇ ਇਹ ਕਾਰਵਾਈ ਵਿਨੇਸ਼ ਵੱਲੋਂ ਅਨੁਸ਼ਾਸਨੀ ਨਿਯਮਾਂ ਦੀ ਕਥਿਤ ਉਲੰਘਣਾ ਅਤੇ ਕਾਰਨ ਦੱਸੋ ਨੋਟਿਸ ਦਾ ਤਸੱਲੀਬਖ਼ਸ਼ ਜਵਾਬ ਨਾ ਦੇਣ ਦਾ ਹਵਾਲਾ ਦਿੰਦਿਆਂ ਕੀਤੀ ਹੈ। ਫੈਡਰੇਸ਼ਨ ਦਾ ਕਹਿਣਾ ਹੈ ਕਿ ਜਦੋਂ ਤੱਕ ਅਨੁਸ਼ਾਸਨੀ ਪੈਨਲ ਦੀ ਜਾਂਚ ਮੁਕੰਮਲ ਨਹੀਂ ਹੁੰਦੀ, ਉਦੋਂ ਤੱਕ ਉਸ ਨੂੰ ਮੁਕਾਬਲਿਆਂ ਵਿੱਚ ਹਿੱਸਾ ਲੈਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ।



ਵਿਨੇਸ਼ ਫੋਗਾਟ ਨੇ ਫੈਡਰੇਸ਼ਨ ਦੇ ਇਸ ਫ਼ੈਸਲੇ ਨੂੰ ਸੋਚੀ-ਸਮਝੀ ਸਾਜ਼ਿਸ਼ ਕਰਾਰ ਦਿੱਤਾ ਹੈ। ਉਸ ਦਾ ਕਹਿਣਾ ਹੈ ਕਿ ਉਸ ਨੂੰ ਕੁਸ਼ਤੀ ਤੋਂ ਦੂਰ ਰੱਖਣ ਅਤੇ ਸੰਨਿਆਸ ਲੈਣ ਲਈ ਮਜਬੂਰ ਕਰਨ ਵਾਸਤੇ ਇਹ ਅੜਿੱਕੇ ਡਾਹੇ ਜਾ ਰਹੇ ਹਨ। ਵਿਨੇਸ਼ ਮੁਤਾਬਕ ਉਸ ਨੇ ਕਿਸੇ ਵੀ ਡੋਪਿੰਗ ਨਿਯਮ ਦੀ ਉਲੰਘਣਾ ਨਹੀਂ ਕੀਤੀ ਅਤੇ ਉਹ ਪੂਰੀ ਤਰ੍ਹਾਂ ਖੇਡਣ ਦੇ ਯੋਗ ਹੈ। ਉਸ ਨੇ ਦੋਸ਼ ਲਾਇਆ ਕਿ ਫੈਡਰੇਸ਼ਨ ਨੇ ਜਾਣਬੁੱਝ ਕੇ ਟੂਰਨਾਮੈਂਟ ਤੋਂ ਐਨ ਪਹਿਲਾਂ ਨੋਟਿਸ ਭੇਜਿਆ ਤਾਂ ਜੋ ਉਹ ਕਾਨੂੰਨੀ ਮਦਦ ਨਾ ਲੈ ਸਕੇ। ਗੋਂਡਾ ਵਿੱਚ ਹੋਣ ਵਾਲੇ ਇਸ ਟੂਰਨਾਮੈਂਟ ਲਈ ਜਦੋਂ ਵਿਨੇਸ਼ ਆਪਣੇ ਦਸਤਾਵੇਜ਼ ਜਮ੍ਹਾਂ ਕਰਵਾਉਣ ਪਹੁੰਚੀ ਤਾਂ ਫੈਡਰੇਸ਼ਨ ਨੇ ਉਨ੍ਹਾਂ ਨੂੰ ਸਵੀਕਾਰ ਨਹੀਂ ਕੀਤਾ। ਫੈਡਰੇਸ਼ਨ ਦੇ ਪ੍ਰਧਾਨ ਸੰਜੈ ਸਿੰਘ ਨੇ ਕਿਹਾ ਕਿ ਵਿਨੇਸ਼ ਨੇ ਪਿਛਲੇ ਸਮੇਂ ਦੌਰਾਨ ਦੋ ਭਾਰ ਵਰਗਾਂ ਵਿੱਚ ਹਿੱਸਾ ਲੈਣ ਸਮੇਤ ਹੋਰ ਨਿਯਮਾਂ ਬਾਰੇ ਸਪੱਸ਼ਟੀਕਰਨ ਨਹੀਂ ਦਿੱਤਾ। ਦੂਜੇ ਪਾਸੇ, ਵਿਨੇਸ਼ ਨੇ ਸਪੱਸ਼ਟ ਕੀਤਾ ਕਿ ਉਸ ਨੇ ਦਸੰਬਰ ਵਿੱਚ ਹੀ ਵਾਪਸੀ ਬਾਰੇ ਸੂਚਿਤ ਕਰ ਦਿੱਤਾ ਸੀ, ਫਿਰ ਫੈਡਰੇਸ਼ਨ ਨੇ ਐਨ ਮੌਕੇ 'ਤੇ ਨੋਟਿਸ ਕਿਉਂ ਜਾਰੀ ਕੀਤਾ। ਉਸ ਨੇ ਫੈਡਰੇਸ਼ਨ ਅਧਿਕਾਰੀਆਂ ਦੀ ਭਾਸ਼ਾ 'ਤੇ ਸਵਾਲ ਚੁੱਕਦਿਆਂ ਕਿਹਾ ਕਿ ਦੇਸ਼ ਲਈ ਖੇਡਣ ਦੇ ਬਾਵਜੂਦ ਉਸ ਨੂੰ ਟੁਕੜੇ ਟੁਕੜੇ ਗੈਂਗ ਜਾਂ ਅਤਿਵਾਦੀ ਕਿਹਾ ਜਾ ਰਿਹਾ ਹੈ। ਇਸ ਦੌਰਾਨ ਉਸ ਨੂੰ ਅਭਿਆਸ ਲਈ ਵੀ ਕੋਈ ਥਾਂ ਨਹੀਂ ਦਿੱਤੀ ਗਈ।

# USA ਦਬਾਅ ਪਾਉਣਾ ਬੰਦ ਕਰੇ: ਇਰਾਨ

## ਖੇਤਰੀ ਤਣਾਅ ਨਾਲ ਸਿੱਝਣ ਲਈ ਇਰਾਨ ਕੋਲ ਕਈ ਬਦਲ ਹੋਣ ਦਾ ਦਾਅਵਾ; ਟਰੰਪ ਨੇ ਇਰਾਨ ਦੀਆਂ ਸ਼ਰਤਾਂ ਨਕਾਰੀਆਂ

ਤਹਿਰਾਨ : ਇਰਾਨ ਨੇ ਅਮਰੀਕਾ ਨੂੰ ਕਿਹਾ ਹੈ ਕਿ ਉਹ ਇਕਪਾਸੜ ਦਬਾਅ ਪਾਉਣਾ ਬੰਦ ਕਰ ਕੇ ਤਹਿਰਾਨ ਵੱਲੋਂ ਦਿੱਤੀਆਂ ਗਈਆਂ ਜਾਇਜ਼ ਸ਼ਰਤਾਂ ਨੂੰ ਮੰਨੇ। ਇਰਾਨ ਨੇ ਦਾਅਵਾ ਕੀਤਾ ਕਿ ਉਸ ਦੀਆਂ ਸ਼ਰਤਾਂ ਬਿਲਕੁਲ ਜਾਇਜ਼ ਹਨ। ਇਰਾਨੀ ਰਾਸ਼ਟਰਪਤੀ ਮਸੂਦ ਪੇਜ਼ੇਸ਼ਕੀਅਨ ਨੇ ਕਿਹਾ ਕਿ ਖੇਤਰੀ ਤਣਾਅ ਨਾਲ ਸਿੱਜਣ ਲਈ ਉਨ੍ਹਾਂ ਕੋਲ ਕਈ ਰਾਹ ਹਨ ਜਿਨ੍ਹਾਂ ਵਿੱਚ 'ਮਾਣ-ਸਨਮਾਨ' ਅਤੇ 'ਅਧਿਕਾਰ' ਨਾਲ ਕੀਤੀ ਜਾਣ ਵਾਲੀ ਗੱਲਬਾਤ ਵੀ ਸ਼ਾਮਲ ਹੈ। ਉਨ੍ਹਾਂ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਕਿ ਦੇਸ਼ ਦੀਆਂ ਫ਼ੌਜੀ ਪ੍ਰਾਪਤੀਆਂ ਨੂੰ ਕੂਟਨੀਤੀ ਰਾਹੀਂ ਹੋਰ ਮਜ਼ਬੂਤ ਕੀਤਾ ਜਾਣਾ ਚਾਹੀਦਾ ਹੈ। ਇਹ ਬਿਆਨ ਉਦੋਂ ਆਏ ਹਨ ਜਦੋਂ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਇਰਾਨ ਦੀਆਂ ਸ਼ਰਤਾਂ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ। ਉਂਝ, ਰਿਪਬਲਿਕਨ ਸੈਨੇਟਰ ਲਿੰਡਸੇ ਗ੍ਰਾਹਮ ਨੇ ਕਿਹਾ ਕਿ ਟਰੰਪ ਨੂੰ ਹੁਣ ਫ਼ੌਜੀ ਕਾਰਵਾਈ ਬਾਰੇ ਵਿਚਾਰ ਕਰਨਾ ਚਾਹੀਦਾ ਹੈ।

ਇਰਾਨੀ ਵਿਦੇਸ਼ ਮੰਤਰਾਲੇ ਦੇ ਤਰਜਮਾਨ ਇਸਮਾਈਲ ਬਗ਼ਾਈ ਨੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮੁਲਕ ਵੱਲੋਂ ਸ਼ਾਂਤੀ ਲਈ ਭੇਜੀਆਂ ਤਜਵੀਜ਼ਾਂ ਨਾ ਸਿਰਫ਼ ਕੌਮੀ ਹਿੱਤਾਂ ਦੀ ਰਾਖੀ ਵੱਲ ਕੇਂਦਰਤ ਹਨ ਸਗੋਂ ਇਹ ਖੇਤਰੀ ਅਤੇ ਆਲਮੀ ਸਥਿਰਤਾ ਵੀ ਯਕੀਨੀ



ਬਣਾਉਂਦੀਆਂ ਹਨ। ਉਨ੍ਹਾਂ ਚਿਤਾਵਨੀ ਦਿੱਤੀ ਕਿ ਹਰਮੁਜ਼ ਜਲ ਮਾਰਗ ਦੇ ਮਾਮਲੇ 'ਚ ਜੇ ਕਿਸੇ ਨੇ ਦਖ਼ਲ ਦੇਣ ਦੀ ਕੋਸ਼ਿਸ਼ ਕੀਤੀ ਤਾਂ ਇਸ ਨਾਲ ਹਾਲਾਤ ਹੋਰ ਗੁੰਝਲਦਾਰ ਹੋਣਗੇ। ਇਰਾਨੀ ਸਟੂਡੈਂਟਸ ਨਿਊਜ਼ ਏਜੰਸੀ ਮੁਤਾਬਕ ਰਾਸ਼ਟਰਪਤੀ ਪੇਜ਼ੇਸ਼ਕੀਅਨ ਨੇ ਇਹ ਟਿੱਪਣੀਆਂ ਫਰਾਜ਼ ਪੁਲੀਸ ਬਲ ਦੇ ਕਮਾਂਡਰ-ਇਨ-ਚੀਫ ਅਤੇ ਸੀਨੀਅਰ ਕਮਾਂਡਰਾਂ ਦੇ ਗਰੁੱਪ ਨਾਲ ਮੀਟਿੰਗ ਦੌਰਾਨ ਕੀਤੀਆਂ। ਮੀਟਿੰਗ ਵਿੱਚ ਉਨ੍ਹਾਂ ਉਸ ਕਾਰਵਾਈ ਬਾਰੇ ਰਿਪੋਰਟ ਹਾਸਲ ਕੀਤੀ ਜਿਸ ਨੂੰ ਇਰਾਨੀ ਅਧਿਕਾਰੀਆਂ ਨੇ 'ਹਾਲੀਆ ਥੋਪੀ ਗਈ ਜੰਗ' ਦੱਸਿਆ ਹੈ। ਮੀਟਿੰਗ ਦੌਰਾਨ ਪੇਜ਼ੇਸ਼ਕੀਅਨ ਨੇ ਦੇਸ਼ ਦੇ ਅੰਦਰੂਨੀ ਸੁਰੱਖਿਆ ਢਾਂਚੇ ਨੂੰ ਮਜ਼ਬੂਤ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਇਰਾਨ ਦੇ ਭਵਿੱਖ ਬਾਰੇ ਕਿਹਾ ਕਿ ਤਹਿਰਾਨ ਸਾਹਮਣੇ ਕਈ ਬਦਲ ਮੌਜੂਦ ਹਨ ਜਿਨ੍ਹਾਂ ਵਿੱਚ ਸਵੈ-ਮਾਣ, ਅਧਿਕਾਰ ਅਤੇ ਰਾਸ਼ਟਰੀ ਹਿੱਤਾਂ ਦੀ ਰਾਖੀ ਕਰਦੇ ਹੋਏ ਗੱਲਬਾਤ ਦੇ ਦੌਰ ਵਿੱਚ ਸ਼ਾਮਲ ਹੋਈਏ ਜਾਂ ਫਿਰ ਟਕਰਾਅ ਵਾਲੇ ਰਾਹ 'ਤੇ ਚੱਲਣਾ ਜਾਰੀ ਰੱਖੀਏ।

# ਭਾਰਤੀ ਮੂਲ ਦੇ ਅਮਰੀਕੀ ਨਾਗਰਿਕ ਦੀ ਨਾਗਰਿਕਤਾ ਰੱਦ

ਨਿਊਯਾਰਕ : ਭਾਰਤੀ ਮੂਲ ਦਾ ਇਕ 62 ਸਾਲਾ ਵਿਅਕਤੀ ਨਿਵੇਸ਼ਕਾਂ ਨਾਲ ਧੋਖਾਦੇਹੀ ਕਰਨ ਕਰ ਕੇ ਅਮਰੀਕੀ ਨਾਗਰਿਕਤਾ ਰੱਦ ਕੀਤੇ ਜਾਣ ਦੀ ਕਾਨੂੰਨੀ ਪ੍ਰਕਿਰਿਆ ਦਾ ਸਾਹਮਣਾ ਕਰ ਰਿਹਾ ਹੈ। ਉਹ 2012 ਵਿਚ ਅਮਰੀਕੀ ਨਾਗਰਿਕ ਬਣਿਆ ਸੀ ਅਤੇ ਉਸ ਨੇ ਨਿਵੇਸ਼ਕਾਂ ਨਾਲ 25 ਲੱਖ ਅਮਰੀਕੀ ਡਾਲਰ ਦੀ ਧੋਖਾਦੇਹੀ ਕਰਨ ਦੀ ਸਾਜ਼ਿਸ਼ ਰਚੀ ਸੀ ਅਤੇ ਇਸ ਜਾਣਕਾਰੀ ਨੂੰ ਅਮਰੀਕੀ ਸੰਘੀ ਅਧਿਕਾਰੀਆਂ ਤੋਂ ਛੁਪਾਇਆ ਸੀ। ਦੇਬਾਸ਼ੀਸ਼ ਘੋਸ਼ ਜਨਮ ਤੋਂ ਅਮਰੀਕੀ ਨਾਗਰਿਕ ਨਹੀਂ ਸੀ ਪਰ ਉਸ ਨੇ ਬਾਅਦ ਵਿਚ ਕਾਨੂੰਨੀ ਪ੍ਰਕਿਰਿਆ ਪੂਰੀ ਕਰ ਕੇ ਅਮਰੀਕਾ ਦੀ ਨਾਗਰਿਕਤਾ ਪ੍ਰਾਪਤ ਕਰ ਲਈ ਸੀ। ਉਸ ਦੀ ਰਿਹਾਇਸ਼ ਇਲੀਨਾਇਸ ਵਿਚ ਕੁੱਕ ਕਾਊਂਟੀ ਦੱਸੀ ਗਈ ਹੈ। ਉਹ 1991 ਤੋਂ ਵੱਖ-ਵੱਖ ਗੈਰ-ਪ੍ਰਵਾਸੀ ਵੀਜ਼ਿਆਂ 'ਤੇ ਕਈ ਵਾਰ ਅਮਰੀਕਾ ਆਇਆ ਸੀ ਅਤੇ 2012 ਵਿਚ ਅਮਰੀਕੀ ਨਾਗਰਿਕ ਬਣਿਆ। ਘੋਸ਼ ਉਨ੍ਹਾਂ 12 ਲੋਕਾਂ ਵਿਚ ਸ਼ਾਮਲ ਹੈ, ਜਿਨ੍ਹਾਂ ਦੇ ਖ਼ ?ਲਾਫ਼ ਅਮਰੀਕਾ ਦੇ ਨਿਆਂ ਵਿਭਾਗ ਨੇ ਵੱਖ-ਵੱਖ ਅਦਾਲਤਾਂ ਵਿਚ ਨਾਗਰਿਕਤਾ ਰੱਦ ਕਰਨ ਸਬੰਧੀ ਮੁਕੱਦਮੇ ਦਾਇਰ ਕੀਤੇ ਹਨ।

# ਅਮਰੀਕਾ ਤੋਂ ਕੈਨੇਡਾ ਹਥਿਆਰਾਂ ਦੀ ਤਸਕਰੀ ਦੀ ਕੋਸ਼ਿਸ਼ ਨਾਕਾਮ, ਪਾਕਿਸਤਾਨੀ ਸਮੇਤ 3 ਗ੍ਰਿਫ਼ਤਾਰ

## ਬਰਾਮਦ ਕੀਤੇ ਗਏ ਹਥਿਆਰਾਂ ਵਿੱਚ ਘੱਟੋ-ਘੱਟ 17 ਚੋਰੀ ਦੀਆਂ ਬੰਦੂਕਾਂ ਸ਼ਾਮਲ

ਅਮਰੀਕਾ ਦੇ ਨਿਊਯਾਰਕ ਵਿੱਚ ਪੁਲਿਸ ਨੇ 89 ਹਥਿਆਰਾਂ ਦੀ ਤਸਕਰੀ ਦੀ ਇੱਕ ਵੱਡੀ ਸਾਜ਼ਿਸ਼ ਦਾ ਪਰਦਾਫਾਸ਼ ਕੀਤਾ ਹੈ। ਇਸ ਕਾਰਵਾਈ ਦੇ ਸਬੰਧ ਵਿੱਚ ਇੱਕ ਪਾਕਿਸਤਾਨੀ ਨਾਗਰਿਕ ਸਮੇਤ ਤਿੰਨ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਬਰਾਮਦ ਕੀਤੇ ਗਏ ਹਥਿਆਰਾਂ ਵਿੱਚ ਘੱਟੋ-ਘੱਟ 17 ਚੋਰੀ ਦੀਆਂ ਬੰਦੂਕਾਂ ਸ਼ਾਮਲ ਹਨ। ਸ਼ੱਕੀ ਇਨ੍ਹਾਂ ਹਥਿਆਰਾਂ ਨੂੰ ਅਮਰੀਕਾ ਤੋਂ ਕੈਨੇਡਾ ਤਸਕਰੀ ਕਰਨ ਦੀ ਕੋਸ਼ਿਸ਼ ਕਰ ਰਹੇ ਸਨ।

ਨਿਊਯਾਰਕ ਦੇ ਦੱਖਣੀ ਜ਼ਿਲ੍ਹੇ ਲਈ ਅਮਰੀਕੀ ਅਟਾਰਨੀ ਦਫ਼ਤਰ ਦੇ ਅਨੁਸਾਰ, ਵੀਰਵਾਰ ਨੂੰ, ਨਿਊਯਾਰਕ ਸਟੇਟ ਪੁਲਿਸ ਨੇ ਸਟੇਟ ਰੂਟ 90 'ਤੇ ਇੱਕ ਵਾਹਨ ਨੂੰ ਰੋਕਿਆ। ਪੁੱਛਗਿੱਛ ਦੌਰਾਨ, ਵਾਹਨ ਵਿੱਚ ਸਵਾਰਾਂ ਦੇ ਜਵਾਬ ਸ਼ੱਕੀ ਜਾਪਦੇ



ਸਨ। ਤਲਾਸ਼ੀ ਲੈਣ 'ਤੇ ਵੱਡੀ ਗਿਣਤੀ ਵਿੱਚ ਹਥਿਆਰ ਮਿਲੇ, ਜਿਨ੍ਹਾਂ ਵਿੱਚੋਂ ਕੁਝ ਕਾਰ ਦੀ ਪਿਛਲੀ ਸੀਟ ਪਿੱਛੇ ਲੁਕਾਏ ਹੋਏ ਸਨ।

ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਵਿੱਚੋਂ 22 ਸਾਲਾ ਮਲਿਕ ਬ੍ਰੌਮਫੀਲਡ ਕੈਨੇਡੀਅਨ ਨਾਗਰਿਕ ਹੈ। 25 ਸਾਲਾ ਫੈਜ਼ਾਨ ਅਲੀ ਪਾਕਿਸਤਾਨੀ ਨਾਗਰਿਕ ਹੈ, ਜਦੋਂ ਕਿ 22 ਸਾਲਾ ਕਮਾਲ ਸਲਮਾਨ ਕੋਲ ਕੈਨੇਡੀਅਨ, ਅਮਰੀਕੀ ਅਤੇ ਜਾਰਡਨ ਦੀ ਨਾਗਰਿਕਤਾ ਹੈ।

ਜਾਂਚ ਏਜੰਸੀਆਂ ਦੇ ਅਨੁਸਾਰ, ਫੈਜ਼ਾਨ ਅਲੀ ਕੋਲੋਂ ਕਿਸੇ ਹੋਰ ਵਿਅਕਤੀ ਦਾ ਮਿਆਦ ਪੁੱਗਿਆ ਪਾਕਿਸਤਾਨੀ ਰਾਸ਼ਟਰੀ ਡਰਾਈਵਿੰਗ ਪਰਮਿਟ ਵੀ ਮਿਲਿਆ।

ਤਿੰਨੋਂ ਮੁਲਜ਼ਮਾਂ 'ਤੇ ਸੰਯੁਕਤ ਰਾਜ ਅਮਰੀਕਾ ਵਿੱਚ ਹਥਿਆਰਾਂ ਦੀ ਗੈਰ-ਕਾਨੂੰਨੀ ਤਸਕਰੀ, ਬਿਨਾਂ ਲਾਇਸੈਂਸ ਵਾਲੇ ਹਥਿਆਰਾਂ ਦੀ ਤਸਕਰੀ, ਚੋਰੀ ਕੀਤੇ ਹਥਿਆਰਾਂ ਦੀ ਆਵਾਜਾਈ ਅਤੇ ਹਥਿਆਰਾਂ ਦੇ ਗੈਰ-ਕਾਨੂੰਨੀ ਕਬਜ਼ੇ ਸਮੇਤ ਦੋਸ਼ ਲਗਾਏ ਗਏ ਹਨ।



ਡਾ. ਗੁਰਿੰਦਰ ਸਿੰਘ ਗਰੇਵਾਲ
209-321-3771

ਬੇਅਦਬੀ ਦੀਆਂ ਵਾਰ-ਵਾਰ ਵਾਪਰ ਰਹੀਆਂ ਘਟਨਾਵਾਂ ਸਿੱਖ ਕੌਮ ਦੇ ਹਿਰਦੇ ਵਲੂੰਧਰ ਦਿੰਦੀਆਂ ਹਨ, ਪਰ ਕੀ ਸਿਰਫ਼ ਭਾਵੁਕ ਹੋਣਾ ਹੀ ਕਾਫ਼ੀ ਹੈ? ਅਕਸਰ ਅਸੀਂ ਘਟਨਾ ਤੋਂ ਬਾਅਦ ਰੋਸ ਮੁਜ਼ਾਹਰੇ ਤਾਂ ਕਰਦੇ ਹਾਂ, ਪਰ ਰੋਕਥਾਮ (Prevention) ਦੇ ਪੱਖੋਂ ਪਛੜ ਜਾਂਦੇ ਹਾਂ। ਇਸ ਹਫ਼ਤੇ ਡਾ. ਗੁਰਿੰਦਰ ਸਿੰਘ ਗ੍ਰੇਵਾਲ (MD) ਇੱਕ ਡਾਕਟਰੀ ਮਾਹਿਰ ਦੀ ਨਜ਼ਰ ਨਾਲ ਸਾਡੀਆਂ ਸੰਸਥਾਵਾਂ ਦੀਆਂ ਕਮੀਆਂ ਦਾ 'ਚੈੱਕਅਪ' ਕਰ ਰਹੇ ਹਨ। ਉਹਨਾਂ ਦਾ 'ਖਾਲਸਾ ਰੱਖਿਆ ਦਲ' ਦਾ ਪ੍ਰਸਤਾਵ ਕੋਈ ਮਹਿਜ਼ ਖ਼ਿਆਲ ਨਹੀਂ, ਸਗੋਂ ਇੱਕ ਅਜਿਹਾ ਵਿਗਿਆਨਕ ਮਾਡਲ ਹੈ ਜੋ ਐਸ.ਜੀ.ਪੀ.ਸੀ. ਦੇ ਬਜਟ ਦੇ 0.1% ਤੋਂ ਵੀ ਘੱਟ ਖ਼ਰਚੇ ਨਾਲ ਸਾਡੇ ਗੁਰਧਾਮਾਂ ਦੀ ਸੁਰੱਖਿਆ ਨੂੰ 100% ਯਕੀਨੀ ਬਣਾ ਸਕਦਾ ਹੈ। ਇਹ ਲੇਖ ਭਾਵੁਕਤਾ ਤੋਂ ਰਣਨੀਤੀ ਵੱਲ ਵਧਣ ਦਾ ਇੱਕ ਹੋਕਾ ਹੈ। -ਸਤਨਾਮ ਸਿੰਘ ਖਾਲਸਾ

## ਸਿਰਫ਼ $0.1 \%$ ਤੋਂ ਵੀ ਘੱਟ ਖ਼ਰਚਾ: ਕੀ 'ਖਾਲਸਾ ਰੱਖਿਆ ਦਲ' ਬਣ ਸਕਦਾ ਹੈ ਸਾਡੇ ਗੁਰਧਾਮਾਂ ਦੀ ਸੁਰੱਖਿਆ ਦੀ ਢਾਲ

# ਪੰਜਾਬ ਵਿੱਚ ਸਿੱਖ ਗੁਰਦੁਆਰਿਆਂ ਅਤੇ ਗੁਰੂ ਗ੍ਰੰਥ ਸਾਹਿਬ ਦੇ ਸਟਾਫ ਦੀ ਸੁਰੱਖਿਆ ਲਈ ਇੱਕ ਪ੍ਰਸਤਾਵ

**ਸਾਰ (Abstract)**

**ਸਧਾਰਨੀਕਰਨ, ਪਵਿੱਤਰ ਉਲੰਘਣਾ ਅਤੇ ਭਾਈਚਾਰਕ ਪ੍ਰਤੀਕਿਰਿਆ:** ਪੰਜਾਬ ਵਿੱਚ ਬੇਅਦਬੀ ਦੀਆਂ ਘਟਨਾਵਾਂ ਅਤੇ ਸੰਸਥਾਗਤ ਸੁਧਾਰ ਦੀ ਲੋੜ (ਸੰਮਿਲਿਤ: ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਰੋਕਥਾਮ ਸੁਧਾਰਾਂ ਦਾ ਮਾਮਲਾ)।

ਪੰਜਾਬ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਤਾਜ਼ਾ ਘਟਨਾਵਾਂ ਨੇ ਸਿੱਖ ਕੌਮ ਵਿੱਚ ਡੂੰਘੀ ਚਿੰਤਾ ਪੈਦਾ ਕੀਤੀ ਹੈ। ਇਹ ਚੁਣੌਤੀ ਸਿਰਫ਼ ਕਾਨੂੰਨ ਵਿਵਸਥਾ ਦੀ ਨਹੀਂ, ਸਗੋਂ ਸੰਸਥਾਗਤ ਲਚਕਤਾ, ਸਮੂਹਿਕ ਮਨੋਵਿਗਿਆਨ ਅਤੇ ਭਾਈਚਾਰਕ ਜ਼ਿੰਮੇਵਾਰੀ ਦੀ ਹੈ। ਬੇਅਦਬੀ ਦੀਆਂ ਵਾਰ-ਵਾਰ ਵਾਪਰ ਰਹੀਆਂ ਘਟਨਾਵਾਂ ਕਾਰਨ 'ਸਧਾਰਨੀਕਰਨ' (Normalization) ਦਾ ਖਤਰਾ ਪੈਦਾ ਹੋ ਰਿਹਾ ਹੈ, ਜਿਸ ਨਾਲ ਸਮੂਹਿਕ ਚੌਕਸੀ ਕਮਜ਼ੋਰ ਹੋ ਸਕਦੀ ਹੈ। ਇਹ ਲੇਖ ਦਲੀਲ ਦਿੰਦਾ ਹੈ ਕਿ ਸਿਰਫ਼ ਸਜ਼ਾ 'ਤੇ ਧਿਆਨ ਦੇਣ ਦੀ ਬਜਾਏ, ਰੋਕਥਾਮ, ਸੰਸਥਾਗਤ ਜਵਾਬਦੇਹੀ ਅਤੇ ਸਰਗਰਮ ਭਾਈਚਾਰਕ ਸ਼ਮੂਲੀਅਤ ਰਾਹੀਂ ਹੀ ਇਸ ਮਸਲੇ ਦਾ ਹੱਲ ਕੱਢਿਆ ਜਾ ਸਕਦਾ ਹੈ। ਪ੍ਰਸਤਾਵਿਤ 'ਖਾਲਸਾ ਰੱਖਿਆ ਦਲ' ਨੂੰ ਇੱਕ ਵਿੱਤੀ ਤੌਰ 'ਤੇ ਵਿਹਾਰਕ ਅਤੇ ਸੰਸਥਾਗਤ ਸੁਰੱਖਿਆ ਹੱਲ ਵਜੋਂ ਪੇਸ਼ ਕੀਤਾ ਗਿਆ ਹੈ।

**ਸਜ਼ਾ ਤੋਂ ਰੋਕਥਾਮ ਤੱਕ: ਬੇਅਦਬੀ ਪ੍ਰਤੀ ਸਿੱਖ ਪ੍ਰਤੀਕਿਰਿਆ ਦਾ ਨਵਾਂ ਰੂਪ**

**1. ਜਾਣ ਪਛਾਣ**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (SGPC) ਵੱਲੋਂ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਬੁਲਾਈ ਗਈ ਇਕੱਤਰਤਾ ਵਿੱਚ ਸਿੱਖ ਧਾਰਮਿਕ ਆਗੂਆਂ, ਸੰਤਾਂ ਅਤੇ ਬਾਬਿਆਂ ਨੇ ਬੇਅਦਬੀ ਦੇ ਮੁੱਦੇ 'ਤੇ ਵਿਚਾਰਾਂ ਕੀਤੀਆਂ। ਹਾਲਾਂਕਿ ਇਕੱਠ ਵੱਡਾ ਸੀ, ਪਰ ਚਰਚਾ ਦਾ ਮੁੱਖ ਕੇਂਦਰ ਰਣਨੀਤੀ ਦੀ ਬਜਾਏ ਭਾਵੁਕ ਭਾਸ਼ਣਾਂ ਅਤੇ ਐਸ.ਜੀ.ਪੀ.ਸੀ. ਲੀਡਰਸ਼ਿਪ ਦੇ ਧੰਨਵਾਦ ਤੱਕ ਸੀਮਤ ਰਿਹਾ। ਮੁੱਖ ਮੰਗ ਸਖ਼ਤ ਕਾਨੂੰਨੀ ਸਜ਼ਾਵਾਂ ਦੀ ਸੀ, ਜਦੋਂਕਿ ਰੋਕਥਾਮ ਅਤੇ ਸੰਸਥਾਗਤ ਸੁਧਾਰਾਂ ਬਾਰੇ ਕੋਈ ਠੋਸ ਪ੍ਰਸਤਾਵ ਨਹੀਂ ਰੱਖਿਆ ਗਿਆ।

**2. ਸਜ਼ਾ ਦੇ ਢਾਂਚੇ ਦੀਆਂ ਸੀਮਾਵਾਂ**

ਮੌਜੂਦਾ ਵਿਚਾਰ ਇਹ ਹੈ ਕਿ ਸਖ਼ਤ ਸਜ਼ਾਵਾਂ ਬੇਅਦਬੀ ਨੂੰ ਰੋਕ ਸਕਦੀਆਂ ਹਨ, ਪਰ ਤਜਰਬਾ ਇਸਦੀ ਪੁਸ਼ਟੀ ਨਹੀਂ ਕਰਦਾ। ਕਾਨੂੰਨੀ ਡਰ ਉਦੋਂ ਹੀ ਕੰਮ ਕਰਦਾ ਹੈ ਜਦੋਂ ਕਾਨੂੰਨ ਲਾਗੂ ਕਰਨ ਵਾਲੀਆਂ ਸੰਸਥਾਵਾਂ ਭਰੋਸੇਯੋਗ ਹੋਣ। 1984 ਦੇ ਸਿੱਖ ਵਿਰੋਧੀ ਦੰਗਿਆਂ ਅਤੇ ਅਪਰੇਸ਼ਨ ਬਲੂ ਸਟਾਰ ਦੀਆਂ ਯਾਦਾਂ ਕਾਰਨ ਸਿੱਖ ਭਾਈਚਾਰੇ ਵਿੱਚ ਰਾਜ-ਪ੍ਰਬੰਧਿਤ ਨਿਆਂ ਪ੍ਰਣਾਲੀ ਪ੍ਰਤੀ ਪਹਿਲਾਂ ਹੀ ਸ਼ੱਕ ਅਤੇ ਬੇਭਰੋਸਗੀ ਹੈ। ਸਿਰਫ਼ ਕਾਨੂੰਨਾਂ 'ਤੇ ਨਿਰਭਰ ਰਹਿਣਾ ਉਮੀਦਾਂ ਅਤੇ ਨਿਰਾਸ਼ਾ ਦੇ ਚੱਕਰ ਨੂੰ ਦੁਹਰਾਉਣਾ ਹੈ।

**3. ਗੁੰਮ ਹੋਇਆ ਪਹਿਲੂ: ਰੋਕਥਾਮ**

ਮੁੱਖ ਸਵਾਲ ਸਜ਼ਾ ਦਾ ਨਹੀਂ, ਸਗੋਂ ਰੋਕਥਾਮ ਦਾ ਹੈ। ਰੋਕਥਾਮ ਲਈ ਇੱਕ ਨਵੀਂ, ਸਰਗਰਮ ਅਤੇ ਪ੍ਰਣਾਲੀ-ਅਧਾਰਿਤ ਪਹੁੰਚ ਦੀ ਲੋੜ ਹੈ। ਐਸ.ਜੀ.ਪੀ.ਸੀ. ਵਰਗੀਆਂ ਸੰਸਥਾਵਾਂ ਨੂੰ ਗੁਰਦੁਆਰਿਆਂ ਦਾ ਸਿਰਫ਼ ਪ੍ਰਬੰਧ ਹੀ ਨਹੀਂ, ਸਗੋਂ ਉਹਨਾਂ ਦੀ ਪਵਿੱਤਰਤਾ ਦੀ ਰਾਖੀ ਕਰਨੀ ਚਾਹੀਦੀ ਹੈ।

**4. ਸੰਸਥਾਗਤ ਜਵਾਬਦੇਹੀ ਅਤੇ ਢਾਂਚਾਗਤ ਸੁਧਾਰ**

ਰੋਕਥਾਮ ਦੇ ਢਾਂਚੇ ਵਿੱਚ ਹੇਠ ਲਿਖੇ ਸੁਧਾਰ ਹੋਣੇ ਚਾਹੀਦੇ ਹਨ:

ਹਰੇਕ ਗੁਰਦੁਆਰੇ ਵਿੱਚ ਸੁਰੱਖਿਆ ਲਈ ਜਵਾਬਦੇਹ ਵਿਅਕਤੀਆਂ ਦੀ ਪਛਾਣ।

ਸੁਤੰਤਰ ਕਮੇਟੀਆਂ ਦੁਆਰਾ ਨਿਯਮਤ ਸੁਰੱਖਿਆ ਆਡਿਟ।

ਘਟਨਾਵਾਂ ਦੀ ਰਿਪੋਰਟਿੰਗ ਲਈ ਕੇਂਦਰੀ ਪ੍ਰਣਾਲੀ।




ਪਿਛਲੇ 12 ਸਾਲ ਤੋਂ ਭਾਰਤ ਵਿਚ ਅਤੇ ਖਾਸ ਕਰਕੇ ਪੰਜਾਬ ਵਿਚ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਹੋ ਰਹੀਆਂ ਬੇਅਦਬੀਆਂ ਨੂੰ ਸਿਰਫ਼ ਕਾਨੂੰਨਾਂ ਨਾਲ ਠੱਲ ਨਹੀਂ ਪਾਈ ਜਾ ਸਕਦੀ। ਉਪਰ ਦਿੱਤੀ ਗਈ ਫੋਟੋ (AI) ਇਹ ਦੱਸਣ ਲਈ ਹੈ ਕਿ ਭਾਰਤ ਵਿਚ ਹਰ ਇਕ ਗੁਰੂ ਘਰ ਨੂੰ ਆਪਣੀ ਸੁਰੱਖਿਆ ਦੇ ਆਪ ਪ੍ਰਬੰਧ ਕਰਨੇ ਚਾਹੀਦੇ ਹਨ।

ਸੁਰੱਖਿਆ ਦੇ ਮਿਆਰਾਂ ਵਿੱਚ ਇਕਸਾਰਤਾ।

**5. ਭਾਈਚਾਰਕ ਅਧਾਰਿਤ ਸੁਰੱਖਿਆ: ਇੱਕ ਵਿਹਾਰਕ ਬਦਲ**

ਸੰਸਥਾਗਤ ਸੁਧਾਰਾਂ ਤੋਂ ਇਲਾਵਾ, ਗੁਰਦੁਆਰਿਆਂ ਦੀ ਸੁਰੱਖਿਆ ਵਿੱਚ ਸਿੱਖ ਭਾਈਚਾਰੇ ਦੀ ਸਿੱਧੀ ਸ਼ਮੂਲੀਅਤ ਜ਼ਰੂਰੀ ਹੈ। 'ਖਾਲਸਾ ਰੱਖਿਆ ਦਲ' ਦਾ ਸੰਕਲਪ, ਜਿਸ ਵਿੱਚ ਸਿਖਲਾਈ ਪ੍ਰਾਪਤ ਸੇਵਾਮੁਕਤ ਫੌਜੀ ਅਤੇ ਸਥਾਨਕ ਵਲੰਟੀਅਰ ਸ਼ਾਮਲ ਹੋਣਗੇ, ਇੱਕ ਵਿਹਾਰਕ ਮਾਡਲ ਹੈ।

**6. ਖਾਲਸਾ ਰੱਖਿਆ ਦਲ (KRD) ਦਾ ਪ੍ਰਸਤਾਵਿਤ ਮਾਡਲ**

**ਸੰਗਠਨ ਦਾ ਢਾਂਚਾ:**

**ਐਸ.ਜੀ.ਪੀ.ਸੀ. ਅਧੀਨ ਗੁਰਦੁਆਰੇ:** 51

**ਤਾਇਨਾਤੀ:** ਪ੍ਰਤੀ ਗੁਰਦੁਆਰਾ 2 ਸੇਵਾਮੁਕਤ ਸਿੱਖ ਫੌਜੀ।

**ਕੁੱਲ ਕਰਮਚਾਰੀ:** 102 ਫੌਜੀ।

**ਲੀਡਰਸ਼ਿਪ:** 1 ਸੇਵਾਮੁਕਤ ਮੇਜਰ ਅਤੇ 1 ਸੇਵਾਮੁਕਤ ਕਰਨਲ।

**ਵਿੱਤੀ ਰੂਪ-ਰੇਖਾ (ਆਰਥਿਕ ਸੰਭਾਵਨਾ):**

ਫੌਜੀ ਦਾ ਮਾਸਿਕ ਭੱਤਾ: 10,000

**ਸਾਲਾਨਾ ਲਾਗਤ (102 ਫੌਜੀ):** 1,22,40,000

**ਲੀਡਰਸ਼ਿਪ ਲਾਗਤ:** 4,80,000

**ਕੁੱਲ ਸਾਲਾਨਾ ਬਜਟ:** 1.272 ਕਰੋੜ।

**ਮੁੱਖ ਨੁਕਤਾ:** ਐਸ.ਜੀ.ਪੀ.ਸੀ. ਦਾ ਸਾਲਾਨਾ ਬਜਟ ਲਗਭਗ 1,487 ਕਰੋੜ ਹੈ। ਖਾਲਸਾ ਰੱਖਿਆ ਦਲ 'ਤੇ ਹੋਣ ਵਾਲਾ ਖਰਚਾ ਕੁੱਲ ਬਜਟ ਦਾ ਸਿਰਫ਼ 0.0855% ਹੈ। ਇਹ ਵਿੱਤੀ ਤੌਰ 'ਤੇ ਬਹੁਤ ਮਾਮੂਲੀ ਹੈ ਪਰ ਸੰਸਥਾਗਤ ਤੌਰ 'ਤੇ ਇਨਕਲਾਬੀ ਕਦਮ ਹੋ ਸਕਦਾ ਹੈ।

**7. ਰਣਨੀਤਕ ਅਤੇ ਸੰਸਥਾਗਤ ਮਹੱਤਵ**

**ਖਾਲਸਾ ਰੱਖਿਆ ਦਲ ਸਿਰਫ਼ ਇੱਕ ਸੁਰੱਖਿਆ ਪ੍ਰਬੰਧ ਨਹੀਂ ਹੈ, ਸਗੋਂ:** ਮਰਯਾਦਾ ਦੀ ਬਹਾਲੀ ਅਤੇ ਗੁਰਦੁਆਰਾ ਸਾਹਿਬ ਦੀ ਪਵਿੱਤਰਤਾ ਦੀ ਰਾਖੀ।

ਸੁਰੱਖਿਆ ਵਿੱਚ ਸਿਆਸੀ ਦਖਲਅੰਦਾਜ਼ੀ ਦੀ ਕਮੀ।

ਸੇਵਾਮੁਕਤ ਫੌਜੀਆਂ ਨੂੰ ਸਨਮਾਨਜਨਕ ਭੂਮਿਕਾ ਦੇਣਾ।

**8. ਜੋਖਮ ਅਤੇ ਰੈਗੂਲੇਟਰੀ ਵਿਚਾਰ**

ਕਿਸੇ ਵੀ ਗਲਤ ਵਰਤੋਂ ਨੂੰ ਰੋਕਣ ਲਈ:

ਕਾਨੂੰਨੀ ਨਿਗਰਾਨੀ ਹੋਣੀ ਚਾਹੀਦੀ ਹੈ ਤਾਂ ਜੋ ਇਹ 'ਵਿਜੀਲੈਂਟਿਜ਼ਮ' (ਗੈਰ-ਕਾਨੂੰਨੀ ਕਾਰਵਾਈ) ਨਾ ਬਣੇ।

ਸਿਵਲ ਪ੍ਰਸ਼ਾਸਨ ਨਾਲ ਤਾਲਮੇਲ।

ਤਣਾਅ ਘਟਾਉਣ ਅਤੇ ਕਾਨੂੰਨੀ ਵਿਵਹਾਰ ਦੀ ਸਿਖਲਾਈ।

**9. ਸਿੱਟਾ: ਰਣਨੀਤਕ ਸਪਸ਼ਟਤਾ ਦੀ ਲੋੜ**

ਬੇਅਦਬੀ ਸਿਰਫ਼ ਇੱਕ ਅਪਰਾਧ ਨਹੀਂ, ਬਲਕਿ ਇਹ ਸਿੱਖ ਸੰਸਥਾਵਾਂ ਅਤੇ ਭਾਈਚਾਰਕ ਏਕਤਾ ਦੀ ਪ੍ਰੀਖਿਆ ਹੈ। ਖਾਲਸਾ ਰੱਖਿਆ ਦਲ ਇੱਕ ਅਜਿਹਾ ਹੱਲ ਪੇਸ਼ ਕਰਦਾ ਹੈ ਜੋ ਸੰਸਥਾਗਤ ਜ਼ਿੰਮੇਵਾਰੀ ਅਤੇ ਭਾਈਚਾਰਕ ਵਿਸ਼ਵਾਸ ਦੇ ਪਾੜੇ ਨੂੰ ਪੂਰਦਾ ਹੈ। ਸਮੇਂ ਦੀ ਮੰਗ ਹੈ ਕਿ ਅਸੀਂ ਪ੍ਰਤੀਕਿਰਿਆ (Reaction) ਤੋਂ ਰੋਕਥਾਮ (Prevention) ਵੱਲ ਵਧੀਏ।

**ਕੁੱਲ ਸਾਲਾਨਾ ਬਜਟ:** 1,27,20,000 (1.272 ਕਰੋੜ)

**5.4 ਬਜਟ ਅਨੁਪਾਤ ਅਤੇ ਰਣਨੀਤਕ ਕੁਸ਼ਲਤਾ**

**SGPC ਦਾ ਸਾਲਾਨਾ ਬਜਟ:** ਲਗਭਗ 1,487 ਕਰੋੜ (SGPC ਸਾਲਾਨਾ ਬਜਟ, 2024)।

KRD ਲਈ ਲੋੜੀਂਦਾ ਹਿੱਸਾ: 0.0855% (ਬਰਾੜ, 2024)।

**ਮੁੱਖ ਨੁਕਤਾ:** ਇਹ ਖਰਚਾ ਕੁੱਲ ਸਾਲਾਨਾ ਬਜਟ ਦੇ 0.1% ਤੋਂ ਵੀ ਘੱਟ ਹੈ (ਵਿੱਤੀ ਸਾਲ 2026-27 ਲਈ SGPC ਵੱਲੋਂ ਪਾਸ ਕੀਤਾ ਗਿਆ 1,487.41 ਕਰੋੜ ਦਾ ਬਜਟ)। ਇਹ ਇਸ ਮਾਡਲ ਨੂੰ:

ਵਿੱਤੀ ਤੌਰ 'ਤੇ ਨਾਮਾਤਰ ਬਣਾਉਂਦਾ ਹੈ।

ਸੰਸਥਾਗਤ ਤੌਰ 'ਤੇ ਕ੍ਰਾਂਤੀਕਾਰੀ ਬਣਾਉਂਦਾ ਹੈ।

ਬਿਨਾਂ ਕਿਸੇ ਆਰਥਿਕ ਬੋਝ ਦੇ ਆਸਾਨੀ ਨਾਲ ਲਾਗੂ ਕਰਨ ਯੋਗ ਬਣਾਉਂਦਾ ਹੈ। ਸਿੱਖ ਡਾਇਸਪੋਰਾ (ਵਿਦੇਸ਼ੀ ਸਿੱਖ ਭਾਈਚਾਰਾ) ਵੀ ਇਸ ਵਿੱਚ ਮਦਦ ਕਰਨ ਲਈ ਤਿਆਰ ਹੈ।

5.5 ਸਾਂਝਾ ਭਾਈਚਾਰਕ ਸੁਰੱਖਿਆ ਮਾਡਲ (Hybrid Model)

KRD ਨੂੰ ਦੋ-ਪੱਧਰੀ ਪ੍ਰਣਾਲੀ ਵਜੋਂ ਤਿਆਰ ਕੀਤਾ ਗਿਆ ਹੈ:

**ਪੇਸ਼ੇਵਰ ਪੱਧਰ (Professional Layer):** ਸੇਵਾਮੁਕਤ ਫੌਜੀ ਅਨੁਸ਼ਾਸਨ ਅਤੇ ਨਿਗਰਾਨੀ ਨੂੰ ਯਕੀਨੀ ਬਣਾਉਣਗੇ।

**ਭਾਈਚਾਰਕ ਪੱਧਰ (Community Layer):** ਸਥਾਨਕ ਵਲੰਟੀਅਰਾਂ ਨੂੰ ਇਹਨਾਂ ਵਿਸ਼ਿਆਂ ਵਿੱਚ ਸਿਖਲਾਈ ਦਿੱਤੀ ਜਾਵੇਗੀ:

ਸੁਰੱਖਿਆ ਜਾਗਰੂਕਤਾ।

ਐਮਰਜੈਂਸੀ ਪ੍ਰਤੀਕਿਰਿਆ।

ਕਾਨੂੰਨੀ ਪਾਲਣਾ।

ਇਹ ਮਾਡਲ ਨਿਰੰਤਰ ਮੌਜੂਦਗੀ, ਭਾਈਚਾਰਕ ਮਾਲਕੀ ਅਤੇ ਟਿਕਾਊ ਵਿਸਤਾਰ ਨੂੰ ਯਕੀਨੀ ਬਣਾਉਂਦਾ ਹੈ।

**5.6 ਰਣਨੀਤਕ ਅਤੇ ਸੰਸਥਾਗਤ ਮਹੱਤਵ**

ਖਾਲਸਾ ਰੱਖਿਆ ਦਲ ਸਿਰਫ਼ ਇੱਕ ਸੁਰੱਖਿਆ ਪ੍ਰਬੰਧ ਨਹੀਂ ਹੈ—ਇਹ ਸੰਸਥਾਗਤ ਸੁਧਾਰ ਦਾ ਇੱਕ ਨਮੂਨਾ ਹੈ:

ਮਰਯਾਦਾ (ਧਾਰਮਿਕ ਅਨੁਸ਼ਾਸਨ) ਦੀ ਬਹਾਲੀ।

ਗੁਰਦੁਆਰਾ ਸਾਹਿਬ ਦੀ ਪਵਿੱਤਰਤਾ ਦੀ ਰਾਖੀ।

ਸਿਆਸੀ ਦਖਲਅੰਦਾਜ਼ੀ ਵਿੱਚ ਕਮੀ।

ਸਿਖਲਾਈ ਪ੍ਰਾਪਤ ਵਲੰਟੀਅਰਾਂ ਦਾ ਅਧਾਰ ਤਿਆਰ ਕਰਨਾ।

ਸੇਵਾਮੁਕਤ ਫੌਜੀਆਂ ਨੂੰ ਸਨਮਾਨਜਨਕ ਭੂਮਿਕਾਵਾਂ ਪ੍ਰਦਾਨ ਕਰਨਾ।

**6. ਜੋਖਮ ਅਤੇ ਰੈਗੂਲੇਟਰੀ ਵਿਚਾਰ**

ਕਾਨੂੰਨੀ ਮਾਨਤਾ ਅਤੇ ਪ੍ਰਭਾਵਸ਼ੀਲਤਾ ਨੂੰ ਯਕੀਨੀ ਬਣਾਉਣ ਲਈ, ਸੁਰੱਖਿਆ ਉਪਾਵਾਂ ਵਿੱਚ ਸ਼ਾਮਲ ਹੋਣਾ ਚਾਹੀਦਾ ਹੈ:

ਗੈਰ-ਕਾਨੂੰਨੀ ਕਾਰਵਾਈਆਂ (Vigilantism) ਨੂੰ ਰੋਕਣ ਲਈ ਕਾਨੂੰਨੀ ਨਿਗਰਾਨੀ।

ਸਪਸ਼ਟ ਜਵਾਬਦੇਹੀ ਢਾਂਚਾ।

ਸਿਵਲ ਅਧਿਕਾਰੀਆਂ (ਪ੍ਰਸ਼ਾਸਨ) ਨਾਲ ਤਾਲਮੇਲ।

ਤਣਾਅ ਘਟਾਉਣ ਅਤੇ ਕਾਨੂੰਨੀ ਆਚਰਣ ਦੀ ਸਿਖਲਾਈ।

**7. ਨੀਤੀਗਤ ਪ੍ਰਭਾਵ (Policy Implications)**

ਇੱਕ ਸੰਤੁਲਿਤ ਢਾਂਚੇ ਵਿੱਚ ਹੇਠ ਲਿਖੇ ਤੱਤ ਸ਼ਾਮਲ ਹੋਣੇ ਚਾਹੀਦੇ ਹਨ:

**ਸਰਕਾਰੀ ਉਪਾਅ:** ਫਾਸਟ-ਟਰੈਕ ਅਦਾਲਤਾਂ ਅਤੇ ਪਾਰਦਰਸ਼ੀ ਜਾਂਚ।

**ਭਾਈਚਾਰਕ ਏਕੀਕਰਨ:** KRD ਵਰਗੇ ਮਾਡਲਾਂ ਨੂੰ ਸੰਸਥਾਗਤ ਮਾਨਤਾ ਦੇਣਾ ਅਤੇ ਸਾਂਝੀ ਸਿਖਲਾਈ।

**ਸਮਾਜਿਕ ਉਪਾਅ:** ਬੇਅਦਬੀ ਪ੍ਰਤੀ ਸੰਵੇਦਨਹੀਣਤਾ ਨੂੰ ਖਤਮ ਕਰਨ ਲਈ ਜਾਗਰੂਕਤਾ ਮੁਹਿੰਮਾਂ ਅਤੇ ਅੰਕੜਿਆਂ ਦੀ ਪਾਰਦਰਸ਼ਤਾ।

**8. ਸਿੱਟਾ**

ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨਾ ਸਿਰਫ਼ ਇੱਕ ਕਾਨੂੰਨੀ ਚੁਣੌਤੀ ਹੈ, ਸਗੋਂ ਇਹ ਸੰਸਥਾਗਤ ਲਚਕੀਲੇਪਣ ਅਤੇ ਭਾਈਚਾਰਕ ਏਕਤਾ ਦੀ ਇੱਕ ਡੂੰਘੀ ਪ੍ਰੀਖਿਆ ਹੈ। ਵਾਰ-ਵਾਰ ਵਾਪਰ ਰਹੀਆਂ ਘਟਨਾਵਾਂ ਦੇ ਸੰਚਤ ਪ੍ਰਭਾਵ ਨਾਲ ਇਹਨਾਂ ਦਾ 'ਸਧਾਰਨੀਕਰਨ' ਹੋਣ ਦਾ ਖਤਰਾ ਹੈ, ਜੋ ਸਮੂਹਿਕ ਚੌਕਸੀ ਨੂੰ ਖਤਮ ਕਰ ਸਕਦਾ ਹੈ।

ਖਾਲਸਾ ਰੱਖਿਆ ਦਲ ਇੱਕ ਵਿਹਾਰਕ ਅਤੇ ਆਰਥਿਕ ਤੌਰ 'ਤੇ ਸੰਭਵ ਹੱਲ ਪੇਸ਼ ਕਰਦਾ ਹੈ ਜੋ ਸੰਸਥਾਗਤ ਜ਼ਿੰਮੇਵਾਰੀ ਅਤੇ ਭਾਈਚਾਰਕ ਵਿਸ਼ਵਾਸ ਦੇ ਵਿਚਕਾਰਲੇ ਪਾੜੇ ਨੂੰ ਪੂਰਦਾ ਹੈ। ਹਾਲਾਂਕਿ, ਇਸਦੀ ਸਫਲਤਾ ਅਨੁਸ਼ਾਸਿਤ ਲਾਗੂਕਰਨ, ਕਾਨੂੰਨੀ ਜਵਾਬਦੇਹੀ ਅਤੇ ਸਹਿਯੋਗੀ ਸ਼ਾਸਨ 'ਤੇ ਨਿਰਭਰ ਕਰੇਗੀ। ਭਾਈਚਾਰਕ ਆਗੂਆਂ, ਨੀਤੀ ਘੜਨ ਵਾਲਿਆਂ ਅਤੇ ਹਿੱਸੇਦਾਰਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਅਜਿਹੀਆਂ ਸੁਰੱਖਿਆ ਪਹਿਲਕਦਮੀਆਂ ਨੂੰ ਸ਼ੁਰੂ ਕਰਨ ਲਈ ਸਰਗਰਮੀ ਨਾਲ ਸਹਿਯੋਗ ਕਰਨ ਅਤੇ ਬਿਨਾਂ ਕਿਸੇ ਦੇਰੀ ਦੇ ਨਿਗਰਾਨੀ ਢਾਂਚੇ ਸਥਾਪਤ ਕਰਨ।

9. ਹਵਾਲੇ (References)

Émile Durkheim. The Elementary Forms of Religious Life. New York: Free Press, 1912.

Diane Vaughan. The Challenger Launch Decision. Chicago: University of Chicago Press, 1996.

J.S. Grewal. The Sikhs of the Punjab. Cambridge: Cambridge University Press, 1990.

W.H. McLeod. Sikhism. London: Penguin Books, 1997.

Mark Juergensmeyer. Terror in the Mind of God. Berkeley: University of California Press, 2000.

Pashaura Singh & Louis Fenech (Eds). The Oxford Handbook of Sikh Studies. Oxford: Oxford University Press, 2014.

Punjab Government. ਬੇਅਦਬੀ ਕਾਨੂੰਨਾਂ 'ਤੇ ਵਿਧਾਨਿਕ ਚਰਚਾ (ਸਰਕਾਰੀ ਦਸਤਾਵੇਜ਼)।

# ਭਾਜਪਾ ਵੱਲੋਂ ਪੁਲਿਸ ਕਮਿਸ਼ਨਰ ਦੇ ਦਫ਼ਤਰ ਦਾ ਘਿਰਾਓ

## ਪੁਲਿਸ ਨਾਲ ਝੜਪ; ਧੱਕਾ-ਮੁੱਕੀ ਦੌਰਾਨ ਪੁਲਿਸ ਮੁਲਾਜ਼ਮਾਂ ਦੀਆਂ ਪੱਗਾਂ ਲੱਥੀਆਂ



ਲੁਧਿਆਣਾ : ਸ਼ਹਿਰ ਵਿੱਚ 'ਆਮ ਆਦਮੀ ਪਾਰਟੀ' ਅਤੇ 'ਭਾਰਤੀ ਜਨਤਾ ਪਾਰਟੀ' ਵਿਚਾਲੇ ਸ਼ੁਰੂ ਹੋਈ ਸਿਆਸੀ ਜੰਗ ਹੁਣ ਸਿਆਸੀ ਘਮਸਾਨ ਵਿੱਚ ਬਦਲ ਗਈ ਹੈ। ਐਤਵਾਰ ਨੂੰ ਭਾਜਪਾ ਦਫ਼ਤਰ ਦੇ ਬਾਹਰ ਹੋਏ ਹੰਗਾਮੇ ਦੇ ਰੋਸ ਵਜੋਂ ਅੱਜ ਭਾਜਪਾ ਵਰਕਰਾਂ ਨੇ ਪੁਲੀਸ ਕਮਿਸ਼ਨਰ ਦਫ਼ਤਰ ਦਾ ਘਿਰਾਓ ਕੀਤਾ।

ਇਸ ਦੌਰਾਨ ਸਥਿਤੀ ਉਸ ਸਮੇਂ ਤਣਾਅਪੂਰਨ ਹੋ ਗਈ ਜਦੋਂ ਭਾਜਪਾ ਆਗੂਆਂ ਨੇ ਪੁਲੀਸ ਕਮਿਸ਼ਨਰ ਦਫ਼ਤਰ ਦੇ ਗੇਟ ਨੂੰ ਜਿੰਦਰਾ ਲਾਉਣ ਦੀ ਕੋਸ਼ਿਸ਼ ਕੀਤੀ। ਮੌਕੇ 'ਤੇ ਮੌਜੂਦ ਭਾਰੀ ਪੁਲੀਸ ਬਲ ਨੇ ਵਰਕਰਾਂ ਨੂੰ ਰੋਕਣ ਲਈ ਜ਼ੋਰ ਅਜ਼ਮਾਇਸ਼ ਕੀਤੀ, ਜਿਸ ਕਾਰਨ ਦੋਵਾਂ ਧਿਰਾਂ ਵਿਚਾਲੇ ਜ਼ਬਰਦਸਤ ਧੱਕਾ-ਮੁੱਕੀ ਹੋਈ। ਇਸ ਖਿੱਚ-ਧੂਹ ਦੌਰਾਨ ਕਈ ਪੁਲੀਸ ਮੁਲਾਜ਼ਮਾਂ ਦੀਆਂ ਪੱਗਾਂ ਵੀ ਉਤਰ ਗਈਆਂ ਤੇ ਭਾਜਪਾ ਆਗੂ ਵੀ ਫੱਟੜ ਹੋ ਗਏ। ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਰਜਨੀਸ਼ ਧੀਮਾਨ ਨੇ ਪ੍ਰਸ਼ਾਸਨ 'ਤੇ ਪੱਖਪਾਤੀ ਕਾਰਵਾਈ ਦੇ ਦੋਸ਼ ਲਾਉਂਦਿਆਂ ਕਿਹਾ ਕਿ ਸ਼ਹਿਰ ਦੀ ਕਾਨੂੰਨ ਵਿਵਸਥਾ ਪੂਰੀ ਤਰ੍ਹਾਂ ਦਮ ਤੋੜ ਚੁੱਕੀ ਹੈ। ਉਨ੍ਹਾਂ ਕਿਹਾ ਕਿ ਜੇਕਰ 'ਆਪ' ਨੂੰ ਕੇਂਦਰੀ ਏਜੰਸੀਆਂ ਦੀ ਕਾਰਵਾਈ 'ਤੇ ਇਤਰਾਜ਼ ਹੈ ਤਾਂ ਉਨ੍ਹਾਂ ਨੂੰ ਸੜਕਾਂ 'ਤੇ ਗੁੰਡਾਗਰਦੀ ਕਰਨ ਦੀ ਬਜਾਏ ਸਬੰਧਤ ਵਿਭਾਗਾਂ ਅੱਗੇ ਪ੍ਰਦਰਸ਼ਨ ਕਰਨਾ ਚਾਹੀਦਾ ਹੈ। ਉਨ੍ਹਾਂ ਚਿਤਾਵਨੀ ਦਿੱਤੀ ਕਿ ਭਾਜਪਾ ਵਰਕਰ ਪੁਲੀਸ ਦੇ ਡਰੋਂ ਪਿੱਛੇ ਹਟਣ ਵਾਲੇ ਨਹੀਂ ਹਨ ਅਤੇ ਉਹ ਆਪਣੇ ਹੱਕਾਂ ਦੀ ਲੜਾਈ ਜਾਰੀ ਰੱਖਣਗੇ। ਘੰਟਿਆਂ ਬੱਧੀ ਚੱਲੇ ਇਸ ਪ੍ਰਦਰਸ਼ਨ ਦੌਰਾਨ ਭਾਜਪਾ ਦੀਆਂ ਮਹਿਲਾ ਵਰਕਰਾਂ ਵੀ ਬੈਰੀਕੇਡਾਂ 'ਤੇ ਚੜ੍ਹ ਗਈਆਂ, ਜਿਸ ਕਾਰਨ ਪ੍ਰਸ਼ਾਸਨ ਨੂੰ ਵਾਧੂ ਫੋਰਸ ਮੰਗਵਾਉਣੀ ਪਈ।

**ਭਾਜਪਾ ਆਗੂ ਦੇਬੀ ਤੇ ਹੋਰਾਂ 'ਤੇ ਅਣਪਛਾਤਿਆਂ ਨੇ ਸਿਆਹੀ ਸੁੱਟੀ**

ਪ੍ਰਦਰਸ਼ਨ ਖ਼ਤਮ ਹੋਣ ਤੋਂ ਬਾਅਦ ਜਦੋਂ ਸੀਨੀਅਰ ਭਾਜਪਾ ਆਗੂ ਡਿਪਟੀ ਕਮਿਸ਼ਨਰ ਅਤੇ ਪੁਲੀਸ ਕਮਿਸ਼ਨਰ ਦਫ਼ਤਰ ਦੇ ਕੰਪਲੈਕਸ ਬਾਹਰ ਖੜ੍ਹੇ ਸਨ, ਤਾਂ ਦੋ ਨੌਜਵਾਨਾਂ ਨੇ ਪੰਜਾਬ ਭਾਜਪਾ ਦੇ ਕੈਸ਼ੀਅਰ ਅਤੇ ਸੀਨੀਅਰ ਆਗੂ ਗੁਰਦੇਵ ਸ਼ਰਮਾ ਦੇਬੀ 'ਤੇ ਕਾਲੀ ਸਿਆਹੀ ਸੁੱਟ ਦਿੱਤੀ। ਇਸ ਘਟਨਾ ਮਗਰੋਂ ਉੱਥੇ ਮਾਹੌਲ ਤਣਾਅਪੂਰਨ ਹੋ ਗਿਆ। ਭਾਜਪਾ ਵਰਕਰਾਂ ਨੇ ਮੌਕੇ 'ਤੇ ਹੀ ਇੱਕ ਨੌਜਵਾਨ ਨੂੰ ਕਾਬੂ ਕਰ ਲਿਆ ਅਤੇ ਉਸ ਦੀ ਕੁੱਟਮਾਰ ਕਰਨ ਮਗਰੋਂ ਉਸ ਨੂੰ ਪੁਲੀਸ ਹਵਾਲੇ ਕਰ ਦਿੱਤਾ। ਦੇਬੀ ਨੇ ਦੱਸਿਆ ਕਿ ਜਦੋਂ ਉਹ ਸਾਥੀਆਂ ਨਾਲ ਗੱਲਬਾਤ ਕਰ ਰਹੇ ਸਨ ਤਾਂ ਪਿੱਛੋਂ ਆਏ ਦੋ ਨੌਜਵਾਨਾਂ ਨੇ ਉਨ੍ਹਾਂ 'ਤੇ ਸਿਆਹੀ ਸੁੱਟ ਦਿੱਤੀ। ਪੁਲੀਸ ਅਧਿਕਾਰੀਆਂ ਨੇ ਭਰੋਸਾ ਦਿੱਤਾ ਹੈ ਕਿ ਫ਼ਰਾਰ ਹੋਏ ਦੂਜੇ ਨੌਜਵਾਨ ਦੀ ਭਾਲ ਕੀਤੀ ਜਾ ਰਹੀ ਹੈ ਅਤੇ ਜਲਦ ਹੀ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

# ਸੇਵਾਮੁਕਤ ਫ਼ੌਜੀ ਨੇ ਪੁੱਤ ਨੂੰ ਗਲੀ 'ਚ ਦੌੜਾ ਕੇ ਗੋਲੀਆਂ ਨਾਲ ਭੁੰਨਿਆ, ਬਾਅਦ ਵਿੱਚ ਜ਼ਹਿਰ ਖਾ ਕੀਤੀ ਖ਼ੁਦਕੁਸ਼ੀ

## ਦੂਜੇ ਵਿਆਹ ਦੀ ਜ਼ਿੱਦ ਨੇ ਉਜਾੜਿਆ ਹੱਸਦਾ-ਵੱਸਦਾ ਘਰ; ਪਿਓ-ਪੁੱਤ ਦੀ ਮੌਤ ਨਾਲ ਇਲਾਕੇ ਵਿੱਚ ਸਹਿਮ ਦਾ ਮਾਹੌਲ

ਲੁਧਿਆਣਾ : ਲੁਧਿਆਣਾ ਦੇ ਨਿਊ ਅਗਰ ਨਗਰ ਇਲਾਕੇ ਵਿੱਚ ਐਤਵਾਰ ਦੇਰ ਰਾਤ ਇਕ ਸੇਵਾਮੁਕਤ ਫ਼ੌਜੀ ਵੱਲੋਂ ਆਪਣੇ ਹੀ ਇਕਲੌਤੇ ਪੁੱਤ ਦਾ ਬੇਰਹਿਮੀ ਨਾਲ ਕਤਲ ਕਰਨ ਤੋਂ ਬਾਅਦ ਖ਼ੁਦਕੁਸ਼ੀ ਕਰਨ ਦਾ ਸਨਸਨੀਖੇਜ਼ ਮਾਮਲਾ ਸਾਹਮਣੇ ਆਇਆ ਹੈ। ਮ੍ਰਿਤਕਾਂ ਦੀ ਪਛਾਣ ਸੇਵਾਮੁਕਤ ਫ਼ੌਜੀ ਸੁਰਿੰਦਰ ਸਿੰਘ ਅਤੇ ਉਸ ਦੇ ਪੁੱਤਰ ਗੁਰਸ਼ਰਨ ਸਿੰਘ ਉਰਫ਼ ਗਿੰਨੀ ਵਜੋਂ ਹੋਈ ਹੈ।



ਜਾਣਕਾਰੀ ਮੁਤਾਬਕ ਪਤਨੀ ਦੀ ਮੌਤ ਤੋਂ ਪੰਜ ਸਾਲ ਬਾਅਦ ਸੁਰਿੰਦਰ ਸਿੰਘ ਕਿਸੇ ਹੋਰ ਔਰਤ ਨਾਲ ਦੂਜਾ ਵਿਆਹ ਕਰਵਾਉਣਾ ਚਾਹੁੰਦਾ ਸੀ, ਜਿਸ ਦਾ ਗੁਰਸ਼ਰਨ ਲਗਾਤਾਰ ਵਿਰੋਧ ਕਰ ਰਿਹਾ ਸੀ। ਐਤਵਾਰ ਰਾਤ ਇਸੇ ਗੱਲ ਨੂੰ ਲੈ ਕੇ ਹੋਏ ਤਕਰਾਰ ਨੇ ਇੰਨਾ ਭਿਆਨਕ ਰੂਪ ਧਾਰ ਲਿਆ ਕਿ ਸੁਰਿੰਦਰ ਸਿੰਘ ਨੇ ਆਪਣੀ ਲਾਇਸੰਸੀ 12 ਬੋਰ ਦੀ ਦੋਨਾਲੀ ਬੰਦੂਕ ਨਾਲ ਗਲੀ ਵਿੱਚ ਦੌੜਾ ਕੇ ਪੁੱਤ 'ਤੇ ਗੋਲੀਆਂ ਚਲਾ ਦਿੱਤੀਆਂ। ਗੰਭੀਰ ਜ਼ਖ਼ਮੀ ਹੋਣ ਕਾਰਨ ਗੁਰਸ਼ਰਨ ਦੀ ਮੌਕੇ 'ਤੇ ਹੀ ਮੌਤ ਹੋ ਗਈ। ਪੁੱਤ ਦਾ ਕਤਲ ਕਰਨ ਤੋਂ ਮਹਿਜ਼ 10 ਮਿੰਟ ਬਾਅਦ ਹੀ ਮੁਲਜ਼ਮ ਪਿਤਾ ਨੇ ਘਰ ਅੰਦਰ ਜਾ ਕੇ ਸਲਫ਼ਾਸ ਦੀਆਂ ਗੋਲੀਆਂ ਨਿਗਲ ਲਈਆਂ। ਗੁਆਂਢੀਆਂ ਨੇ ਖ਼ੂਨ ਨਾਲ ਲੱਥਪੱਥ ਗੁਰਸ਼ਰਨ ਅਤੇ ਤੜਫ ਰਹੇ ਸੁਰਿੰਦਰ ਨੂੰ ਹਸਪਤਾਲ ਪਹੁੰਚਾਇਆ, ਪਰ ਡਾਕਟਰਾਂ ਨੇ ਦੋਵਾਂ ਨੂੰ ਮ੍ਰਿਤਕ ਐਲਾਨ ਦਿੱਤਾ। ਪਤਾ ਲੱਗਾ ਹੈ ਕਿ ਪਿਓ-ਪੁੱਤ ਵਿਚਾਲੇ ਪਿਛਲੇ ਤਿੰਨ ਸਾਲਾਂ ਤੋਂ ਇਸੇ ਮੁੱਦੇ 'ਤੇ ਕਲੇਸ਼ ਚੱਲ ਰਿਹਾ ਸੀ। ਮ੍ਰਿਤਕ ਗੁਰਸ਼ਰਨ ਪੇਸ਼ੇ ਤੋਂ ਡਰਾਈਵਰ ਸੀ ਅਤੇ ਉਸ ਦੀਆਂ ਦੋਵੇਂ ਭੈਣਾਂ ਵਿਦੇਸ਼ (ਇੰਗਲੈਂਡ ਤੇ ਕੈਨੇਡਾ) ਵਿੱਚ ਰਹਿੰਦੀਆਂ ਹਨ। ਪੁਲਿਸ ਨੇ ਮੌਕੇ 'ਤੇ ਪਹੁੰਚ ਕੇ ਵਾਰਦਾਤ ਵਿੱਚ ਵਰਤਿਆ ਹਥਿਆਰ ਕਬਜ਼ੇ ਵਿੱਚ ਲੈ ਲਿਆ ਹੈ ਅਤੇ ਲਾਸ਼ਾਂ ਨੂੰ ਪੋਸਟਮਾਰਟਮ ਲਈ ਭੇਜ ਕੇ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਹੈ।

# ਪ੍ਰੀਤੀ ਜ਼ਿੰਟਾ ਨੇ ਹਰਿਮੰਦਰ ਸਾਹਿਬ ਮੱਥਾ ਟੇਕਿਆ



ਅੰਮ੍ਰਿਤਸਰ : ਅਭਿਨੇਤਰੀ ਪ੍ਰੀਤੀ ਜ਼ਿੰਟਾ ਨੇ ਅੱਜ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕੀਤੇ ਅਤੇ ਇੰਡੀਅਨ ਪ੍ਰੀਮੀਅਰ ਲੀਗ (ਆਈ ਪੀ ਐੱਲ) ਦੇ ਮੌਜੂਦਾ ਸੀਜ਼ਨ ਵਿੱਚ ਪੰਜਾਬ ਕਿੰਗਜ਼ ਦੀ ਸਫ਼ਲਤਾ ਲਈ ਸੇਵਾ ਅਤੇ ਅਰਦਾਸ ਕੀਤੀ। ਪੰਜਾਬ ਕਿੰਗਜ਼ ਟੀਮ ਦੀ ਸਹਿ-ਮਾਲਕ ਰਵਾਇਤੀ ਪੀਲੇ ਰੰਗ ਦੇ ਸੂਟ ਵਿੱਚ ਸਿਰ ਢੱਕ ਕੇ ਸ੍ਰੀ ਦਰਬਾਰ ਸਾਹਿਬ ਪਹੁੰਚੀ। ਹਰਿਮੰਦਰ ਸਾਹਿਬ ਕੰਪਲੈਕਸ ਵਿੱਚ ਮੀਡੀਆ ਨਾਲ ਗੱਲਬਾਤ ਕਰਦਿਆਂ ਪ੍ਰੀਤੀ ਨੇ ਕਿਹਾ, 'ਬਸ ਬਾਬਾ ਜੀ ਨੇ ਬੁਲਾਇਆ ਤੇ ਮੈਂ ਆ ਗਈ। ਪੰਜਾਬ ਦੀ ਟੀਮ ਵਧੀਆ ਪ੍ਰਦਰਸ਼ਨ ਕਰ ਰਹੀ ਹੈ। ਮੈਨੂੰ ਉਮੀਦ ਹੈ ਕਿ ਉਹ ਸਾਰੇ ਮੈਚ ਜਿੱਤਣਗੇ। ਸਾਨੂੰ ਬਹੁਤ ਪਿਆਰ ਮਿਲ ਰਿਹਾ ਹੈ।' ਆਪਣੀ ਫੇਰੀ ਦੌਰਾਨ ਅਦਾਕਾਰਾ ਨੇ ਗੁਰਦੁਆਰੇ 'ਚ ਸੇਵਾ ਵੀ ਕੀਤੀ। ਉਸ ਨੇ ਪੰਜਾਬ ਕਿੰਗਜ਼ ਦੇ ਖਿਡਾਰੀਆਂ ਅਤੇ ਆਈ ਪੀ ਐੱਲ ਵਿੱਚ ਟੀਮ ਦੀ ਚੜ੍ਹਦੀ ਕਲਾ ਲਈ ਅਰਦਾਸ ਵੀ ਕੀਤੀ। ਗੌਰਤਲਬ ਹੈ ਕਿ ਪੰਜਾਬ ਕਿੰਗਜ਼ ਨੇ ਸੀਜ਼ਨ ਦੀ ਸ਼ਾਨਦਾਰ ਸ਼ੁਰੂਆਤ ਕੀਤੀ ਸੀ। ਛੇ ਜਿੱਤਾਂ ਅਤੇ ਇੱਕ ਡਰਾਅ ਮੈਚ ਨਾਲ ਟੀਮ ਅੰਕ ਸੂਚੀ ਵਿੱਚ ਸਿਖਰ 'ਤੇ ਪਹੁੰਚ ਗਈ ਸੀ। ਹਾਲਾਂਕਿ, ਟੀਮ ਨੂੰ ਹਾਲ ਹੀ ਵਿੱਚ ਲਗਾਤਾਰ ਤਿੰਨ ਹਾਰਾਂ ਦਾ ਸਾਹਮਣਾ ਕਰਨਾ ਪਿਆ। ਟੀਮ ਰਾਜਸਥਾਨ ਰਾਇਲਜ਼ ਤੋਂ 223 ਦੌੜਾਂ ਬਣਾਉਣ ਦੇ ਬਾਵਜੂਦ ਛੇ ਵਿਕਟਾਂ ਨਾਲ ਹਾਰ ਗਈ। ਇਸ ਤੋਂ ਬਾਅਦ ਗੁਜਰਾਤ ਟਾਈਟਨਜ਼ ਤੋਂ ਟੀਮ ਚਾਰ ਵਿਕਟਾਂ ਨਾਲ ਹਾਰੀ। ਸਨਰਾਈਜ਼ਰਜ਼ ਹੈਦਰਾਬਾਦ ਨਾਲ ਹੋਏ ਮੁਕਾਬਲੇ ਵਿੱਚ ਪੰਜਾਬ ਕਿੰਗਜ਼ 236 ਦੌੜਾਂ ਦੇ ਟੀਚੇ ਦਾ ਪਿੱਛਾ ਕਰਦਿਆਂ 33 ਦੌੜਾਂ ਨਾਲ ਹਾਰ ਗਈ। ਇਨ੍ਹਾਂ ਹਾਰਾਂ ਕਾਰਨ ਪੰਜਾਬ ਕਿੰਗਜ਼ ਹੁਣ ਅੰਕ ਸੂਚੀ ਵਿੱਚ ਤੀਜੇ ਸਥਾਨ 'ਤੇ ਖਿਸਕ ਗਈ ਹੈ। ਧਰਮਸ਼ਾਲਾ ਵਿੱਚ ਦਿੱਲੀ ਕੈਪੀਟਲਜ਼ ਵਿਰੁੱਧ ਉਨ੍ਹਾਂ ਦਾ ਆਗਾਮੀ ਮੈਚ ਟੀਮ ਦੇ ਹੌਸਲੇ ਲਈ ਕਾਫ਼ੀ ਅਹਿਮ ਮੰਨਿਆ ਜਾ ਰਿਹਾ ਹੈ। ਦਿੱਲੀ ਦੀ ਟੀਮ ਇਸ ਸੀਜ਼ਨ ਵਿੱਚ ਸੰਘਰਸ਼ ਕਰ ਰਹੀ ਹੈ, ਜਿਸ ਨੇ ਹੁਣ ਤੱਕ 11 ਵਿੱਚੋਂ ਸੱਤ ਮੈਚ ਹਾਰੇ ਹਨ। ਫ਼ਿਲਮੀ ਸਫ਼ਰ ਦੀ ਗੱਲ ਕਰੀਏ ਤਾਂ ਪ੍ਰੀਤੀ ਜ਼ਿੰਟਾ ਜਲਦੀ ਹੀ ਫਿਲਮ 'ਲਾਹੌਰ 1947' ਵਿੱਚ ਨਜ਼ਰ ਆਵੇਗੀ। ਇਹ ਫਿਲਮ 13 ਅਗਸਤ, 2026 ਨੂੰ ਸਿਨੇਮਾਘਰਾਂ ਵਿੱਚ ਰਿਲੀਜ਼ ਹੋਣ ਦੀ ਉਮੀਦ ਹੈ।

# ਸਿੱਖ ਪੰਥ ਨੂੰ ਕਮਜ਼ੋਰ ਕਰ ਰਹੀਆਂ ਨੇ ਕੁਝ ਤਾਕਤਾਂ: ਸੁਖਬੀਰ

## ਕੇਜਰੀਵਾਲ 'ਤੇ ਪੰਜਾਬ ਨੂੰ ਲੁੱਟਣ ਦੇ ਦੋਸ਼ ਲਾਏ; ਅਕਾਲੀ ਦਲ ਦੀ ਮਜ਼ਬੂਤੀ 'ਤੇ ਜ਼ੋਰ



ਲੁਧਿਆਣਾ : ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਅੱਜ ਸਿੱਖੀ ਭੇਸ ਵਿੱਚ ਕੁਝ ਲੋਕ ਸਿੱਖ ਪੰਥ ਨੂੰ ਕਮਜ਼ੋਰ ਕਰ ਰਹੇ ਹਨ ਅਤੇ ਦਿੱਲੀ ਦੀਆਂ ਪਾਰਟੀਆਂ ਤੇ ਕੇਂਦਰੀ ਏਜੰਸੀਆਂ ਸਿੱਖਾਂ ਦੀਆਂ ਧਾਰਮਿਕ ਸੰਸਥਾਵਾਂ 'ਤੇ ਕਬਜ਼ਿਆਂ ਦੀ ਕੋਸ਼ਿਸ਼ 'ਚ ਹਨ। ਸੁਖਬੀਰ ਸਿੰਘ ਬਾਦਲ ਦਾਣਾ ਮੰਡੀ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਬੀ ਸੀ ਵਿੰਗ ਵੱਲੋਂ ਸਿੱਖ ਜਰਨੈਲ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੇ ਜਨਮ ਦਿਹਾੜੇ ਨੂੰ ਸਮਰਪਿਤ ਕਰਵਾਏ ਸਮਾਗਮ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਸਿੱਖ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਸਿੱਖ ਕੌਮ ਦੇ ਇਤਿਹਾਸ ਤੋਂ ਅਗਵਾਈ ਲੈ ਕੇ ਸ਼੍ਰੋਮਣੀ ਅਕਾਲੀ ਦਲ ਦੀ ਮਜ਼ਬੂਤੀ ਲਈ ਕੰਮ ਕਰਨ ਤਾਂ ਜੋ ਅਕਾਲੀ ਦਲ ਦੀ ਸਰਕਾਰ ਬਣਾ ਕੇ ਪੰਜਾਬ ਨੂੰ ਮੁੜ ਖੁਸ਼ਹਾਲੀ, ਤਰੱਕੀ ਅਤੇ ਵਿਕਾਸ ਦੇ ਰਾਹ 'ਤੇ ਤੋਰਿਆ ਜਾ ਸਕੇ। ਉਨ੍ਹਾਂ ਕਿਹਾ ਕਿ ਅੱਜ ਸਿੱਖਾਂ ਨੂੰ ਕਮਜ਼ੋਰ ਕਰ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਕਈ ਹਿੱਸਿਆਂ ਵਿੱਚ ਵੰਡ ਦਿੱਤਾ ਗਿਆ ਹੈ ਜਿਸ ਕਾਰਨ ਪੰਥਕ ਸੋਚ ਵਾਲੇ ਲੋਕ ਪ੍ਰੇਸ਼ਾਨ ਹਨ। ਉਨ੍ਹਾਂ ਕਿਹਾ ਕਿ ਜਿਹੜੀਆਂ ਤਾਕਤਾਂ ਪੰਥ ਨੂੰ ਕਮਜ਼ੋਰ ਕਰ ਰਹੀਆਂ ਹਨ ਉਨ੍ਹਾਂ ਤੋਂ ਸੁਚੇਤ ਹੋਣ ਦੀ ਲੋੜ ਹੈ। ਇਸ ਦੌਰਾਨ ਸੁਖਬੀਰ ਬਾਦਲ ਨੇ 'ਆਪ' ਸਰਕਾਰ ਨੂੰ ਘੇਰਦਿਆਂ ਕਿਹਾ ਕਿ ਸਰਕਾਰ ਦੀਆਂ ਗਲਤ ਨੀਤੀਆਂ ਕਾਰਨ ਪੰਜਾਬ ਸਿਰ ਕਈ ਲੱਖ ਕਰੋੜ ਦਾ ਕਰਜ਼ਾ ਚੜ੍ਹ ਗਿਆ ਹੈ ਅਤੇ ਅਮਨ-ਕਾਨੂੰਨ ਦੀ ਸਥਿਤੀ ਮਾੜੀ ਹੋ ਗਈ ਹੈ। ਉਨ੍ਹਾਂ ਦੋਸ਼ ਲਗਾਇਆ ਕਿ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਪੰਜਾਬ ਨੂੰ ਦੋਵੇਂ ਹੱਥੀਂ ਲੁੱਟ ਰਹੇ ਹਨ ਜਦੋਂ ਕਿ ਭਗਵੰਤ ਮਾਨ ਉਨ੍ਹਾਂ ਦੇ ਕਰਿੰਦੇ ਵਜੋਂ ਕੰਮ ਕਰ ਰਹੇ ਹਨ। ਸੁਖਬੀਰ ਬਾਦਲ ਨੇ ਵਰਕਰਾਂ ਨੂੰ ਅਪੀਲ ਕੀਤੀ ਕਿ ਅਕਾਲੀ ਦਲ ਦੀ ਸਰਕਾਰ ਵੱਲੋਂ 10 ਸਾਲਾਂ ਦੌਰਾਨ ਕੀਤੇ ਕੰਮਾਂ ਅਤੇ 'ਆਪ' ਸਰਕਾਰ ਵੱਲੋਂ ਕੀਤੀ ਜਾ ਰਹੀ ਪੰਜਾਬ ਦੀ ਬਰਬਾਦੀ ਦਾ ਲੇਖਾ-ਜੋਖਾ ਲੋਕਾਂ ਦੀ ਕਚਹਿਰੀ ਵਿੱਚ ਪੇਸ਼ ਕੀਤਾ ਜਾਵੇ। ਇਸ ਦੌਰਾਨ ਸਾਬਕਾ ਮੰਤਰੀ ਅਤੇ ਬੀ ਸੀ ਵਿੰਗ ਦੇ ਪ੍ਰਧਾਨ ਜਥੇਦਾਰ ਹੀਰਾ ਸਿੰਘ ਗਾਬੜੀਆ ਨੇ ਸੁਖਬੀਰ ਸਿੰਘ ਬਾਦਲ ਦਾ ਸਨਮਾਨ ਕੀਤਾ।

# 'ਆਪ' ਤੇ ਕੇਂਦਰ ਸਰਕਾਰ ਦੇ ਮਨਸੂਬਿਆਂ ਤੋਂ ਸੁਚੇਤ ਹੋਣ ਦਾ ਸਮਾਂ: ਤਰਸੇਮ ਸਿੰਘ

## ਅਕਾਲੀ ਦਲ 'ਵਾਰਿਸ ਪੰਜਾਬ ਦੇ' ਦੀ ਰੈਲੀ ਵਿੱਚ ਵੱਡੀ ਗਿਣਤੀ ਨੌਜਵਾਨਾਂ ਨੇ ਸ਼ਿਰਕਤ ਕੀਤੀ



ਕੁਰਾਲੀ : 'ਅਕਾਲੀ ਦਲ ਵਾਰਿਸ ਪੰਜਾਬ ਦੇ' ਵਲੋਂ ਨੇੜਲੇ ਪਿੰਡ ਫ਼ਤਹਿਗੜ੍ਹ ਵਿਖੇ ਰੈਲੀ ਕੀਤੀ ਗਈ। ਜ਼ਿਲ੍ਹਾ ਪ੍ਰਧਾਨ ਜਗਦੀਪ ਸਿੰਘ ਕੰਸਾਲਾ ਦੀ ਦੇਖ-ਰੇਖ ਹੇਠ ਹੋਈ ਇਸ ਰੈਲੀ ਵਿੱਚ ਜੇਲ੍ਹ ਵਿੱਚ ਬੰਦ ਲੋਕ ਸਭਾ ਮੈਂਬਰ ਅੰਮ੍ਰਿਤਪਾਲ ਸਿੰਘ ਦੇ ਪਿਤਾ ਬਾਪੂ ਤਰਸੇਮ ਸਿੰਘ ਅਤੇ ਲੋਕ ਸਭਾ ਮੈਂਬਰ ਸਰਬਜੀਤ ਸਿੰਘ ਖਾਲਸਾ ਨੇ ਸ਼ਿਰਕਤ ਕਰਦਿਆਂ ਪੰਜਾਬ ਦੀ ਨੌਜਵਾਨ ਪੀੜ੍ਹੀ ਨੂੰ ਇੱਕਜੁੱਟ ਹੋਣ ਅਤੇ 'ਆਪ' ਦੇ ਮਨਸੂਬਿਆਂ ਤੋਂ ਸੁਚੇਤ ਰਹਿਣ ਦਾ ਸੱਦਾ ਦਿੱਤਾ। ਇਸ ਰੈਲੀ ਵਿੱਚ ਵੱਡੀ ਗਿਣਤੀ ਨੌਜਵਾਨਾਂ ਨੇ ਸ਼ਿਰਕਤ ਕੀਤੀ।

ਇਕੱਠ ਵਿੱਚ ਬਾਪੂ ਤਰਸੇਮ ਸਿੰਘ ਨੇ ਕਿਹਾ ਕਿ ਪੰਜਾਬ ਦੀਆਂ ਰਾਜਨੀਤਕ ਪਾਰਟੀਆਂ ਦੇ ਆਗੂਆਂ ਵਲੋਂ ਸਾਡੀ ਬੋਲੀ, ਪਾਣੀ, ਕਿਸਾਨੀ ਤੇ ਨੌਜਵਾਨੀ 'ਤੇ ਮਾਰੂ ਹਮਲੇ ਕੀਤੇ ਜਾ ਰਹੇ ਹਨ। ਇਨ੍ਹਾਂ ਰਵਾਇਤੀ ਪਾਰਟੀਆਂ ਦੀਆਂ ਚਾਲਾਂ ਤੇ ਨੀਤੀਆਂ ਨੂੰ ਪੰਜਾਬ ਦਾ ਨੌਜਵਾਨ ਚੰਗੀ ਤਰ੍ਹਾਂ ਸਮਝ ਰਿਹਾ ਹੈ। ਹੁਣ ਨੌਜਵਾਨਾਂ ਦੇ ਇੱਕਜੁੱਟ ਹੋ ਕੇ ਪੰਜਾਬ ਲਈ ਖੜ੍ਹਨ ਦਾ ਸਮਾਂ ਹੈ, ਜੇ ਹੁਣ ਵੀ ਦੇਰ ਹੋਈ ਤਾਂ 'ਆਪ' ਤੇ ਕੇਂਦਰ ਸਰਕਾਰ ਪੰਜਾਬੀਆਂ ਨੂੰ ਉੱਠਣ ਨਹੀਂ ਦੇਣਗੇ। ਉਨ੍ਹਾਂ ਨੌਜਵਾਨ ਵਰਗ ਨੂੰ ਕੌਮ ਪ੍ਰਤੀ ਜ਼ਿੰਮੇਵਾਰ ਬਣਨ ਅਤੇ ਅਗਾਮੀਂ ਵਿਧਾਨ ਸਭਾ ਚੋਣਾਂ ਲਈ ਪੰਥਕ ਪਾਰਟੀ ਵਾਰਿਸ ਪੰਜਾਬ ਦੇ ਅਤੇ ਸਹਿਯੋਗੀ ਪਾਰਟੀਆਂ ਨੂੰ ਅੱਗੇ ਲਿਆਉਣ ਦਾ ਸੱਦਾ ਦਿੱਤਾ ਤਾਂ ਜੋ ਸਰਕਾਰਾਂ ਦੇ ਅੱਤਿਆਚਾਰਾਂ ਦਾ ਸ਼ਿਕਾਰ ਹੋਏ ਨੌਜਵਾਨਾਂ ਨੂੰ ਜੇਲ੍ਹਾਂ ਵਿੱਚੋਂ ਕਢਵਾਇਆ ਜਾ ਸਕੇ।

ਇਸੇ ਦੌਰਾਨ ਸਰਬਜੀਤ ਸਿੰਘ ਖਾਲਸਾ ਨੇ ਕਿਹਾ ਕਿ ਜਦੋਂ ਵੀ ਪੰਜਾਬ ਜਾਂ ਪੰਥ 'ਤੇ ਭੀੜ ਪਈ ਹੈ ਨੌਜਵਾਨ ਵਰਗ ਨੇ ਵੱਡਾ ਯੋਗਦਾਨ ਪਾ ਕੇ ਪੰਥ ਨੂੰ ਹਰ ਭੀੜ ਵਿੱਚੋਂ ਕੱਢਿਆ ਹੈ। ਹੁਣ ਵੀ ਅਜਿਹਾ ਹੀ ਸਮਾਂ ਚੱਲ ਰਿਹਾ ਹੈ ਅਤੇ ਨੌਜਵਾਨ ਵਰਗ ਨੂੰ ਅੱਗੇ ਆਉਣ ਦੀ ਲੋੜ ਹੈ। ਜ਼ਿਲ੍ਹਾ ਪ੍ਰਧਾਨ ਜਗਦੀਪ ਸਿੰਘ ਕੰਸਾਲਾ ਨੇ ਇਕੱਠ ਵਿਚ ਪਹੁੰਚੇ ਲੋਕਾਂ ਦਾ ਧੰਨਵਾਦ ਕੀਤਾ ਅਤੇ ਪ੍ਰਸ਼ਾਸਨ ਵਲੋਂ ਰੋਕਾਂ ਲਗਾ ਕੇ ਰੈਲੀ ਵਿੱਚ ਪੁੱਜਣ ਵਾਲਿਆਂ ਨੂੰ ਰੋਕਣ ਦੀਆਂ ਕੋਸ਼ਿਸ਼ਾਂ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ। ਉਨ੍ਹਾਂ ਕਿਹਾ ਕਿ ਅਸਲ ਵਿੱਚ ਸਰਕਾਰ ਡਰ ਤੇ ਬੌਖ਼ਲਾਹਟ ਕਾਰਨ ਅਜਿਹੀਆਂ ਚਾਲਾਂ ਚੱਲ ਰਹੀ ਹੈ।

ਇਸ ਮੌਕੇ ਬਲਵਿੰਦਰ ਕੌਰ, ਪਰਮਜੀਤ ਸਿੰਘ ਜੌਹਲ, ਮਨਦੀਪ ਸਿੰਘ ਸਿੱਧੂ, ਰਿਮਲਜੋਤ ਸਿੰਘ, ਕਾਬਲ ਸਿੰਘ ਭੁੱਲਰ, ਨਿਰਮੈਲ ਸਿੰਘ ਜੌਲਾ, ਜਸਕਰਨ ਸਿੰਘ ਕਾਹਨ ਸਿੰਘ ਵਾਲਾ, ਸਾਬਕਾ ਡਾਇਰੈਕਟਰ ਗੁਰਮੀਤ ਸਿੰਘ ਸਾਂਟੂ, ਰਵਿੰਦਰ ਸਿੰਘ ਬਜੀਦਪੁਰ ਹਾਜ਼ਰ ਸਨ।

# ਨਰਿੰਦਰ ਮੋਦੀ ਨੇ 50% ਘਟਾਇਆ ਆਪਣਾ ਕਾਫਲਾ, ਪੈਟਰੋਲ ਡੀਜ਼ਲ ਸੰਕਟ ਵਿਚਕਾਰ ਕੀਤਾ ਵੱਡਾ ਬਦਲਾਅ

## ਸਪੈਸ਼ਲ ਪ੍ਰੋਟੈਕਸ਼ਨ ਗਰੁੱਪ (SPG) ਨੂੰ ਵਾਹਨਾਂ ਦੀ ਗਿਣਤੀ ਘਟਾਉਣ ਦੇ ਦਿੱਤੇ ਨਿਰਦੇਸ਼

ਨਵੀਂ ਦਿੱਲੀ : ਪੱਛਮੀ ਏਸ਼ੀਆ ਵਿੱਚ ਚੱਲ ਰਹੇ ਸੰਕਟ ਨੇ ਵਿਸ਼ਵ ਪੱਧਰ 'ਤੇ ਕੱਚੇ ਤੇਲ ਦੀ ਸਪਲਾਈ ਨੂੰ ਪ੍ਰਭਾਵਿਤ ਕੀਤਾ ਹੈ ਅਤੇ ਇਸ ਦਾ ਪ੍ਰਭਾਵ ਭਾਰਤ ਵਿੱਚ ਵੀ ਮਹਿਸੂਸ ਕੀਤਾ ਜਾ ਰਿਹਾ ਹੈ। ਆਪਣੇ ਹਾਲੀਆ ਸੰਬੋਧਨ ਵਿੱਚ, ਪ੍ਰਧਾਨ ਮੰਤਰੀ ਮੋਦੀ ਨੇ ਲੋਕਾਂ ਨੂੰ ਬਾਲਣ ਬਚਾਉਣ ਅਤੇ ਇੱਕ ਸਾਲ ਲਈ ਸੋਨਾ ਖਰੀਦਣ ਤੋਂ ਪਰਹੇਜ਼ ਕਰਨ ਦੀ ਅਪੀਲ ਕੀਤੀ।




ਇਸ ਵਿਚਾਲੇ ਪ੍ਰਧਾਨ ਮੰਤਰੀ ਮੋਦੀ ਨੇ ਸਰਕਾਰੀ ਖਰਚਿਆਂ ਨੂੰ ਘਟਾਉਣ ਵੱਲ ਇੱਕ ਵੱਡਾ ਕਦਮ ਚੁੱਕਿਆ ਹੈ। ਉਨ੍ਹਾਂ ਨੇ ਆਪਣੇ ਕਾਫਲੇ ਵਿੱਚ ਵਾਹਨਾਂ ਦੀ ਗਿਣਤੀ ਵਿੱਚ 50 ਪ੍ਰਤੀਸ਼ਤ ਕਮੀ ਦਾ ਆਦੇਸ਼ ਦਿੱਤਾ ਹੈ। ਸੂਤਰਾਂ ਅਨੁਸਾਰ, ਪ੍ਰਧਾਨ ਮੰਤਰੀ ਨੇ ਆਪਣੀ ਸੁਰੱਖਿਆ ਲਈ ਤਾਇਨਾਤ ਸਪੈਸ਼ਲ ਪ੍ਰੋਟੈਕਸ਼ਨ ਗਰੁੱਪ (ਐਸਪੀਜੀ) ਨੂੰ ਨਿਰਦੇਸ਼ ਦਿੱਤੇ ਹਨ ਕਿ ਉਹ ਕਾਫਲੇ ਵਿੱਚ ਵਾਹਨਾਂ ਦੀ ਗਿਣਤੀ 50 ਪ੍ਰਤੀਸ਼ਤ ਘਟਾ ਦੇਣ। ਇਸ ਤੋਂ ਇਲਾਵਾ, ਪ੍ਰਧਾਨ ਮੰਤਰੀ ਮੋਦੀ ਨੇ ਐਸਪੀਜੀ ਨੂੰ ਇਹ ਵੀ ਕਿਹਾ ਹੈ ਕਿ ਜਦੋਂ ਵੀ ਸੰਭਵ ਹੋਵੇ ਨਵੇਂ ਵਾਹਨ ਖਰੀਦੇ ਬਿਨਾਂ ਕਾਫਲੇ ਵਿੱਚ ਇਲੈਕਟ੍ਰਿਕ ਵਾਹਨ ਸ਼ਾਮਲ ਕੀਤੇ ਜਾਣ। ਐਸਪੀਜੀ ਨੇ ਵੀ ਪ੍ਰਧਾਨ ਮੰਤਰੀ ਮੋਦੀ ਦੇ ਨਿਰਦੇਸ਼ਾਂ ਦੀ ਪਾਲਣਾ ਕਰਨੀ ਸ਼ੁਰੂ ਕਰ ਦਿੱਤੀ ਹੈ। ਰਿਪੋਰਟਾਂ ਅਨੁਸਾਰ, ਹੈਦਰਾਬਾਦ ਵਿੱਚ ਪ੍ਰਧਾਨ ਮੰਤਰੀ ਮੋਦੀ ਦੇ ਭਾਸ਼ਣ ਤੋਂ ਤੁਰੰਤ ਬਾਅਦ ਗੁਜਰਾਤ ਅਤੇ ਅਸਾਮ ਵਿੱਚ ਉਨ੍ਹਾਂ ਦੇ ਕਾਫਲੇ ਵਿੱਚ ਵਾਹਨਾਂ ਦੀ ਗਿਣਤੀ ਘਟਾ ਦਿੱਤੀ ਗਈ ਸੀ। ਹਾਲਾਂਕਿ, ਇਹ ਯਕੀਨੀ ਬਣਾਇਆ ਜਾ ਰਿਹਾ ਹੈ ਕਿ ਨਿਰਧਾਰਤ ਲਾਜ਼ਮੀ ਸੁਰੱਖਿਆ ਨਾਲ ਸਮਝੌਤਾ ਨਾ ਕੀਤਾ ਜਾਵੇ। ਅਜਿਹੇ ਸੰਕੇਤ ਹਨ ਕਿ ਮੰਤਰਾਲੇ ਅਤੇ ਵਿਭਾਗ ਆਉਣ ਵਾਲੇ ਦਿਨਾਂ ਵਿੱਚ ਲਾਗਤ ਘਟਾਉਣ ਦੇ ਉਪਾਅ ਅਪਣਾਉਣ ਦੀ ਤਿਆਰੀ ਕਰ ਰਹੇ ਹਨ, ਜਿਸ ਵਿੱਚ ਕਰਮਚਾਰੀਆਂ ਨੂੰ ਮੈਟਰੋ ਦੀ ਵਧੇਰੇ ਵਰਤੋਂ ਕਰਨ ਲਈ ਉਤਸ਼ਾਹਿਤ ਕਰਨਾ, ਕਾਰ ਪੂਲਿੰਗ ਨੂੰ ਅਪਣਾਉਣਾ ਅਤੇ ਵੱਡੇ ਸਮਾਗਮਾਂ ਤੋਂ ਬਚਣਾ ਸ਼ਾਮਲ ਹੈ। ਹੈਦਰਾਬਾਦ ਵਿੱਚ ਆਪਣੇ ਸੰਬੋਧਨ ਦੌਰਾਨ, ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਅੱਜ ਦੁਨੀਆ ਆਰਥਿਕ ਉਥਲ-ਪੁਥਲ, ਸਪਲਾਈ ਲੜੀ ਵਿੱਚ ਵਿਘਨ ਅਤੇ ਅੰਤਰਰਾਸ਼ਟਰੀ ਟਕਰਾਵਾਂ ਨਾਲ ਜੂਝ ਰਹੀ ਹੈ, ਜਿਸ ਦੇ ਪ੍ਰਭਾਵ ਵਧਦੀ ਮਹਿੰਗਾਈ ਵਿੱਚ ਪ੍ਰਗਟ ਹੋ ਰਹੇ ਹਨ। ਅਜਿਹੇ ਸਮੇਂ, ਭਾਰਤ ਨੂੰ ਮਜ਼ਬੂਤ ਰੱਖਣ ਲਈ ਸਮੂਹਿਕ ਭਾਗੀਦਾਰੀ ਬਹੁਤ ਜ਼ਰੂਰੀ ਹੈ।

# ਮੁੱਖ ਮੰਤਰੀ ਬਣਦਿਆਂ ਹੀ ਵਿਜੇ ਨੇ 200 ਯੂਨਿਟ ਮੁਫ਼ਤ ਬਿਜਲੀ ਦੇਣ ਦੇ ਆਦੇਸ਼ 'ਤੇ ਕੀਤੇ ਦਸਤਖਤ



ਚੇਨਈ : ਤਾਮਿਲਨਾਡੂ ਦੇ ਮੁੱਖ ਮੰਤਰੀ ਜੋਸੇਫ ਵਿਜੇ ਨੇ ਐਤਵਾਰ ਨੂੰ ਆਪਣੇ ਚੋਣ ਵਾਅਦੇ ਪੂਰੇ ਕਰਦਿਆਂ ਤਿੰਨ ਅਹਿਮ ਯੋਜਨਾਵਾਂ ਦਾ ਐਲਾਨ ਕੀਤਾ ਹੈ। ਇਹ ਯੋਜਨਾਵਾਂ ਮੁਫ਼ਤ ਬਿਜਲੀ, ਔਰਤਾਂ ਦੀ ਸੁਰੱਖਿਆ ਅਤੇ ਸੂਬੇ ਵਿੱਚੋਂ ਨਸ਼ਿਆਂ ਦੇ ਖਾਤਮੇ ਨਾਲ ਸਬੰਧਤ ਹਨ।

ਵਿਜੇ ਨੇ ਤਾਮਿਲਨਾਡੂ ਦੇ ਮੁੱਖ ਮੰਤਰੀ ਵਜੋਂ ਸਹੁੰ ਚੁੱਕੀ ਹੈ। ਉਨ੍ਹਾਂ ਦੀ ਪਾਰਟੀ ਟੀ ਵੀ ਕੇ ਨੇ 23 ਅਪਰੈਲ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਜਿੱਤ ਹਾਸਲ ਕੀਤੀ ਸੀ ਅਤੇ 118 ਸੀਟਾਂ ਦੇ ਬਹੁਮਤ ਦੇ ਅੰਕੜੇ ਨੂੰ ਪਾਰ ਕਰਨ ਲਈ ਦੂਜੀਆਂ ਪਾਰਟੀਆਂ ਦਾ ਸਮਰਥਨ ਪ੍ਰਾਪਤ ਕੀਤਾ ਸੀ।

ਮੁੱਖ ਮੰਤਰੀ ਦਾ ਅਹੁਦਾ ਸੰਭਾਲਦਿਆਂ ਹੀ ਵਿਜੇ ਨੇ ਪਹਿਲੇ ਸਰਕਾਰੀ ਹੁਕਮਾਂ 'ਤੇ ਦਸਤਖਤ ਕੀਤੇ ਹਨ, ਜਿਸ ਮੁਤਾਬਕ ਹੁਣ ਘਰੇਲੂ ਖਪਤਕਾਰਾਂ ਨੂੰ 200 ਯੂਨਿਟ ਬਿਜਲੀ ਮੁਫ਼ਤ ਮਿਲੇਗੀ। ਇਹ ਸਹੂਲਤ ਉਨ੍ਹਾਂ ਲੋਕਾਂ ਨੂੰ ਮਿਲੇਗੀ ਜਿਨ੍ਹਾਂ ਦੀ ਦੋ ਮਹੀਨਿਆਂ ਦੀ ਕੁੱਲ ਵਰਤੋਂ 500 ਯੂਨਿਟ ਤੱਕ ਹੋਵੇਗੀ।

ਔਰਤਾਂ ਦੀ ਸੁਰੱਖਿਆ ਨੂੰ ਮਜ਼ਬੂਤ ਕਰਨ ਅਤੇ ਉਨ੍ਹਾਂ ਦਾ ਆਤਮ-ਵਿਸ਼ਵਾਸ ਵਧਾਉਣ ਲਈ ਪੂਰੇ ਸੂਬੇ ਵਿੱਚ 'ਸਿੰਗਾ ਪੇਨ ਸਪੈਸ਼ਲ ਐਕਸ਼ਨ ਫੋਰਸ' ਸਥਾਪਤ ਕੀਤੀ ਜਾਵੇਗੀ। ਇਹ ਫੋਰਸ ਆਧੁਨਿਕ ਸਹੂਲਤਾਂ ਅਤੇ ਲੋੜੀਂਦੇ ਕਰਮਚਾਰੀਆਂ ਨਾਲ ਲੈਸ ਹੋਵੇਗੀ। ਦੱਸ ਦੇਈਏ ਕਿ 'ਸਿੰਗਾ ਪੇਨ' ਦਾ ਮਤਲਬ 'ਸ਼ੇਰਨੀ' ਹੁੰਦਾ ਹੈ, ਜੋ ਕਿ ਬਹਾਦਰ ਔਰਤਾਂ ਲਈ ਵਰਤਿਆ ਜਾਣ ਵਾਲਾ ਇੱਕ ਸਨਮਾਨਜਨਕ ਸ਼ਬਦ ਹੈ।

ਸੂਬਾ ਸਰਕਾਰ ਮੁਤਾਬਕ ਇਹ ਪਹਿਲਕਦਮੀ ਮਹਿਲਾ ਸੁਰੱਖਿਆ ਨਾਲ ਸਬੰਧਤ ਸ਼ਿਕਾਇਤਾਂ 'ਤੇ ਤੇਜ਼ੀ ਨਾਲ ਅਤੇ ਉਚਿਤ ਕਾਰਵਾਈ ਕਰਨ ਦੇ ਸਮਰੱਥ ਬਣਾਏਗੀ।

ਇਸੇ ਤਰ੍ਹਾਂ ਤਾਮਿਲਨਾਡੂ ਵਿੱਚ ਨਸ਼ਿਆਂ ਨਾਲ ਸਬੰਧਤ ਅਪਰਾਧਾਂ ਨੂੰ ਰੋਕਣ ਅਤੇ ਅਪਰਾਧੀਆਂ ਵਿਰੁੱਧ ਸਖ਼ਤ ਕਾਰਵਾਈ ਕਰਨ ਲਈ ਕੁੱਲ 65 'ਐਂਟੀ-ਨਾਰਕੋਟਿਕ ਟਾਸਕ ਫੋਰਸ' ਯੂਨਿਟ ਸਥਾਪਤ ਕੀਤੇ ਜਾਣਗੇ।

ਹਰੇਕ ਜ਼ਿਲ੍ਹੇ ਵਿੱਚ ਇੱਕ ਯੂਨਿਟ ਸਥਾਪਤ ਕੀਤਾ ਜਾਵੇਗਾ, ਜਦੋਂ ਕਿ ਬਾਕੀ ਯੂਨਿਟ ਸੂਬੇ ਦੇ ਨੌਂ ਪ੍ਰਮੁੱਖ ਸ਼ਹਿਰਾਂ ਦੇ ਪੁਲੀਸ ਜ਼ਿਲ੍ਹਿਆਂ ਵਿੱਚ ਸਥਾਪਤ ਕੀਤੇ ਜਾਣਗੇ।

ਉੱਥੇ ਹੀ ਮੁੱਖ ਮੰਤਰੀ ਵਜੋਂ ਅਹੁਦਾ ਸੰਭਾਲਣ ਤੋਂ ਬਾਅਦ ਇੱਥੋਂ ਦੇ ਜਵਾਹਰ ਲਾਲ ਨਹਿਰੂ ਇੰਡੋਰ ਸਟੇਡੀਅਮ ਵਿੱਚ ਆਪਣੇ ਪਹਿਲੇ ਸੰਬੋਧਨ ਦੌਰਾਨ ਵਿਜੇ ਨੇ ਕਿਹਾ ਕਿ ਹੁਣ 'ਅਸਲੀ ਧਰਮ ਨਿਰਪੱਖਤਾ ਅਤੇ ਸਮਾਜਿਕ ਨਿਆਂ' ਲਈ ਵਚਨਬੱਧ ਸ਼ਾਸਨ ਦੇ ਇੱਕ ਨਵੇਂ ਯੁੱਗ ਦੀ ਸ਼ੁਰੂਆਤ ਹੋਈ ਹੈ।

ਉਨ੍ਹਾਂ ਨੇ ਸਰਕਾਰ ਬਣਾਉਣ ਲਈ ਆਪਣੀ ਪਾਰਟੀ ਨੂੰ ਸਮਰਥਨ ਦੇਣ ਲਈ ਕਾਂਗਰਸ, ਵੀ ਸੀ ਕੇ, ਆਈ ਯੂ ਐੱਮ ਐੱਲ ਅਤੇ ਖੱਬੇ ਪੱਖੀਆਂ ਪਾਰਟੀਆਂ ਦਾ ਧੰਨਵਾਦ ਕੀਤਾ।

# ਕੋਈ ਤਾਕਤ ਭਾਰਤ ਨੂੰ ਝੁਕਾ ਨਹੀਂ ਸਕਦੀ: ਮੋਦੀ

## ਸੋਮਨਾਥ ਅਮ੍ਰਿਤ ਮਹਾ ਉਤਸਵ ਸਮਾਗਮ 'ਚ ਸ਼ਮੂਲੀਅਤ ਕੀਤੀ; ਪੋਖਰਨ ਦੇ ਪਰਮਾਣੂ ਧਮਾਕਿਆਂ ਨੂੰ ਯਾਦ ਕੀਤਾ




ਸੋਮਨਾਥ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 1998 ਦੇ ਪੋਖਰਨ ਪਰਮਾਣੂ ਧਮਾਕੇ ਦਾ ਜ਼ਿਕਰ ਕਰਦਿਆਂ ਕਿਹਾ ਕਿ ਦੁਨੀਆ ਦੀ ਕੋਈ ਵੀ ਤਾਕਤ ਭਾਰਤ ਨੂੰ ਝੁਕਾ ਨਹੀਂ ਸਕਦੀ ਜਾਂ ਦਬਾਅ ਹੇਠ ਨਹੀਂ ਲਿਆ ਸਕਦੀ। ਭਗਵਾਨ ਸ਼ਿਵ ਦੇ ਮਸ਼ਹੂਰ ਸੋਮਨਾਥ ਮੰਦਰ ਦੇ ਮੁੜ ਨਿਰਮਾਣ ਦੇ 75 ਸਾਲ ਪੂਰੇ ਹੋਣ ਮੌਕੇ ਕਰਵਾਏ 'ਸੋਮਨਾਥ ਅਮ੍ਰਿਤ ਮਹਾਉਤਸਵ' 'ਚ ਰੈਲੀ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨੇ ਇਹ ਵੀ ਕਿਹਾ ਕਿ ਦੇਸ਼ ਵਿੱਚ ਅੱਜ ਵੀ ਅਜਿਹੀ ਤਾਕਤਾਂ ਸਰਗਰਮ ਹਨ ਜਿਨ੍ਹਾਂ ਨੂੰ ਕੌਮੀ ਸਨਮਾਨ ਨਾਲੋਂ ਤੁਸ਼ਟੀਕਰਨ ਦੀ ਸਿਆਸਤ ਜ਼ਿਆਦਾ ਜ਼ਰੂਰੀ ਲਗਦੀ ਹੈ। ਅਯੁੱਧਿਆ 'ਚ ਰਾਮ ਮੰਦਰ ਦੇ ਨਿਰਮਾਣ ਦੇ ਵਿਰੋਧ ਦੌਰਾਨ ਵੀ ਅਜਿਹੀ ਸੋਚ ਦਿਖਾਈ ਦਿੱਤੀ ਸੀ। ਉਨ੍ਹਾਂ ਕਿਹਾ, "ਜੇ 1947 'ਚ ਭਾਰਤ ਆਜ਼ਾਦ ਹੋਇਆ ਸੀ ਤਾਂ 1951 'ਚ ਸੋਮਨਾਥ ਦੀ ਪ੍ਰਾਣ ਪ੍ਰਤਿਸ਼ਠਾ ਨੇ ਭਾਰਤ ਦੀ ਆਜ਼ਾਦ ਚੇਤਨਾ ਦਾ ਐਲਾਨ ਕੀਤਾ ਸੀ।" ਸ੍ਰੀ ਮੋਦੀ ਨੇ ਕਿਹਾ ਕਿ ਸੋਮਨਾਥ ਦਾ ਅਮ੍ਰਿਤ ਮਹਾ ਉਤਸਵ ਸਿਰਫ਼ ਅਤੀਤ ਦਾ ਉਤਸਵ ਨਹੀਂ ਹੈ ਸਗੋਂ ਇਹ ਅਗਲੇ ਹਜ਼ਾਰ ਸਾਲਾਂ ਲਈ ਭਾਰਤ ਦੀ ਪ੍ਰੇਰਨਾ ਦਾ ਮਹਾਉਤਸਵ ਵੀ ਹੈ। 11 ਮਈ ਸਿਰਫ਼ ਸੋਮਨਾਥ ਮੰਦਰ ਦੇ ਨਵੇਂ ਸਰੂਪ 'ਚ ਪ੍ਰਾਣ ਪ੍ਰਤਿਸ਼ਠਾ ਲਈ ਹੀ ਨਹੀਂ ਸਗੋਂ ਇਸ ਲਈ ਵੀ ਅਹਿਮ ਹੈ ਕਿਉਂਕਿ 1998 'ਚ ਅੱਜ ਦੇ ਹੀ ਦਿਨ ਤਤਕਾਲੀ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਦੀ ਅਗਵਾਈ ਹੇਠ ਭਾਰਤ ਨੇ ਪਰਮਾਣੂ ਅਜ਼ਮਾਇਸ਼ ਕੀਤੀ ਸੀ। ਇਸ ਤੋਂ ਕਈ ਮੁਲਕ ਨਾਰਾਜ਼ ਹੋ ਕੇ ਭਾਰਤ ਨੂੰ ਦਬਾਉਣ ਦੀ ਕੋਸ਼ਿਸ਼ ਕਰਨ ਲੱਗੇ। ਇਸ ਮਗਰੋਂ 13 ਮਈ ਨੂੰ ਭਾਰਤ ਨੇ ਦੋ ਹੋਰ ਪਰਮਾਣੂ ਤਜਰਬੇ ਕੀਤੇ। ਉਨ੍ਹਾਂ ਆਲਮੀ ਦਬਾਅ ਅੱਗੇ ਨਾ ਝੁਕਣ ਲਈ ਤਤਕਾਲੀ ਵਾਜਪਾਈ ਸਰਕਾਰ ਦੀ ਸ਼ਲਾਘਾ ਕੀਤੀ। ਸ੍ਰੀ ਮੋਦੀ ਨੇ ਕਿਹਾ, "ਉਸ ਸਮੇਂ ਪੂਰੀ ਦੁਨੀਆ ਦਾ ਦਬਾਅ ਭਾਰਤ 'ਤੇ ਸੀ ਪਰ ਅਟਲ ਜੀ ਦੀ ਅਗਵਾਈ ਹੇਠਲੀ ਭਾਜਪਾ ਸਰਕਾਰ ਨੇ ਇਹ ਦਿਖਾਇਆ ਸੀ ਕਿ ਸਾਡੇ ਲਈ ਦੇਸ਼ ਪਹਿਲਾਂ ਹੈ। ਦੁਨੀਆ ਦੀ ਕੋਈ ਵੀ ਤਾਕਤ ਭਾਰਤ ਨੂੰ ਝੁਕਾ ਨਹੀਂ ਸਕਦੀ, ਦਬਾਅ ਹੇਠ ਨਹੀਂ ਲਿਆ ਸਕਦੀ।" ਉਨ੍ਹਾਂ ਕਿਹਾ ਕਿ ਸੋਮਨਾਥ ਯਾਦ ਦਿਵਾਉਂਦਾ ਹੈ ਕਿ ਕੋਈ ਵੀ ਰਾਸ਼ਟਰ ਉਦੋਂ ਹੀ ਮਜ਼ਬੂਤ ਰਹਿ ਸਕਦਾ ਹੈ, ਜਦੋਂ ਉਹ ਆਪਣੀਆਂ ਜੜ੍ਹਾਂ ਨਾਲ ਜੁੜਿਆ ਰਹੇ। ਸ੍ਰੀ ਮੋਦੀ ਨੇ ਇਸ ਮੌਕੇ ਵਿਸ਼ੇਸ਼ ਡਾਕ ਟਿਕਟ ਵੀ ਜਾਰੀ ਕੀਤੀ।

## ਆਮ ਆਦਮੀ ਪਾਰਟੀ ਨੂੰ ਵੱਡਾ ਝਟਕਾ

# ਮੁੱਖ ਮੰਤਰੀ ਦੇ ਚਚੇਰੇ ਭਰਾ ਸਮੇਤ ਕਈ ਆਗੂ ਭਾਜਪਾ 'ਚ ਸ਼ਾਮਿਲ




ਚੰਡੀਗੜ੍ਹ : ਭਾਜਪਾ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਪਰਿਵਾਰ 'ਚ ਵੱਡੀ ਸੰਨ ਲਗਾਉਂਦਿਆਂ ਭਗਵੰਤ ਮਾਨ ਦੇ ਚਚੇਰੇ ਭਰਾ ਗਿਆਨ ਸਿੰਘ ਮਾਨ ਨੂੰ ਪਾਰਟੀ ਵਿਚ ਸ਼ਾਮਿਲ ਕਰਵਾ ਸੂਬੇ ਦੀ ਸਿਆਸਤ 'ਚ ਨਵੀਂਆਂ ਚਰਚਾਵਾਂ ਨੂੰ ਜਨਮ ਦਿੱਤਾ ਹੈ। ਚੰਡੀਗੜ੍ਹ ਸਥਿਤ ਪਾਰਟੀ ਦੇ ਸੂਬਾਈ ਦਫ਼ਤਰ ਵਿਖੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਅਤੇ ਪੰਜਾਬ ਭਾਜਪਾ ਪ੍ਰਧਾਨ ਸੁਨੀਲ ਜਾਖੜ ਦੀ ਹਾਜ਼ਰੀ ਵਿਚ ਗਿਆਨ ਸਿੰਘ ਮਾਨ ਨੇ ਭਾਜਪਾ ਦਾ ਪੱਲਾ ਫੜਿਆ। ਇਸ ਮੌਕੇ ਬਰਨਾਲਾ ਦੇ ਕਾਰੋਬਾਰੀ ਅਤੇ ਐਨ.ਆਰ.ਆਈ. ਬਲਜਿੰਦਰ ਸਿੰਘ ਵੜਿੰਗ ਤੇ ਜਲਾਲਾਬਾਦ ਤੋਂ 'ਆਪ' ਦੇ ਵਿਧਾਇਕ ਗੋਲਡੀ ਕੰਬੋਜ ਦੇ ਸਾਬਕਾ ਪੀ.ਏ. ਅਤੇ 'ਆਪ' ਦੇ ਅਰਨੀਵਾਲਾ ਜ਼ੋਨ ਇੰਚਾਰਜ ਮਨਜਿੰਦਰ ਸਿੰਘ ਸਾਜਣ ਖੇੜਾ ਵੀ ਭਾਜਪਾ 'ਚ ਸ਼ਾਮਿਲ ਹੋਏ। ਸੁਨੀਲ ਜਾਖੜ ਨੇ ਪ੍ਰੈੱਸ ਕਾਨਫ਼ਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਹ ਆਗੂ ਬਦਲਾਅ ਤੇ ਇਮਾਨਦਾਰ ਰਾਜਨੀਤੀ ਦੀ ਉਮੀਦ ਨਾਲ ਆਮ ਆਦਮੀ ਪਾਰਟੀ ਨਾਲ ਜੁੜੇ ਸਨ, ਪਰ ਹੁਣ 'ਆਪ ਦੀ ਕਾਰਗੁਜ਼ਾਰੀ ਤੋਂ ਨਿਰਾਸ਼ ਹੋ ਕੇ ਭਾਜਪਾ 'ਚ ਆਏ ਹਨ। ਜਾਖੜ ਨੇ ਪੰਜਾਬ ਦੇ ਵੱਖ-ਵੱਖ ਸ਼ਹਿਰਾਂ 'ਚ ਭਾਜਪਾ ਦਫ਼ਤਰਾਂ ਅਤੇ ਵਰਕਰਾਂ 'ਤੇ ਹੋਏ ਹਮਲਿਆਂ ਦੀ ਸਖ਼ਤ ਨਿੰਦਾ ਕੀਤੀ। ਭਾਜਪਾ ਪ੍ਰਧਾਨ ਨੇ ਚਿਤਾਵਨੀ ਭਰੇ ਲਹਿਜ਼ੇ ਵਿਚ ਕਿਹਾ ਕਿ 'ਭਾਜਪਾ ਦਫ਼ਤਰਾਂ 'ਤੇ ਹਮਲੇ ਕਰਕੇ ਈ.ਡੀ. ਅਤੇ ਸੀ.ਬੀ.ਆਈ. ਦੀਆਂ ਜਾਂਚਾਂ ਬੰਦ ਨਹੀਂ ਹੋਣਗੀਆਂ। ਜਾਖੜ ਨੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਤੇ ਮੁੱਖ ਮੰਤਰੀ ਭਗਵੰਤ ਮਾਨ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਪੰਜਾਬ 'ਚ 'ਬੰਗਾਲ ਵਰਗੇ ਹਾਲਾਤ' ਨਹੀਂ ਬਣਨ ਦਿੱਤੇ ਜਾਣਗੇ। ਭਾਜਪਾ ਆਪਣੇ ਵਰਕਰਾਂ 'ਤੇ ਹੋ ਰਹੇ ਹਮਲਿਆਂ ਦਾ ਡਟ ਕੇ ਮੁਕਾਬਲਾ ਕਰੇਗੀ। ਉਨ੍ਹਾਂ ਕਿਹਾ ਅਗਲੀਆਂ ਚੋਣਾਂ ਲਈ ਭਾਜਪਾ ਪੂਰੀ ਤਰ੍ਹਾਂ ਤਿਆਰ ਹੈ। ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕਿਹਾ ਕਿ ਪੰਜਾਬ 'ਚ ਭਾਜਪਾ ਪੂਰੀ ਗਤੀ ਨਾਲ ਅੱਗੇ ਵੱਧ ਰਹੀ ਹੈ ਤੇ ਪਿੰਡਾਂ, ਵਾਰਡਾਂ ਅਤੇ ਕਸਬਿਆਂ ਵਿਚ ਲੋਕ ਬੇਸਬਰੀ ਨਾਲ ਭਾਜਪਾ ਸਰਕਾਰ ਬਣਨ ਦੀ ਉਡੀਕ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਹੁਣ ਡਬਲ ਇੰਜਣ ਦੀ ਸਰਕਾਰ ਚਾਹੁੰਦੇ ਹਨ ਤਾਂ ਜੋ ਸੂਬੇ ਦੇ ਵਿਕਾਸ ਨੂੰ ਨਵੀਂ ਰਫ਼ਤਾਰ ਮਿਲ ਸਕੇ।

# ਸਨਾਤਨ ਧਰਮ 'ਤੇ ਬਿਆਨਬਾਜ਼ੀ: ਭਾਜਪਾ ਦਾ ਉਧਯਨਿਧੀ ਸਟਾਲਿਨ ਅਤੇ ਕਾਂਗਰਸ 'ਤੇ ਵੱਡਾ ਹਮਲਾ

ਹੈਦਰਾਬਾਦ: ਭਾਜਪਾ ਆਗੂ ਸੀ.ਆਰ. ਕੇਸ਼ਵਨ ਨੇ ਡੀ.ਐੱਮ.ਕੇ. ਆਗੂ ਉਧਯਨਿਧੀ ਸਟਾਲਿਨ ਵੱਲੋਂ ਸਨਾਤਨ ਧਰਮ 'ਤੇ ਦਿੱਤੇ ਵਿਵਾਦਿਤ ਬਿਆਨ ਦੀ ਸਖ਼ਤ ਨਿਖੇਧੀ ਕੀਤੀ ਹੈ। ਕੇਸ਼ਵਨ ਨੇ ਕਿਹਾ ਕਿ ਉਧਯਨਿਧੀ ਅਤੇ ਕਾਂਗਰਸੀ ਆਗੂਆਂ— ਸੋਨੀਆ ਗਾਂਧੀ, ਰਾਹੁਲ ਗਾਂਧੀ ਅਤੇ ਪ੍ਰਿਯੰਕਾ ਗਾਂਧੀ—ਦੀ ਸੋਚ ਹਮੇਸ਼ਾ ਹਿੰਦੂ ਧਰਮ ਦੇ ਵਿਰੋਧੀ ਰਹੀ ਹੈ। ਉਨ੍ਹਾਂ ਇਸ ਨੂੰ 'ਵੰਡਪਾਊ ਰਾਜਨੀਤੀ' ਕਰਾਰ ਦਿੰਦਿਆਂ ਕਿਹਾ ਕਿ ਤਾਮਿਲਨਾਡੂ ਦੀ ਜਨਤਾ ਆਪਣੀ ਸੱਭਿਆਚਾਰਕ ਤੇ ਧਾਰਮਿਕ ਵਿਰਾਸਤ ਦੇ ਅਪਮਾਨ ਨੂੰ ਕਦੇ ਬਰਦਾਸ਼ਤ ਨਹੀਂ ਕਰੇਗੀ ਅਤੇ ਆਉਣ ਵਾਲੀਆਂ ਚੋਣਾਂ ਵਿੱਚ ਡੀ.ਐੱਮ.ਕੇ.-ਕਾਂਗਰਸ ਗਠਜੋੜ ਨੂੰ ਕਰਾਰਾ ਜਵਾਬ ਦੇਵੇਗੀ।



### ਅਮਰੀਕੀ ਲੋਕਤੰਤਰ ਦੀ ਆਤਮਾ - ਅਮਰੀਕਾ ਦਾ ਸੰਵਿਧਾਨ

ਪਿਆਰੇ ਪਾਠਕੋ, ਦੋਸਤੋ

ਅਸੀਂ ਉਹ ਲੋਕ ਹਾਂ ਜਿਨ੍ਹਾਂ ਨੇ ਆਪਣੇ ਪਿੰਡਾਂ ਦੀਆਂ ਗਲੀਆਂ ਅਤੇ ਆਪਣੀ ਮਿੱਟੀ ਨੂੰ ਪਿੱਛੇ ਛੱਡ ਕੇ ਅਮਰੀਕਾ ਦੀ ਇਸ ਧਰਤੀ 'ਤੇ ਇੱਕ ਨਵੇਂ ਸੁਪਨੇ ਦੀ ਉਸਾਰੀ ਕੀਤੀ ਹੈ—ਇੱਕ ਬਿਹਤਰ ਭਵਿੱਖ, ਆਜ਼ਾਦੀ ਅਤੇ ਖੁਸ਼ਹਾਲੀ ਦੀ ਉਮੀਦ ਨਾਲ। ਪਰ ਜਦੋਂ ਅਸੀਂ ਇਸ ਦੇਸ਼ ਦੀ ਧਰਤੀ 'ਤੇ ਪੈਰ ਜਮਾਉਂਦੇ ਹਾਂ, ਤਾਂ ਕੀ ਅਸੀਂ ਕਦੇ ਰੁਕ ਕੇ ਇਹ ਸੋਚਿਆ ਹੈ ਕਿ ਇਸ ਮਹਾਨ ਰਾਸ਼ਟਰ ਦੀ ਅਸਲ ਤਾਕਤ ਕੀ ਹੈ? ਇਹ ਤਾਕਤ ਕੋਈ ਉੱਚੀਆਂ ਇਮਾਰਤਾਂ, ਦੌਲਤ ਜਾਂ ਸ਼ੋਹਰਤ ਵਿੱਚ ਨਹੀਂ ਹੈ, ਸਗੋਂ ਇਹ ਉਨ੍ਹਾਂ ਇਤਿਹਾਸਕ ਦਸਤਾਵੇਜ਼ਾਂ ਵਿੱਚ ਦਰਜ ਹੈ, ਜਿਨ੍ਹਾਂ 'ਤੇ ਅੱਜ ਦਾ ਅਮਰੀਕਾ ਖੜ੍ਹਾ ਹੈ: 'ਆਜ਼ਾਦੀ ਦਾ ਐਲਾਨਨਾਮਾ' (Declaration of Independence) ਅਤੇ 'ਸੰਯੁਕਤ ਰਾਜ ਅਮਰੀਕਾ ਦਾ ਸੰਵਿਧਾਨ (The U.S. Constitution)। ਪਿਛਲੇ 25 ਸਾਲਾਂ ਤੋਂ ਪੱਤਰਕਾਰੀ ਦੇ ਖੇਤਰ ਵਿੱਚ ਸੇਵਾ ਕਰਦਿਆਂ, ਮੈਂ ਇਹ ਮਹਿਸੂਸ ਕੀਤਾ ਹੈ ਕਿ ਸਾਡੇ ਭਾਈਚਾਰੇ ਤੱਕ ਅਮਰੀਕੀ ਸੰਵਿਧਾਨ ਦੇ ਮੂਲ ਨੈਤਿਕ ਸਿਧਾਂਤਾਂ ਨੂੰ ਪੰਜਾਬੀ ਵਿੱਚ ਪਹੁੰਚਾਉਣਾ ਬਹੁਤ ਜ਼ਰੂਰੀ ਹੈ, ਕਿਉਂਕਿ ਇਹੀ ਸਾਡੇ ਹੱਕਾਂ ਦੀ ਰਾਖੀ ਕਰਦੇ ਹਨ। ਜਾਣਕਾਰੀ ਹੀ ਸ਼ਕਤੀ ਹੈ। ਜੇਕਰ ਅਸੀਂ ਆਪਣੇ ਦੇਸ਼ ਦੇ ਸੰਵਿਧਾਨ ਨੂੰ ਨਹੀਂ ਜਾਣਦੇ, ਤਾਂ ਅਸੀਂ ਆਪਣੀ ਨਾਗਰਿਕ ਜ਼ਿੰਮੇਵਾਰੀ ਨੂੰ ਪੂਰੀ ਤਰ੍ਹਾਂ ਨਹੀਂ ਨਿਭਾ ਸਕਦੇ। ਇਸ ਮਹਾਨ ਸੰਵਿਧਾਨ ਦੀ ਜਾਣਕਾਰੀ ਸਾਨੂੰ ਇੱਥੇ ਦੇ ਨਾਗਰਿਕ ਵਜੋਂ ਵਧੇਰੇ ਸ਼ਕਤੀਸ਼ਾਲੀ ਬਣਾ ਸਕਦੀ ਹੈ। ਅਮਰੀਕਾ ਦੇ ਸੰਵਿਧਾਨਕ ਸਿਧਾਂਤ ਕੇਵਲ ਕਾਨੂੰਨੀ ਕਿਤਾਬਾਂ ਤੱਕ ਸੀਮਤ ਨਹੀਂ ਹਨ; ਇਹ ਸਾਡੇ ਹੱਕਾਂ ਦੀ ਰਾਖੀ ਕਰਨ ਵਾਲੀ ਢਾਲ ਹਨ। ਇਸੇ ਲਈ ਮੈਂ ਇਸ ਹਫ਼ਤੇ ਤੋਂ ਆਪਣੇ ਅਖ਼ਬਾਰ ਦੇ ਪੰਨਿਆਂ 'ਤੇ ਇੱਕ ਇਤਿਹਾਸਕ ਲੜੀ ਸ਼ੁਰੂ ਕਰ ਰਿਹਾ ਹਾਂ। ਹੁਣ ਤੋਂ, ਅਸੀਂ ਅਮਰੀਕਾ ਦੇ ਇਨ੍ਹਾਂ ਮੂਲ ਦਸਤਾਵੇਜ਼ਾਂ ਨੂੰ ਤੁਹਾਡੀ ਆਪਣੀ ਮਾਂ-ਬੋਲੀ, ਪੰਜਾਬੀ ਵਿੱਚ ਪ੍ਰਕਾਸ਼ਿਤ ਕਰਾਂਗੇ। ਇਹ ਸਿਰਫ਼ ਇੱਕ ਅਨੁਵਾਦ ਨਹੀਂ ਹੈ, ਸਗੋਂ ਇਹ ਤੁਹਾਡੇ ਅਤੇ ਇਸ ਮਹਾਨ ਲੋਕਤੰਤਰ ਵਿਚਕਾਰ ਇੱਕ ਸੇਤੂ (Bridge) ਹੈ। ਜਦੋਂ ਤੁਸੀਂ ਇਨ੍ਹਾਂ ਸ਼ਬਦਾਂ ਨੂੰ ਆਪਣੀ ਭਾਸ਼ਾ ਵਿੱਚ ਪੜ੍ਹੋਗੇ, ਤਾਂ ਤੁਸੀਂ ਸਮਝੋਗੇ ਕਿ ਅਮਰੀਕਾ ਸਿਰਫ਼ ਇੱਕ ਦੇਸ਼ ਨਹੀਂ ਹੈ, ਸਗੋਂ ਸਮਾਨਤਾ, ਆਜ਼ਾਦੀ ਅਤੇ ਨਿਆਂ ਦਾ ਇੱਕ ਮਹਾਨ ਵਿਚਾਰ ਹੈ। ਮੇਰੀ ਤੁਹਾਨੂੰ ਸਾਰਿਆਂ ਨੂੰ ਬੇਨਤੀ ਹੈ ਕਿ ਇਸ ਲੜੀ ਨੂੰ ਸਿਰਫ਼ ਪੜ੍ਹੋ ਹੀ ਨਾ, ਸਗੋਂ ਇਸ ਨੂੰ ਆਪਣੇ ਪਰਿਵਾਰਾਂ ਨਾਲ ਸਾਂਝਾ ਕਰੋ। ਆਪਣੇ ਬੱਚਿਆਂ ਨੂੰ ਦੱਸੋ ਕਿ ਉਹ ਕਿਹੜੇ ਹੱਕਾਂ ਨਾਲ ਜੁੜੇ ਹੋਏ ਹਨ ਅਤੇ ਇੱਕ ਜਾਗਰੂਕ ਨਾਗਰਿਕ ਵਜੋਂ ਉਨ੍ਹਾਂ ਦੀ ਕੀ ਭੂਮਿਕਾ ਹੈ। ਆਓ, ਅਸੀਂ ਇਸ ਵਿਰਾਸਤ ਨੂੰ ਸਮਝੀਏ, ਕਿਉਂਕਿ ਇਹ ਸਾਡਾ ਦੇਸ਼ ਹੈ, ਇਹ ਸਾਡਾ ਸੰਵਿਧਾਨ ਹੈ ਅਤੇ ਇਹ ਸਾਡਾ ਆਪਣਾ ਇਤਿਹਾਸ ਅਤੇ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਦਾ ਭਵਿੱਖ ਹੈ। -ਸਤਨਾਮ ਸਿੰਘ ਖਾਲਸਾ

## America's 250th Anniversary

# ਅਮਰੀਕਨ 'ਆਜ਼ਾਦੀ ਦਾ ਐਲਾਨਨਾਮਾ' (Declaration of Independence) ਅਤੇ 'ਸੰਯੁਕਤ ਰਾਜ ਅਮਰੀਕਾ ਦਾ ਸੰਵਿਧਾਨ' (The U.S. Constitution)

**ਲੜੀ: ਭਾਗ-2 —**

ਸਰਕਾਰ ਇਸ ਤਰ੍ਹਾਂ ਦੋ ਤਰ੍ਹਾਂ ਨਾਲ ਸੀਮਤ ਹੈ: ਆਪਣੇ ਉਦੇਸ਼ ਦੁਆਰਾ, ਜਿਸ ਨੂੰ ਪ੍ਰਾਪਤ ਕਰਨ ਦਾ ਹੱਕ ਸਾਡੇ ਵਿੱਚੋਂ ਹਰੇਕ ਕੋਲ ਹੁੰਦਾ ਜੇਕਰ ਕੋਈ ਸਰਕਾਰ ਨਾ ਹੁੰਦੀ ਅਤੇ ਆਪਣੇ ਸਾਧਨਾਂ ਦੁਆਰਾ, ਜਿਸ ਲਈ ਸਾਡੀ ਸਹਿਮਤੀ ਦੀ ਲੋੜ ਹੁੰਦੀ ਹੈ।

ਜਦੋਂ ਨਵਾਂ ਸੰਵਿਧਾਨ ਤਿਆਰ ਕਰਨ ਦਾ ਸਮਾਂ ਆਇਆ, ਤਾਂ ਬਾਨੀਆਂ (Founders) ਨੇ ਉਨ੍ਹਾਂ ਸਿਧਾਂਤਾਂ ਦਾ ਸਹਾਰਾ ਲਿਆ ਜੋ ਉਨ੍ਹਾਂ ਨੇ ਐਲਾਨਨਾਮੇ (Declaration) ਵਿੱਚ ਦੱਸੇ ਸਨ। ਹਾਲ ਹੀ ਵਿੱਚ ਜ਼ਾਲਮ ਬ੍ਰਿਟਿਸ਼ ਸ਼ਾਸਨ ਨੂੰ ਉਲਟਾਉਣ ਤੋਂ ਬਾਅਦ, ਉਹ ਦੁਬਾਰਾ ਅਜਿਹਾ ਜ਼ੁਲਮ ਲਾਗੂ ਕਰਨ ਦੇ ਮੂਡ ਵਿੱਚ ਨਹੀਂ ਸਨ। ਇਸ ਲਈ, ਉਨ੍ਹਾਂ ਦਾ ਮੁੱਖ ਕੰਮ ਇੱਕ ਅਜਿਹੀ ਸਰਕਾਰ ਤਿਆਰ ਕਰਨਾ ਸੀ ਜੋ ਘਰੇਲੂ ਅਤੇ ਵਿਦੇਸ਼ੀ ਜ਼ੁਲਮ ਤੋਂ ਸਾਡੇ ਅਧਿਕਾਰਾਂ ਦੀ ਰੱਖਿਆ ਕਰਨ ਲਈ ਕਾਫ਼ੀ ਮਜ਼ਬੂਤ ਹੋਵੇ, ਪਰ ਇੰਨੀ ਵੀ ਸ਼ਕਤੀਸ਼ਾਲੀ ਨਾ ਹੋਵੇ ਕਿ ਉਹ ਖੁਦ ਜ਼ਾਲਮ ਬਣ ਜਾਵੇ। ਇਸ ਉਦੇਸ਼ ਲਈ, ਉਨ੍ਹਾਂ ਨੇ ਜੋ ਦਸਤਾਵੇਜ਼ ਤਿਆਰ ਕੀਤਾ, ਇੱਕ ਵਾਰ ਪ੍ਰਵਾਨ ਹੋਣ 'ਤੇ ਸਰਕਾਰ ਅਤੇ ਸਰਕਾਰੀ ਸ਼ਕਤੀਆਂ ਨੂੰ ਅਧਿਕਾਰਤ ਕੀਤਾ ਅਤੇ ਫਿਰ ਅਸਧਾਰਨ ਤੌਰ 'ਤੇ ਸੋਚ-ਸਮਝ ਕੇ ਬਣਾਏ ਗਏ ਉਪਾਵਾਂ ਦੀ ਇੱਕ ਲੜੀ ਰਾਹੀਂ ਉਨ੍ਹਾਂ ਸ਼ਕਤੀਆਂ ਨੂੰ ਸੰਤੁਲਿਤ ਕੀਤਾ।

ਪ੍ਰਸਤਾਵਨਾ (Preamble) ਦਸਤਾਵੇਜ਼ ਦੇ ਮੂਲ ਸਿਧਾਂਤ ਨੂੰ ਪੇਸ਼ ਕਰਦੀ ਹੈ: 'ਅਸੀਂ, ਲੋਕ (We the People)', ਸੂਚੀਬੱਧ ਉਦੇਸ਼ਾਂ ਲਈ, 'ਇਸ ਸੰਵਿਧਾਨ ਨੂੰ ਹੁਕਮ ਦਿੰਦੇ ਅਤੇ ਸਥਾਪਿਤ ਕਰਦੇ ਹਾਂ।' ਸੰਖੇਪ ਵਿੱਚ, ਸਾਰੀ ਸ਼ਕਤੀ ਲੋਕਾਂ ਤੋਂ ਆਉਂਦੀ ਹੈ। ਪਰ ਐਲਾਨਨਾਮੇ ਦੇ ਸਿਧਾਂਤਾਂ ਦੇ ਪ੍ਰਤੀਬਿੰਬ ਵਜੋਂ, ਉਹ ਸ਼ਕਤੀ ਜੋ ਲੋਕ ਸਰਕਾਰ ਨੂੰ ਦਿੰਦੇ ਹਨ, ਸਖ਼ਤੀ ਨਾਲ ਸੀਮਤ ਹੈ। ਦਰਅਸਲ, ਪ੍ਰਸਤਾਵਨਾ ਤੋਂ ਬਾਅਦ ਆਰਟੀਕਲ 9 ਦਾ ਪਹਿਲਾ ਵਾਕ ਵੀ ਇਹੀ ਦਰਸਾਉਂਦਾ ਹੈ: 'ਇੱਥੇ ਦਿੱਤੀਆਂ ਗਈਆਂ ਸਾਰੀਆਂ ਵਿਧਾਨਕ ਸ਼ਕਤੀਆਂ ਇੱਕ ਕਾਂਗਰਸ ਵਿੱਚ ਨਿਹਿਤ ਹੋਣਗੀਆਂ।' ਇਹ 'ਇੱਥੇ ਦਿੱਤੀਆਂ ਗਈਆਂ (herein granted)' ਸ਼ਬਦ ਇਹ ਸਪੱਸ਼ਟ ਕਰਦੇ ਹਨ ਕਿ ਵਿਧਾਨਕ ਸ਼ਕਤੀਆਂ ਸੀਮਤ ਹਨ, ਜਿਵੇਂ ਕਿ ਆਰਟੀਕਲ 9, ਸੈਕਸ਼ਨ 8 ਵਿੱਚ ਉਹਨਾਂ ਸ਼ਕਤੀਆਂ ਦੀ ਸੂਚੀ ਦੁਆਰਾ ਸਪੱਸ਼ਟ ਕੀਤਾ ਗਿਆ ਹੈ। ਅਤੇ ਇਹ ਗੱਲ ਦਸਵੀਂ ਸੋਧ ਵਿੱਚ ਵੀ ਦੁਹਰਾਈ ਗਈ ਹੈ, ਜੋ ਕਿ ਬਿੱਲ ਆਫ਼ ਰਾਈਟਸ ਦਾ ਅੰਤਿਮ ਮੈਂਬਰ ਹੈ...



...ਬਿੱਲ ਆਫ਼ ਰਾਈਟਸ, ਜਿਸ ਨੂੰ 1789 ਵਿੱਚ ਤਿਆਰ ਕੀਤਾ ਗਿਆ ਸੀ ਅਤੇ ਫਿਰ 1791 ਵਿੱਚ ਪ੍ਰਵਾਨਗੀ (ratification) ਤੋਂ ਬਾਅਦ ਜੋੜਿਆ ਗਿਆ: 'ਜਿਹੜੀਆਂ ਸ਼ਕਤੀਆਂ ਸੰਵਿਧਾਨ ਦੁਆਰਾ ਸੰਯੁਕਤ ਰਾਜ ਨੂੰ ਨਹੀਂ ਦਿੱਤੀਆਂ ਗਈਆਂ, ਨਾ ਹੀ ਰਾਜਾਂ ਨੂੰ ਵਰਜਿਤ ਕੀਤੀਆਂ ਗਈਆਂ ਹਨ, ਉਹ ਕ੍ਰਮਵਾਰ ਰਾਜਾਂ ਲਈ, ਜਾਂ ਲੋਕਾਂ ਲਈ ਰਾਖਵੀਆਂ ਹਨ।' ਸਪੱਸ਼ਟ ਤੌਰ 'ਤੇ ਸਿਰਫ ਕੁਝ ਸ਼ਕਤੀਆਂ ਹੀ ਲੋਕਾਂ ਦੁਆਰਾ ਪ੍ਰਤੀਨਿਧਾਂ ਨੂੰ ਦਿੱਤੀਆਂ ਗਈਆਂ ਸਨ। ਉਹ ਸ਼ਕਤੀਆਂ ਫਿਰ ਸੰਵਿਧਾਨ ਵਿੱਚ ਗਿਣਾਈਆਂ ਗਈਆਂ ਸਨ। ਬਾਕੀ ਰਾਜਾਂ ਲਈ—ਜਾਂ ਲੋਕਾਂ ਲਈ ਰਾਖਵੀਆਂ ਸਨ, ਜੋ ਕਦੇ ਵੀ ਸਰਕਾਰ ਦੇ ਕਿਸੇ ਵੀ ਪੱਧਰ ਨੂੰ ਨਹੀਂ ਦਿੱਤੀਆਂ ਗਈਆਂ ਸਨ।

ਇਹ ਦਰਸਾਉਣ ਲਈ ਕਿ ਗਿਣਤੀ (enumeration) ਕਿਵੇਂ ਸ਼ਕਤੀ ਨੂੰ ਸੀਮਤ ਕਰਦੀ ਹੈ, ਆਰਟੀਕਲ 9, ਸੈਕਸ਼ਨ 8 ਦੀ 'ਜਨਰਲ ਵੈਲਫੇਅਰ ਕਲਾਜ਼' (General Welfare Clause) 'ਤੇ ਗੌਰ ਕਰੋ। ਜੇਕਰ ਉਸ ਕਲਾਜ਼ ਵਾਲੇ ਹਿੱਸੇ ਨੂੰ ਸਿਰਫ਼ ਕਾਂਗਰਸ ਨੂੰ ਟੈਕਸ ਲਗਾਉਣ ਅਤੇ ਆਮ ਭਲਾਈ ਲਈ ਖਰਚ ਕਰਨ ਦੇ ਅਧਿਕਾਰ ਵਜੋਂ ਪੜ੍ਹਿਆ ਜਾਵੇ, ਜਿਵੇਂਕਿ ਅੱਜ ਕੱਲ੍ਹ ਕੁਝ ਲੋਕ ਪੜ੍ਹਦੇ ਹਨ, ਤਾਂ ਕਾਂਗਰਸ ਨੂੰ ਲਗਭਗ ਅਸੀਮਤ ਸ਼ਕਤੀਆਂ ਮਿਲ ਜਾਣੀਆਂ ਸਨ ਅਤੇ ਹੋਰ ਸ਼ਕਤੀਆਂ ਦੀ ਗਿਣਤੀ ਕਰਨ ਦਾ ਕੋਈ ਮਕਸਦ ਨਹੀਂ ਰਹਿਣਾ ਸੀ। ਇਸ ਲਈ, ਉਸ ਹਿੱਸੇ ਨੂੰ ਸਿਰਫ਼ ਨਿਰਧਾਰਿਤ ਉਦੇਸ਼ਾਂ ਲਈ ਹੀ ਖਰਚ ਕਰਨ ਦੀ ਇਜਾਜ਼ਤ ਦੇ ਰੂਪ ਵਿੱਚ ਪੜ੍ਹਿਆ ਜਾਣਾ ਚਾਹੀਦਾ ਹੈ ਅਤੇ ਇਹ ਕਲਾਜ਼ ਅਜਿਹੇ ਖਰਚਿਆਂ ਨੂੰ ਸਿਰਫ਼ ਆਮ ਭਲਾਈ ਤੱਕ ਹੀ ਸੀਮਤ ਰੱਖਦੀ ਹੈ, ਨਾ ਕਿ ਖਾਸ ਪਾਰਟੀਆਂ ਦੀ ਭਲਾਈ ਤੱਕ। ਇਸੇ ਤਰ੍ਹਾਂ, ਕਾਂਗਰਸ ਨੂੰ 'ਰਾਜਾਂ ਵਿਚਕਾਰ ਵਪਾਰ' ਨੂੰ ਨਿਯਮਤ ਕਰਨ ਲਈ ਦਿੱਤੀ ਗਈ ਸ਼ਕਤੀ ਅਜਿਹੀ ਕੋਈ ਸ਼ਕਤੀ ਨਹੀਂ ਹੋ ਸਕਦੀ ਸੀ ਜੋ ਹਰ ਉਸ ਚੀਜ਼ ਨੂੰ ਨਿਯਮਤ ਕਰੇ ਜੋ ਵਪਾਰ ਨੂੰ 'ਪ੍ਰਭਾਵਿਤ' ਕਰਦੀ ਹੈ, ਕਿਉਂਕਿ ਸਿਧਾਂਤਕ ਤੌਰ 'ਤੇ ਹਰ ਚੀਜ਼ ਵਪਾਰ ਨੂੰ ਪ੍ਰਭਾਵਿਤ ਕਰਦੀ ਹੈ, ਅਤੇ ਇਸ ਤਰ੍ਹਾਂ ਗਿਣਤੀ ਦੁਆਰਾ ਲਗਾਈਆਂ ਗਈਆਂ ਸਾਰੀਆਂ ਸੀਮਾਵਾਂ ਦਾ ਕੋਈ ਮਤਲਬ ਨਹੀਂ ਰਹਿ ਜਾਣਾ ਸੀ। ਸਗੋਂ ਕਾਮਰਸ ਕਲਾਜ਼ ਦਾ ਮਤਲਬ ਮੁੱਖ ਤੌਰ 'ਤੇ ਰਾਜਾਂ ਦੀ ਸ਼ਕਤੀ ਨੂੰ ਰੋਕਣਾ ਸੀ: ਰਾਜਾਂ ਵਿਚਕਾਰ ਵਸਤੂਆਂ ਅਤੇ ਸੇਵਾਵਾਂ ਦੇ ਸੁਤੰਤਰ ਪ੍ਰਵਾਹ ਨੂੰ ਯਕੀਨੀ ਬਣਾਉਣ ਲਈ, ਕਾਂਗਰਸ ਨੂੰ ਅਜਿਹੇ ਵਪਾਰ ਨੂੰ ਨਿਯਮਤ ਕਰਨ—ਇਸ ਨੂੰ 'ਨਿਯਮਿਤ' (regular) ਬਣਾਉਣ—ਦੀ ਸ਼ਕਤੀ ਦਿੱਤੀ ਗਈ ਸੀ। ਉਹ ਸੀਮਾਵਾਂ ਹਨ...

# ਕਾਰ ਸੇਵਾ ਬਾਰੇ ਦੋ ਸ਼ਬਦ

ਕਾਰ ਸੇਵਾ ਇੱਕ ਬੜਾ ਪਿਆਰਾ ਤੇ ਸਤਿਕਾਰਤ ਸ਼ਬਦ ਹੈ ਜਿਸ ਦਾ ਸਿੱਖ ਜਗਤ ਵਿੱਚ ਬਹੁਤ ਵੱਡਾ ਮਹੱਤਵ ਹੈ ਭਾਵੇਂ ਕੇ ਕਾਰ ਸੇਵਾ ਨਾਲ ਕੁਝ ਅਜਿਹੀਆਂ ਘਟਨਾਵਾਂ ਵੀ ਜੁੜੀਆਂ ਹਨ ਜਿੰਨਾ ਕਰਕੇ ਕਾਰ ਸੇਵਾ ਪ੍ਰਤੀ ਸਿੱਖ ਪੰਥ ਵਿੱਚ ਵਿਰੋਧ ਵੀ ਪੈਦਾ ਹੋਇਆ ਪਰ ਜੇ ਕਾਰ ਸੇਵਾ ਦੇ ਸਾਰਥਕ ਪੱਖ ਨੂੰ ਵੇਖਿਆ ਜਾਵੇ ਤਾਂ ਸਿੱਖ ਪੰਥ ਦੇ ਪਾਵਨ ਅਸਥਾਨ ਸ੍ਰੀ ਨਨਕਾਣਾ ਸਾਹਿਬ ਤੋਂ ਲੈ ਕੇ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਤੱਕ ਗੁਰੂ ਸਹਿਬਾਨ ਦੇ ਇਤਿਹਾਸਕ ਅਸਥਾਨ, ਸਿੰਘਾਂ ਸ਼ਹੀਦਾਂ ਸੰਤ ਮਹਾਂਪੁਰਸ਼ਾਂ ਦੇ ਯਾਦਗਾਰੀ ਗੁਰੂ ਘਰਾਂ ਦੀਆਂ ਸੁੰਦਰ ਇਮਾਰਤਾਂ, ਲੰਗਰ ਹਾਲ, ਦੀਵਾਨ ਹਾਲ, ਰਿਹਾਇਸ਼ੀ ਸਰਾਵਾਂ, ਸਕੂਲ ਕਾਲਜ, ਨਦੀਆਂ ਦਰਿਆਵਾਂ ਤੇ ਪੱਕੇ ਪੁਲ, ਗੁਰੂ ਕੇ ਲੰਗਰ, ਗੁਰਮਤਿ ਸਮਾਗਮ ਕਾਰ ਸੇਵਾ ਦੇ ਹਿੱਸੇ ਬਹੁਤ ਵੱਡੀਆਂ ਸੇਵਾਵਾਂ ਆਉਂਦੀਆਂ ਹਨ ਕਾਰ ਵਾਲੇ ਸੰਤ ਮਹਾਂਪੁਰਸ਼ ਸੇਵਾਦਾਰ ਦਿਨ ਰਾਤ ਅਣਥੱਕ ਸਵਾਰਥ ਰਹਿਤ ਵੱਡੀਆਂ ਸੇਵਾਵਾਂ ਕਰਦੇ ਹਨ ਕਈ ਸਿੰਘ ਤਾਂ ਜੀਵਨ ਭਰ ਤੇ ਕਈ ਸਿੰਘ ਕਈ ਕਈ ਸਾਲਾਂ ਮਹੀਨਿਆਂ ਲਈ ਨੇਮੀ ਹੋ ਜਾਂਦੇ ਹਨ ਅਤੇ ਆਪਣੇ ਘਰ ਦੇ ਕਾਰੋਬਾਰ ਛੱਡ ਕੇ ਕਾਰ ਸੇਵਾ ਵਿੱਚ ਦਿਨ-ਰਾਤ ਸੇਵਾ ਨਿਭਾਉਂਦੇ ਹਨ ਇਹ ਕੋਈ ਅਸਾਨ ਗੱਲ ਨਹੀਂ ਹੈ ਮੈਨੂੰ ਕਈ ਵਾਰ ਹੈਰਾਨੀ ਹੁੰਦੀ ਹੈ ਜਦੋਂ ਕਈ ਮਾਈ ਭਾਈ ਕਾਰ ਸੇਵਾ ਦਾ ਹੀ ਵਿਰੋਧ ਕਰਦੇ ਹਨ ਪਰ ਉਹੀ





ਵਿਰੋਧ ਕਰਨ ਵਾਲੇ ਸੱਜਣ ਜਦੋਂ ਸ੍ਰੀ ਹਰਿਮੰਦਰ ਸਾਹਿਬ, ਅਨੰਦਪੁਰ ਸਾਹਿਬ, ਹਜ਼ੂਰ ਸਾਹਿਬ, ਪਟਨਾ ਸਾਹਿਬ ਆਦਿਕ ਗੁਰੂਧਾਮਾਂ ਦੇ ਦਰਸ਼ਨਾਂ ਲਈ ਜਾਂਦੇ ਹਨ ਤਾਂ ਰਸਤੇ ਵਿੱਚ ਬਣੇ ਕਾਰ ਸੇਵਾ ਦੇ ਅਸਥਾਨਾਂ ਜਾਂ ਓਪਰੋਕਤ ਪਾਵਨ ਅਸਥਾਨਾਂ ਉੱਪਰ ਵਰਤਦੇ ਦੇਸੀ ਘਿਓ ਦੇ ਲੰਗਰਾਂ ਵਿੱਚ ਥਾਲੀ ਲੈ ਕੇ ਬੈਠੇ ਹੁੰਦੇ ਹਨ ਤੇ ਉਨਾਂ ਨੂੰ ਵੀ ਲੰਗਰ ਪ੍ਰਸ਼ਾਦਾ ਕਾਰ ਸੇਵਾ ਦੁਆਰਾ ਘਰ ਘਰ ਘੁੰਮ ਕੇ ਇਕੱਠੀ ਕੀਤੀ ਰਸਦ ਦਾ ਹੀ ਪ੍ਰਾਪਤ ਹੁੰਦਾ ਹੈ ਤਾਂ ਉਨ੍ਹਾਂ ਵਲੋਂ ਕੀਤਾ ਗਿਆ ਕਾਰ ਸੇਵਾ ਦਾ ਵਿਰੋਧ ਸਿਧਾਂਤਹੀਣ ਪ੍ਰਤੀਤ ਹੁੰਦਾ ਹੈ ਹੱਥ ਵਿੱਚ ਕਾਰ ਸੇਵਾ ਦੀ ਬੋਰੀ ਫੜ ਕੇ ਘਰ ਘਰ ਅਲਖ ਜਗਾ ਕੇ ਮੰਗਣਾ ਕਿਤੇ ਸੌਖਾ ਕੰਮ ਨਹੀਂ ਹੁੰਦਾ ਵਿਦਵਾਨਾਂ ਨੇ ਲਿਖਿਆ 'ਮਰੇ ਸੋ ਮੰਗਣ ਜਾਇ' ਭਾਵੇਂ ਗੁਰੂ ਘਰ ਦੀ ਕਾਰ ਸੇਵਾ ਲਈ ਹੀ ਮੰਗਣਾ ਹੈ ਪਰ ਮੰਗਣ ਤੋਂ ਪਹਿਲਾਂ ਮਨ ਮਾਰਣਾ ਪੈਂਦਾ ਹੈ ਜਦੋਂ ਕਿਸੇ ਦੇ ਦਰਵਾਜ਼ੇ ਤੇ ਸਤਿਨਾਮ ਵਾਹਿਗੁਰੂ ਦਾ ਅਵਾਜ਼ਾ ਦੇ ਕੇ ਅਲਖ ਜਗਾਉਣੀ ਪੈਂਦੀ ਹੈ ਤਾਂ ਪਤਾ ਨਹੀਂ ਹੁੰਦਾ ਕੇ ਅੱਗੋਂ ਕੀ ਜਵਾਬ ਮਿਲਣਾ ਹੈ ਜੇ ਕੋਈ ਬੁਰਾ ਵੀ ਬੋਲਦਾ ਹੈ ਤਾਂ ਉਸਨੂੰ ਵੀ ਤੇਰਾ ਭਲਾ ਹੋਵੇ ਕਹਿ ਕੇ ਅੱਗੇ ਤੁਰਨਾ ਪੈਂਦਾ ਹੈ ਕੁੱਝ ਦਿਨ ਪਹਿਲਾਂ ਕਾਰ ਸੇਵਾ ਵਾਲੇ ਮਹਾਂਪੁਰਸ਼ ਬਾਬਾ ਅਮਰੀਕ ਸਿੰਘ ਜੀ



ਜਥੇ. ਬਲਜੀਤ ਸਿੰਘ ਦਾਦੂਵਾਲ
ਚੇਅਰਮੈਨ, ਧਰਮ ਪ੍ਰਚਾਰ
ਹਰਿਆਣਾ ਸਿੱਖ ਗੁਰਦੁਆਰਾ
ਪ੍ਰਬੰਧਕ ਕਮੇਟੀ

ਗੁਰਦੁਆਰਾ ਹੀਰਾ ਬਾਗ ਪਟਿਆਲੇ ਵਾਲੇ ਕਣਕ ਦੀ ਉਗਰਾਹੀ ਕਰਦੇ ਕਰਦੇ ਗੁਰਦੁਆਰਾ ਗੁਰੂ ਗ੍ਰੰਥਸਰ ਦਾਦੂ ਸਾਹਿਬ ਆਏ ਤਾਂ 10 ਬੋਰੀਆਂ ਕਣਕ ਦੀ ਸੇਵਾ ਲਈ ਛੱਡ ਗਏ ਸਨ ਅੱਜ ਉਨ੍ਹਾਂ ਦੇ ਸੇਵਾਦਾਰ ਭਾਈ ਕਰਮਜੀਤ ਸਿੰਘ, ਬਾਬਾ ਚਾਨਣ ਸਿੰਘ, ਹੈਪੀ ਸਿੰਘ, ਗੁਰਵਿੰਦਰ ਸਿੰਘ ਕਾਰ ਸੇਵਾ ਕਣਕ ਦੀਆਂ ਬੋਰੀਆਂ ਲੈਣ ਵਾਸਤੇ ਪੁੱਜੇ ਤਾਂ ਵੇਖਿਆ ਕੇ ਵੈਸੇ ਤਾਂ ਹੁਣ ਆਮ ਬੋਰੀ 50 ਕਿਲੋ ਦੀ ਹੁੰਦੀ ਹੈ ਪਰ ਕਾਰ ਸੇਵਾ ਦੀ ਬੋਰੀ ਅੱਜ ਵੀ ਸਵਾ ਕੁਇੰਟਲ ਦੇ ਕਰੀਬ ਹੁੰਦੀ ਹੈ ਕਣਕ ਦੀਆਂ ਭਰੀਆਂ ਬੋਰੀਆਂ ਨੂੰ ਦੋ ਸੇਵਾਦਾਰ ਜਦੋਂ ਇੱਕ ਦੂਜੇ ਦਾ ਹੱਥ ਫੜ ਕੇ ਚੁੱਕ ਗੱਡੀ ਵਿੱਚ ਲੱਦ ਰਹੇ ਸਨ ਤਾਂ ਮਹਿਸੂਸ ਹੋਇਆ ਕੇ ਕਾਰ ਸੇਵਾ ਕਣਕ ਨਾਲ ਭਰੀਆਂ ਬੋਰੀਆਂ ਚੁੱਕ ਚੁੱਕ ਕੇ ਗੱਡੀਆਂ ਵਿੱਚ ਲੱਦਣਾ ਕੋਈ ਸੌਖੀ ਗੱਲ ਨਹੀਂ ਹੁੰਦੀ ਬਸ ਗੱਲਾਂ ਕਰ ਲੈਣੀਆਂ ਸੌਖੀਆਂ ਹੁੰਦੀਆਂ ਹਨ ਜੋ ਸ਼ਰਧਾ ਭਾਵਨਾ ਵਿਹੂਣੇ ਲੋਕ ਅਕਸਰ ਕਾਰ ਸੇਵਾ ਦਾ ਵਿਰੋਧ ਕਰਕੇ ਹਨ ਮਹਾਂਪੁਰਖ ਬਾਬਾ ਗੁਰਮੁੱਖ ਸਿੰਘ ਕਾਰ ਸੇਵਾ ਪਟਿਆਲੇ ਵਾਲਿਆਂ ਵਲੋਂ ਆਰੰਭ ਹੋਈ ਕਾਰ ਸੇਵਾ ਦੀ ਸੰਪਰਦਾਇ ਅੱਜ ਵੱਖ-ਵੱਖ ਭਾਗਾਂ ਦੇ ਵਿੱਚ ਵੱਖ ਵੱਖ ਥਾਵਾਂ ਤੇ ਚੜ੍ਹਦੀਕਲਾ ਨਾਲ ਸੇਵਾ ਨਿਭਾ ਰਹੀ ਹੈ ਕਾਰ ਸੇਵਾ ਦਿੱਲੀ ਵਾਲੇ, ਸ੍ਰੀ ਤਰਨਤਾਰਨ ਸਾਹਿਬ ਵਾਲੇ, ਪਟਿਆਲੇ ਵਾਲੇ, ਭੂਰੀ ਵਾਲੇ, ਗੋਇੰਦਵਾਲ ਸਾਹਿਬ ਵਾਲੇ, ਖਡੂਰ ਸਾਹਿਬ ਵਾਲੇ, ਲੰਗਰ ਸਾਹਿਬ ਹਜ਼ੂਰ ਸਾਹਿਬ ਵਾਲੇ, ਸ੍ਰੀ ਅਨੰਦਪੁਰ ਸਾਹਿਬ ਵਾਲੇ ਸੰਤ ਮਹਾਂਪੁਰਸ਼ ਅਣਥੱਕ ਸੇਵਾਵਾਂ ਨਿਭਾ ਰਹੇ ਹਨ ਇਨਾਂ ਸੰਪਰਦਾਵਾਂ ਤੋਂ ਵਰੋਸਾਏ ਵੱਖ-ਵੱਖ ਜਥੇਦਾਰ ਵੱਖ ਵੱਖ ਪੜਾਵਾਂ ਤੇ ਸ਼ਲਾਘਾਯੋਗ ਸੇਵਾ ਕਰ ਰਹੇ ਹਨ ਇਨ੍ਹਾਂ ਸਮੂੰਹ ਸੰਤ ਮਹਾਂਪੁਰਸ਼ਾਂ ਸੇਵਾਦਾਰਾਂ ਨੂੰ ਦਾਸ ਸ਼ਰਧਾ ਸਤਿਕਾਰ ਸਹਿਤ ਨਮਸਕਾਰ ਕਰਦਾ ਹੈ ਕੁਝ ਵਿਰਾਸਤੀ ਇਮਾਰਤਾ ਦਰੱਖਤਾਂ ਨੂੰ ਪਿਛਲੇ ਸਮੇਂ ਦੌਰਾਨ ਜਾਣੇ ਅਣਜਾਣੇ ਵਿੱਚ ਕਾਰ ਸੇਵਾ ਰਾਹੀਂ ਖਤਮ ਕਰ ਦਿੱਤਾ ਗਿਆ ਜੋ ਬਰਦਾਸ਼ਤੇ ਕਾਬਿਲ ਨਹੀਂ ਸੀ ਜਿਸ ਦਾ ਤਿੱਖਾ ਵਿਰੋਧ ਸਿੱਖ ਪੰਥ ਵਿੱਚ ਹੋਇਆ ਅਜਿਹੀਆਂ ਘਟਨਾਵਾਂ ਨੇ ਕਾਰ ਸੇਵਾ ਤੇ ਸਵਾਲ ਵੀ ਖੜ੍ਹੇ ਕੀਤੇ ਅਤੇ ਸਿੱਖ ਪੰਥ ਵਿੱਚ ਨਿਰਾਸ਼ਤਾ ਵੀ ਪੈਦਾ ਕੀਤੀ ਦਾਸ ਆਪਣੇ ਵੱਲੋਂ ਵੀ ਸਾਰੇ ਕਾਰ ਸੇਵਾ ਵਾਲੇ ਮਹਾਂਪੁਰਸ਼ਾਂ ਨੂੰ ਅਪੀਲ ਕਰਨੀ ਚਾਹੁੰਦਾ ਹੈ ਕੇ ਵਿਰਾਸਤੀ ਇਮਾਰਤਾਂ, ਵਿਰਾਸਤੀ ਰੁੱਖਾਂ, ਵਿਰਾਸਤੀ ਖੂਹਾਂ ਨੂੰ ਪਹਿਲ ਦੇ ਅਧਾਰ ਤੇ ਸੰਭਾਲਿਆ ਜਾਵੇ ਤਾਂ ਕੇ ਸਾਡਾ ਜਿਉਂਦਾ ਜਾਗਦਾ ਇਤਿਹਾਸ ਜਿੰਦਾ ਰਹਿ ਸਕੇ ਕਾਰ ਸੇਵਾ ਦੀ ਮਹੱਤਤਾ ਬਾਰੇ ਬਹੁਤ ਕੁਝ ਲਿਖਿਆ ਜਾ ਸਕਦਾ ਹੈ ਪਰ ਦਾਸ ਇਨ੍ਹਾਂ ਚੰਦ ਸ਼ਬਦਾਂ ਦੇ ਨਾਲ ਹੀ ਚੱਲ ਰਹੀਆਂ ਕਾਰ ਸੇਵਾਵਾਂ ਸੰਤ ਮਹਾਂਪੁਰਸ਼ਾਂ ਨੂੰ ਨਮਸਕਾਰ ਕਰਦਾ ਹੋਇਆ ਫਤਹਿ ਅਰਜ਼ ਕਰਦਾ ਹੈ

ਵਾਹਿਗੁਰੂ ਜੀ ਕਾ ਖਾਲਸਾ।
ਵਾਹਿਗੁਰੂ ਜੀ ਕੀ ਫਤਹਿ॥

# Neet-UGexam-2026: ਵਿਦਿਆਰਥੀਆਂ ਵੱਲੋਂ ਕੇਂਦਰ ਸਰਕਾਰ ਖ਼ਿਲਾਫ਼ ਮੁਜ਼ਾਹਰਾ

## ਨੀਟ-ਯੂਜੀ ਰੱਦ ਹੋਣ 'ਤੇ ਰੋਸ ਪ੍ਰਗਟਾਇਆ; ਕੇਂਦਰੀ ਸਿੱਖਿਆ ਮੰਤਰੀ ਦਾ ਅਸਤੀਫ਼ਾ ਮੰਗਿਆ









ਨਵੀਂ ਦਿੱਲੀ : ਵਿਦਿਆਰਥੀਆਂ ਵੱਲੋਂ ਨੈਸ਼ਨਲ ਸਟੂਡੈਂਟਸ ਯੂਨੀਅਨ ਆਫ ਇੰਡੀਆ (ਐੱਨ ਐੱਸ ਯੂ ਆਈ) ਦੀ ਅਗਵਾਈ ਹੇਠ ਨੀਟ-ਯੂਜੀ ਦੀ ਪ੍ਰੀਖਿਆ ਰੱਦ ਕਰਨ ਦੇ ਰੋਸ ਵਜੋਂ ਇੱਥੇ ਸ਼ਾਸਤਰੀ ਭਵਨ ਅੱਗੇ ਕੇਂਦਰ ਸਰਕਾਰ ਖ਼ਿਲਾਫ਼ ਮੁਜ਼ਾਹਰਾ ਕੀਤਾ ਗਿਆ। ਇਸ ਦੌਰਾਨ ਕਾਂਗਰਸ ਪਾਰਟੀ ਦੇ ਵਿਦਿਆਰਥੀ ਵਿੰਗ ਦੇ ਕਈ ਮੈਂਬਰ ਮੁਜ਼ਾਹਰੇ ਵਿੱਚ ਸ਼ਾਮਲ ਹੋਏ ਜਿਨ੍ਹਾਂ ਨੇ ਕੇਂਦਰੀ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਦੇ ਅਸਤੀਫੇ ਅਤੇ ਐੱਨ ਟੀ ਏ 'ਤੇ ਮੁਕੰਮਲ ਪਾਬੰਦੀ ਲਗਾਉਣ ਦੀ ਮੰਗ ਕਰਦਿਆਂ ਕਿਹਾ ਕਿ ਇਹ ਏਜੰਸੀ ਭਰੋਸੇਯੋਗ ਪ੍ਰੀਖਿਆਵਾਂ ਕਰਵਾਉਣ ਵਿੱਚ ਵਾਰ-ਵਾਰ ਅਸਫਲ ਰਹੀ ਹੈ। ਜ਼ਿਕਰਯੋਗ ਹੈ ਕਿ ਨੀਟ-ਯੂਜੀ ਦੀ ਪ੍ਰੀਖਿਆ 3 ਮਈ ਨੂੰ ਲਈ ਗਈ ਸੀ, ਜਿਸ ਤੋਂ ਬਾਅਦ ਪੇਪਰ ਲੀਕ ਹੋਣ ਦੇ ਦੋਸ਼ ਲੱਗ ਗਏ। ਨੈਸ਼ਨਲ ਟੈਸਟਿੰਗ ਏਜੰਸੀ ਨੇ ਨੀਟ-ਯੂਜੀ 2026 ਨੂੰ ਰੱਦ ਕਰਨ ਦਾ ਐਲਾਨ ਕੀਤਾ ਅਤੇ ਕਿਹਾ ਕਿ ਪ੍ਰੀਖਿਆ ਮੁੜ ਲਈ ਜਾਵੇਗੀ। ਮੁਜ਼ਾਹਰੇ ਨੂੰ ਸੰਬੋਧਨ ਕਰਦਿਆਂ ਨੈਸ਼ਨਲ ਸਟੂਡੈਂਟਸ ਯੂਨੀਅਨ ਆਫ਼ ਇੰਡੀਆ ਦੇ ਆਗੂਆਂ ਨੇ ਕਿਹਾ ਕਿ ਪ੍ਰੀਖਿਆ ਦਾ ਰੱਦ ਹੋਣਾ ਆਪਣੇ ਆਪ ਵਿੱਚ ਇਹ ਸਾਬਤ ਕਰਦਾ ਹੈ ਕਿ ਨੀਟ ਪ੍ਰੀਖਿਆ ਪ੍ਰਕਿਰਿਆ ਵਿੱਚ ਵੱਡੇ ਪੱਧਰ 'ਤੇ ਬੇਨਿਯਮੀਆਂ ਅਤੇ ਗੰਭੀਰ ਖਾਮੀਆਂ ਹੋਈਆਂ ਸਨ। ਉਨ੍ਹਾਂ ਕੇਂਦਰ ਸਰਕਾਰ 'ਤੇ ਲੱਖਾਂ ਵਿਦਿਆਰਥੀਆਂ ਦੇ ਭਵਿੱਖ ਦੀ ਰੱਖਿਆ ਕਰਨ ਵਿੱਚ ਵਾਰ-ਵਾਰ ਨਾਕਾਮ ਰਹਿਣ ਦਾ ਦੋਸ਼ ਵੀ ਲਗਾਇਆ। ਜਥੇਬੰਦੀ ਦੇ ਕੌਮੀ ਪ੍ਰਧਾਨ ਵਿਨੋਦ ਜਾਖੜ ਨੇ ਕਿਹਾ ਕਿ ਨੀਟ ਨੂੰ ਰੱਦ ਕਰਨ ਦਾ ਅੱਜ ਦਾ ਫੈਸਲਾ ਵਿਦਿਆਰਥੀ ਸ਼ਕਤੀ ਅਤੇ ਦੇਸ਼ ਭਰ ਦੇ ਲੱਖਾਂ ਉਮੀਦਵਾਰਾਂ ਦੀ ਆਵਾਜ਼ ਦੀ ਜਿੱਤ ਹੈ। ਐੱਨ ਐੱਸ ਯੂ ਆਈ ਇਸ ਮੁੱਦੇ ਨੂੰ ਚੁੱਕਣ ਅਤੇ ਵਿਦਿਆਰਥੀਆਂ ਲਈ ਇਨਸਾਫ਼ ਦੀ ਮੰਗ ਕਰਨ ਵਾਲੀਆਂ ਪਹਿਲੀਆਂ ਜਥੇਬੰਦੀਆਂ ਵਿੱਚੋਂ ਇੱਕ ਸੀ। ਉਨ੍ਹਾਂ ਕਿਹਾ ਕਿ ਜੇਕਰ ਪ੍ਰੀਖਿਆ ਪ੍ਰਣਾਲੀ ਨਿਰਪੱਖ ਹੁੰਦੀ ਤਾਂ ਸਰਕਾਰ ਨੂੰ ਪ੍ਰੀਖਿਆ ਰੱਦ ਕਰਨ ਅਤੇ ਸੀ ਬੀ ਆਈ ਜਾਂਚ ਦੇ ਹੁਕਮ ਦੇਣ ਲਈ ਮਜਬੂਰ ਨਹੀਂ ਹੋਣਾ ਪੈਂਦਾ। ਇਹ ਸਪੱਸ਼ਟ ਤੌਰ 'ਤੇ ਸਿੱਖਿਆ ਮੰਤਰਾਲੇ ਅਤੇ ਐੱਨ ਟੀ ਏ ਦੀ ਅਸਫਲਤਾ ਨੂੰ ਉਜਾਗਰ ਕਰਦਾ ਹੈ। ਜਾਖੜ ਨੇ ਕੇਂਦਰੀ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਦੇ ਅਸਤੀਫੇ ਅਤੇ ਐੱਨ ਟੀ ਏ 'ਤੇ ਮੁਕੰਮਲ ਪਾਬੰਦੀ ਲਗਾਉਣ ਦੀ ਮੰਗ ਕਰਦਿਆਂ ਕਿਹਾ ਕਿ ਇਹ ਏਜੰਸੀ ਭਰੋਸੇਯੋਗ ਪ੍ਰੀਖਿਆਵਾਂ ਕਰਵਾਉਣ ਵਿੱਚ ਵਾਰ-ਵਾਰ ਅਸਫਲ ਰਹੀ ਹੈ। ਐੱਨ ਐੱਸ ਯੂ ਆਈ ਨੇ ਚਿਤਾਵਨੀ ਦਿੱਤੀ ਹੈ ਕਿ ਵਿਦਿਅਕ ਨਿਆਂ ਅਤੇ ਜਵਾਬਦੇਹੀ ਦੀ ਲੜਾਈ ਉਦੋਂ ਤੱਕ ਜਾਰੀ ਰਹੇਗੀ ਜਦੋਂ ਤੱਕ ਇਸ ਘੁਟਾਲੇ ਵਿੱਚ ਸ਼ਾਮਲ ਹਰ ਵਿਅਕਤੀ ਵਿਰੁੱਧ ਸਖ਼ਤ ਕਾਰਵਾਈ ਨਹੀਂ ਕੀਤੀ ਜਾਂਦੀ। ਇਸ ਦੌਰਾਨ ਐੱਸ ਐੱਫ਼ ਆਈ ਦੇ ਕਾਰਕੁਨਾਂ ਵੱਲੋਂ ਵੀ ਮੁਜ਼ਾਹਰਾ ਕੀਤਾ ਗਿਆ ਜਿਨ੍ਹਾਂ ਨੂੰ ਪੁਲੀਸ ਨੇ ਗ੍ਰਿਫ਼ਤਾਰ ਕਰ ?ਲਿਆ।

# ਰੁਪਏ ਮੁਕਾਬਲੇ 'ਸੈਂਚੁਰੀ' ਮਾਰ ਚੱਲਾ ਡਾਲਰ !

## ਜੰਗ ਦੇ ਤਣਾਅ ਵਿਚਾਲੇ ਲੀਹੋਂ ਲਹਿੰਦੀ ਜਾ ਰਹੀ ਭਾਰਤੀ ਕਰੰਸੀ

ਭਾਰਤੀ ਰੁਪਿਆ ਅੱਜ ਅਮਰੀਕੀ ਡਾਲਰ ਦੇ ਮੁਕਾਬਲੇ ਆਪਣੇ ਹੁਣ ਤੱਕ ਦੇ ਸਭ ਤੋਂ ਹੇਠਲੇ ਪੱਧਰ 95.80 'ਤੇ ਪਹੁੰਚ ਗਿਆ ਹੈ। ਪਿਛਲੇ ਚਾਰ ਦਿਨਾਂ ਤੋਂ ਰੁਪਏ ਵਿੱਚ ਲਗਾਤਾਰ ਗਿਰਾਵਟ ਜਾਰੀ ਹੈ, ਜਿਸ ਦਾ ਮੁੱਖ ਕਾਰਨ ਕੱਚੇ ਤੇਲ ਦੀਆਂ ਵਧਦੀਆਂ ਕੀਮਤਾਂ ਅਤੇ ਮਿਡਲ ਈਸਟ ਜੰਗ ਕਾਰਨ ਪੈਦਾ ਹੋਇਆ ਤਣਾਅ ਹੈ। ਮਾਹਿਰਾਂ ਅਨੁਸਾਰ ਰੁਪਏ ਦੀ ਇਸ ਹਾਲਤ ਲਈ ਕਈ ਕਾਰਨ ਜ਼ਿੰਮੇਵਾਰ ਹਨ, ਜਿਨ੍ਹਾਂ 'ਚੋਂ ਕੱਚਾ ਤੇਲ ਸਭ ਤੋਂ ਅਹਿਮ ਹੈ। ਇਸ ਸਮੇਂ ਕੱਚਾ ਤੇਲ 107.73 ਡਾਲਰ ਪ੍ਰਤੀ ਬੈਰਲ ਦੇ ਪੱਧਰ 'ਤੇ ਹੈ, ਜਿਸ ਕਾਰਨ ਭਾਰਤ ਨੂੰ ਤੇਲ ਖਰੀਦਣ ਲਈ ਜ਼ਿਆਦਾ ਡਾਲਰ ਖਰਚਣੇ ਪੈ ਰਹੇ ਹਨ।



ਇਸ ਤੋਂ ਇਲਾਵਾ ਅਮਰੀਕਾ-ਇਰਾਨ ਵਿਚਾਲੇ ਚੱਲ ਰਹੀ ਜੰਗ 'ਤੇ ਸ਼ਾਂਤੀ ਗੱਲਬਾਤ ਵਿੱਚ ਆਈ ਰੁਕਾਵਟ ਕਾਰਨ ਨਿਵੇਸ਼ਕਾਂ ਵਿੱਚ ਡਰ ਦਾ ਮਾਹੌਲ ਹੈ, ਜਿਸ ਕਾਰਨ ਉਹ ਭਾਰਤੀ ਬਾਜ਼ਾਰ ਵਿੱਚੋਂ ਪੈਸਾ ਕੱਢ ਕੇ ਡਾਲਰ ਵਿੱਚ ਨਿਵੇਸ਼ ਕਰ ਰਹੇ ਹਨ। ਵਿਦੇਸ਼ੀ ਸੰਸਥਾਗਤ ਨਿਵੇਸ਼ਕਾਂ ਨੇ ਇਕੱਲੇ ਮੰਗਲਵਾਰ ਨੂੰ ਹੀ ਭਾਰਤੀ ਸ਼ੇਅਰ ਬਾਜ਼ਾਰ ਵਿੱਚੋਂ ਲਗਭਗ 1,959 ਕਰੋੜ ਰੁਪਏ ਕਢਵਾ ਲਏ ਹਨ।

ਇਸ ਮੰਦੀ ਦੇ ਦੌਰ 'ਚ ਰੁਪਏ ਨੂੰ ਸੰਭਾਲਣ ਅਤੇ ਵਿਦੇਸ਼ੀ ਮੁਦਰਾ ਭੰਡਾਰ ਨੂੰ ਬਚਾਉਣ ਲਈ ਸਰਕਾਰ ਨੇ 13 ਮਈ ਤੋਂ ਸੋਨੇ ਅਤੇ ਚਾਂਦੀ 'ਤੇ ਇੰਪੋਰਟ ਡਿਊਟੀ 6 ਫ਼ੀਸਦੀ ਤੋਂ ਵਧਾ ਕੇ 15 ਫ਼ੀਸਦੀ ਕਰ ਦਿੱਤੀ ਹੈ। ਇਸ ਦਾ ਮਕਸਦ ਸੋਨੇ ਦੀ ਦਰਾਮਦ ਨੂੰ ਘਟਾਉਣਾ ਹੈ ਤਾਂ ਜੋ ਡਾਲਰ ਦੀ ਮੰਗ ਘੱਟ ਹੋ ਸਕੇ।

ਭਾਰਤੀ ਰੁਪਏ 'ਚ ਮੰਦੀ ਜੇਕਰ ਇਸੇ ਤਰ੍ਹਾਂ ਜਾਰੀ ਰਹੀ ਤਾਂ ਇਸ ਦਾ ਸਭ ਤੋਂ ਵੱਧ ਅਸਰ ਵਿਦਿਆਰਥੀਆਂ 'ਤੇ ਦਿਖੇਗਾ। ਜੇਕਰ ਤੁਸੀਂ ਵਿਦੇਸ਼ ਜਾ ਰਹੇ ਹੋ ਜਾਂ ਤੁਹਾਡਾ ਬੱਚਾ ਬਾਹਰ ਪੜ੍ਹ ਰਿਹਾ ਹੈ, ਤਾਂ ਹੁਣ ਤੁਹਾਨੂੰ ਫੀਸ ਅਤੇ ਖਰਚਿਆਂ ਲਈ ਜ਼ਿਆਦਾ ਪੈਸੇ ਦੇਣੇ ਪੈਣਗੇ। ਇਸ ਤੋਂ ਇਲਾਵਾ ਮੋਬਾਈਲ, ਲੈਪਟਾਪ ਅਤੇ ਹੋਰ ਦਰਾਮਦ ਕੀਤਾ ਸਾਮਾਨ ਮਹਿੰਗਾ ਹੋ ਸਕਦਾ ਹੈ। ਜੇਕਰ ਕੱਚੇ ਤੇਲ ਦੀਆਂ ਕੀਮਤਾਂ ਅਤੇ ਰੁਪਏ ਦੀ ਗਿਰਾਵਟ ਇਸੇ ਤਰ੍ਹਾਂ ਜਾਰੀ ਰਹੀ, ਤਾਂ ਆਉਣ ਵਾਲੇ ਦਿਨਾਂ 'ਚ ਤੇਲ ਦੀਆਂ ਕੀਮਤਾਂ ਵੀ ਵਧ ਸਕਦੀਆਂ ਹਨ।

# ਭਾਰਤੀਆਂ ਸਮੇਤ 10,000 ਵਿਦੇਸ਼ੀ ਵਿਦਿਆਰਥੀ ICE ਦੀ ਰਡਾਰ 'ਤੇ



ਵਾਸ਼ਿੰਗਟਨ : ਅਮਰੀਕਾ ਵਿੱਚ ਪੜ੍ਹਾਈ ਦੇ ਨਾਲ-ਨਾਲ ਕੰਮ ਕਰਨ ਦਾ ਸੁਪਨਾ ਦੇਖਣ ਵਾਲੇ ਹਜ਼ਾਰਾਂ ਵਿਦੇਸ਼ੀ ਵਿਦਿਆਰਥੀਆਂ ਲਈ ਵੱਡੀ ਮੁਸੀਬਤ ਖੜ੍ਹੀ ਹੋ ਗਈ ਹੈ। ਅਮਰੀਕੀ ਇਮੀਗ੍ਰੇਸ਼ਨ ਅਤੇ ਕਸਟਮਜ਼ ਇਨਫੋਰਸਮੈਂਟ (ICE) ਏਜੰਸੀ ਨੇ ਖੁਲਾਸਾ ਕੀਤਾ ਹੈ ਕਿ ਉਸ ਨੇ ਲਗਭਗ 10,000 ਵਿਦੇਸ਼ੀ ਵਿਦਿਆਰਥੀਆਂ ਦੀ ਪਛਾਣ ਕੀਤੀ ਹੈ, ਜਿਨ੍ਹਾਂ 'ਤੇ ਆਪਣੇ ਵੀਜ਼ਾ ਦੇ 'ਵਿਕਲਪਿਕ ਪ੍ਰੈਕਟੀਕਲ ਟ੍ਰੇਨਿੰਗ' (OPT) ਪ੍ਰਬੰਧ ਦੀ ਦੁਰਵਰਤੋਂ ਕਰਕੇ ਸ਼ੱਕੀ ਮਾਲਕਾਂ ਲਈ ਕੰਮ ਕਰਨ ਦਾ ਦੋਸ਼ ਹੈ। ਇਨ੍ਹਾਂ ਵਿਦਿਆਰਥੀਆਂ ਵਿੱਚ ਵੱਡੀ ਗਿਣਤੀ ਭਾਰਤੀਆਂ ਦੀ ਦੱਸੀ ਜਾ ਰਹੀ ਹੈ

OPT ਵਿਦਿਆਰਥੀ ਵੀਜ਼ਾ 'ਤੇ ਅਮਰੀਕਾ ਆਉਣ ਵਾਲੇ ਵਿਦੇਸ਼ੀ ਵਿਦਿਆਰਥੀਆਂ ਨੂੰ 12 ਮਹੀਨਿਆਂ ਤੱਕ ਅਤੇ ਕੁਝ ਮਾਮਲਿਆਂ ਵਿੱਚ 24 ਮਹੀਨਿਆਂ ਤੱਕ ਕੰਮ ਕਰਨ ਦੀ ਆਗਿਆ ਦਿੰਦਾ ਹੈ। ਇਹ ਵਿਦਿਆਰਥੀਆਂ ਲਈ 8-12 ਵੀਜ਼ਾ ਹਾਸਲ ਕਰਨ ਦਾ ਇੱਕ ਅਹਿਮ ਜ਼ਰੀਆ ਵੀ ਹੁੰਦਾ ਹੈ। ਮਤਲਬ ਇਹ ਵਿਦਿਆਰਥੀਆਂ ਨੂੰ ਮਾਲਕਾਂ ਦੁਆਰਾ ਸਪਾਂਸਰ ਕੀਤੇ 8-12 ਵੀਜ਼ਾ ਵਿੱਚ ਬਦਲਣ ਦਾ ਮੌਕਾ ਵੀ ਦਿੰਦਾ ਹੈ। ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ ICE ਦੇ ਕਾਰਜਕਾਰੀ ਨਿਰਦੇਸ਼ਕ ਟੌਡ ਲਿਓਨਜ਼ ਨੇ ਕਿਹਾ ਕਿ ਵਿਦਿਆਰਥੀ ਵੀਜ਼ਾ ਪ੍ਰੋਗਰਾਮ ਦਾ OPT ਪ੍ਰਬੰਧ 'ਧੋਖਾਧੜੀ ਦਾ ਕੇਂਦਰ' ਬਣ ਗਿਆ ਹੈ ਅਤੇ ਗ੍ਰਹਿ ਸੁਰੱਖਿਆ ਵਿਭਾਗ ਦੁਆਰਾ ਕਈ ਜਾਂਚਾਂ ਦਾ ਵਿਸ਼ਾ ਰਿਹਾ ਹੈ। ਲਿਓਨਜ਼ ਨੇ ਕਿਹਾ, 'ਸਾਨੂੰ ਜਾਸੂਸੀ, ਬਾਇਓਥ੍ਰੀਟਸ, ਬੌਧਿਕ ਸੰਪਤੀ ਚੋਰੀ, ਵੀਜ਼ਾ ਅਤੇ ਰੁਜ਼ਗਾਰ ਧੋਖਾਧੜੀ, ਅਤੇ ਇੱਥੋਂ ਤੱਕ ਕਿ ਬਜ਼ੁਰਗ ਅਮਰੀਕੀਆਂ ਨੂੰ ਨਿਸ਼ਾਨਾ ਬਣਾਉਣ ਵਾਲੇ ਘੁਟਾਲਿਆਂ ਨਾਲ ਜੁੜੇ ਮਾਮਲੇ ਮਿਲੇ ਹਨ।' ਇਨ੍ਹਾਂ ਸਾਰਿਆਂ ਵਿਚ ਅਜਿਹੇ ਲੋਕ ਸ਼ਾਮਲ ਪਾਏ ਗਏ, ਜਿਨ੍ਹਾਂ ਨੇ ਆਪਣੀ ਵਿਦਿਆਰਥੀ ਸਥਿਤੀ ਦੀ ਦੁਰਵਰਤੋਂ ਕੀਤੀ। ਉਨ੍ਹਾਂ ਕਿਹਾ, 'ਸਾਡਾ ਦੇਸ਼ ਵਿਦੇਸ਼ੀ ਵਿਦਿਆਰਥੀ ਪ੍ਰੋਗਰਾਮ ਦੁਆਰਾ ਪੈਦਾ ਹੋਣ ਵਾਲੇ ਸੁਰੱਖਿਆ ਜੋਖਮਾਂ ਨੂੰ ਬਰਦਾਸ਼ਤ ਨਹੀਂ ਕਰੇਗਾ।'

ਲਿਓਨਜ਼ ਅਤੇ ਹੋਰ ਅਧਿਕਾਰੀਆਂ ਨੇ ਕਿਹਾ ਕਿ ਸੰਘੀ ਜਾਂਚਕਰਤਾਵਾਂ ਨੇ ਵੱਖ-ਵੱਖ ਥਾਵਾਂ ਦਾ ਮੁਆਇਨਾ ਕੀਤਾ ਅਤੇ ਪਾਇਆ ਕਿ ਬਹੁਤ ਸਾਰੇ OPT ਲਾਭਪਾਤਰੀਆਂ ਨੂੰ ਭਾਰਤ ਵਿੱਚ ਬੈਠੇ ਕਰਮਚਾਰੀਆਂ ਦੁਆਰਾ 'ਪ੍ਰਬੰਧਿਤ' ਕੀਤਾ ਜਾ ਰਿਹਾ ਸੀ। ਨਿਯਮਾਂ ਅਨੁਸਾਰ ਵਿਦਿਆਰਥੀਆਂ ਦੀ ਸਿਖਲਾਈ ਅਤੇ ਨਿਗਰਾਨੀ ਸਿਰਫ਼ ਅਮਰੀਕਾ ਦੇ ਅੰਦਰ ਹੀ ਹੋਣੀ ਲਾਜ਼ਮੀ ਹੈ। ਇਸ ਨਿਯਮ ਦੀ ਉਲੰਘਣਾ ਕਾਰਨ ਹੁਣ ਹਜ਼ਾਰਾਂ ਵਿਦਿਆਰਥੀਆਂ ਦੀ ਵੀਜ਼ਾ ਸਥਿਤੀ ਅਤੇ ਭਵਿੱਖ 'ਤੇ ਸਵਾਲੀਆ ਨਿਸ਼ਾਨ ਲੱਗ ਗਿਆ ਹੈ।

# ਭਾਜਪਾ ਜਨਰਲ ਸਕੱਤਰ ਤਰੁਣ ਚੁੱਘ ਦੀ ਰਿਹਾਇਸ਼ ਦੇ ਬਾਹਰ ਹੰਗਾਮਾ; ਪੁਲਿਸ ਨੇ 'ਆਪ' ਵਰਕਰਾਂ ਨੂੰ ਰੋਕਿਆ







ਅੰਮ੍ਰਿਤਸਰ : ਆਮ ਆਦਮੀ ਪਾਰਟੀ (ਆਪ) ਦੇ ਆਗੂਆਂ ਖ਼ਿਲਾਫ਼ ਈ.ਡੀ. (ED) ਦੀ ਕਾਰਵਾਈ ਦੇ ਵਿਰੋਧ ਵਿੱਚ ਅੱਜ ਅੰਮ੍ਰਿਤਸਰ ਵਿੱਚ ਸਿਆਸੀ ਤਣਾਅ ਦੇਖਣ ਨੂੰ ਮਿਲਿਆ। 'ਆਪ' ਵਰਕਰਾਂ ਨੇ ਭਾਜਪਾ ਦੇ ਕੌਮੀ ਜਨਰਲ ਸਕੱਤਰ ਤਰੁਣ ਚੁੱਘ ਦੀ ਰਿਹਾਇਸ਼ ਦੇ ਬਾਹਰ ਪ੍ਰਦਰਸ਼ਨ ਕਰਨ ਦਾ ਸੱਦਾ ਦਿੱਤਾ ਸੀ। ਇਸ ਦੌਰਾਨ ਪ੍ਰਦਰਸ਼ਨਕਾਰੀ ਵਰਕਰਾਂ ਨੂੰ ਭਾਜਪਾ ਆਗੂ ਦੇ ਘਰ ਵੱਲ ਵਧਣ ਤੋਂ ਰੋਕਣ ਲਈ ਵੱਡੀ ਗਿਣਤੀ ਵਿੱਚ ਪੁਲਿਸ ਬਲ ਤਾਇਨਾਤ ਕੀਤੇ ਗਏ। ਪੁਲਿਸ ਨੇ ਬੈਰੀਕੇਡ ਲਗਾ ਕੇ 'ਆਪ' ਸਮਰਥਕਾਂ ਨੂੰ ਅੱਗੇ ਵਧਣ ਤੋਂ ਰੋਕ ਦਿੱਤਾ, ਜਿਸ ਕਾਰਨ ਉੱਥੇ ਕਾਫੀ ਹੰਗਾਮਾ ਹੋਇਆ। 'ਆਪ' ਵਰਕਰਾਂ ਨੇ ਕੇਂਦਰੀ ਏਜੰਸੀਆਂ ਦੀ ਕਥਿਤ ਦੁਰਵਰਤੋਂ ਖਿਲਾਫ ਜ਼ੋਰਦਾਰ ਨਾਅਰੇਬਾਜ਼ੀ ਕੀਤੀ।

# ਪੰਜਾਬ ਦੇ ਸਿੱਖ ਰਾਜਨੀਤਕ ਕੈਦੀਆਂ ਦੀ ਰਿਹਾਈ ਲਈ ਤਾਮਿਲਨਾਡੂ 'ਚੋਂ ਉਠੀ ਅਵਾਜ਼


## ਪੰਜਾਬ ਦੇ ਰਾਜਨੀਤਿਕ ਕੈਦੀਆਂ ਦੀ ਰਿਹਾਈ ਲਈ ਉੱਠੀ ਨਵੀਂ ਆਵਾਜ਼, ਏ.ਜੀ. ਪੇਰਾਰਿਵਾਲਨ ਅਤੇ ਸਰਦਾਰ ਜੀਵਨ ਸਿੰਘ ਨੇ ਮਿਲਾਏ ਹੱਥ ਅਤੇ ਅਮਰੀਕਾ ਤੋਂ ਸਿੱਖਾਂ ਦੀ ਅੰਤਰਰਾਸ਼ਟਰੀ ਅਵਾਜ਼ ਸ. ਭਜਨ ਸਿੰਘ ਭਿੰਡਰ ਦੀ ਪੁਸਤਕ 'Captivating the Simple Hearted' ਭੇਟ ਕੀਤੀ ਗਈ

ਚੇਨਈ/ਭਾਰਤ, (ਸਾਡੇ ਲੋਕ) ਇਨਸਾਫ਼, ਮਨੁੱਖੀ ਅਧਿਕਾਰਾਂ ਅਤੇ ਸਮਾਜਿਕ ਬਦਲਾਅ ਦੀ ਦਿਸ਼ਾ ਵਿੱਚ ਇੱਕ ਇਤਿਹਾਸਕ ਕਦਮ ਚੁੱਕਦਿਆਂ, ਬਹੁਜਨ ਦ੍ਰਾਵਿੜਾ ਪਾਰਟੀ ਦੇ ਆਗੂਆਂ ਦੀ ਮੌਜੂਦਗੀ ਵਿੱਚ ਸਰਦਾਰ ਜੀਵਨ ਸਿੰਘ ਨੇ ਰਾਜੀਵ ਗਾਂਧੀ ਕਤਲ ਕਾਂਡ ਵਿੱਚ ਤਿੰਨ ਦਹਾਕੇ ਜੇਲ੍ਹ ਕੱਟਣ ਉਪਰੰਤ ਆਜ਼ਾਦ ਹੋਏ ਅਤੇ ਹੁਣ ਇੱਕ ਸਫਲ ਵਕੀਲ ਬਣ ਚੁੱਕੇ ਏ. ਜੀ. ਪੇਰਾਰਿਵਾਲਨ ਨਾਲ ਇੱਕ ਅਹਿਮ ਮੁਲਾਕਾਤ ਕੀਤੀ।

ਇਹ ਮੁਲਾਕਾਤ ਸਿਰਫ਼ ਇੱਕ ਰਸਮੀ ਗੱਲਬਾਤ ਨਹੀਂ, ਸਗੋਂ ਦੋ ਵੱਖ-ਵੱਖ ਭੂਗੋਲਿਕ ਖੇਤਰਾਂ ਦੇ ਦੋ ਚਿੰਤਕਾਂ ਵਿਚਕਾਰ ਸਮਾਜਿਕ ਨਿਆਂ ਅਤੇ ਮਨੁੱਖੀ ਅਧਿਕਾਰਾਂ ਦੇ ਸਾਂਝੇ ਸੰਘਰਸ਼ ਦਾ ਆਗਾਜ਼ ਹੈ।

**ਪੀੜਾ ਨੂੰ ਸਮਝਣ ਵਾਲਾ ਇੱਕ ਮਸੀਹਾ**

ਤਿੰਨ ਦਹਾਕਿਆਂ ਤੋਂ ਵੱਧ ਜੇਲ੍ਹ ਦੀ ਕਾਲ ਕੋਠੜੀ ਵਿੱਚ ਰਹਿਣ ਦੇ ਬਾਵਜੂਦ, ਪੇਰਾਰਿਵਾਲਨ ਦੀ ਵਿਚਾਰਧਾਰਕ ਪ੍ਰਤੀਬੱਧਤਾ ਅੱਜ ਵੀ ਅਟੱਲ ਹੈ। ਆਪਣੀ ਮੁਲਾਕਾਤ ਦੌਰਾਨ ਸਰਦਾਰ ਜੀਵਨ ਸਿੰਘ ਨੇ ਪੰਜਾਬ ਦੇ ਉਹਨਾਂ ਰਾਜਨੀਤਿਕ ਕੈਦੀਆਂ ਦਾ ਮੁੱਦਾ ਉਠਾਇਆ, ਜੋ 35 ਸਾਲਾਂ ਤੋਂ ਵੱਧ ਸਮੇਂ ਤੋਂ ਜੇਲ੍ਹਾਂ ਵਿੱਚ ਬੰਦ ਹਨ। ਲੰਬੀ ਕੈਦ ਦਾ ਦਰਦ ਖੁਦ ਹੰਢਾ ਚੁੱਕੇ ਪੇਰਾਰਿਵਾਲਨ ਨੇ ਇਸ ਪੀੜਾ ਨੂੰ ਡੂੰਘਾਈ ਨਾਲ ਮਹਿਸੂਸ ਕੀਤਾ ਅਤੇ ਪੰਜਾਬ ਦੇ ਕੈਦੀਆਂ ਦੀ ਰਿਹਾਈ ਲਈ ਕਾਨੂੰਨੀ ਮਾਰਗਦਰਸ਼ਨ ਅਤੇ ਪੂਰਨ ਸਹਿਯੋਗ ਦੇਣ ਦਾ ਇਤਿਹਾਸਕ ਐਲਾਨ ਕੀਤਾ।





**ਕਾਨੂੰਨੀ ਸਾਂਝ:** ਪੇਰਾਰਿਵਾਲਨ ਨੇ ਜੁਲਾਈ ਮਹੀਨੇ ਵਿੱਚ ਰਾਜਨੀਤਿਕ ਕੈਦੀਆਂ ਦੀ ਰਿਹਾਈ ਲਈ ਕੰਮ ਕਰ ਰਹੀਆਂ ਸੰਸਥਾਵਾਂ ਅਤੇ ਕਾਨੂੰਨੀ ਮਾਹਿਰਾਂ ਨਾਲ ਮੀਟਿੰਗ ਕਰਨ ਦੀ ਸਹਿਮਤੀ ਦਿੱਤੀ ਹੈ।

**ਸਮਾਜਿਕ ਬਦਲਾਅ ਦੀ ਰਾਜਨੀਤੀ:** ਸਰਦਾਰ ਜੀਵਨ ਸਿੰਘ ਨੇ ਜ਼ੋਰ ਦਿੱਤਾ ਕਿ ਹੁਣ ਸਿਰਫ਼ 'ਸਮਾਜਿਕ ਨਿਆਂ' ਦੀ ਗੱਲ ਨਹੀਂ, ਸਗੋਂ 'ਸਮਾਜਿਕ ਬਦਲਾਅ' ਦੀ ਰਾਜਨੀਤੀ ਵੱਲ ਵਧਣ ਦੀ ਲੋੜ ਹੈ।

**ਸੱਭਿਆਚਾਰਕ ਸਾਂਝ:** ਮੁਲਾਕਾਤ ਦੌਰਾਨ ਗੁਰੂ ਨਾਨਕ ਸਾਹਿਬ, ਭਗਤ ਰਵਿਦਾਸ ਜੀ ਅਤੇ ਭਗਤ ਕਬੀਰ ਜੀ ਦੀਆਂ ਸਮਾਨਤਾਵਾਦੀ ਸਿੱਖਿਆਵਾਂ ਅਤੇ ਤਾਮਿਲ-ਸਿੱਖ ਸੰਬੰਧਾਂ 'ਤੇ ਵਿਸ਼ੇਸ਼ ਚਰਚਾ ਹੋਈ।

**ਸਾਹਿਤਕ ਸਾਂਝ:** ਇਸ ਮੌਕੇ ਸਰਦਾਰ ਜੀਵਨ ਸਿੰਘ ਨੇ ਪੇਰਾਰਿਵਾਲਨ ਨੂੰ ਅਮਰੀਕਾ ਤੋਂ ਸਿੱਖਾਂ ਦੀ ਅੰਤਰਰਾਸ਼ਟਰੀ ਅਵਾਜ਼ ਸ ਭਜਨ ਸਿੰਘ ਭਿੰਡਰ ਦੀ ਪੁਸਤਕ 'Captivating the Simple Hearted' ਭੇਟ ਕੀਤੀ, ਜੋ ਪੀੜਿਤ ਸਮੂਹਾਂ ਦੀ ਮੁਕਤੀ ਦੇ ਸੰਘਰਸ਼ ਨੂੰ ਸਮਰਪਿਤ ਹੈ।

ਮਿਸ਼ਨ ਜਾਰੀ ਰਹੇਗਾ

ਇਸ ਮੁਲਾਕਾਤ ਨੇ ਇਹ ਸਪਸ਼ਟ ਕਰ ਦਿੱਤਾ ਹੈ ਕਿ ਇਨਸਾਫ਼ ਦੀ ਲੜਾਈ ਖੇਤਰੀ ਸੀਮਾਵਾਂ ਤੋਂ ਉੱਪਰ ਉੱਠ ਕੇ ਇੱਕ ਮਨੁੱਖੀ ਮੁਹਿੰਮ ਬਣ ਚੁੱਕੀ ਹੈ। ਪੇਰਾਰਿਵਾਲਨ ਦੀ ਕਾਨੂੰਨੀ ਮਹਾਰਤ ਅਤੇ ਸਰਦਾਰ ਜੀਵਨ ਸਿੰਘ ਦਾ ਸਮਾਜਿਕ ਸੰਘਰਸ਼ ਆਉਣ ਵਾਲੇ ਸਮੇਂ ਵਿੱਚ ਪੰਜਾਬ ਦੇ ਕੈਦੀਆਂ ਦੀ ਰਿਹਾਈ ਲਈ ਇੱਕ ਮਜ਼ਬੂਤ ਅਧਾਰ ਸਾਬਤ ਹੋਵੇਗਾ।

### ਅਣਦੇਖੀ ਮੌਤ

# ਵੈਲੀ ਬੁਖਾਰ ਦਾ ਕਹਿਰ ਅਤੇ ਹਰ ਸਿਹਤ ਦੀ ਸੁਰੱਖਿਆ ਲਈ ਚਿਤਾਵਨੀ

**(ਸਾਡੇ ਲੋਕ)/Daily USA ਡੈਸਕ)**

ਅਮਰੀਕਾ ਦੇ ਸੁਪਨੇ ਪੂਰੇ ਕਰਨ ਗਏ ਇੱਕ ਹੋਰ ਹੋਣਹਾਰ ਭਾਰਤੀ ਨੌਜਵਾਨ ਦੀ ਬੇਵਕਤੀ ਮੌਤ ਨੇ ਪੂਰੇ ਭਾਈਚਾਰੇ ਨੂੰ ਝੰਜੋੜ ਕੇ ਰੱਖ ਦਿੱਤਾ ਹੈ। 37 ਸਾਲਾ ਸਾਫਟਵੇਅਰ ਡਿਵੈਲਪਰ ਚਿਰੰਜੀਵੀ ਕੋਲਾ, ਜੋ ਆਪਣੀ ਮਿਹਨਤ ਸਦਕਾ ਤਰੱਕੀ ਦੀਆਂ ਰਾਹਾਂ 'ਤੇ ਸੀ, ਇੱਕ ਮਹੀਨੇ ਤੱਕ 'ਵੈਲੀ ਫੀਵਰ' (Valley Fever) ਨਾਲ ਲੜਦਿਆਂ ਜ਼ਿੰਦਗੀ ਦੀ ਜੰਗ ਹਾਰ ਗਿਆ। ਇਹ ਮਹਿਜ਼ ਇੱਕ ਮੌਤ ਨਹੀਂ, ਸਗੋਂ ਕੈਲੀਫੋਰਨੀਆ ਅਤੇ ਦੱਖਣ-ਪੱਛਮੀ ਅਮਰੀਕਾ ਵਿੱਚ ਰਹਿਣ ਵਾਲੇ ਲੱਖਾਂ ਪ੍ਰਵਾਸੀਆਂ ਲਈ ਇੱਕ ਗੰਭੀਰ ਚਿਤਾਵਨੀ ਹੈ।



ਕੀ ਹੈ ਵੈਲੀ ਫੀਵਰ? ਇੱਕ ਅਦਿੱਖ ਦੁਸ਼ਮਣ

ਵੈਲੀ ਫੀਵਰ, ਜਿਸ ਨੂੰ ਵਿਗਿਆਨਕ ਭਾਸ਼ਾ ਵਿੱਚ 'ਕੋਕਸੀਡੀਓਇਡੋਮਾਈਕੋਸਿਸ' (Coccidioidomycosis) ਕਿਹਾ ਜਾਂਦਾ ਹੈ, ਕੋਈ ਆਮ ਬੁਖਾਰ ਨਹੀਂ ਹੈ। ਇਹ ਮਿੱਟੀ ਵਿੱਚ ਰਹਿਣ ਵਾਲੀ ਇੱਕ ਉੱਲੀ (Fungus) ਕਾਰਨ ਹੁੰਦਾ ਹੈ। ਜਦੋਂ ਖੁਸ਼ਕ ਮੌਸਮ ਵਿੱਚ ਮਿੱਟੀ ਪੁੱਟੀ ਜਾਂਦੀ ਹੈ ਜਾਂ ਤੇਜ਼ ਹਵਾਵਾਂ ਚੱਲਦੀਆਂ ਹਨ, ਤਾਂ ਇਹ ਬਰੀਕ ਕਣ ਹਵਾ ਵਿੱਚ ਘੁਲ ਜਾਂਦੇ ਹਨ। ਸਾਹ ਰਾਹੀਂ ਇਹ ਸਾਡੇ ਫੇਫੜਿਆਂ ਵਿੱਚ ਪਹੁੰਚਦੇ ਹਨ ਅਤੇ ਇਨਫੈਕਸ਼ਨ ਪੈਦਾ ਕਰਦੇ ਹਨ।

**ਕਿਉਂ ਹੈ ਇਹ ਖ਼ਤਰਨਾਕ?**

ਸਭ ਤੋਂ ਵੱਡੀ ਚੁਣੌਤੀ ਇਹ ਹੈ ਕਿ ਇਸ ਦੇ ਲੱਛਣ—ਜਿਵੇਂ ਖੰਘ, ਬੁਖਾਰ, ਥਕਾਵਟ ਅਤੇ ਸਾਹ ਲੈਣ ਵਿੱਚ ਤਕਲੀਫ਼—ਬਿਲਕੁਲ ਆਮ ਫਲੂ ਜਾਂ ਨਿਮੋਨੀਆ ਵਰਗੇ ਹੁੰਦੇ ਹਨ। ਅਕਸਰ ਮਰੀਜ਼ ਅਤੇ ਡਾਕਟਰ ਇਸ ਨੂੰ ਆਮ ਇਨਫੈਕਸ਼ਨ ਸਮਝ ਕੇ ਐਂਟੀਬਾਇਓਟਿਕਸ ਲੈਂਦੇ ਰਹਿੰਦੇ ਹਨ, ਜਦਕਿ ਇਹ ਫੰਗਲ ਇਨਫੈਕਸ਼ਨ ਹੁੰਦੀ ਹੈ। ਚਿਰੰਜੀਵੀ ਕੋਲਾ ਦੇ ਮਾਮਲੇ ਵਿੱਚ ਵੀ ਇਨਫੈਕਸ਼ਨ ਇੰਨੀ ਗੰਭੀਰ ਹੋ ਗਈ ਸੀ ਕਿ 30 ਦਿਨ ਹਸਪਤਾਲ ਵਿੱਚ ਰਹਿਣ ਦੇ ਬਾਵਜੂਦ ਉਸ ਨੂੰ ਬਚਾਇਆ ਨਹੀਂ ਜਾ ਸਕਿਆ।

ਕੌਣ ਹੈ ਨਿਸ਼ਾਨੇ 'ਤੇ?

ਹਾਲਾਂਕਿ ਇਹ ਕਿਸੇ ਨੂੰ ਵੀ ਹੋ ਸਕਦਾ ਹੈ, ਪਰ ਕੁਝ ਲੋਕਾਂ ਲਈ ਇਹ ਵਧੇਰੇ ਘਾਤਕ ਹੈ:

ਕੈਲੀਫੋਰਨੀਆ ਦੀ ਸੈਂਟਰਲ ਵੈਲੀ (ਜਿਵੇਂ ਕਿ ਬੇਕਰਸਫੀਲਡ, ਫਰਿਜ਼ਨੋ) ਅਤੇ ਐਰੀਜ਼ੋਨਾ ਦੇ ਨਿਵਾਸੀ।

ਖੇਤੀਬਾੜੀ ਜਾਂ ਉਸਾਰੀ (Construction) ਦੇ ਕੰਮ ਨਾਲ ਜੁੜੇ ਲੋਕ।

ਉਹ ਲੋਕ ਜਿਨ੍ਹਾਂ ਦੀ ਰੋਗਾਂ ਨਾਲ ਲੜਨ ਦੀ ਸ਼ਕਤੀ (Immunity) ਘੱਟ ਹੈ।

ਬਚਾਅ ਅਤੇ ਸਾਵਧਾਨੀਆਂ

ਮਾਹਿਰਾਂ ਮੁਤਾਬਿਕ, ਜਾਣਕਾਰੀ ਹੀ ਸਭ ਤੋਂ ਵੱਡਾ ਬਚਾਅ ਹੈ:

1. **ਧੂੜ ਤੋਂ ਬਚੋ:** ਤੇਜ਼ ਹਵਾਵਾਂ ਜਾਂ ਮਿੱਟੀ ਉੱਡਣ ਵੇਲੇ ਬਾਹਰ ਜਾਣ ਤੋਂ ਗੁਰੇਜ਼ ਕਰੋ। ਜੇਕਰ ਜਾਣਾ ਜ਼ਰੂਰੀ ਹੋਵੇ, ਤਾਂ NIE ਮਾਸਕ ਦੀ ਵਰਤੋਂ ਕਰੋ।
2. **ਸਮੇਂ ਸਿਰ ਜਾਂਚ:** ਜੇਕਰ ਤੁਹਾਨੂੰ ਦੋ ਹਫ਼ਤਿਆਂ ਤੋਂ ਵੱਧ ਸਮੇਂ ਤੱਕ ਖੰਘ ਜਾਂ ਬੁਖਾਰ ਰਹਿੰਦਾ ਹੈ, ਤਾਂ ਆਪਣੇ ਡਾਕਟਰ ਨੂੰ 'ਵੈਲੀ ਫੀਵਰ' ਦੇ ਟੈਸਟ ਲਈ ਖਾਸ ਤੌਰ 'ਤੇ ਕਹੋ।
3. **ਜਾਗਰੂਕਤਾ ਫੈਲਾਓ:** ਆਪਣੇ ਦੋਸਤਾਂ ਅਤੇ ਪਰਿਵਾਰ ਨੂੰ ਇਸ ਬਿਮਾਰੀ ਬਾਰੇ ਦੱਸੋ। ਅਕਸਰ ਨਵੇਂ ਆਏ ਪ੍ਰਵਾਸੀਆਂ ਨੂੰ ਇਨ੍ਹਾਂ ਸਥਾਨਕ ਖ਼ਤਰਿਆਂ ਦਾ ਪਤਾ ਨਹੀਂ ਹੁੰਦਾ।

**ਸਿੱਟਾ**

ਚਿਰੰਜੀਵੀ ਕੋਲਾ ਦੀ ਮੌਤ ਭਾਰਤੀ ਭਾਈਚਾਰੇ ਲਈ ਇੱਕ ਨਾ ਪੂਰਿਆ ਜਾਣ ਵਾਲਾ ਘਾਟਾ ਹੈ। ਪਰ ਉਸ ਦਾ ਇਹ ਬਲੀਦਾਨ ਵਿਅਰਥ ਨਹੀਂ ਜਾਣਾ ਚਾਹੀਦਾ। ਇਹ ਸਮਾਂ ਹੈ ਕਿ ਅਸੀਂ ਸਿਹਤ ਪ੍ਰਤੀ ਸੁਚੇਤ ਹੋਈਏ ਅਤੇ ਆਪਣੇ ਆਲੇ-ਦੁਆਲੇ ਦੇ ਲੋਕਾਂ ਨੂੰ ਜਾਗਰੂਕ ਕਰੀਏ। ਪਰਮਾਤਮਾ ਵਿਛੜੀ ਰੂਹ ਨੂੰ ਸ਼ਾਂਤੀ ਦੇਵੇ ਅਤੇ ਪਰਿਵਾਰ ਨੂੰ ਬਲ ਬਖਸ਼ੇ।

ਜੇਕਰ ਤੁਸੀਂ ਇਸ ਇਲਾਕੇ ਵਿੱਚ ਰਹਿੰਦੇ ਹੋ, ਤਾਂ ਯਾਦ ਰੱਖੋ: ਹਰ ਖੰਘ ਆਮ ਫਲੂ ਨਹੀਂ ਹੁੰਦੀ। ਸੁਚੇਤ ਰਹੋ, ਸੁਰੱਖਿਅਤ ਰਹੋ।

# ਮੁੱਖ ਮੰਤਰੀ ਭਗਵੰਤ ਮਾਨ ਦੀ ਗੁਰਦੁਆਰਾ ਪ੍ਰਬੰਧਕਾਂ ਅਤੇ ਸੰਤ ਸਮਾਜ ਨਾਲ ਅਹਿਮ ਮੀਟਿੰਗ





ਜਲੰਧਰ : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਜਲੰਧਰ ਵਿਖੇ ਵੱਖ-ਵੱਖ ਗੁਰਦੁਆਰਾ ਸਾਹਿਬਾਨ ਦੇ ਮੁਖੀਆਂ ਅਤੇ ਸੰਤ ਸਮਾਜ ਦੇ ਨੁਮਾਇੰਦਿਆਂ ਨਾਲ ਇੱਕ ਵਿਸ਼ੇਸ਼ ਮੀਟਿੰਗ ਕੀਤੀ। ਇਸ ਮੁਲਾਕਾਤ ਦੌਰਾਨ ਸੂਬੇ ਦੇ ਧਾਰਮਿਕ ਮਾਮਲਿਆਂ ਅਤੇ ਸਮਾਜਿਕ ਮੁੱਦਿਆਂ 'ਤੇ ਵਿਸਥਾਰਪੂਰਵਕ ਚਰਚਾ ਕੀਤੀ ਗਈ। ਮੁੱਖ ਮੰਤਰੀ ਨੇ ਗੁਰਦੁਆਰਾ ਪ੍ਰਬੰਧਕਾਂ ਅਤੇ ਸੰਤ ਸਮਾਜ ਦੇ ਆਗੂਆਂ ਦੇ ਵਿਚਾਰ ਸੁਣੇ ਅਤੇ ਧਾਰਮਿਕ ਅਸਥਾਨਾਂ ਦੇ ਸਰਵਪੱਖੀ ਵਿਕਾਸ ਅਤੇ ਸੂਬੇ ਵਿੱਚ ਅਮਨ-ਸ਼ਾਂਤੀ ਬਣਾਈ ਰੱਖਣ ਲਈ ਸਰਕਾਰ ਵੱਲੋਂ ਪੂਰਨ ਸਹਿਯੋਗ ਦਾ ਭਰੋਸਾ ਦਿੱਤਾ। ਇਸ ਮੌਕੇ ਮੀਟਿੰਗ ਵਿੱਚ ਸ਼ਾਮਲ ਆਗੂਆਂ ਨਾਲ ਮੁੱਖ ਮੰਤਰੀ ਦੀ ਇੱਕ ਯਾਦਗਾਰੀ ਤਸਵੀਰ ਵੀ ਸਾਹਮਣੇ ਆਈ ਹੈ।

# ਗੁਰਦੁਆਰਾ ਚੋਣਾਂ ਦੀ ਮਰਿਆਦਾ ਨੂੰ ਢਾਹ: 'ਗੁੰਮਰਾਹਕੁੰਨ ਪੋਸਟਰਾਂ' 'ਤੇ ਉੱਠੇ ਸਵਾਲ

## ਅਸੀਂ ਇਸ ਖਿਲਾਫ ਰਿਪੋਰਟ ਦਰਜ ਕਰਾਵਾਂਗੇ ਅਤੇ ਦੋਸ਼ੀਆਂ ਦੀ ਤਹਿ ਤੱਕ ਜਾਵਾਂਗੇ : ਸ. ਹਰਮੀਤ ਸਿੰਘ ਕਾਲਕਾ

ਚੰਡੀਗੜ੍ਹ: ਗੁਰਦੁਆਰਾ ਸਾਹਿਬਾਨ ਦੀਆਂ ਆਗਾਮੀ ਚੋਣਾਂ ਦੇ ਮਾਹੌਲ ਵਿੱਚ ਉਸ ਸਮੇਂ ਗੰਭੀਰ ਵਿਵਾਦ ਖੜ੍ਹਾ ਹੋ ਗਿਆ, ਜਦੋਂ ਕਥਿਤ ਤੌਰ 'ਤੇ ਝੂਠੇ ਅਤੇ ਗੁੰਮਰਾਹਕੁੰਨ ਪੋਸਟਰ ਸਾਂਝੇ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਕਾਰਵਾਈ ਨੂੰ ਗੁਰਦੁਆਰਾ ਚੋਣਾਂ ਦੀ ਮਰਿਆਦਾ ਦੇ ਉਲਟ ਕਰਾਰ ਦਿੰਦਿਆਂ ਸਖ਼ਤ ਇਤਰਾਜ਼ ਪ੍ਰਗਟਾਏ ਗਏ ਹਨ।



ਵਿਵਾਦ ਦਾ ਮੁੱਖ ਕਾਰਨ

ਸੂਤਰਾਂ ਅਤੇ ਪ੍ਰਤੀਕਰਮਾਂ ਅਨੁਸਾਰ, ਸ. ਸਰਨਾ ਵੱਲੋਂ ਚੋਣ ਪ੍ਰਚਾਰ ਦੌਰਾਨ ਅਜਿਹੀ ਸਮੱਗਰੀ ਦੀ ਵਰਤੋਂ ਕੀਤੀ ਗਈ ਹੈ, ਜੋ ਤੱਥਾਂ ਤੋਂ ਕੋਰੀ ਅਤੇ ਵਿਰੋਧੀ ਧਿਰ ਨੂੰ ਨੀਵਾਂ ਦਿਖਾਉਣ ਲਈ ਪ੍ਰੇਰਿਤ ਹੈ। ਆਲੋਚਕਾਂ ਦਾ ਮੰਨਣਾ ਹੈ ਕਿ ਅਜਿਹੀ 'ਛੋਟੀ ਸਿਆਸਤ' (Petty Politics) ਧਾਰਮਿਕ ਸੰਸਥਾਵਾਂ ਦੇ ਪਵਿੱਤਰ ਅਕਸ ਨੂੰ ਢਾਹ ਲਾਉਂਦੀ ਹੈ।

ਸੰਗਤ ਅਤੇ ਚਿੰਤਕਾਂ ਦੀ ਪ੍ਰਤੀਕਿਰਿਆ

ਇਸ ਘਟਨਾ ਤੋਂ ਬਾਅਦ ਪੰਥਕ ਹਲਕਿਆਂ ਵਿੱਚ ਨਿਰਾਸ਼ਾ ਦਾ ਮਾਹੌਲ ਹੈ। ਪ੍ਰਤੀਕਰਮ ਦਿੰਦਿਆਂ ਕਿਹਾ ਗਿਆ ਹੈ:

ਸੰਸਥਾਗਤ ਮਾਣ: ਗੁਰਦੁਆਰਾ ਚੋਣਾਂ ਸੇਵਾ ਅਤੇ ਪਾਰਦਰਸ਼ਿਤਾ ਦਾ ਪ੍ਰਤੀਕ ਹੁੰਦੀਆਂ ਹਨ, ਨਾ ਕਿ ਸਿਆਸੀ ਚਿੱਕੜ-ਉਛਾਲ ਦਾ ਜ਼ਰੀਆ।

ਨੈਤਿਕ ਜ਼ਿੰਮੇਵਾਰੀ: ਸਾਰੇ ਉਮੀਦਵਾਰਾਂ ਦਾ ਫਰਜ਼ ਬਣਦਾ ਹੈ ਕਿ ਉਹ ਆਪਣਾ ਪ੍ਰਚਾਰ ਸੱਚਾਈ ਅਤੇ ਪੰਥਕ ਮੁੱਦਿਆਂ 'ਤੇ ਕੇਂਦਰਿਤ ਰੱਖਣ।

ਸੰਗਤ ਦਾ ਵਿਸ਼ਵਾਸ: ਅਜਿਹੇ ਗੁੰਮਰਾਹਕੁੰਨ ਪ੍ਰਚਾਰ ਨਾਲ ਸੰਗਤ ਦੇ ਮਨਾਂ ਵਿੱਚ ਨਕਾਰਾਤਮਕਤਾ ਫੈਲਦੀ ਹੈ, ਜੋ ਕਿ ਕਿਸੇ ਵੀ ਤਰ੍ਹਾਂ ਸਵੀਕਾਰਯੋਗ ਨਹੀਂ ਹੈ।

ਸਵਾਲਾਂ ਦੇ ਘੇਰੇ ਵਿੱਚ ਚੋਣ ਪ੍ਰਕਿਰਿਆ

ਚਿੰਤਕਾਂ ਦਾ ਕਹਿਣਾ ਹੈ ਕਿ ਗੁਰਦੁਆਰਾ ਸਾਹਿਬਾਨ ਦੀਆਂ ਚੋਣਾਂ ਨੂੰ 'ਸੱਚ, ਪਾਰਦਰਸ਼ਿਤਾ ਅਤੇ ਸੇਵਾ' ਦੇ ਮਾਪਦੰਡਾਂ 'ਤੇ ਚੱਲਣਾ ਚਾਹੀਦਾ ਹੈ। ਜੇਕਰ ਆਗੂ ਹੀ ਇਸ ਪੱਧਰ 'ਤੇ ਉੱਤਰ ਆਉਣਗੇ, ਤਾਂ ਆਉਣ ਵਾਲੀਆਂ ਪੀੜ੍ਹੀਆਂ ਲਈ ਕੀ ਸੰਦੇਸ਼ ਜਾਵੇਗਾ? ਹੁਣ ਦੇਖਣਾ ਹੋਵੇਗਾ ਕਿ ਕੀ ਚੋਣ ਪ੍ਰਬੰਧਕ ਜਾਂ ਸੰਗਤ ਇਸ ਮਾਮਲੇ 'ਤੇ ਕੋਈ ਸਖ਼ਤ ਨੋਟਿਸ ਲੈਂਦੇ ਹਨ।

# ਭਾਜਪਾ ਵਰਕਰਾਂ ਵੱਲੋਂ ਮੁੱਖ ਮੰਤਰੀ ਭਗਵੰਤ ਮਾਨ ਖਿਲਾਫ਼ ਰੋਸ ਪ੍ਰਦਰਸ਼ਨ; ਬਲਾਸਟਾਂ ਬਾਰੇ ਕੀਤੀਆਂ ਟਿੱਪਣੀਆਂ ਦਾ ਵਿਰੋਧ






ਜਲੰਧਰ : ਅੰਮ੍ਰਿਤਸਰ ਅਤੇ ਜਲੰਧਰ ਵਿੱਚ ਹਾਲ ਹੀ ਵਿੱਚ ਹੋਏ ਦੋਹਰੇ ਧਮਾਕਿਆਂ ਸਬੰਧੀ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਭਾਰਤੀ ਜਨਤਾ ਪਾਰਟੀ (ਭਾਜਪਾ) 'ਤੇ ਲਾਏ ਗਏ ਦੋਸ਼ਾਂ ਦੇ ਵਿਰੋਧ ਵਿੱਚ ਜਲੰਧਰ ਵਿਖੇ ਭਾਜਪਾ ਵਰਕਰਾਂ ਨੇ ਜ਼ੋਰਦਾਰ ਪ੍ਰਦਰਸ਼ਨ ਕੀਤਾ।

ਭਾਜਪਾ ਆਗੂਆਂ ਅਤੇ ਵਰਕਰਾਂ ਨੇ ਮੁੱਖ ਮੰਤਰੀ ਦੇ ਬਿਆਨਾਂ ਨੂੰ 'ਝੂਠੇ, ਭੜਕਾਊ ਅਤੇ ਬੇਬੁਨਿਆਦ' ਕਰਾਰ ਦਿੰਦਿਆਂ ਮੰਗ ਕੀਤੀ ਕਿ ਉਨ੍ਹਾਂ ਖ਼ਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾਵੇ। ਪ੍ਰਦਰਸ਼ਨਕਾਰੀਆਂ ਨੇ ਜਲੰਧਰ ਦੇ ਪੁਲਿਸ ਕਮਿਸ਼ਨਰ ਨੂੰ ਇੱਕ ਲਿਖਤੀ ਸ਼ਿਕਾਇਤ ਵੀ ਸੌਂਪੀ, ਜਿਸ ਵਿੱਚ ਮੁੱਖ ਮੰਤਰੀ 'ਤੇ ਅਜਿਹੇ ਗੈਰ-ਜ਼ਿੰਮੇਵਾਰਾਨਾ ਬਿਆਨ ਦੇ ਕੇ ਸੂਬੇ ਵਿੱਚ ਫਿਰਕੂ ਸਦਭਾਵਨਾ ਨੂੰ ਨੁਕਸਾਨ ਪਹੁੰਚਾਉਣ ਅਤੇ ਜਾਂਚ ਨੂੰ ਗੁੰਮਰਾਹ ਕਰਨ ਦਾ ਦੋਸ਼ ਲਾਇਆ ਗਿਆ ਹੈ।

ਭਾਜਪਾ ਆਗੂ ਮਨੋਰੰਜਨ ਕਾਲੀਆ ਨੇ ਕਿਹਾ ਕਿ ਮੁੱਖ ਮੰਤਰੀ ਵੱਲੋਂ ਬਿਨਾਂ ਕਿਸੇ ਸਬੂਤ ਦੇ ਭਾਜਪਾ ਨੂੰ ਧਮਾਕਿਆਂ ਲਈ ਜ਼ਿੰਮੇਵਾਰ ਠਹਿਰਾਉਣਾ ਨਿੰਦਣਯੋਗ ਹੈ ਅਤੇ ਇਸ ਨਾਲ ਪਾਰਟੀ ਦੀ ਸਾਖ ਨੂੰ ਢਾਹ ਲੱਗੀ ਹੈ। ਵਰਕਰਾਂ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਸਰਕਾਰ ਨੇ ਇਸ ਮਾਮਲੇ 'ਤੇ ਆਪਣਾ ਰਵੱਈਆ ਨਾ ਬਦਲਿਆ ਤਾਂ ਇਹ ਸੰਘਰਸ਼ ਹੋਰ ਤੇਜ਼ ਕੀਤਾ ਜਾਵੇਗਾ।

## ਬਰਤਾਨੀਆ ਦੀ ਪਹਿਲੀ ਮਹਿਲਾ ਸਿੱਖ ਸੰਸਦ ਮੈਂਬਰ ਪ੍ਰੀਤ ਕੌਰ ਗਿੱਲ ਬਣੀ ਰਾਜ ਸਿਹਤ ਮੰਤਰੀ



ਲੰਡਨ : ਬੀਤੇ ਦਿਨੀਂ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੂੰ ਮਿਲ ਰਹੀ ਚੁਣੌਤੀ ਤੋਂ ਬਾਅਦ ਰਾਜ ਸਿਹਤ ਮੰਤਰੀ ਜੇਸ ਫਿਲਿਪਸ ਨੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ, ਜਿਸ ਤੋਂ ਬਾਅਦ ਕੀਰ ਸਟਾਰਮਰ ਨੇ ਬਰਤਾਨੀਆ ਦੀ ਪਹਿਲੀ ਮਹਿਲਾ ਸਿੱਖ ਸੰਸਦ ਮੈਂਬਰ ਪ੍ਰੀਤ ਕੌਰ ਗਿੱਲ ਨੂੰ ਮੰਤਰੀ ਮੰਡਲ 'ਚ ਸ਼ਾਮਿਲ ਕਰਦਿਆਂ ਰਾਜ ਸਿਹਤ ਅਤੇ ਸਮਾਜ ਭਲਾਈ ਮੰਤਰੀ ਦਾ ਅਹੁਦਾ ਦਿੱਤਾ ਹੈ। ਬ੍ਰਮਿੰਘਮ ਦੇ ਐਜਬਾਸਟਨ ਤੋਂ ਸੰਸਦ ਮੈਂਬਰ ਇਸ ਖੇਤਰ ਦਾ ਤਜ਼ਰਬਾ ਰੱਖਦੀ ਹੈ। ਜ਼ਿਕਰਯੋਗ ਹੈ ਕਿ ਪ੍ਰੀਤ ਕੌਰ ਗਿੱਲ 2017 ਵਿਚ ਪਹਿਲੀ ਵਾਰ ਸੰਸਦ ਮੈਂਬਰ ਚੁਣੀ ਗਈ ਸੀ। ਉਹ ਹੁਣ ਤੱਕ ਅੰਤਰਰਾਸ਼ਟਰੀ ਵਿਕਾਸ ਸ਼ੈਡੋ ਮੰਤਰੀ, ਪ੍ਰਾਇਮਰੀ ਕੇਅਰ ਅਤੇ ਪਬਲਿਕ ਸਿਹਤ ਸ਼ੈਡੋ ਮੰਤਰੀ ਦੇ ਅਹੁਦਿਆਂ 'ਤੇ ਰਹਿ ਚੁੱਕੀ ਹੈ। ਪ੍ਰੀਤ ਕੌਰ ਦੀ ਨਿਯੁਕਤੀ ਦਾ ਸਿੱਖ ਫੈਡਰੇਸ਼ਨ ਯੂਕੇ ਦੇ ਭਾਈ ਅਮਰੀਕ ਸਿੰਘ ਗਿੱਲ, ਗੁਰਦੁਆਰਾ ਸਮੈਦਿਕ ਦੇ ਮੁੱਖ ਸੇਵਾਦਾਰ ਜਤਿੰਦਰ ਸਿੰਘ, ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੇ ਮੁੱਖ ਸੇਵਾਦਾਰ ਗੁਰਮੇਲ ਸਿੰਘ ਮੱਲੀ ਆਦਿ ਨੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਹੈ।

## ਪੈਟਰੋਲ, ਡੀਜ਼ਲ ਦੀ ਵਰਤੋਂ ਸੰਜਮ ਨਾਲ ਕਰਨਾ ਸਮੇਂ ਦੀ ਲੋੜ : ਨਰਿੰਦਰ ਮੋਦੀ

### ਖੇਤਾਂ 'ਚ ਰਸਾਇਣਾਂ ਦੀ ਵਰਤੋਂ ਨਾਲ ਧਰਤੀ ਮਾਂ ਦਾ ਨੁਕਸਾਨ ਹੋਇਆ



ਬੈਂਗਲੁਰੂ/ਹੈਦਰਾਬਾਦ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪੱਛਮੀ ਏਸ਼ੀਆ ਦੇ ਮੌਜੂਦਾ ਸੰਕਟ ਨੂੰ ਦੇਖਦੇ ਹੋਏ ਦੇਸ਼ ਵਾਸੀਆਂ ਨੂੰ ਇਕ ਖਾਸ ਅਪੀਲ ਕੀਤੀ। ਉਨ੍ਹਾਂ ਕਿਹਾ ਹੈ ਕਿ ਦੇਸ਼ ਵਾਸੀ ਤੇਲ ਦੀ ਬਚਤ ਕਰਨ ਲਈ ਕਾਰਾਂ ਸਾਂਝੀਆਂ ਕਰਨ (ਕਾਰ ਪੂਲਿੰਗ), ਬੱਸਾਂ ਜਾਂ ਰੇਲ ਗੱਡੀਆਂ ਵਰਗੇ ਸਰਕਾਰੀ ਸਾਧਨਾਂ ਦੀ ਵਰਤੋਂ ਕਰਨ ਅਤੇ ਵਿਦੇਸ਼ੀ ਯਾਤਰਾਵਾਂ ਤੋਂ ਪਰਹੇਜ਼ ਕਰਨ। ਇਸ ਦੇ ਨਾਲ ਹੀ ਉਨ੍ਹਾਂ ਕੋਰੋਨਾ ਕਾਲ ਦੇ ਸਮੇਂ ਵਾਂਗ ਘਰ ਤੋਂ ਕੰਮ ਕਰਨ (ਵਰਕ ਫਰੌਮ ਹੋਮ) ਅਤੇ ਆਨਲਾਈਨ ਮੀਟਿੰਗਾਂ ਕਰਨ ਦਾ ਸੁਝਾਅ ਦਿੱਤਾ ਹੈ ਤਾਂ ਜੋ ਤੇਲ ਦੀ ਖਪਤ ਘਟਾਈ ਜਾ ਸਕੇ ਅਤੇ ਦੇਸ਼ ਆਪਣੀ ਜ਼ਿੰਮੇਵਾਰੀ ਨਿਭਾ ਸਕੇ। ਪ੍ਰਧਾਨ ਮੰਤਰੀ ਨੇ ਕਿਹਾ ਕਿ ਅੱਜ ਬਿਮਾਰੀ ਵਿਚ ਵੀ ਲੋਕ ਕੁਦਰਤੀ ਇਲਾਜ ਦੀ ਭਾਲ ਕਰ ਰਹੇ ਹਨ। ਸਾਡੀ ਧਰਤੀ ਮਾਂ ਨੂੰ ਵੀ ਕੁਦਰਤੀ ਇਲਾਜ ਦੀ ਲੋੜ ਹੈ। ਰਸਾਇਣਕ ਖਾਦਾਂ ਨੇ ਸਾਡੇ ਖੇਤਾਂ ਨੂੰ ਖਤਮ ਕਰ ਦਿੱਤਾ ਹੈ ਤੇ ਧਰਤੀ ਮਾਂ ਨੂੰ ਨੁਕਸਾਨ ਪਹੁੰਚਾਇਆ ਹੈ। ਧਰਤੀ ਮਾਂ ਨੂੰ ਰਸਾਇਣਾਂ ਤੋਂ ਬਚਾਉਣਾ ਵੀ ਜੀਵਨ ਦੀ ਕਲਾ ਹੈ। ਉਨ੍ਹਾਂ 'ਏਕ ਪੇੜ ਮਾਂ ਕੇ ਨਾਮ' ਮੁਹਿੰਮ ਲਈ ਵਧੇਰੇ ਸਮਰਥਨ ਦੀ ਮੰਗ ਕੀਤੀ, ਇਸ ਗੱਲ 'ਤੇ ਜ਼ੋਰ ਦਿੱਤਾ ਕਿ ਵਾਤਾਵਰਨ ਦੀ ਰੱਖਿਆ ਟਿਕਾਊ ਵਿਕਾਸ ਤੋਂ ਅਟੁੱਟ ਹੈ। ਇਸ ਤੋਂ ਪਹਿਲਾਂ ਹੈਦਰਾਬਾਦ ਵਿਖੇ ਵੱਖ-ਵੱਖ ਵਿਕਾਸ ਕਾਰਜਾਂ ਦਾ ਉਦਘਾਟਨ ਕਰਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਕੌਮਾਂਤਰੀ ਸੰਘਰਸ਼ਾਂ ਕਾਰਨ ਦੁਨੀਆ ਭਰ 'ਚ ਵਿਗੜੀ ਆਰਥਿਕਤਾ, ਸਾਮਾਨ ਦੀ ਸਪਲਾਈ 'ਚ ਆ ਰਹੀਆਂ ਮੁਸ਼ਕਲਾਂ ਅਤੇ ਵਧਦੀ ਮਹਿੰਗਾਈ ਦਾ ਮੁਕਾਬਲਾ ਕਰਨ ਲਈ ਸਾਰੇ ਭਾਰਤੀਆਂ ਨੂੰ ਇਕਜੁੱਟ ਹੋ ਕੇ ਸਹਿਯੋਗ ਦੇਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਦੇਸ਼ ਭਗਤੀ ਸਿਰਫ਼ ਦੇਸ਼ ਲਈ ਜਾਨ ਕੁਰਬਾਨ ਕਰਨ ਬਾਰੇ ਹੀ ਨਹੀਂ ਹੈ, ਸਗੋਂ ਔਖੇ ਸਮੇਂ 'ਚ ਜ਼ਿੰਮੇਵਾਰੀ ਨਾਲ ਜਿਊਣ ਅਤੇ ਦੇਸ਼ ਪ੍ਰਤੀ ਫ਼ਰਜ਼ ਨਿਭਾਉਣ ਬਾਰੇ ਵੀ ਹੈ। ਉਨ੍ਹਾਂ ਨਾਗਰਿਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਬੇਲੋੜੀ ਵਿਦੇਸ਼ੀ ਯਾਤਰਾ, ਵਿਦੇਸ਼ਾਂ 'ਚ ਛੁੱਟੀਆਂ ਮਨਾਉਣ ਅਤੇ ਵਿਦੇਸ਼ੀ ਵਿਆਹਾਂ ਤੋਂ ਬਚ ਕੇ ਦੇਸ਼ ਦੇ ਵਿਦੇਸ਼ੀ ਮੁਦਰਾ ਭੰਡਾਰ ਨੂੰ ਬਚਾਉਣ 'ਚ ਮਦਦ ਕਰਨ। ਉਨ੍ਹਾਂ ਭਾਰਤ ਦੇ ਅੰਦਰ ਹੀ ਘਰੇਲੂ ਸੈਰ-ਸਪਾਟਾ ਕਰਨ ਅਤੇ ਦੇਸ਼ ਵਿੱਚ ਹੀ ਜਸ਼ਨ ਮਨਾਉਣ ਦੀ ਸਲਾਹ ਦਿੱਤੀ ਹੈ। ਪ੍ਰਧਾਨ ਮੰਤਰੀ ਨੇ ਪਰਿਵਾਰਾਂ ਨੂੰ ਖਾਣ ਵਾਲੇ ਤੇਲ ਦੀ ਵਰਤੋਂ ਘਟਾਉਣ ਲਈ ਕਿਹਾ ਹੈ। ਉਨ੍ਹਾਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਅਜਿਹਾ ਕਰਨ ਨਾਲ ਦੇਸ਼ ਦੀ ਆਰਥਿਕ ਸਿਹਤ ਅਤੇ ਲੋਕਾਂ ਦੀ ਨਿੱਜੀ ਸਿਹਤ, ਦੋਵਾਂ ਨੂੰ ਵੱਡਾ ਫਾਇਦਾ ਹੋਵੇਗਾ। ਪ੍ਰਧਾਨ ਮੰਤਰੀ ਨੇ ਕਿਸਾਨਾਂ ਨੂੰ ਵੀ ਇਕ ਬੇਨਤੀ ਕੀਤੀ ਅਤੇ ਉਨ੍ਹਾਂ ਨੂੰ ਰਸਾਇਣਕ ਖਾਦਾਂ ਦੀ ਵਰਤੋਂ 50 ਫ਼ੀਸਦੀ ਘਟਾਉਣ, ਕੁਦਰਤੀ ਖੇਤੀ ਦੇ ਅਭਿਆਸਾਂ ਵੱਲ ਵਧਣ ਅਤੇ ਮਿੱਟੀ ਦੀ ਸਿਹਤ ਨੂੰ ਬਚਾਉਣ ਅਤੇ ਦਰਾਮਦ 'ਤੇ ਨਿਰਭਰਤਾ ਘਟਾਉਣ 'ਚ ਮਦਦ ਕਰਨ ਲਈ ਕਿਹਾ। ਪ੍ਰਧਾਨ ਮੰਤਰੀ ਨੇ ਕਿਹਾ ਕਿ ਖੇਤੀਬਾੜੀ 'ਚ ਡੀਜ਼ਲ ਪੰਪਾਂ ਦੀ ਬਜਾਏ ਸੂਰਜੀ ਊਰਜਾ ਨਾਲ ਚੱਲਣ ਵਾਲੇ ਸਿੰਚਾਈ ਪੰਪਾਂ ਨੂੰ ਵੱਡੇ ਪੱਧਰ 'ਤੇ ਅਪਣਾਉਣ ਨਾਲ ਵੀ ਇਸ ਸਮੇਂ ਮਦਦ ਮਿਲੇਗੀ।

## ਸੁਰਜੀਤ ਸਿੰਘ ਰੱਖੜਾ ਆਮ ਆਦਮੀ ਪਾਰਟੀ 'ਚ ਹੋਣਗੇ ਸ਼ਾਮਿਲ ਮੁੱਖ ਮੰਤਰੀ ਭਗਵੰਤ ਮਾਨ ਕਰਵਾਉਣਗੇ ਸ਼ਮੂਲੀਅਤ



ਪਟਿਆਲਾ : ਸਿੱਖ ਪੰਥਕ ਰਾਜਨੀਤੀ ਵਿਚ ਉੱਚੇ ਕੱਦ ਅਤੇ ਇਮਾਨਦਾਰ ਸ਼ਖ਼ਸੀਅਤ ਵਜੋਂ ਜਾਣੇ ਜਾਂਦੇ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਦੇ ਸੀਨੀਅਰ ਆਗੂ ਤੇ ਸਾਬਕਾ ਕੈਬਨਿਟ ਮੰਤਰੀ ਸੁਰਜੀਤ ਸਿੰਘ ਰੱਖੜਾ ਆਮ ਆਦਮੀ ਪਾਰਟੀ ਵਿਚ ਸ਼ਾਮਿਲ ਹੋ ਰਹੇ ਹਨ। ਜਾਣਕਾਰੀ ਮੁਤਾਬਿਕ ਸੁਰਜੀਤ ਸਿੰਘ ਰੱਖੜਾ ਦੀ ਸ਼ਮੂਲੀਅਤ ਖ਼ੁਦ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵਲੋਂ 1-2 ਦਿਨਾਂ ਅੰਦਰ ਰੱਖੜਾ ਵਿਲਾ ਵਿਖੇ ਕਰਵਾਈ ਜਾਵੇਗੀ। ਸਿਆਸੀ ਵਰਗਾਂ ਵਿਚ ਇਸ ਫ਼ੈਸਲੇ ਨੂੰ ਲੈ ਕੇ ਸ਼੍ਰੋਮਣੀ ਅਕਾਲੀ ਦਲ, ਪੁਨਰ ਸੁਰਜੀਤ ਲਈ ਜਿੱਥੇ ਵੱਡੇ ਝਟਕੇ ਵਜੋਂ ਦੇਖਿਆ ਜਾ ਰਿਹਾ ਹੈ, ਉੱਥੇ ਹੀ ਆਮ ਆਦਮੀ ਪਾਰਟੀ ਲਈ ਇਸਨੂੰ ਵੱਡੀ ਸਿਆਸੀ ਮਜ਼ਬੂਤੀ ਮੰਨਿਆ ਜਾ ਰਿਹਾ ਹੈ। ਸੁਰਜੀਤ ਸਿੰਘ ਰੱਖੜਾ ਲੰਮੇ ਸਮੇਂ ਤੋਂ ਸਮਾਣਾ ਹਲਕੇ ਵਿਚ ਅਕਾਲੀ ਸਿਆਸਤ ਦਾ ਅਹਿਮ ਚਿਹਰਾ ਰਹੇ ਹਨ ਤੇ ਉਹ ਕਈ ਵਾਰ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਵਜੋਂ ਚੋਣ ਮੈਦਾਨ ਵਿਚ ਉਤਰਦੇ ਰਹੇ ਹਨ। ਸ਼੍ਰੋਮਣੀ ਅਕਾਲੀ ਦਲ ਬਾਦਲ ਦੀ ਸਿਆਸਤ ਵਿਚ ਪਏ ਪਾੜ ਤੋਂ ਬਾਅਦ ਸੁਰਜੀਤ ਸਿੰਘ ਰੱਖੜਾ ਅਕਾਲੀ ਦਲ ਪੁਨਰ ਸੁਰਜੀਤ ਵਿਚ ਸ਼ਾਮਿਲ ਹੋ ਗਏ ਸਨ, ਜਿੱਥੇ ਉਨ੍ਹਾਂ ਨੂੰ ਸੀਨੀਅਰ ਆਗੂ ਵਜੋਂ ਮਹੱਤਵਪੂਰਨ ਜ਼ਿੰਮੇਵਾਰੀਆਂ ਵੀ ਸੌਂਪੀਆਂ ਗਈਆਂ ਸਨ। ਉਨ੍ਹਾਂ ਦੀ ਸ਼ਮੂਲੀਅਤ ਨੂੰ ਲੈਕੇ ਭਾਵੇਂ ਅਜੇ ਦੋ ਦਿਨਾਂ ਦਾ ਸਮਾਂ ਦੱਸਿਆ ਜਾ ਰਿਹਾ ਹੈ ਪਰ ਇਹ ਖ਼ਬਰਾਂ ਵੀ ਹਨ ਕਿ ਭਗਵੰਤ ਮਾਨ ਕਿਸੇ ਵਕਤ ਵੀ ਉਨ੍ਹਾਂ ਨੂੰ ਪਾਰਟੀ ਵਿਚ ਸ਼ਾਮਲ ਕਰ ਸਕਦੇ ਹਨ।

## ਦੇਸ਼ 'ਚ ਤੇਲ, ਐਲ.ਪੀ.ਜੀ. ਦੀ ਕੋਈ ਕਮੀ ਨਹੀਂ : ਹਰਦੀਪ ਸਿੰਘ ਪੁਰੀ

### ਪੈਟਰੋਲੀਅਮ ਮੰਤਰੀ ਨੇ ਪੈਟਰੋਲ, ਡੀਜ਼ਲ ਦੀਆਂ ਕੀਮਤਾਂ ਵਧਣ ਦੇ ਦਿੱਤੇ ਸੰਕੇਤ



ਨਵੀਂ ਦਿੱਲੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਈਰਾਨ ਜੰਗ ਦਰਮਿਆਨ ਦੇਸ਼ਵਾਸੀਆਂ ਨੂੰ ਪੈਟਰੋਲ-ਡੀਜ਼ਲ ਬਚਾਉਣ ਲਈ 'ਵਰਕ ਫਰਾਮ ਹੋਮ' ਦੀ ਅਪੀਲ ਤੋਂ ਬਾਅਦ ਤੇਲ ਦੀ ਕਿੱਲਤ ਦੇ ਵਧੇ ਹੋਏ ਖਦਸ਼ੇ ਦਰਮਿਆਨ ਪੈਟਰੋਲੀਅਮ ਮੰਤਰੀ ਹਰਦੀਪ ਸਿੰਘ ਪੁਰੀ ਨੇ ਭਰੋਸਾ ਦਿਵਾਇਆ ਕਿ ਦੇਸ਼ 'ਚ ਤੇਲ ਦੀ ਕੋਈ ਕਮੀ ਨਹੀਂ ਹੈ। ਪੁਰੀ ਨੇ ਇਸ ਵਿਚਾਰ ਨੂੰ ਵੀ ਸਿਰੇ ਤੋਂ ਖਾਰਜ ਕਰ ਦਿੱਤਾ ਕਿ ਦੇਸ਼ 'ਚ ਹਾਲ-ਫ਼ਿਲਹਾਲ ਲਾਕਡਾਊਨ ਦੀ ਕੋਈ ਯੋਜਨਾ ਨਹੀਂ ਹੈ। ਪੁਰੀ ਨੇ ਸੀ.ਆਈ.ਆਈ. ਦੇ ਸਾਲਾਨਾ ਬਿਜ਼ਨੈੱਸ ਸਿਖ਼ਰ ਸੰਮੇਲਨ 'ਚ ਬੋਲਦਿਆਂ ਕਿਹਾ ਕਿ ਭਾਰਤ ਕੋਲ ਇਸ ਵੇਲੇ 60 ਦਿਨਾਂ ਦਾ ਕੱਚਾ ਤੇਲ, 60 ਦਿਨਾਂ ਦੀ ਐਲ.ਐਨ.ਜੀ. ਅਤੇ 45 ਦਿਨਾਂ ਦੀ ਐਲ.ਪੀ.ਜੀ. ਦਾ ਭੰਡਾਰ ਹੈ। ਉਨ੍ਹਾਂ ਕਿਹਾ ਕਿ ਇਹ ਭੰਡਾਰ ਕਿਸੇ ਵੀ ਹੰਗਾਮੀ ਹਾਲਾਤ ਨਾਲ ਨਜਿੱਠਣ ਲਈ ਕਾਫ਼ੀ ਹੈ। ਉਨ੍ਹਾਂ ਕਿਹਾ ਕਿ ਪੱਛਮੀ ਏਸ਼ੀਆ ਟਕਰਾਅ ਦਰਮਿਆਨ ਸਰਕਾਰ ਵਲੋਂ ਐਲ.ਪੀ.ਜੀ. ਉਤਪਾਦਨ ਨੂੰ 35 ਤੋਂ 36 ਹਜ਼ਾਰ ਟਨ ਰੋਜ਼ਾਨਾ ਤੋਂ ਵਧਾ ਕੇ 54 ਹਜ਼ਾਰ ਟਨ ਰੋਜ਼ਾਨਾ ਕਰ ਦਿੱਤਾ ਗਿਆ ਹੈ। ਪੁਰੀ ਨੇ ਪ੍ਰਧਾਨ ਮੰਤਰੀ ਵਲੋਂ ਕੀਤੀ ਅਪੀਲ ਨੂੰ ਲੈ ਕੇ ਸਪੱਸ਼ਟੀਕਰਨ ਦਿੰਦਿਆਂ ਕਿਹਾ ਕਿ ਇਸ ਅਪੀਲ ਨੂੰ ਘੱਟ ਖਰਚਾ ਕਰਨ ਦੀ ਤਾਕੀਦ ਅਤੇ ਚੌਕਸੀ ਵਰਤਣ ਦੇ ਸੰਕੇਤ ਵਜੋਂ ਲਿਆ ਜਾਣਾ ਚਾਹੀਦਾ ਹੈ ਅਤੇ ਪੱਛਮੀ ਏਸ਼ੀਆ ਟਕਰਾਅ ਨਾਲ ਪੈਦਾ ਹੋਏ ਖਜ਼ਾਨੇ 'ਤੇ ਪੈਣ ਵਾਲੇ ਦਬਾਅ ਨੂੰ ਘੱਟ ਕਰਨ ਦੇ ਤਰੀਕਿਆਂ 'ਤੇ ਵਿਚਾਰ ਸ਼ੁਰੂ ਕਰਨਾ ਚਾਹੀਦਾ ਹੈ। ਹਾਲਾਂਕਿ ਪੈਟਰੋਲੀਅਮ ਮੰਤਰੀ ਨੇ ਆਉਣ ਵਾਲੇ ਸਮੇਂ 'ਚ ਬਾਲਣ ਦੀ ਕੀਮਤ ਵਧਣ ਦੇ ਸੰਕੇਤ ਵੀ ਦਿੱਤੇ, ਪਰ ਉਨ੍ਹਾਂ ਦਾਅਵਿਆਂ ਨੂੰ ਸਿਰੇ ਤੋਂ ਖਾਰਜ ਕਰ ਦਿੱਤਾ ਕਿ ਹਾਲੀਆ ਸੂਬਾਈ ਵਿਧਾਨ ਸਭਾ ਚੋਣਾਂ ਦੇ ਕਾਰਨ ਕੀਮਤਾਂ 'ਚ ਵਾਧੇ ਨੂੰ ਰੋਕਿਆ ਗਿਆ ਸੀ।

# ਬੀਜਿੰਗ ਸਿਖਰ ਸੰਮੇਲਨ
# ਚੀਨ ਵਲੋਂ ਪ੍ਰੈਜ਼ੀਡੈਂਟ ਦਾ ਸ਼ਾਹੀ ਸਨਮਾਨ, ਤਾਈਵਾਨ ਮੁੱਦੇ 'ਤੇ ਵਧਿਆ ਤਣਾਅ






ਬੀਜਿੰਗ ਸਿਖਰ ਸੰਮੇਲਨ: ਚੀਨ ਵਲੋਂ ਪ੍ਰੈਜ਼ੀਡੈਂਟ ਦਾ ਸ਼ਾਹੀ ਸਨਮਾਨ, ਪਰ ਤਾਈਵਾਨ ਮੁੱਦੇ 'ਤੇ ਵਧਿਆ ਤਣਾਅ

ਬੀਜਿੰਗ, (ਸਾਡੇ ਲੋਕ) : ਵਿਸ਼ਵ ਸਿਆਸਤ ਵਿੱਚ ਅੱਜ ਇੱਕ ਅਤਿ-ਮਹੱਤਵਪੂਰਨ ਘਟਨਾਕ੍ਰਮ ਦੌਰਾਨ, ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਵਿਚਕਾਰ ਬੀਜਿੰਗ ਵਿਖੇ ਉੱਚ-ਪੱਧਰੀ ਸਿਖਰ ਸੰਮੇਲਨ (Summit) ਆਯੋਜਿਤ ਕੀਤਾ ਗਿਆ। ਇਸ ਮੁਲਾਕਾਤ ਵਿੱਚ ਜਿੱਥੇ ਦੋਵਾਂ ਨੇਤਾਵਾਂ ਨੇ ਆਰਥਿਕ ਅਤੇ ਕੂਟਨੀਤਕ ਸਬੰਧਾਂ 'ਤੇ ਚਰਚਾ ਕੀਤੀ, ਉੱਥੇ ਹੀ ਤਾਈਵਾਨ ਦੇ ਮੁੱਦੇ ਨੇ ਸਭ ਤੋਂ ਵੱਧ ਗੰਭੀਰਤਾ ਫੜ ਲਈ ਹੈ।

ਤਾਈਵਾਨ: 'ਟਕਰਾਅ' ਦੀ ਸਿੱਧੀ ਚਿਤਾਵਨੀ

ਮੀਟਿੰਗ ਦੇ ਸਭ ਤੋਂ ਅਹਿਮ ਹਿੱਸੇ ਵਿੱਚ, ਸ਼ੀ ਜਿਨਪਿੰਗ ਨੇ ਰਾਸ਼ਟਰਪਤੀ ਟਰੰਪ ਨੂੰ ਸਪੱਸ਼ਟ ਕੀਤਾ ਕਿ ਤਾਈਵਾਨ ਦਾ ਮੁੱਦਾ ਚੀਨ ਲਈ ਕੋਈ ਗੱਲਬਾਤ ਦਾ ਵਿਸ਼ਾ ਨਹੀਂ, ਸਗੋਂ ਇਹ ਉਨ੍ਹਾਂ ਦੀ 'ਰੈੱਡ ਲਾਈਨ' (Red Line) ਹੈ। ਦੋ ਘੰਟੇ ਚੱਲੀ ਇਸ ਬੰਦ ਕਮਰਾ ਮੀਟਿੰਗ ਵਿੱਚ ਸ਼ੀ ਨੇ ਸਿੱਧੇ ਤੌਰ 'ਤੇ ਕਿਹਾ:

'ਜੇਕਰ ਤਾਈਵਾਨ ਦੇ ਮੁੱਦੇ ਨੂੰ ਗਲਤ ਢੰਗ ਨਾਲ ਸੰਭਾਲਿਆ ਗਿਆ, ਤਾਂ ਇਹ ਦੋਵਾਂ ਦੇਸ਼ਾਂ ਵਿਚਕਾਰ ਸਿੱਧੇ ਟਕਰਾਅ ਅਤੇ ਵੱਡੇ ਸੰਘਰਸ਼ ਦਾ ਕਾਰਨ ਬਣ ਸਕਦਾ ਹੈ।'

ਇਹ ਬਿਆਨ ਉਸ ਤਣਾਅ ਨੂੰ ਦਰਸਾਉਂਦਾ ਹੈ ਜੋ ਹਾਲ ਹੀ ਦੇ ਸਮੇਂ ਵਿੱਚ ਇਸ ਖੇਤਰ ਵਿੱਚ ਵਧਿਆ ਹੈ।

ਵੱਖੋ-ਵੱਖਰੇ ਸੁਰ ਅਤੇ ਰਣਨੀਤੀਆਂ

ਦੋਵਾਂ ਨੇਤਾਵਾਂ ਦਾ ਰਵੱਈਆ ਮੀਟਿੰਗ ਦੌਰਾਨ ਬਿਲਕੁਲ ਵੱਖਰਾ ਨਜ਼ਰ ਆਇਆ:

**ਰਾਸ਼ਟਰਪਤੀ ਟਰੰਪ:** ਟਰੰਪ ਨੇ ਸ਼ੀ ਜਿਨਪਿੰਗ ਨੂੰ 'ਮਹਾਨ ਨੇਤਾ' ਅਤੇ ਆਪਣਾ 'ਦੋਸਤ' ਸੰਬੋਧਿਤ ਕਰਦਿਆਂ ਇੱਕ ਸਕਾਰਾਤਮਕ ਅਤੇ ਵਪਾਰ-ਕੇਂਦਰਿਤ ਪਹੁੰਚ ਅਪਣਾਈ। ਉਨ੍ਹਾਂ ਦਾ ਮੰਨਣਾ ਹੈ ਕਿ ਨਿੱਜੀ ਸਬੰਧਾਂ ਰਾਹੀਂ ਗਲੋਬਲ ਮੁੱਦਿਆਂ ਨੂੰ ਹੱਲ ਕੀਤਾ ਜਾ ਸਕਦਾ ਹੈ।

**ਰਾਸ਼ਟਰਪਤੀ ਸ਼ੀ ਜਿਨਪਿੰਗ:** ਸ਼ੀ ਦਾ ਰਵੱਈਆ ਵਧੇਰੇ ਸਖ਼ਤ ਅਤੇ ਰਣਨੀਤਕ ਸੀ। ਉਨ੍ਹਾਂ ਨੇ ਅਮਰੀਕਾ ਨੂੰ ਤਾਈਵਾਨ ਦੇ ਮਾਮਲਿਆਂ ਵਿੱਚ ਦਖਲਅੰਦਾਜ਼ੀ ਨਾ ਕਰਨ ਦੀ ਚਿਤਾਵਨੀ ਦਿੰਦਿਆਂ ਚੀਨੀ ਹਿੱਤਾਂ ਨੂੰ ਸਭ ਤੋਂ ਉੱਪਰ ਰੱਖਣ ਦੀ ਗੱਲ ਦੁਹਰਾਈ।

ਵਿਸ਼ਵ ਪ੍ਰਸੰਗ: ਜਟਿਲ ਚੁਣੌਤੀਆਂ

ਇਹ ਸਿਖਰ ਸੰਮੇਲਨ ਅਜਿਹੇ ਸਮੇਂ ਹੋਇਆ ਹੈ ਜਦੋਂ ਦੁਨੀਆ ਕਈ ਮੋਰਚਿਆਂ 'ਤੇ ਅਸਥਿਰਤਾ ਦਾ ਸਾਹਮਣਾ ਕਰ ਰਹੀ ਹੈ:

1. ਇਰਾਨ ਦੀ ਜੰਗ: ਮੱਧ ਪੂਰਬ ਵਿੱਚ ਵਧ ਰਹੀ ਜੰਗ ਅਤੇ ਇਸ ਦੇ ਵਿਸ਼ਵ ਸ਼ਾਂਤੀ 'ਤੇ ਪ੍ਰਭਾਵ।
2. ਵਪਾਰਕ ਵਿਵਾਦ: ਅਮਰੀਕਾ ਅਤੇ ਚੀਨ ਵਿਚਾਲੇ ਲੰਬੇ ਸਮੇਂ ਤੋਂ ਚੱਲ ਰਹੇ ਟੈਰਿਫ ਅਤੇ ਆਰਥਿਕ ਮੁਕਾਬਲੇਬਾਜ਼ੀ।
3. ਗਲੋਬਲ ਆਰਥਿਕਤਾ: ਮਹਿੰਗਾਈ ਅਤੇ ਆਰਥਿਕ ਮੰਦੀ ਦੇ ਡਰ ਵਿਚਾਲੇ ਦੋਵਾਂ ਵੱਡੀਆਂ ਸ਼ਕਤੀਆਂ ਦਾ ਤਾਲਮੇਲ।

ਭਵਿੱਖ ਦੇ ਪ੍ਰਭਾਵ

ਬੀਜਿੰਗ ਵਿੱਚ ਹੋਈ ਇਹ ਗੱਲਬਾਤ ਭਾਵੇਂ ਹੀ ਕੂਟਨੀਤਕ ਦੋਸਤੀ ਦੇ ਪ੍ਰਦਰਸ਼ਨ ਨਾਲ ਸ਼ੁਰੂ ਹੋਈ ਸੀ, ਪਰ ਸ਼ੀ ਦੀ ਚਿਤਾਵਨੀ ਨੇ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਆਉਣ ਵਾਲੇ ਸਮੇਂ ਵਿੱਚ ਅਮਰੀਕਾ-ਚੀਨ ਸਬੰਧਾਂ ਵਿੱਚ ਤਾਈਵਾਨ ਦਾ ਮੁੱਦਾ ਹੀ ਸਭ ਤੋਂ ਵੱਡੀ ਚੁਣੌਤੀ ਬਣਿਆ ਰਹੇਗਾ। ਹੁਣ ਦੁਨੀਆ ਦੀਆਂ ਨਜ਼ਰਾਂ ਇਸ ਗੱਲ 'ਤੇ ਟਿਕੀਆਂ ਹੋਈਆਂ ਹਨ ਕਿ ਕੀ ਵ੍ਹਾਈਟ ਹਾਊਸ ਚੀਨ ਦੀ ਇਸ ਚਿਤਾਵਨੀ ਤੋਂ ਬਾਅਦ ਆਪਣੀ ਤਾਈਵਾਨ ਨੀਤੀ ਵਿੱਚ ਕੋਈ ਬਦਲਾਅ ਕਰੇਗਾ ਜਾਂ ਨਹੀਂ।

ਤਾਈਵਾਨ: ਸਭ ਤੋਂ ਵੱਡੀ 'ਰੈੱਡ ਲਾਈਨ'

ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਸਪੱਸ਼ਟ ਕੀਤਾ ਕਿ ਤਾਈਵਾਨ ਦਾ ਮੁੱਦਾ ਚੀਨ ਲਈ ਕਿਸੇ ਵੀ ਸਮਝੌਤੇ ਤੋਂ ਪਰੇ ਹੈ।

ਚਿਤਾਵਨੀ ਦਾ ਮਤਲਬ: ਚੀਨੀ ਅਧਿਕਾਰਤ ਸਮਾਚਾਰ ਏਜੰਸੀ 'ਸ਼ਿਨਹੂਆ' ਮੁਤਾਬਕ, ਸ਼ੀ ਨੇ ਕਿਹਾ ਕਿ ਜੇਕਰ ਤਾਈਵਾਨ ਨੂੰ ਸਹੀ ਢੰਗ ਨਾਲ ਨਹੀਂ ਸੰਭਾਲਿਆ ਗਿਆ, ਤਾਂ ਇਹ ਦੋਵਾਂ ਦੇਸ਼ਾਂ ਵਿਚਕਾਰ 'ਟਕਰਾਅ ਅਤੇ ਸੰਘਰਸ਼' (clashes and even conflicts) ਦਾ ਕਾਰਨ ਬਣ ਸਕਦਾ ਹੈ।

ਅਮਰੀਕੀ ਰਣਨੀਤੀ: ਟਰੰਪ ਪ੍ਰਸ਼ਾਸਨ ਇਸ ਸਮੇਂ ਤਾਈਵਾਨ ਨੂੰ ਹਥਿਆਰਾਂ ਦੀ ਸਪਲਾਈ (ਜਿਵੇਂ ਕਿ ਦਸੰਬਰ ਵਿੱਚ ਅਧਿਕਾਰਤ 11 ਬਿਲੀਅਨ ਡਾਲਰ ਦਾ ਪੈਕੇਜ) ਨੂੰ ਲੈ ਕੇ ਦਬਾਅ ਵਿੱਚ ਹੈ, ਪਰ ਉਹ ਇਸ ਮਾਮਲੇ ਨੂੰ 'ਸਥਿਰਤਾ' (stability) ਬਣਾਈ ਰੱਖਣ ਦੇ ਨਜ਼ਰੀਏ ਤੋਂ ਦੇਖ ਰਹੇ ਹਨ।

2. ਆਰਥਿਕ ਅਤੇ ਕੂਟਨੀਤਕ ਪ੍ਰਭਾਵ

ਇਸ ਸੰਮੇਲਨ ਵਿੱਚ ਸਿਰਫ਼ ਤਾਈਵਾਨ ਹੀ ਨਹੀਂ, ਸਗੋਂ ਕਈ ਹੋਰ ਅਹਿਮ ਮੁੱਦੇ ਵੀ ਸ਼ਾਮਲ ਸਨ:

ਵਪਾਰਕ ਸਬੰਧ: ਸ਼ੀ ਜਿਨਪਿੰਗ ਨੇ ਅਮਰੀਕੀ ਕਾਰੋਬਾਰੀ ਨੇਤਾਵਾਂ ਨੂੰ ਭਰੋਸਾ ਦਿਵਾਇਆ ਕਿ ਚੀਨ ਆਪਣੇ ਦਰਵਾਜ਼ੇ ਅਮਰੀਕੀ ਕਾਰੋਬਾਰਾਂ ਲਈ ਹੋਰ ਖੋਲ੍ਹੇਗਾ।

ਇਰਾਨ ਦਾ ਮੁੱਦਾ: ਅਮਰੀਕਾ ਚਾਹੁੰਦਾ ਹੈ ਕਿ ਚੀਨ ਇਰਾਨ ਨੂੰ ਮੱਧ ਪੂਰਬ ਦੇ ਸੰਘਰਸ਼ ਨੂੰ ਖਤਮ ਕਰਨ ਲਈ ਮਜਬੂਰ ਕਰੇ, ਪਰ ਮਾਹਰਾਂ ਦਾ ਮੰਨਣਾ ਹੈ ਕਿ ਚੀਨ ਇਰਾਨ ਨੂੰ ਇੱਕ ਰਣਨੀਤਕ ਸਾਥੀ ਮੰਨਦਾ ਹੈ, ਇਸ ਲਈ ਉਹ ਇੱਥੇ ਕੋਈ ਵੱਡਾ ਬਦਲਾਅ ਨਹੀਂ ਕਰੇਗਾ।

3. ਭਵਿੱਖ ਦੀ ਦਿਸ਼ਾ: 'ਰਚਨਾਤਮਕ ਅਤੇ ਰਣਨੀਤਕ'

ਸ਼ੀ ਅਤੇ ਟਰੰਪ ਦੋਵਾਂ ਨੇ ਸਹਿਮਤੀ ਜਤਾਈ ਹੈ ਕਿ ਅਮਰੀਕਾ-ਚੀਨ ਸਬੰਧਾਂ ਨੂੰ ਅਗਲੇ ਤਿੰਨ ਸਾਲਾਂ ਲਈ 'ਰਚਨਾਤਮਕ, ਰਣਨੀਤਕ ਅਤੇ ਸਥਿਰ' (constructive, strategic and stable) ਬਣਾਇਆ ਜਾਵੇਗਾ।

ਸੰਖੇਪ ਵਿੱਚ:

ਇਹ ਸਿਖਰ ਸੰਮੇਲਨ ਇਹ ਦਰਸਾਉਂਦਾ ਹੈ ਕਿ ਅਮਰੀਕਾ ਅਤੇ ਚੀਨ ਵਿਚਾਲੇ 'ਮੁਕਾਬਲੇਬਾਜ਼ੀ' (competition) ਦੇ ਨਾਲ-ਨਾਲ 'ਸਹਿਯੋਗ' (cooperation) ਦੀ ਕੋਸ਼ਿਸ਼ ਵੀ ਜਾਰੀ ਹੈ। ਹਾਲਾਂਕਿ, ਤਾਈਵਾਨ ਦਾ ਮੁੱਦਾ ਇੱਕ ਅਜਿਹਾ 'ਅੱਗ ਦਾ ਗੋਲਾ' ਹੈ, ਜਿਸ 'ਤੇ ਕਿਸੇ ਵੀ ਗਲਤ ਕਦਮ ਦਾ ਅਸਰ ਪੂਰੀ ਦੁਨੀਆ ਦੀ ਅਰਥਵਿਵਸਥਾ ਅਤੇ ਸ਼ਾਂਤੀ 'ਤੇ ਪਵੇਗਾ।

ਅਮਰੀਕਾ ਦੀ 'ਵਨ ਚਾਈਨਾ ਪਾਲਿਸੀ' (U.S. One China Policy)

ਅਮਰੀਕਾ ਦੀ ਨੀਤੀ ਵਿੱਚ 'ਰਣਨੀਤਕ ਅਸਪਸ਼ਟਤਾ' (Strategic Ambiguity) ਹੈ। ਇਸ ਵਿੱਚ ਤਿੰਨ ਮੁੱਖ ਨੁਕਤੇ ਸ਼ਾਮਲ ਹਨ:

ਮਾਨਤਾ: ਅਮਰੀਕਾ ਚੀਨ ਦੀ ਸਰਕਾਰ (PRC) ਨੂੰ ਚੀਨ ਦੀ ਇਕਲੌਤੀ ਕਾਨੂੰਨੀ ਸਰਕਾਰ ਵਜੋਂ ਮਾਨਤਾ ਦਿੰਦਾ ਹੈ।

ਸਵੀਕਾਰ ਕਰਨਾ (Acknowledge): ਅਮਰੀਕਾ ਚੀਨ ਦੇ ਇਸ ਦਾਅਵੇ ਨੂੰ ਸਿਰਫ 'ਸਵੀਕਾਰ' (acknowledge) ਕਰਦਾ ਹੈ ਕਿ ਤਾਈਵਾਨ ਚੀਨ ਦਾ ਹਿੱਸਾ ਹੈ, ਪਰ ਅਮਰੀਕਾ ਖੁਦ ਇਸ ਦਾਅਵੇ ਨੂੰ ਮਾਨਤਾ ਨਹੀਂ ਦਿੰਦਾ।

ਸਥਿਤੀ: ਅਮਰੀਕਾ ਦਾ ਮੰਨਣਾ ਹੈ ਕਿ ਤਾਈਵਾਨ ਦੀ ਸਥਿਤੀ ਅਜੇ 'ਤੈਅ ਨਹੀਂ' (undetermined) ਹੈ ਅਤੇ ਇਸ ਮੁੱਦੇ ਦਾ ਹੱਲ ਦੋਵਾਂ ਧਿਰਾਂ ਵਿਚਕਾਰ ਸ਼ਾਂਤੀਪੂਰਵਕ ਗੱਲਬਾਤ ਰਾਹੀਂ ਹੋਣਾ ਚਾਹੀਦਾ ਹੈ।

2. ਚੀਨ ਦਾ 'ਵਨ ਚਾਈਨਾ ਸਿਧਾਂਤ' (PRC One China Principle)

ਚੀਨ ਦਾ ਸਿਧਾਂਤ ਬਹੁਤ ਸਖ਼ਤ ਅਤੇ ਸਪੱਸ਼ਟ ਹੈ:

ਅਟੁੱਟ ਹਿੱਸਾ: ਚੀਨ ਦਾ ਕਹਿਣਾ ਹੈ ਕਿ ਦੁਨੀਆ ਵਿੱਚ ਸਿਰਫ਼ ਇੱਕ ਹੀ ਚੀਨ ਹੈ ਅਤੇ ਤਾਈਵਾਨ ਇਸ ਦਾ ਅਟੁੱਟ ਹਿੱਸਾ ਹੈ।

ਕਾਨੂੰਨੀ ਦਾਅਵਾ: ਚੀਨ ਅਨੁਸਾਰ, PRC ਸਰਕਾਰ ਹੀ ਪੂਰੇ ਚੀਨ ਦੀ ਇਕਲੌਤੀ ਕਾਨੂੰਨੀ ਸਰਕਾਰ ਹੈ।

ਰੈੱਡ ਲਾਈਨ: ਚੀਨ ਕਿਸੇ ਵੀ ਦੇਸ਼ ਵੱਲੋਂ ਤਾਈਵਾਨ ਨਾਲ ਅਧਿਕਾਰਤ ਸਬੰਧ ਬਣਾਉਣ ਜਾਂ ਇਸ ਨੂੰ ਆਜ਼ਾਦ ਦੇਸ਼ ਵਜੋਂ ਮਾਨਤਾ ਦੇਣ ਨੂੰ ਆਪਣੀ ਪ੍ਰਭੂਸੱਤਾ 'ਤੇ ਹਮਲਾ ਮੰਨਦਾ ਹੈ।

ਇਹ ਨੀਤੀ ਅਮਰੀਕਾ ਨੂੰ ਇੱਕ ਪਾਸੇ ਚੀਨ ਨਾਲ ਕੂਟਨੀਤਕ ਸਬੰਧ ਬਣਾਈ ਰੱਖਣ ਅਤੇ ਦੂਜੇ ਪਾਸੇ ਤਾਈਵਾਨ ਦੀ ਰੱਖਿਆ ਲਈ ਹਥਿਆਰ ਮੁਹੱਈਆ ਕਰਵਾਉਣ (ਜਿਵੇਂ ਕਿ Taiwan Relations Act ਅਧੀਨ) ਦੀ ਇਜਾਜ਼ਤ ਦਿੰਦੀ ਹੈ। ਚੀਨ ਅਤੇ ਅਮਰੀਕਾ ਵਿਚਾਲੇ ਤਣਾਅ ਦਾ ਮੁੱਖ ਕਾਰਨ ਇਹੀ ਹੈ ਕਿ ਚੀਨ ਅਮਰੀਕਾ ਦੀ ਇਸ 'ਰਣਨੀਤਕ ਅਸਪਸ਼ਟਤਾ' ਨੂੰ ਖ਼ਤਮ ਕਰਕੇ ਆਪਣੀ ਨੀਤੀ ਮੰਨਵਾਉਣਾ ਚਾਹੁੰਦਾ ਹੈ।


(@WhiteHouse X/ANI Photo)

ਦੋਵਾਂ ਵਿਚਕਾਰ ਮੁੱਖ ਅੰਤਰ:

| ਵਿਸ਼ੇਸ਼ਤਾ | ਅਮਰੀਕੀ ਨੀਤੀ | ਚੀਨੀ ਸਿਧਾਂਤ |
|---|---|---|
| ਸਥਿਤੀ | ਤਾਈਵਾਨ ਦੀ ਸਥਿਤੀ ਅਜੇ ਤੈਅ ਨਹੀਂ ਹੈ। | ਤਾਈਵਾਨ ਚੀਨ ਦਾ ਹਿੱਸਾ ਹੈ। |
| ਸਬੰਧ | ਤਾਈਵਾਨ ਨਾਲ ਗੈਰ-ਸਰਕਾਰੀ ਸਬੰਧ। | ਤਾਈਵਾਨ ਨਾਲ ਕਿਸੇ ਵੀ ਦੇਸ਼ ਦੇ ਸਬੰਧ ਗੈਰ-ਕਾਨੂੰਨੀ ਹਨ। |
| ਉਦੇਸ਼ | ਸ਼ਾਂਤੀ ਬਣਾਈ ਰੱਖਣਾ (Status Quo)। | ਤਾਈਵਾਨ ਦਾ ਚੀਨ ਵਿੱਚ ਰਲੇਵਾਂ (Unification)। |



# ਦਲਜੀਤ ਦੋਸਾਂਝ 'ਤੇ ਹਮਲਾ ਬੀਜੇਪੀ ਨੇ ਕਰਵਾਇਆ

## ਪੰਜਾਬ ਦੇ ਮੁੱਖ ਮੰਤਰੀ ਸ. ਮਾਨ ਵਲੋਂ ਭਾਜਪਾ 'ਤੇ ਗੰਭੀਰ ਦੋਸ਼




ਚੰਡੀਗੜ੍ਹ : ਦਿੱਲੀ ਪਹੁੰਚੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਮਸ਼ਹੂਰ ਪੰਜਾਬੀ ਗਾਇਕ ਅਤੇ ਅਦਾਕਾਰ ਦਿਲਜੀਤ ਦੋਸਾਂਝ ਨੂੰ ਲੈ ਕੇ ਵੱਡਾ ਬਿਆਨ ਦਿੱਤਾ ਹੈ। ਮੁੱਖ ਮੰਤਰੀ ਮਾਨ ਨੇ ਭਾਜਪਾ 'ਤੇ ਦੋਸ਼ ਲਾਇਆ ਕਿ ਦਿਲਜੀਤ ਦੁਸਾਂਝ 'ਤੇ ਰਾਜਨੀਤੀ 'ਚ ਆਉਣ ਲਈ ਦਬਾਅ ਬਣਾਇਆ ਜਾ ਰਿਹਾ ਹੈ ਅਤੇ ਉਨ੍ਹਾਂ ਨੂੰ ਡਰਾਉਣ ਦੀ ਕੋਸ਼ਿਸ਼ ਵੀ ਕੀਤੀ ਜਾ ਰਹੀ ਹੈ।

ਮੁੱਖ ਮੰਤਰੀ ਮਾਨ ਨੇ ਕਿਹਾ ਕਿ ਪਿਛਲੇ ਕੁਝ ਦਿਨਾਂ ਤੋਂ ਇਹ ਚਰਚਾ ਚੱਲ ਰਹੀ ਸੀ ਕਿ ਦਿਲਜੀਤ ਨੂੰ ਰਾਜਨੀਤੀ 'ਚ ਲਿਆਉਣ ਲਈ ਦਬਾਅ ਬਣਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਦਿਲਜੀਤ ਨੇ ਖੁਦ ਸੋਸ਼ਲ ਮੀਡੀਆ 'ਤੇ ਸਾਫ਼ ਕਰ ਦਿੱਤਾ ਹੈ ਕਿ ਉਹ ਇਕ ਕਲਾਕਾਰ ਹਨ ਅਤੇ ਆਪਣੇ ਕੰਮ ਦਾ ਆਨੰਦ ਲੈ ਰਹੇ ਹਨ। ਉਨ੍ਹਾਂ ਦਾ ਕੰਮ ਲੋਕਾਂ ਦਾ ਮਨੋਰੰਜਨ ਕਰਨਾ ਹੈ, ਰਾਜਨੀਤੀ ਕਰਨਾ ਨਹੀਂ।

ਮੁੱਖ ਮੰਤਰੀ ਨੇ ਕਿਹਾ ਕਿ ਭਾਜਪਾ ਵੱਲੋਂ ਦਿਲਜੀਤ ਨੂੰ ਰਾਜਨੀਤੀ 'ਚ ਆਉਣ ਲਈ ਮਜਬੂਰ ਕੀਤਾ ਜਾ ਰਿਹਾ ਹੈ। ਜਦੋਂ ਤੋਂ ਤਾਮਿਲਨਾਡੂ 'ਚ ਅਦਾਕਾਰ ਵਿਜੇ ਦੀ ਜਿੱਤ ਹੋਈ ਹੈ, ਇਨ੍ਹਾਂ ਨੂੰ ਲੱਗਣ ਲੱਗ ਪਿਆ ਹੈ ਕਿ ਲੋਕਾਂ ਨੇ ਸਿਆਸਤਦਾਨਾਂ ਨੂੰ ਮੂੰਹ ਲਾਉਣਾ ਛੱਡ ਦਿੱਤਾ ਹੈ, ਇਸ ਲਈ ਸਿਰਫ਼ ਮਸ਼ਹੂਰ ਸ਼ਖ਼ਸੀਅਤਾਂ ਨੂੰ ਹੀ ਅੱਗੇ ਲੈ ਕੇ ਆਉਂਦੇ ਹਨ।

ਕਲਾਕਾਰ ਦਾ ਕੰਮ ਮਨੋਰੰਜਨ ਕਰਨਾ

ਦਿਲਜੀਤ ਦੁਸਾਂਝ ਨੇ ਇੰਟਰਨੈੱਟ ਮੀਡੀਆ 'ਤੇ ਕਿਹਾ ਹੈ ਕਿ ਉਹ ਇੱਕ ਆਰਟਿਸਟ ਹਨ ਅਤੇ ਆਪਣਾ ਕੰਮ ਇੰਜੁਆਏ ਕਰ ਰਹੇ ਹਨ। ਉਨ੍ਹਾਂ ਦਾ ਕੰਮ ਮਨੋਰੰਜਨ ਕਰਨਾ ਹੈ। ਫਿਰ ਜੋ ਦੂਜਾ ਤਰੀਕਾ ਵਰਤਿਆ ਜਾਂਦਾ ਹੈ ਕਿ ਉਨ੍ਹਾਂ ਦੇ ਮੈਨੇਜਰ 'ਤੇ ਗੋਲੀ ਚਲਾ ਦਿੱਤੀ ਜਾਂ ਕਿਸੇ ਹੋਰ ਨੇ ਜ਼ਿੰਮੇਵਾਰੀ ਲੈ ਲਈ; ਇਹ ਡਰਾਉਣ ਦੀ ਰਾਜਨੀਤੀ ਨਹੀਂ ਕਰਨੀ ਚਾਹੀਦੀ। ਇੱਕ ਕਲਾਕਾਰ ਨੂੰ ਕਲਾਕਾਰ ਵਜੋਂ ਮਨੋਰੰਜਨ ਦਾ ਕੰਮ ਕਰਨਾ ਚਾਹੀਦਾ ਹੈ, ਨਾ ਕਿ ਉਹ ਕਿਸੇ ਲਈ ਮੋਹਰਾ ਬਣਨ ਜਾਂ ਕੋਈ ਉਨ੍ਹਾਂ ਦੇ ਮੋਢਿਆਂ 'ਤੇ ਬੰਦੂਕ ਰੱਖ ਕੇ ਚਲਾਵੇ। ਇਥੇ ਇਹ ਜਿਕਰਯੋਗ ਹੈ ਕੀ ਪਿਛਲੇ ਪੰਜਾਬ ਦੇ ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਵਲੋਂ ਪੰਜਾਬ ਵਿੱਚ ਹੋ ਰਰਹੇ ਬੰਬ ਧਮਾਕਿਆ ਪਿਛੇ ਵੀ ਭਾਜਪਾ ਦਾ ਹੱਥ ਦਸਿਆ ਸੀ ਅਤੇ ਉਹਨਾ ਕਿਹਾ ਕੀ ਜਿਥੇ ਵੀ ਚੋਣਾਂ ਹੂੰਦੀਆਂ ਭਾਜਪਾ ਇਸੇ ਤਰਾਂ ਦੰਗੇ ਕਰਾਕੇ ਨਫਰਤ ਫੈਲਾ ਚੋਣਾਂ ਜਿਤਦੀ ਹੈ ਪਰ ਇਹ ਕੰਮ ਅਸੀ ਇਹਨਾ ਦਾ ਪੰਜਾਬ 'ਚ ਨਹੀ ਹੋਣ ਦੇਣਾ।

# ਸ੍ਰੀ ਅਨੰਦਪੁਰ ਸਾਹਿਬ ਦੇ ਸੰਸਦ ਮੈਂਬਰ ਮਲਵਿੰਦਰ ਸਿੰਘ ਕੰਗ ਨੇ ਭਾਈ ਜਗਤਾਰ ਸਿੰਘ ਹਵਾਰਾ ਜੀ ਦੇ ਗ੍ਰਹਿ ਵਿਖੇ ਪਹੁੰਚ ਕੇ ਮਾਤਾ ਜੀ ਦਾ ਹਾਲ-ਚਾਲ ਜਾਣਿਆ

ਸ੍ਰੀ ਅਨੰਦਪੁਰ ਸਾਹਿਬ: ਸ੍ਰੀ ਅਨੰਦਪੁਰ ਸਾਹਿਬ ਤੋਂ ਸੰਸਦ ਮੈਂਬਰ ਸਰਦਾਰ ਮਲਵਿੰਦਰ ਸਿੰਘ ਕੰਗ ਨੇ ਮਾਨਵਤਾਵਾਦੀ ਪਹੁੰਚ ਅਪਣਾਉਂਦਿਆਂ ਸਿੱਖ ਪੰਥ ਦੇ ਜਿਊਂਦੇ ਸ਼ਹੀਦ ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਜੀ ਦੇ ਜੱਦੀ ਗ੍ਰਹਿ ਵਿਖੇ ਵਿਸ਼ੇਸ਼ ਮੁਲਾਕਾਤ ਕੀਤੀ। ਇਸ ਦੌਰਾਨ ਉਹਨਾਂ ਨੇ ਭਾਈ ਹਵਾਰਾ ਜੀ ਦੇ ਮਾਤਾ ਜੀ ਨਾਲ ਮੁਲਾਕਾਤ ਕੀਤੀ ਅਤੇ ਉਹਨਾਂ ਦੀ ਸਿਹਤਯਾਬੀ ਬਾਰੇ ਵਿਸਤ੍ਰਿਤ ਜਾਣਕਾਰੀ ਲਈ।

ਮਨੁੱਖੀ ਸੰਵੇਦਨਾ ਪ੍ਰਗਟਾਈ ਇਸ ਮੁਲਾਕਾਤ ਦੌਰਾਨ ਸੰਸਦ ਮੈਂਬਰ ਮਲਵਿੰਦਰ ਸਿੰਘ ਕੰਗ ਨੇ ਪਰਿਵਾਰ ਨਾਲ ਹਮਦਰਦੀ ਪ੍ਰਗਟਾਉਂਦਿਆਂ ਮਾਤਾ ਜੀ ਦੀ ਸਿਹਤ ਨੂੰ ਲੈ ਕੇ ਚਿੰਤਾ ਜਤਾਈ। ਉਹਨਾਂ ਨੇ ਮਾਤਾ ਜੀ ਦਾ ਹਾਲ-ਚਾਲ ਪੁੱਛਿਆ ਅਤੇ ਉਹਨਾਂ ਦੇ ਜਲਦੀ ਸਿਹਤਯਾਬ ਹੋਣ ਦੀ ਕਾਮਨਾ ਕੀਤੀ। ਇਸ



ਮੌਕੇ ਸਥਾਨਕ ਲੋਕਾਂ ਅਤੇ ਪਰਿਵਾਰਕ ਮੈਂਬਰਾਂ ਨਾਲ ਗੱਲਬਾਤ ਕਰਦਿਆਂ ਕੰਗ ਨੇ ਭਰੋਸਾ ਦਿਵਾਇਆ ਕਿ ਉਹ ਹਰ ਸੰਭਵ ਸਹਿਯੋਗ ਲਈ ਵਚਨਬੱਧ ਹਨ।

ਪੰਥਕ ਹਲਕਿਆਂ ਵਿੱਚ ਚਰਚਾ ਜਿਕਰਯੋਗ ਹੈ ਕਿ ਭਾਈ ਜਗਤਾਰ ਸਿੰਘ ਹਵਾਰਾ ਜੀ ਦੀ ਰਿਹਾਈ ਅਤੇ ਉਹਨਾਂ ਦੇ ਪਰਿਵਾਰਕ ਮੈਂਬਰਾਂ ਨਾਲ ਮੁਲਾਕਾਤ ਦਾ ਮੁੱਦਾ ਪਿਛਲੇ ਲੰਬੇ ਸਮੇਂ ਤੋਂ ਪੰਥਕ ਹਲਕਿਆਂ ਵਿੱਚ ਚਰਚਾ ਦਾ ਵਿਸ਼ਾ ਰਿਹਾ ਹੈ। ਹਾਲ ਹੀ ਵਿੱਚ, ਪੰਜਾਬ ਵਿੱਚ ਵੱਖ-ਵੱਖ ਪੰਥਕ ਜਥੇਬੰਦੀਆਂ ਵੱਲੋਂ ਮਾਤਾ ਜੀ ਦੀ ਬਿਮਾਰੀ ਅਤੇ ਉਹਨਾਂ ਦੀ ਆਪਣੇ ਪੁੱਤਰ ਨੂੰ ਮਿਲਣ ਦੀ ਇੱਛਾ ਦੇ ਮੱਦੇਨਜ਼ਰ ਭਾਈ ਹਵਾਰਾ ਜੀ ਦੀ ਪੈਰੋਲ ਜਾਂ ਮੁਲਾਕਾਤ ਦੀ ਮੰਗ ਵੀ ਜ਼ੋਰ-ਸ਼ੋਰ ਨਾਲ ਉਠਾਈ ਗਈ ਸੀ।

ਸੰਸਦ ਮੈਂਬਰ ਵੱਲੋਂ ਕੀਤੀ ਗਈ ਇਸ ਮੁਲਾਕਾਤ ਨੂੰ ਇੱਕ ਸਕਾਰਾਤਮਕ ਕਦਮ ਵਜੋਂ ਦੇਖਿਆ ਜਾ ਰਿਹਾ ਹੈ, ਜਿਸ ਨਾਲ ਪਰਿਵਾਰ ਨੂੰ ਨੈਤਿਕ ਬਲ ਮਿਲਿਆ ਹੈ। ਇਸ ਮੌਕੇ ਇਲਾਕੇ ਦੇ ਹੋਰ ਪਤਵੰਤੇ ਸੱਜਣ ਵੀ ਮੌਜੂਦ ਸਨ।

# ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਨੇ 307 ਨਵੇਂ ਮੈਡੀਕਲ ਅਫਸਰਾਂ ਨੂੰ ਸੌਂਪੇ ਨਿਯੁਕਤੀ ਪੱਤਰ



ਦੇਹਰਾਦੂਨ : ਉੱਤਰਾਖੰਡ ਦੇ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਨੇ ਅੱਜ ਦੇਹਰਾਦੂਨ ਵਿਖੇ ਇੱਕ ਵਿਸ਼ੇਸ਼ ਸਮਾਗਮ ਦੌਰਾਨ ਸੂਬੇ ਦੇ ਸਿਹਤ ਵਿਭਾਗ ਵਿੱਚ ਚੁਣੇ ਗਏ 307 ਨਵੇਂ ਮੈਡੀਕਲ ਅਫਸਰਾਂ ਨੂੰ ਨਿਯੁਕਤੀ ਪੱਤਰ ਵੰਡੇ। ਇਸ ਮੌਕੇ 'ਤੇ ਮੁੱਖ ਮੰਤਰੀ ਨੇ ਨਵ-ਨਿਯੁਕਤ ਡਾਕਟਰਾਂ ਨੂੰ ਵਧਾਈ ਦਿੱਤੀ ਅਤੇ ਰਾਜ ਦੀ ਸਿਹਤ ਸੇਵਾਵਾਂ ਨੂੰ ਹੋਰ ਮਜ਼ਬੂਤ ਕਰਨ ਲਈ ਉਨ੍ਹਾਂ ਨੂੰ ਪੂਰੀ ਇਮਾਨਦਾਰੀ ਨਾਲ ਕੰਮ ਕਰਨ ਦਾ ਸੱਦਾ ਦਿੱਤਾ।

ਸਿਹਤ ਸੇਵਾਵਾਂ ਵਿੱਚ ਸੁਧਾਰ ਲਈ ਵਚਨਬੱਧਤਾ ਇਸ ਸਮਾਗਮ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਧਾਮੀ ਨੇ ਕਿਹਾ ਕਿ ਸੂਬਾ ਸਰਕਾਰ ਪਹਾੜੀ ਅਤੇ ਦੂਰ-ਦਰਾਡੇ ਦੇ ਖੇਤਰਾਂ ਵਿੱਚ ਬਿਹਤਰ ਸਿਹਤ ਸਹੂਲਤਾਂ ਪਹੁੰਚਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। 307 ਮੈਡੀਕਲ ਅਫਸਰਾਂ ਦੀ ਨਿਯੁਕਤੀ ਨਾਲ ਸਰਕਾਰੀ ਹਸਪਤਾਲਾਂ ਵਿੱਚ ਡਾਕਟਰਾਂ ਦੀ ਕਮੀ ਨੂੰ ਪੂਰਾ ਕਰਨ ਵਿੱਚ ਵੱਡੀ ਮਦਦ ਮਿਲੇਗੀ, ਜਿਸ ਨਾਲ ਆਮ ਲੋਕਾਂ ਨੂੰ ਆਪਣੇ ਨਜ਼ਦੀਕੀ ਇਲਾਕਿਆਂ ਵਿੱਚ ਹੀ ਵਧੀਆ ਇਲਾਜ ਮਿਲ ਸਕੇਗਾ।

ਨੌਜਵਾਨ ਡਾਕਟਰਾਂ ਨੂੰ ਦਿੱਤਾ ਸੁਨੇਹਾ ਮੁੱਖ ਮੰਤਰੀ ਨੇ ਨਵ-ਨਿਯੁਕਤ ਡਾਕਟਰਾਂ ਨੂੰ ਅਪੀਲ ਕੀਤੀ ਕਿ ਉਹ ਸੇਵਾ ਭਾਵਨਾ ਨਾਲ ਆਪਣੀ ਡਿਊਟੀ ਨਿਭਾਉਣ। ਉਨ੍ਹਾਂ ਕਿਹਾ ਕਿ ਡਾਕਟਰੀ ਦਾ ਪੇਸ਼ਾ ਇੱਕ ਪਵਿੱਤਰ ਕਿੱਤਾ ਹੈ ਅਤੇ ਰਾਜ ਸਰਕਾਰ ਸਿਹਤ ਖੇਤਰ ਨੂੰ ਆਧੁਨਿਕ ਬਣਾਉਣ ਅਤੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਲਗਾਤਾਰ ਕੰਮ ਕਰ ਰਹੀ ਹੈ।

ਇਸ ਸਮਾਰੋਹ ਵਿੱਚ ਸਿਹਤ ਵਿਭਾਗ ਦੇ ਸੀਨੀਅਰ ਅਧਿਕਾਰੀ ਅਤੇ ਹੋਰ ਪਤਵੰਤੇ ਸੱਜਣ ਵੀ ਮੌਜੂਦ ਸਨ। ਨਿਯੁਕਤੀ ਪੱਤਰ ਪ੍ਰਾਪਤ ਕਰਨ ਵਾਲੇ ਡਾਕਟਰਾਂ ਨੇ ਸਰਕਾਰ ਦੇ ਇਸ ਫੈਸਲੇ ਦਾ ਸਵਾਗਤ ਕੀਤਾ ਅਤੇ ਸੂਬੇ ਦੀ ਜਨਤਾ ਦੀ ਸੇਵਾ ਕਰਨ ਦਾ ਪ੍ਰਣ ਲਿਆ।

**ਸਮੁੰਦਰੀ ਵਪਾਰ 'ਤੇ ਵੱਡਾ ਹਮਲਾ**

# ਓਮਾਨ ਤੱਟ ਨੇੜੇ ਭਾਰਤੀ ਜਹਾਜ਼ ਡੁੱਬਿਆ, 14 ਮਲਾਹ ਸੁਰੱਖਿਅਤ

ਨਵੀਂ ਦਿੱਲੀ/ਓਮਾਨ : ਮੱਧ ਪੂਰਬ (West Asia) ਵਿੱਚ ਵਧ ਰਹੇ ਤਣਾਅ ਦਰਮਿਆਨ ਭਾਰਤ ਲਈ ਇੱਕ ਵੱਡੀ ਚਿੰਤਾਜਨਕ ਖ਼ਬਰ ਸਾਹਮਣੇ ਆਈ ਹੈ। ਓਮਾਨ ਦੇ ਲਿਮਾਹ (Limah) ਤੱਟ ਨੇੜੇ ਇੱਕ ਭਾਰਤੀ ਵਪਾਰਕ ਜਹਾਜ਼ 'ਐਮ.ਐਸ.ਵੀ. ਹਾਜੀ ਅਲੀ' (MV Haji Ali) ਨੂੰ ਅਣਪਛਾਤੇ ਡਰੋਨ ਜਾਂ ਮਿਜ਼ਾਈਲ ਹਮਲੇ ਵਿੱਚ ਨਿਸ਼ਾਨਾ ਬਣਾਇਆ ਗਿਆ ਹੈ। ਇਸ ਭਿਆਨਕ ਹਮਲੇ ਤੋਂ ਬਾਅਦ ਜਹਾਜ਼ ਵਿੱਚ ਅੱਗ ਲੱਗ ਗਈ ਅਤੇ ਉਹ ਸਮੁੰਦਰ ਵਿੱਚ ਡੁੱਬ ਗਿਆ।

ਹਮਲੇ ਦੀ ਪੂਰੀ ਕਹਾਣੀ

ਪ੍ਰਾਪਤ ਜਾਣਕਾਰੀ ਅਨੁਸਾਰ, ਇਹ ਘਟਨਾ 13 ਮਈ, 2026 ਨੂੰ ਵਾਪਰੀ। ਜਦੋਂ ਜਹਾਜ਼ ਓਮਾਨ ਦੇ ਸਮੁੰਦਰੀ ਇਲਾਕੇ ਵਿੱਚੋਂ ਲੰਘ ਰਿਹਾ ਸੀ, ਤਾਂ ਉਸ 'ਤੇ ਅਚਾਨਕ ਹਮਲਾ ਹੋਇਆ। ਧਮਾਕਾ ਇੰਨਾ ਜ਼ਬਰਦਸਤ ਸੀ ਕਿ ਜਹਾਜ਼ ਤੁਰੰਤ ਅੱਗ ਦੀ ਲਪੇਟ ਵਿੱਚ ਆ ਗਿਆ।

14 ਭਾਰਤੀਆਂ ਦੀ ਜਾਨ ਬਚੀ

ਇਸ ਦੁਖਦਾਈ ਘਟਨਾ ਵਿੱਚ ਰਾਹਤ ਦੀ ਵੱਡੀ ਖ਼ਬਰ ਇਹ ਹੈ ਕਿ ਜਹਾਜ਼ 'ਤੇ ਸਵਾਰ ਸਾਰੇ 14 ਭਾਰਤੀ ਕਰੂ ਮੈਂਬਰਾਂ ਨੂੰ ਸੁਰੱਖਿਅਤ ਬਚਾ ਲਿਆ ਗਿਆ ਹੈ। ਓਮਾਨ ਕੋਸਟ ਗਾਰਡ ਨੇ ਤੁਰੰਤ ਕਾਰਵਾਈ ਕਰਦਿਆਂ ਮਲਾਹਾਂ ਨੂੰ ਡੁੱਬ ਰਹੇ ਜਹਾਜ਼ ਵਿੱਚੋਂ ਬਾਹਰ ਕੱਢਿਆ, ਜਿਸ ਨਾਲ ਇੱਕ ਵੱਡਾ ਜਾਨੀ ਨੁਕਸਾਨ ਹੋਣੋਂ ਟਲ ਗਿਆ।



ਭਾਰਤ ਸਰਕਾਰ ਦੀ ਸਖ਼ਤ ਪ੍ਰਤੀਕਿਰਿਆ

ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਇਸ ਘਟਨਾ ਦਾ ਸਖ਼ਤ ਨੋਟਿਸ ਲੈਂਦਿਆਂ ਇਸ ਨੂੰ 'ਅਸਵੀਕਾਰਯੋਗ' (Unacceptable) ਕਰਾਰ ਦਿੱਤਾ ਹੈ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਅੱਜ ਮੀਡੀਆ ਨੂੰ ਸੰਬੋਧਨ ਕਰਦਿਆਂ ਕਿਹਾ:

'ਵਪਾਰਕ ਜਹਾਜ਼ਾਂ ਅਤੇ ਨਿਰਦੋਸ਼ ਮਲਾਹਾਂ ਨੂੰ ਨਿਸ਼ਾਨਾ ਬਣਾਉਣਾ ਅੰਤਰਰਾਸ਼ਟਰੀ ਕਾਨੂੰਨਾਂ ਦੀ ਘੋਰ ਉਲੰਘਣਾ ਹੈ। ਅਸੀਂ ਇਸ ਮੰਦਭਾਗੀ ਘਟਨਾ 'ਤੇ ਡੂੰਘੀ ਚਿੰਤਾ ਪ੍ਰਗਟਾਉਂਦੇ ਹਾਂ ਅਤੇ ਸਮੁੰਦਰੀ ਵਪਾਰਕ ਰੂਟਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਅੰਤਰਰਾਸ਼ਟਰੀ ਭਾਈਚਾਰੇ ਨਾਲ ਮਿਲ ਕੇ ਕੰਮ ਕਰਾਂਗੇ।'

**ਖੇਤਰੀ ਤਣਾਅ ਦਾ ਖ਼ਤਰਾ**

ਮੱਧ ਪੂਰਬ ਵਿੱਚ ਹਾਲੀਆ ਟਕਰਾਵਾਂ ਕਾਰਨ ਸਮੁੰਦਰੀ ਵਪਾਰਕ ਰੂਟ ਪਹਿਲਾਂ ਹੀ ਬੇਹੱਦ ਸੰਵੇਦਨਸ਼ੀਲ ਬਣੇ ਹੋਏ ਹਨ। ਇਹ ਹਮਲਾ ਦਰਸਾਉਂਦਾ ਹੈ ਕਿ ਇਸ ਖੇਤਰ ਵਿੱਚ ਸਮੁੰਦਰੀ ਸੁਰੱਖਿਆ ਸਥਿਤੀ ਕਿੰਨੀ ਨਾਜ਼ੁਕ ਹੈ। ਇਸ ਘਟਨਾ ਨੇ ਦੁਨੀਆ ਭਰ ਦੇ ਦੇਸ਼ਾਂ ਨੂੰ ਆਪਣੇ ਵਪਾਰਕ ਜਹਾਜ਼ਾਂ ਦੀ ਸੁਰੱਖਿਆ ਨੂੰ ਲੈ ਕੇ ਚਿੰਤਤ ਕਰ ਦਿੱਤਾ ਹੈ।

ਵਿਸ਼ਵ ਵਪਾਰ ਲਈ ਇਹ ਇੱਕ ਵੱਡਾ ਝਟਕਾ ਹੈ, ਕਿਉਂਕਿ ਹਿੰਦ ਮਹਾਸਾਗਰ ਅਤੇ ਅਰਬ ਸਾਗਰ ਦੇ ਰੂਟਾਂ 'ਤੇ ਵਧ ਰਿਹਾ ਇਹ ਖ਼ਤਰਾ ਸਪਲਾਈ ਚੇਨ ਨੂੰ ਪ੍ਰਭਾਵਿਤ ਕਰ ਸਕਦਾ ਹੈ। ਭਾਰਤ ਸਰਕਾਰ ਇਸ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕਰ ਰਹੀ ਹੈ ਅਤੇ ਓਮਾਨ ਦੇ ਅਧਿਕਾਰੀਆਂ ਦੇ ਲਗਾਤਾਰ ਸੰਪਰਕ ਵਿੱਚ ਹੈ।

# ਤੇਲ ਕੰਪਨੀਆਂ ਨੂੰ ਰੋਜ਼ਾਨਾ ਪੈ ਰਿਹਾ 1600 ਤੋਂ 1700 ਕਰੋੜ ਰੁਪਏ ਦਾ ਘਾਟਾ

ਨਵੀਂ ਦਿੱਲੀ : ਮੱਧ ਪੂਰਬ 'ਚ ਚੱਲ ਰਹੇ ਤਣਾਅ ਦਰਮਿਆਨ ਭਾਰਤ ਦੀਆਂ ਤੇਲ ਮਾਰਕੀਟਿੰਗ ਕੰਪਨੀਆਂ ਪਿਛਲੇ ਦਸ ਹਫ਼ਤਿਆਂ ਤੋਂ ਰੋਜ਼ਾਨਾ ਤਕਰੀਬਨ 1600 ਤੋਂ 1700 ਕਰੋੜ ਰੁਪਏ ਤੱਕ ਦਾ ਨੁਕਸਾਨ ਝੱਲ ਰਹੀਆਂ ਹਨ, ਜਿਸ ਦਾ ਕਾਰਨ ਹੈ ਕਿ ਖਪਤਕਾਰਾਂ 'ਤੇ ਆਰਥਿਕ ਬੋਝ ਘੱਟ ਕਰਨ ਲਈ ਉਹ ਉਨ੍ਹਾਂ ਨੂੰ ਪੁਰਾਣੀ ਕੀਮਤ 'ਤੇ ਹੀ ਤੇਲ ਦੇ ਰਹੀਆਂ ਹਨ। ਹਲਕਿਆਂ ਮੁਤਾਬਿਕ ਤਿੰਨ ਸਰਕਾਰੀ ਕੰਪਨੀਆਂ-ਇੰਡੀਅਨ ਆਇਲ ਕਾਰਪੋਰੇਸ਼ਨ, ਭਾਰਤ ਪੈਟਰੋਲੀਅਮ ਕਾਰਪੋਰੇਸ਼ਨ ਲਿਮਟਿਡ ਅਤੇ ਹਿੰਦੁਸਤਾਨ ਪੈਟਰੋਲੀਅਮ ਲਿਮਟਿਡ ਨੂੰ ਹਾਲੇ ਤੱਕ 1 ਲੱਖ ਕਰੋੜ ਰੁਪਏ ਤੋਂ ਵੱਧ ਦਾ ਨੁਕਸਾਨ ਹੋ ਗਿਆ ਹੈ, ਕਿਉਂਕਿ ਆਲਮੀ ਤੌਰ 'ਤੇ ਤੇਲ ਦੀਆਂ ਕੀਮਤਾਂ ਵਧਣ ਦੇ ਬਾਵਜੂਦ ਭਾਰਤ 'ਚ ਕੀਮਤਾਂ 'ਚ ਕੋਈ ਬਦਲਾਅ ਨਹੀਂ ਆਇਆ, ਜਦਕਿ ਘਰੇਲੂ ਐਲ.ਪੀ.ਜੀ ਅਤੇ ਵਪਾਰਕ ਐਲ.ਪੀ.ਜੀ. ਦੀਆਂ ਕੀਮਤਾਂ 'ਚ ਵਾਧਾ ਹੋਇਆ ਹੈ। ਹਲਕਿਆਂ ਮੁਤਾਬਿਕ ਹੁਣ ਪੈਟਰੋਲ ਅਤੇ ਡੀਜਲ ਦੀਆਂ ਕੀਮਤਾਂ ਵਧਣਾ ਤਕਰੀਬਨ ਨਿਸਚਿਤ ਮੰਨਿਆ ਜਾ ਰਿਹਾ ਹੈ।

# ਭਾਰਤੀ ਜਲ ਸੈਨਾ ਦਾ ਜਹਾਜ਼ 'ਆਈ.ਐਨ.ਐਸ. ਸੁਨਯਨਾ' (IOS ਸਾਗਰ) ਚਟੋਗ੍ਰਾਮ ਤੋਂ ਰਵਾਨਾ

ਚਟੋਗ੍ਰਾਮ (ਬੰਗਲਾਦੇਸ਼): ਭਾਰਤੀ ਜਲ ਸੈਨਾ ਦਾ ਜਹਾਜ਼ 'ਆਈ.ਐਨ.ਐਸ. ਸੁਨਯਨਾ' (ਜਿਸ ਨੂੰ 'ਆਈ.ਓ.ਐਸ. ਸਾਗਰ' ਮਿਸ਼ਨ ਤਹਿਤ ਤਾਇਨਾਤ ਕੀਤਾ ਗਿਆ ਹੈ), ਐਤਵਾਰ ਨੂੰ ਬੰਗਲਾਦੇਸ਼ ਦੇ ਚਟੋਗ੍ਰਾਮ ਬੰਦਰਗਾਹ ਤੋਂ ਆਪਣੀ ਅਗਲੀ ਮੰਜ਼ਿਲ ਲਈ ਰਵਾਨਾ ਹੋ ਗਿਆ।

ਸਾਗਰ ਮਿਸ਼ਨ (SAGAR Mission): ਇਹ ਤਾਇਨਾਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ 'ਸਾਗਰ' (Security and Growth for All in the Region) ਵਿਜ਼ਨ ਦਾ ਹਿੱਸਾ ਹੈ। ਇਸ ਦਾ ਮੁੱਖ ਉਦੇਸ਼ ਹਿੰਦ ਮਹਾਸਾਗਰ ਖੇਤਰ ਦੇ ਦੇਸ਼ਾਂ ਨਾਲ ਸਮੁੰਦਰੀ ਸੁਰੱਖਿਆ ਸਹਿਯੋਗ ਨੂੰ ਮਜ਼ਬੂਤ ਕਰਨਾ ਅਤੇ ਦੋਸਤਾਨਾ ਸਬੰਧਾਂ ਨੂੰ ਹੋਰ ਡੂੰਘਾ ਕਰਨਾ ਹੈ।

ਦੁਵੱਲੇ ਸਬੰਧ: ਚਟੋਗ੍ਰਾਮ ਵਿਖੇ ਜਹਾਜ਼ ਦੇ ਠਹਿਰਾਅ ਦੌਰਾਨ, ਭਾਰਤੀ ਅਤੇ ਬੰਗਲਾਦੇਸ਼ੀ ਜਲ ਸੈਨਾ ਦੇ ਅਧਿਕਾਰੀਆਂ ਨੇ ਆਪਸੀ ਸੁਰੱਖਿਆ ਚੁਣੌਤੀਆਂ ਅਤੇ ਸਮੁੰਦਰੀ ਖੇਤਰ




ਵਿੱਚ ਸਹਿਯੋਗ ਵਧਾਉਣ 'ਤੇ ਵਿਚਾਰ-ਵਟਾਂਦਰਾ ਕੀਤਾ।

ਸਮੁੰਦਰੀ ਸੁਰੱਖਿਆ: ਇਹ ਜਹਾਜ਼ ਖੇਤਰੀ ਸਥਿਰਤਾ ਨੂੰ ਯਕੀਨੀ ਬਣਾਉਣ ਅਤੇ ਸਮੁੰਦਰੀ ਡਾਕੂਆਂ (piracy) ਵਰਗੇ ਖਤਰਿਆਂ ਵਿਰੁੱਧ ਸਹਿਯੋਗ ਵਧਾਉਣ ਲਈ ਅਹਿਮ ਭੂਮਿਕਾ ਨਿਭਾਉਂਦਾ ਹੈ।

ਮਾਨਵਤਾਵਾਦੀ ਸਹਾਇਤਾ: 'ਸਾਗਰ' ਮਿਸ਼ਨ ਤਹਿਤ ਭਾਰਤੀ ਜਹਾਜ਼ ਅਕਸਰ ਕੁਦਰਤੀ ਆਫ਼ਤਾਂ ਸਮੇਂ ਸਹਾਇਤਾ ਅਤੇ ਰਾਹਤ ਸਮੱਗਰੀ ਪਹੁੰਚਾਉਣ ਵਿੱਚ ਵੀ ਮੋਹਰੀ ਰਹਿੰਦੇ ਹਨ।

ਆਈ.ਐਨ.ਐਸ. ਸੁਨਯਨਾ ਦੀ ਇਹ ਯਾਤਰਾ ਭਾਰਤ ਅਤੇ ਬੰਗਲਾਦੇਸ਼ ਵਿਚਕਾਰ ਵਧਦੇ ਰਣਨੀਤਕ ਅਤੇ ਰੱਖਿਆ ਸਬੰਧਾਂ ਨੂੰ ਦਰਸਾਉਂਦੀ ਹੈ, ਜੋ ਕਿ ਖੇਤਰੀ ਸ਼ਾਂਤੀ ਅਤੇ ਵਿਕਾਸ ਲਈ ਬੇਹੱਦ ਜ਼ਰੂਰੀ ਹੈ।

# ਭਾਰਤ ਵਿੱਚ ਨਸ਼ਾਖੋਰੀ

# ਇੱਕ ਯੋਜਨਾਬੱਧ 'ਨਸਲਕੁਸ਼ੀ' ਜਾਂ ਸਿਸਟਮ ਦੀ ਮਿਲੀਭੁਗਤ ?

**ਭਾਰਤ ਵਿੱਚ ਨਸ਼ਾਖੋਰੀ ਨੂੰ ਸਿਰਫ਼ ਇੱਕ ਕਾਨੂੰਨ-ਵਿਵਸਥਾ ਦੀ ਸਮੱਸਿਆ ਜਾਂ ਸਰਹੱਦੀ ਚੁਣੌਤੀ ਵਜੋਂ ਦੇਖਣਾ ਇੱਕ ਵੱਡੀ ਭੁੱਲ ਹੈ। ਇਹ ਇੱਕ ਡੂੰਘਾ ਇਤਿਹਾਸਕ ਅਤੇ ਸਿਆਸੀ ਜਾਲ ਹੈ, ਜਿਸ ਵਿੱਚ ਖਾਸ ਤੌਰ 'ਤੇ ਪੰਜਾਬ, ਕਸ਼ਮੀਰ ਅਤੇ ਉੱਤਰ-ਪੂਰਬ ਵਰਗੇ ਸਰਹੱਦੀ ਅਤੇ ਘੱਟ ਗਿਣਤੀ ਬਹੁਲ ਰਾਜਾਂ ਨੂੰ ਯੋਜਨਾਬੱਧ ਤਰੀਕੇ ਨਾਲ ਉਲਝਾਇਆ ਗਿਆ ਹੈ। ਜਦੋਂ ਅਸੀਂ ਇਸ ਨੂੰ ਸਰਕਾਰੀ ਪ੍ਰਚਾਰ ਦੇ ਚਸ਼ਮੇ ਤੋਂ ਹਟਾ ਕੇ ਜ਼ਮੀਨੀ ਹਕੀਕਤਾਂ ਦੀ ਐਨਕ ਨਾਲ ਦੇਖਦੇ ਹਾਂ, ਤਾਂ ਸਾਨੂੰ ਸਿਆਸੀ ਗਠਜੋੜ, ਪ੍ਰਬੰਧਕੀ ਭ੍ਰਿਸ਼ਟਾਚਾਰ ਅਤੇ ਇੱਕ ਅਜਿਹੀ 'ਅਣਐਲਾਨੀ ਨਸਲਕੁਸ਼ੀ' ਨਜ਼ਰ ਆਉਂਦੀ ਹੈ, ਜੋ ਨੌਜਵਾਨ ਪੀੜ੍ਹੀ ਨੂੰ ਜੜ੍ਹੋਂ ਖਤਮ ਕਰ ਰਹੀ ਹੈ। 'ਪੰਜਾਬ ਦੀਆਂ ਕਈ ਪੀੜ੍ਹੀਆਂ ਨਸ਼ਿਆਂ ਦੀ ਭੇਟ ਚੜ੍ਹ ਚੁੱਕੀਆਂ ਹਨ। 1984 ਦੇ ਦੁਖਾਂਤ ਤੋਂ ਬਾਅਦ, ਪੰਜਾਬ ਦੀ ਨਸ਼ਿਆਂ ਰਾਹੀਂ ਜੋ ਨਸਲਕੁਸ਼ੀ ਹੋ ਰਹੀ ਹੈ, ਉਹ ਅੱਜ ਵੀ ਜਾਰੀ ਹੈ। ਸ਼ਾਇਦ ਹੀ ਕੋਈ ਅਜਿਹਾ ਘਰ ਬਚਿਆ ਹੋਵੇਗਾ, ਜਿੱਥੇ ਮਾਪਿਆਂ ਨੇ ਆਪਣੇ ਜਵਾਨ ਬੱਚਿਆਂ ਦੀਆਂ ਲਾਸ਼ਾਂ ਆਪਣੇ ਮੋਢਿਆਂ 'ਤੇ ਨਾ ਚੁੱਕੀਆਂ ਹੋਣ।' — ਸਤਨਾਮ ਸਿੰਘ ਖਾਲਸਾ**










1. ਪੰਜਾਬ: 'ਹਰੀ ਕ੍ਰਾਂਤੀ' ਤੋਂ 'ਚਿੱਟੀ ਤ੍ਰਾਸਦੀ' ਤੱਕ
ਪੰਜਾਬ ਦਾ ਦੁਖਾਂਤ ਇਹ ਹੈ ਕਿ ਜਿਸ ਧਰਤੀ ਨੇ ਦੇਸ਼ ਦਾ ਢਿੱਡ ਭਰਿਆ, ਅੱਜ ਉਸੇ ਦੀ ਜਵਾਨੀ ਨਸ਼ਿਆਂ ਦੇ ਹਨੇਰੇ ਵਿੱਚ ਗੁਆਚ ਰਹੀ ਹੈ।

**ਸਿਆਸੀ-ਪੁਲਿਸ ਗਠਜੋੜ:** ਇਹ ਨਸ਼ਾ ਸਰਹੱਦੋਂ ਪਾਰੋਂ ਹੀ ਨਹੀਂ ਆ ਰਿਹਾ, ਸਗੋਂ ਇਹ ਸਥਾਨਕ ਸਿਆਸਤਦਾਨਾਂ ਅਤੇ ਪੁਲਿਸ ਦੀ ਸਰਪ੍ਰਸਤੀ ਤੋਂ ਬਿਨਾਂ ਪਿੰਡਾਂ ਦੀਆਂ ਗਲੀਆਂ ਤੱਕ ਨਹੀਂ ਪਹੁੰਚ ਸਕਦਾ। ਸਰਕਾਰੀ ਕਾਰਵਾਈਆਂ ਅਕਸਰ 'ਵੱਡੀਆਂ ਮੱਛੀਆਂ' ਨੂੰ ਬਚਾ ਕੇ ਸਿਰਫ਼ ਨਸ਼ੇੜੀ ਨੌਜਵਾਨਾਂ ਨੂੰ ਜੇਲ੍ਹਾਂ ਵਿੱਚ ਡੱਕਣ ਤੱਕ ਸੀਮਤ ਰਹਿ ਜਾਂਦੀਆਂ ਹਨ।

**ਆਰਥਿਕ ਨਿਰਾਸ਼ਾ:** ਖੇਤੀਬਾੜੀ ਦਾ ਮੁਨਾਫ਼ਾ ਘਟਣਾ ਅਤੇ ਸਨਅਤਾਂ ਦਾ ਖਾਤਮਾ, ਪੰਜਾਬੀ ਨੌਜਵਾਨਾਂ ਲਈ ਇੱਕ ਮਾਨਸਿਕ ਬੋਝ ਬਣ ਗਿਆ ਹੈ। ਇਸ ਆਰਥਿਕ ਖਲਾਅ ਨੂੰ ਨਸ਼ਿਆਂ ਨੇ ਹੀ ਭਰਿਆ ਹੈ।

2. ਕਸ਼ਮੀਰ: ਸੰਘਰਸ਼ ਅਤੇ 'ਕੈਮੀਕਲ ਵਾਰਫੇਅਰ'
ਕਸ਼ਮੀਰ ਵਿੱਚ ਨਸ਼ਾਖੋਰੀ ਨੂੰ ਕੇਵਲ 'ਪਾਕਿਸਤਾਨੀ ਸਾਜ਼ਿਸ਼' ਕਹਿ ਕੇ ਪੱਲਾ ਝਾੜ ਲੈਣਾ ਅਧੂਰਾ ਸੱਚ ਹੈ:

**PTSD ਅਤੇ ਨਸ਼ਾ:** ਦਹਾਕਿਆਂ ਤੋਂ ਚੱਲ ਰਹੇ ਫੌਜੀ ਸੰਘਰਸ਼ ਨੇ ਕਸ਼ਮੀਰੀ ਨੌਜਵਾਨਾਂ ਵਿੱਚ ਗੰਭੀਰ ਮਾਨਸਿਕ ਤਣਾਅ (PTSD) ਪੈਦਾ ਕੀਤਾ ਹੈ। ਜਦੋਂ ਸਿਹਤ ਸਹੂਲਤਾਂ ਦੀ ਘਾਟ ਹੋਵੇ, ਤਾਂ ਨਸ਼ਾ ਇੱਕ 'ਦਰਦ ਨਿਵਾਰਕ' ਬਣ ਕੇ ਉਨ੍ਹਾਂ ਦੀ ਜ਼ਿੰਦਗੀ ਨੂੰ ਨਿਗਲ ਰਿਹਾ ਹੈ।

**ਨਿਗਰਾਨੀ ਦਾ ਸਵਾਲ:** ਦੁਨੀਆ ਦੇ ਸਭ ਤੋਂ ਵੱਧ ਫੌਜੀ ਚੌਕਸੀ ਵਾਲੇ ਇਲਾਕਿਆਂ ਵਿੱਚੋਂ ਇੱਕ ਹੋਣ ਦੇ ਬਾਵਜੂਦ, ਨਸ਼ਿਆਂ ਦੀ ਸਪਲਾਈ ਚੇਨ ਦਾ ਬਰਕਰਾਰ ਰਹਿਣਾ ਪ੍ਰਸ਼ਾਸਨਿਕ ਜਵਾਬਦੇਹੀ 'ਤੇ ਸਭ ਤੋਂ ਵੱਡਾ ਪ੍ਰਸ਼ਨ ਚਿੰਨ੍ਹ ਹੈ।

3. ਉੱਤਰ-ਪੂਰਬ: ਵਿਤਕਰੇ ਅਤੇ ਭੁੱਲੇ ਹੋਏ ਬਾਰਡਰ
ਮਨੀਪੁਰ, ਮਿਜ਼ੋਰਮ ਅਤੇ ਨਾਗਾਲੈਂਡ ਵਰਗੇ ਰਾਜਾਂ ਨੂੰ ਲੰਬੇ ਸਮੇਂ ਤੋਂ ਕੇਂਦਰ ਵੱਲੋਂ 'ਦੂਰ ਦੇ ਇਲਾਕੇ' ਸਮਝ ਕੇ ਨਜ਼ਰਅੰਦਾਜ਼ ਕੀਤਾ ਗਿਆ:
ਗੋਲਡਨ ਟ੍ਰਾਇੰਗਲ: ਇਹ ਰਾਜ ਸਿਰਫ਼ ਤਸਕਰੀ ਦਾ ਰਸਤਾ ਹੀ ਨਹੀਂ, ਸਗੋਂ ਖਪਤ ਦਾ ਕੇਂਦਰ ਵੀ ਬਣ ਚੁੱਕੇ ਹਨ। ਨਸ਼ਿਆਂ ਦੇ ਟੀਕਿਆਂ ਕਾਰਨ ਇੱਥੇ ਫੈਲੇ HIV ਦੇ ਸੰਕਟ ਨੇ ਸਮਾਜਿਕ ਤਾਣੇ-ਬਾਣੇ ਨੂੰ ਤਹਿਸ-ਨਹਿਸ ਕਰ ਦਿੱਤਾ ਹੈ।

4. ਗੁਜਰਾਤ: ਕਾਰਪੋਰੇਟ ਬੰਦਰਗਾਹਾਂ ਦਾ ਪਰਛਾਵਾਂ
ਗੁਜਰਾਤ ਦੀਆਂ ਬੰਦਰਗਾਹਾਂ 'ਤੇ ਫੜੀ ਗਈ ਹਜ਼ਾਰਾਂ ਕਰੋੜਾਂ ਦੀ ਹੈਰੋਇਨ ਇਹ ਸਵਾਲ ਖੜ੍ਹਾ ਕਰਦੀ ਹੈ ਕਿ ਕੀ ਇਹ ਸਿਰਫ਼ ਤਸਕਰੀ ਹੈ ਜਾਂ ਇੱਕ ਵੱਡਾ 'ਕਾਰਪੋਰੇਟ-ਕ੍ਰਾਈਮ' ਨੈੱਟਵਰਕ ? ਜਦੋਂ ਜਾਂਚ ਦੀਆਂ ਤਾਰਾਂ ਉੱਚੇ ਅਹੁਦਿਆਂ ਤੱਕ ਜਾਂਦੀਆਂ ਹਨ, ਤਾਂ ਉਹ ਅਕਸਰ ਖਾਮੋਸ਼ੀ ਵਿੱਚ ਦੱਬ ਦਿੱਤੀਆਂ ਜਾਂਦੀਆਂ ਹਨ।

5. ਘੱਟ ਗਿਣਤੀਆਂ 'ਤੇ ਪ੍ਰਭਾਵ: ਇੱਕ ਯੋਜਨਾਬੱਧ ਕਮਜ਼ੋਰੀ ?
ਕਈ ਸਮਾਜਸ਼ਾਸਤਰੀ ਇਸ ਗੱਲ ਵੱਲ ਇਸ਼ਾਰਾ ਕਰਦੇ ਹਨ ਕਿ ਨਸ਼ਾਖੋਰੀ ਕੁਝ ਖਾਸ ਭਾਈਚਾਰਿਆਂ ਦੇ 'ਚਰਿੱਤਰ ਦਾ ਕਤਲ' ਕਰਨ ਦਾ ਇੱਕ ਹਥਿਆਰ ਹੈ। ਜਦੋਂ ਕਿਸੇ ਰਾਜ ਦੇ ਨੌਜਵਾਨਾਂ ਨੂੰ 'ਨਸ਼ੇੜੀ' ਵਜੋਂ ਬਦਨਾਮ ਕਰ ਦਿੱਤਾ ਜਾਂਦਾ ਹੈ, ਤਾਂ ਉਨ੍ਹਾਂ ਦੇ ਨਾਗਰਿਕ ਹੱਕਾਂ ਅਤੇ ਸਿਆਸੀ ਮੰਗਾਂ ਦੀ ਲੜਾਈ ਨੂੰ ਕਮਜ਼ੋਰ ਕਰਨਾ ਆਸਾਨ ਹੋ ਜਾਂਦਾ ਹੈ। ਦੂਜੇ ਪਾਸੇ, ਸਰਕਾਰੀ ਨਸ਼ਾ ਛੁਡਾਊ ਕੇਂਦਰ ਇਲਾਜ ਦੀ ਬਜਾਏ ਤਸੀਹੇ ਦੇ ਅੱਡੇ ਬਣ ਕੇ ਨੌਜਵਾਨਾਂ ਦੀ ਮਾਨਸਿਕਤਾ ਨੂੰ ਹੋਰ ਤੋੜ ਰਹੇ ਹਨ।

ਸਿੱਟਾ: ਜਾਗਣ ਦਾ ਵੇਲਾ
ਭਾਰਤ ਵਿੱਚ ਨਸ਼ਾ ਮੁਕਤੀ ਸਿਰਫ਼ ਸਰਕਾਰੀ ਬੈਨਰਾਂ ਨਾਲ ਨਹੀਂ, ਸਗੋਂ ਇਨ੍ਹਾਂ ਕੌੜੇ ਸੱਚਾਂ ਨੂੰ ਮੰਨਣ ਨਾਲ ਆਵੇਗੀ:

1. ਨਸ਼ਾ ਇੱਕ ਸਿਆਸੀ ਹਥਿਆਰ ਹੈ: ਇਸ ਨੂੰ ਸਮਾਜਿਕ ਅਤੇ ਸਿਆਸੀ ਪੱਧਰ 'ਤੇ ਖਤਮ ਕਰਨਾ ਜ਼ਰੂਰੀ ਹੈ।
2. ਜਵਾਬਦੇਹੀ: ਸੁਰੱਖਿਆ ਏਜੰਸੀਆਂ ਅਤੇ ਪੁਲਿਸ ਦੇ ਅੰਦਰ ਬੈਠੇ 'ਕਾਲੇ ਭੇਡਾਂ' ਨੂੰ ਬੇਨਕਾਬ ਕਰਨਾ ਹੋਵੇਗਾ।
3. ਸਮਾਨਤਾ ਦਾ ਵਿਹਾਰ: ਘੱਟ ਗਿਣਤੀ ਰਾਜਾਂ ਦੇ ਨੌਜਵਾਨਾਂ ਨੂੰ ਸ਼ੱਕ ਦੀ ਨਜ਼ਰ ਨਾਲ ਨਹੀਂ, ਸਗੋਂ ਰੁਜ਼ਗਾਰ ਅਤੇ ਬਰਾਬਰ ਦੇ ਮੌਕਿਆਂ ਨਾਲ ਜੋੜਨ ਦੀ ਲੋੜ ਹੈ।

ਜਦੋਂ ਤੱਕ ਨਸ਼ਾ ਵੇਚਣ ਵਾਲੀਆਂ 'ਵੱਡੀਆਂ ਮੱਛੀਆਂ' ਸੱਤਾ ਦੇ ਗਲਿਆਰਿਆਂ ਵਿੱਚ ਸੁਰੱਖਿਅਤ ਬੈਠੀਆਂ ਹਨ, ਉਦੋਂ ਤੱਕ ਗਲੀਆਂ ਵਿੱਚ ਨੌਜਵਾਨਾਂ ਦੀਆਂ ਲਾਸ਼ਾਂ ਡਿੱਗਦੀਆਂ ਰਹਿਣਗੀਆਂ।

# ਨਸ਼ਿਆਂ ਖ਼ਿਲਾਫ਼ ਸ੍ਰੀਨਗਰ ਦੀ ਫ਼ੌਜ: ਖਨਯਾਰ ਦੇ ਵਿਦਿਆਰਥੀਆਂ ਨੇ ਫੂਕਿਆ 'ਜੰਗ ਦਾ ਬਿਗੁਲ'










ਸ੍ਰੀਨਗਰ : ਸ੍ਰੀਨਗਰ ਦੇ ਖਨਯਾਰ ਇਲਾਕੇ ਵਿੱਚ ਅੱਜ ਨੌਜਵਾਨ ਸ਼ਕਤੀ ਦਾ ਇੱਕ ਨਵਾਂ ਅਤੇ ਬੇਹੱਦ ਪ੍ਰਭਾਵਸ਼ਾਲੀ ਰੂਪ ਦੇਖਣ ਨੂੰ ਮਿਲਿਆ। ਨਸ਼ਿਆਂ ਦੇ ਵਧ ਰਹੇ ਕੋਹੜ ਖ਼ਿਲਾਫ਼ ਸੜਕਾਂ 'ਤੇ ਉਤਰੇ ਸੈਂਕੜੇ ਵਿਦਿਆਰਥੀਆਂ ਨੇ ਇੱਕ ਵਿਸ਼ਾਲ ਜਾਗਰੂਕਤਾ ਰੈਲੀ ਕੱਢ ਕੇ ਸਮਾਜ ਨੂੰ ਨਸ਼ਾ-ਮੁਕਤ ਬਣਾਉਣ ਦਾ ਦ੍ਰਿੜ੍ਹ ਸੰਕਲਪ ਲਿਆ ਹੈ।

'ਨਸ਼ੇ ਨੂੰ ਕਹੋ ਨਾ, ਜ਼ਿੰਦਗੀ ਨੂੰ ਕਹੋ ਹਾਂ'
ਰੈਲੀ ਦੌਰਾਨ ਵਿਦਿਆਰਥੀਆਂ ਦਾ ਉਤਸ਼ਾਹ ਦੇਖਣਯੋਗ ਸੀ। ਉਹਨਾਂ ਦੇ ਹੱਥਾਂ ਵਿੱਚ ਫੜੇ ਪਲੇਕਾਰਡ ਸਿਰਫ਼ ਕਾਗਜ਼ ਦੇ ਟੁਕੜੇ ਨਹੀਂ, ਸਗੋਂ ਨਸ਼ਿਆਂ ਖ਼ਿਲਾਫ਼ ਸਮਾਜਿਕ ਚੇਤਨਾ ਦੀ ਇੱਕ ਉੱਚੀ ਗੂੰਜ ਸਨ। ਉਹਨਾਂ ਦੇ ਨਾਅਰਿਆਂ ਨੇ ਇਲਾਕੇ ਦੀ ਫਿਜ਼ਾ ਵਿੱਚ ਇਹ ਸੰਦੇਸ਼ ਭਰ ਦਿੱਤਾ ਕਿ ਹੁਣ ਸਮਾਜ ਨਸ਼ੇ ਦੇ ਹਨੇਰੇ ਨੂੰ ਸਵੀਕਾਰ ਕਰਨ ਲਈ ਤਿਆਰ ਨਹੀਂ ਹੈ।

ਪ੍ਰਸ਼ਾਸਨ ਅੱਗੇ ਸਖ਼ਤ ਮੰਗ
ਸਿਰਫ਼ ਜਾਗਰੂਕਤਾ ਹੀ ਨਹੀਂ, ਸਗੋਂ ਇਹ ਰੈਲੀ ਪ੍ਰਸ਼ਾਸਨ ਲਈ ਇੱਕ ਚੇਤਾਵਨੀ ਵੀ ਸੀ। ਵਿਦਿਆਰਥੀਆਂ ਨੇ ਨਾਅਰੇਬਾਜ਼ੀ ਕਰਦਿਆਂ ਸਪੱਸ਼ਟ ਕੀਤਾ ਕਿ:
ਨਸ਼ਾ ਤਸਕਰਾਂ 'ਤੇ ਨਕੇਲ ਕੱਸੀ ਜਾਵੇ: ਨਸ਼ਾ ਵੇਚਣ ਵਾਲੇ ਸਮਾਜ ਦੇ ਦੁਸ਼ਮਣਾਂ ਖ਼ਿਲਾਫ਼ ਸਖ਼ਤ ਤੋਂ ਸਖ਼ਤ ਕਾਨੂੰਨੀ ਕਾਰਵਾਈ ਹੋਵੇ।
ਸਿਹਤਮੰਦ ਵਾਤਾਵਰਣ ਦੀ ਮੰਗ: ਨੌਜਵਾਨਾਂ ਨੇ ਮੰਗ ਕੀਤੀ ਕਿ ਖੇਡਾਂ ਅਤੇ ਸਿੱਖਿਆ ਦੇ ਸਾਧਨ ਵਧਾ ਕੇ ਨੌਜਵਾਨਾਂ ਨੂੰ ਸਹੀ ਰਾਹ 'ਤੇ ਪਾਇਆ ਜਾਵੇ।

ਇੱਕ ਗੰਭੀਰ ਚਿੰਤਾ ਦਾ ਪ੍ਰਗਟਾਵਾ
ਇਹ ਰੈਲੀ ਇਸ ਗੱਲ ਦਾ ਪ੍ਰਮਾਣ ਹੈ ਕਿ ਸਥਾਨਕ ਨੌਜਵਾਨ ਆਪਣੇ ਭਵਿੱਖ ਨੂੰ ਲੈ ਕੇ ਕਿੰਨੇ ਚਿੰਤਤ ਹਨ। ਨਸ਼ਿਆਂ ਕਾਰਨ ਟੁੱਟਦੇ ਪਰਿਵਾਰਾਂ ਅਤੇ ਵਿਗੜਦੇ ਸਮਾਜਿਕ ਤਾਣੇ-ਬਾਣੇ ਨੂੰ ਦੇਖਦਿਆਂ, ਖਨਯਾਰ ਦੇ ਵਿਦਿਆਰਥੀਆਂ ਨੇ ਸਭ ਤੋਂ ਅੱਗੇ ਹੋ ਕੇ ਜ਼ਿੰਮੇਵਾਰੀ ਚੁੱਕੀ ਹੈ। ਉਹਨਾਂ ਦਾ ਇਹ ਕਦਮ ਦੂਜੇ ਇਲਾਕਿਆਂ ਦੇ ਨੌਜਵਾਨਾਂ ਲਈ ਵੀ ਇੱਕ ਪ੍ਰੇਰਣਾ ਸਰੋਤ ਬਣ ਗਿਆ ਹੈ।

ਸਥਾਨਕ ਨਾਗਰਿਕਾਂ ਦਾ ਕਹਿਣਾ ਹੈ: 'ਜੇਕਰ ਸਾਡੇ ਬੱਚੇ ਅੱਜ ਸੜਕਾਂ 'ਤੇ ਉਤਰ ਕੇ ਨਸ਼ੇ ਖ਼ਿਲਾਫ਼ ਆਵਾਜ਼ ਉਠਾ ਰਹੇ ਹਨ, ਤਾਂ ਇਹ ਸਮਾਜ ਲਈ ਇੱਕ ਜਾਗਰੂਕਤਾ ਦਾ ਸੁਨਹਿਰੀ ਸੁਨੇਹਾ ਹੈ। ਹੁਣ ਸਮਾਂ ਆ ਗਿਆ ਹੈ ਕਿ ਪ੍ਰਸ਼ਾਸਨ ਵੀ ਇਸ ਗੰਭੀਰ ਮੁੱਦੇ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰੇ।'

ਕੀ ਇਸ ਰੈਲੀ ਤੋਂ ਬਾਅਦ ਪ੍ਰਸ਼ਾਸਨ ਨਸ਼ਾ ਤਸਕਰਾਂ ਵਿਰੁੱਧ ਕੋਈ ਵੱਡੀ ਮੁਹਿੰਮ ਵਿੱਢੇਗਾ ਇਹ ਦੇਖਣਾ ਬਾਕੀ ਹੈ।

## ਲਾਲ ਕਿਲਾ ਧਮਾਕਾ ਮਾਮਲਾ

# ਮੁਲਜ਼ਮ ਨੂੰ ਐਨ.ਆਈ.ਏ. ਦੀ ਵਿਸ਼ੇਸ਼ ਅਦਾਲਤ ਵਿੱਚ ਕੀਤਾ ਪੇਸ਼

ਨਵੀਂ ਦਿੱਲੀ : ਲਾਲ ਕਿਲਾ ਇਲਾਕੇ ਵਿੱਚ ਹੋਏ ਬੰਬ ਧਮਾਕੇ ਦੇ ਮਾਮਲੇ ਵਿੱਚ ਜਾਂਚ ਤੇਜ਼ ਕਰਦਿਆਂ ਇੱਕ ਮੁਲਜ਼ਮ ਨੂੰ ਨਵੀਂ ਦਿੱਲੀ ਸਥਿਤ ਐਨ.ਆਈ.ਏ. (NIA) ਦੀ ਵਿਸ਼ੇਸ਼ ਅਦਾਲਤ ਵਿੱਚ ਪੇਸ਼ ਕੀਤਾ ਗਿਆ।

ਸੁਰੱਖਿਆ ਦੇ ਸਖ਼ਤ ਪ੍ਰਬੰਧ: ਮੁਲਜ਼ਮ ਨੂੰ ਅਦਾਲਤ ਵਿੱਚ ਪੇਸ਼ ਕਰਨ ਸਮੇਂ ਸੁਰੱਖਿਆ ਦੇ ਸਖ਼ਤ ਪ੍ਰਬੰਧ ਕੀਤੇ ਗਏ ਸਨ। ਇਸ ਮਾਮਲੇ ਦੀ ਸੰਵੇਦਨਸ਼ੀਲਤਾ ਨੂੰ ਦੇਖਦਿਆਂ ਪੁਲਿਸ ਅਤੇ ਜਾਂਚ ਏਜੰਸੀ ਦੇ ਅਧਿਕਾਰੀ ਪੂਰੀ ਤਰ੍ਹਾਂ ਚੌਕਸ ਰਹੇ।

ਜਾਂਚ ਦਾ ਘੇਰਾ: ਐਨ.ਆਈ.ਏ. (ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ) ਇਸ ਧਮਾਕੇ ਦੇ ਪਿੱਛੇ ਦੀ ਸਾਜ਼ਿਸ਼ ਅਤੇ ਇਸ ਵਿੱਚ ਸ਼ਾਮਲ ਹੋਰ ਅਨਸਰਾਂ ਦੀ ਭਾਲ ਵਿੱਚ ਹੈ। ਮੁਲਜ਼ਮ ਦੀ ਪੇਸ਼ੀ ਦੌਰਾਨ ਏਜੰਸੀ ਵੱਲੋਂ ਹੋਰ ਹਿਰਾਸਤ (Remand) ਦੀ ਮੰਗ





ਕੀਤੇ ਜਾਣ ਦੀ ਸੰਭਾਵਨਾ ਹੈ ਤਾਂ ਜੋ ਜਾਂਚ ਨੂੰ ਤਾਰਕਿਕ ਸਿੱਟੇ ਤੱਕ ਪਹੁੰਚਾਇਆ ਜਾ ਸਕੇ।

**ਪਿਛੋਕੜ:** ਲਾਲ ਕਿਲੇ ਵਰਗੀ ਸੰਵੇਦਨਸ਼ੀਲ ਇਮਾਰਤ ਦੇ ਨੇੜੇ ਹੋਏ ਇਸ ਧਮਾਕੇ ਨੇ ਦੇਸ਼ ਦੀ ਸੁਰੱਖਿਆ ਪ੍ਰਣਾਲੀ 'ਤੇ ਕਈ ਸਵਾਲ ਖੜ੍ਹੇ ਕੀਤੇ ਸਨ। ਸਰਕਾਰ ਅਤੇ ਜਾਂਚ ਏਜੰਸੀਆਂ ਇਸ ਘਟਨਾ ਨੂੰ ਬਹੁਤ ਗੰਭੀਰਤਾ ਨਾਲ ਲੈ ਰਹੀਆਂ ਹਨ।

ਅਗਲੀ ਕਾਰਵਾਈ

ਅਦਾਲਤ ਵਿੱਚ ਪੇਸ਼ੀ ਤੋਂ ਬਾਅਦ, ਜਾਂਚ ਏਜੰਸੀ ਹੁਣ ਮੁਲਜ਼ਮ ਤੋਂ ਪੁੱਛਗਿੱਛ ਰਾਹੀਂ ਮਿਲੀਆਂ ਜਾਣਕਾਰੀਆਂ ਨੂੰ ਹੋਰ ਅੱਗੇ ਜੋੜਨ ਦੀ ਕੋਸ਼ਿਸ਼ ਕਰੇਗੀ। ਇਸ ਮਾਮਲੇ ਵਿੱਚ ਹੋਰ ਗ੍ਰਿਫਤਾਰੀਆਂ ਹੋਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

ਇਸ ਮਾਮਲੇ ਵਿੱਚ ਹੋਰ ਅਪਡੇਟਸ ਦੀ ਉਡੀਕ ਕੀਤੀ ਜਾ ਰਹੀ ਹੈ।

## ਕੋਲਕਾਤਾ ਹਾਈਕੋਰਟ

# ਸਾਬਕਾ ਮੁੱਖ ਮੰਤਰੀ ਮਮਤਾ ਬੈਨਰਜੀ ਵੱਲੋਂ ਚੋਣਾਂ ਤੋਂ ਬਾਅਦ ਦੀ ਹਿੰਸਾ 'ਤੇ ਦਾਇਰ ਪਟੀਸ਼ਨ 'ਤੇ ਬਹਿਸ

ਕੋਲਕਾਤਾ : ਪੱਛਮੀ ਬੰਗਾਲ ਦੀਆਂ ਹਾਲੀਆ ਚੋਣਾਂ ਤੋਂ ਬਾਅਦ ਹੋਈ ਹਿੰਸਾ ਦੇ ਮਾਮਲੇ ਨੂੰ ਲੈ ਕੇ ਸੂਬੇ ਦੀ ਰਾਜਨੀਤੀ ਵਿੱਚ ਇੱਕ ਨਵਾਂ ਮੋੜ ਆਇਆ ਹੈ। ਸਾਬਕਾ ਮੁੱਖ ਮੰਤਰੀ ਮਮਤਾ ਬੈਨਰਜੀ ਅੱਜ ਕੋਲਕਾਤਾ ਹਾਈ ਕੋਰਟ ਵਿੱਚ ਪੇਸ਼ ਹੋਏ, ਜਿੱਥੇ ਉਨ੍ਹਾਂ ਵੱਲੋਂ ਦਾਇਰ ਕੀਤੀ ਗਈ ਜਨਹਿੱਤ ਪਟੀਸ਼ਨ (PIL) 'ਤੇ ਅਹਿਮ ਸੁਣਵਾਈ ਹੋਈ।

ਹਿੰਸਾ 'ਤੇ ਚਿੰਤਾ: ਮਮਤਾ ਬੈਨਰਜੀ ਨੇ ਆਪਣੀ ਪਟੀਸ਼ਨ ਰਾਹੀਂ ਦੋਸ਼ ਲਾਇਆ ਹੈ ਕਿ ਚੋਣ ਨਤੀਜਿਆਂ ਤੋਂ ਬਾਅਦ ਸੂਬੇ ਦੇ ਕਈ ਹਿੱਸਿਆਂ ਵਿੱਚ ਵਿਰੋਧੀ ਧਿਰ ਦੇ ਵਰਕਰਾਂ ਨੂੰ ਨਿਸ਼ਾਨਾ ਬਣਾਇਆ ਗਿਆ, ਜਿਸ ਨਾਲ ਆਮ ਲੋਕਾਂ ਵਿੱਚ ਸਹਿਮ ਦਾ ਮਾਹੌਲ ਹੈ।

ਨਿਆਇਕ ਜਾਂਚ ਦੀ ਮੰਗ: ਉਨ੍ਹਾਂ ਨੇ ਅਦਾਲਤ ਤੋਂ ਮੰਗ ਕੀਤੀ ਹੈ ਕਿ ਇਸ ਹਿੰਸਾ ਦੀ ਨਿਰਪੱਖ ਜਾਂਚ ਲਈ ਇੱਕ ਵਿਸ਼ੇਸ਼ ਜਾਂਚ ਟੀਮ (SIT) ਦਾ ਗਠਨ ਕੀਤਾ ਜਾਵੇ ਜਾਂ ਮਾਮਲਾ ਕਿਸੇ ਕੇਂਦਰੀ





ਏਜੰਸੀ ਨੂੰ ਸੌਂਪਿਆ ਜਾਵੇ ਤਾਂ ਜੋ ਦੋਸ਼ੀਆਂ ਨੂੰ ਸਜ਼ਾ ਮਿਲ ਸਕੇ।

ਕਾਨੂੰਨ ਵਿਵਸਥਾ: ਪਟੀਸ਼ਨ ਵਿੱਚ ਸੂਬਾ ਸਰਕਾਰ ਦੀ ਕਾਰਗੁਜ਼ਾਰੀ 'ਤੇ ਵੀ ਸਵਾਲ ਚੁੱਕੇ ਗਏ ਹਨ ਅਤੇ ਦੋਸ਼ ਲਾਇਆ ਗਿਆ ਹੈ ਕਿ ਪੁਲਿਸ ਪ੍ਰਸ਼ਾਸਨ ਇਸ ਹਿੰਸਾ ਨੂੰ ਰੋਕਣ ਵਿੱਚ ਨਾਕਾਮ ਰਿਹਾ ਹੈ।

ਅਦਾਲਤੀ ਕਾਰਵਾਈ:

ਸੁਣਵਾਈ ਦੌਰਾਨ ਹਾਈ ਕੋਰਟ ਨੇ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਸਬੰਧਤ ਅਧਿਕਾਰੀਆਂ ਨੂੰ ਨੋਟਿਸ ਜਾਰੀ ਕੀਤੇ ਹਨ। ਅਦਾਲਤ ਨੇ ਸੂਬਾ ਸਰਕਾਰ ਤੋਂ ਇਸ ਮਾਮਲੇ ਵਿੱਚ ਇੱਕ ਵਿਸਤ੍ਰਿਤ ਰਿਪੋਰਟ ਤਲਬ ਕੀਤੀ ਹੈ। ਸਾਬਕਾ ਮੁੱਖ ਮੰਤਰੀ ਦੀ ਹਾਈ ਕੋਰਟ ਵਿੱਚ ਖ਼ੁਦ ਪੇਸ਼ੀ ਨੂੰ ਇੱਕ ਵੱਡੀ ਰਾਜਨੀਤਿਕ ਕਾਰਵਾਈ ਵਜੋਂ ਦੇਖਿਆ ਜਾ ਰਿਹਾ ਹੈ।

ਰਾਜਨੀਤਿਕ ਪ੍ਰਭਾਵ:


ਇਸ ਕਦਮ ਨਾਲ ਪੱਛਮੀ ਬੰਗਾਲ ਦੀ ਸਿਆਸਤ ਵਿੱਚ ਗਰਮਾਹਟ ਵਧ ਗਈ ਹੈ। ਇੱਕ ਪਾਸੇ ਜਿੱਥੇ ਮਮਤਾ ਬੈਨਰਜੀ ਇਸ ਮੁੱਦੇ ਨੂੰ ਲੈ ਕੇ ਸੂਬਾ ਸਰਕਾਰ ਨੂੰ ਘੇਰਨ ਦੀ ਕੋਸ਼ਿਸ਼ ਕਰ ਰਹੇ ਹਨ, ਉੱਥੇ ਹੀ ਸੱਤਾਧਾਰੀ ਧਿਰ ਨੇ ਇਨ੍ਹਾਂ ਦੋਸ਼ਾਂ ਨੂੰ ÷ਸਿਆਸੀ ਸਟੰਟ÷ ਕਰਾਰ ਦਿੱਤਾ ਹੈ।

ਹੁਣ ਸਾਰੀਆਂ ਨਜ਼ਰਾਂ ਅਦਾਲਤ ਦੇ ਅਗਲੇ ਫੈਸਲੇ 'ਤੇ ਟਿਕੀਆਂ ਹੋਈਆਂ ਹਨ ਕਿ ਇਸ ਹਿੰਸਾ ਦੇ ਮਾਮਲੇ ਵਿੱਚ ਅਦਾਲਤ ਕੀ ਰੁਖ ਅਖਤਿਆਰ ਕਰਦੀ ਹੈ।

# ਬਰਤਾਨੀਆ 'ਚ 40 ਲੇਬਰ ਸੰਸਦ ਮੈਂਬਰਾਂ ਨੇ ਪ੍ਰਧਾਨ ਮੰਤਰੀ ਤੋਂ ਮੰਗਿਆ ਅਸਤੀਫ਼ਾ

ਲੰਡਨ : ਬਰਤਾਨੀਆ ਦੀ ਸੱਤਾਧਾਰੀ ਲੇਬਰ ਪਾਰਟੀ ਦੇ ਅੰਦਰੂਨੀ ਹਾਲਾਤ ਬੇਹੱਦ ਤਣਾਅਪੂਰਨ ਹੋ ਗਏ ਹਨ। ਤਾਜ਼ਾ ਰਿਪੋਰਟਾਂ ਅਨੁਸਾਰ, ਪ੍ਰਧਾਨ ਮੰਤਰੀ ਸਰ ਕੀਰ ਸਟਾਰਮਰ ਨੂੰ ਆਪਣੀ ਹੀ ਪਾਰਟੀ ਦੇ ਅੰਦਰੋਂ ਵੱਡੀ ਬਗਾਵਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਵਿਸ਼ਲੇਸ਼ਣ ਮੁਤਾਬਕ, ਹੁਣ ਤੱਕ ਲੇਬਰ ਪਾਰਟੀ ਦੇ 40 ਸੰਸਦ ਮੈਂਬਰ ਸਪੱਸ਼ਟ ਤੌਰ 'ਤੇ ਸਟਾਰਮਰ ਦੇ ਅਸਤੀਫ਼ੇ ਦੀ ਮੰਗ ਕਰ ਚੁੱਕੇ ਹਨ। ਪ੍ਰਧਾਨ ਮੰਤਰੀ ਵੱਲੋਂ ਦਿੱਤੇ ਗਏ ਇਕ ਅਹਿਮ 'ਮੇਕ-ਔਰ-ਬ੍ਰੇਕ' ਭਾਸ਼ਣ ਤੋਂ ਬਾਅਦ ਇਹ ਬਗਾਵਤ ਹੋਰ ਤੇਜ਼ ਹੋਈ ਹੈ। ਇਸ ਭਾਸ਼ਣ ਤੋਂ ਤੁਰੰਤ ਬਾਅਦ ਚਾਰ ਹੋਰ ਬੈਕਬੈਂਚਰ ਸੰਸਦ ਮੈਂਬਰ ਸਾਹਮਣੇ ਆਏ ਤੇ ਉਨ੍ਹਾਂ ਨੇ ਜਨਤਕ ਤੌਰ 'ਤੇ ਸਟਾਰਮਰ ਨੂੰ ਅਹੁਦਾ ਛੱਡਣ ਲਈ ਕਿਹਾ। ਹਾਲਾਂਕਿ, ਲੇਬਰ ਸੰਸਦ ਮੈਂਬਰ ਕੈਥਰੀਨ ਵੈਸਟ ਨੇ ਫਿਲਹਾਲ ਲੀਡਰਸ਼ਿਪ ਨੂੰ ਚੁਣੌਤੀ ਦੇਣ ਦੀ ਆਪਣੀ ਧਮਕੀ ਵਾਪਸ ਲੈ ਲਈ ਹੈ, ਪਰ ਉਨ੍ਹਾਂ ਨੇ ਮੰਗ ਕੀਤੀ ਹੈ ਕਿ ਸਤੰਬਰ ਤੱਕ ਨਵੇਂ ਨੇਤਾ ਦੀ ਚੋਣ ਲਈ ਇਕ ਨਿਸ਼ਚਿਤ ਸਮਾਂ-ਸਾਰਣੀ ਤੈਅ ਕੀਤੀ ਜਾਵੇ।

ਇੰਨੇ ਵੱਡੇ ਵਿਰੋਧ ਦੇ ਬਾਵਜੂਦ, ਕੀਰ ਸਟਾਰਮਰ ਆਪਣੇ ਵਿਰੋਧੀਆਂ ਨੂੰ ਗਲਤ ਸਾਬਤ ਕਰਨ ਤੇ 10 ਡਾਊਨਿੰਗ ਸਟ੍ਰੀਟ ਵਿਚ ਬਣੇ ਰਹਿਣ ਲਈ ਸੰਘਰਸ਼ ਕਰ ਰਹੇ ਹਨ।



ਡਿਪਟੀ ਲੀਡਰ ਐਂਜੇਲਾ ਰੇਨਰ ਨੇ ਸੰਕੇਤ ਦਿੱਤਾ ਹੈ ਕਿ ਐਂਡੀ ਬਰਨਹੈਮ ਨੂੰ ਸੰਸਦ ਮੈਂਬਰ ਬਣਨ ਦੀ ਇਜਾਜ਼ਤ ਦਿੱਤੀ ਜਾਣੀ ਚਾਹੀਦੀ ਹੈ। ਖ਼ਬਰਾਂ ਹਨ ਕਿ ਇਕ ਮੌਜੂਦਾ ਸੰਸਦ ਮੈਂਬਰ ਅਗਲੇ ਕੁਝ ਦਿਨਾਂ ਵਿਚ ਅਸਤੀਫਾ ਦੇਣ ਲਈ ਤਿਆਰ ਹੈ ਤਾਂ ਜੋ ਐਂਡੀ ਬਰਨਹੈਮ ਲਈ ਚੋਣ ਲੜਨ ਦਾ ਰਸਤਾ ਸਾਫ਼ ਹੋ ਸਕੇ। ਸਿਆਸੀ ਮਾਹਰਾਂ ਦਾ ਮੰਨਣਾ ਹੈ ਕਿ ਜੇਕਰ ਅਸਤੀਫ਼ਾ ਮੰਗਣ ਵਾਲੇ ਸੰਸਦ ਮੈਂਬਰਾਂ ਦੀ ਗਿਣਤੀ ਇਸੇ ਤਰ੍ਹਾਂ ਵਧਦੀ ਰਹੀ, ਤਾਂ ਸਟਾਰਮਰ ਲਈ ਆਪਣੀ ਕੁਰਸੀ ਬਚਾਉਣੀ ਮੁਸ਼ਕਲ ਹੋ ਸਕਦੀ ਹੈ। ਆਉਣ ਵਾਲੇ ਦਿਨ ਬਰਤਾਨਵੀ ਸਿਆਸਤ ਲਈ ਬੇਹੱਦ ਨਿਰਣਾਇਕ ਰਹਿਣਗੇ।

# ਖੰਨਾ ਦੀ ਧੀ ਪੂਨਮ ਵਰਮਾ ਨੂੰ ਮਿਲਿਆ ਰਾਸ਼ਟਰੀ ਫਲੋਰੈਂਸ ਨਾਈਟਿੰਗੇਲ ਐਵਾਰਡ, ਸ਼ਹਿਰ ਦਾ ਵਧਾਇਆ ਮਾਣ

## ਨਰਸਿੰਗ ਸੇਵਾ ਦੇ ਖੇਤਰ 'ਚ ਸ਼ਾਨਦਾਰ ਯੋਗਦਾਨ ਲਈ ਭਾਰਤ ਦਾ ਸੱਭ ਤੋਂ ਵੱਡਾ ਨਰਸਿੰਗ ਸਨਮਾਨ ਮਿਲਿਆ

ਖੰਨਾ : ਖੰਨਾ ਸ਼ਹਿਰ ਦੀ ਧੀ ਪੂਨਮ ਵਰਮਾ ਨੇ ਪੂਰੇ ਇਲਾਕੇ ਦਾ ਨਾਮ ਦੇਸ਼ ਭਰ 'ਚ ਰੌਸ਼ਨ ਕਰ ਦਿੱਤਾ ਹੈ। ਨਰਸਿੰਗ ਸੇਵਾ ਦੇ ਖੇਤਰ 'ਚ ਸ਼ਾਨਦਾਰ ਯੋਗਦਾਨ ਲਈ ਉਨ੍ਹਾਂ ਨੂੰ ਭਾਰਤ ਦੇ ਸੱਭ ਤੋਂ ਵੱਡੇ ਨਰਸਿੰਗ ਸਨਮਾਨ "ਨੈਸ਼ਨਲ ਫਲੋਰੈਂਸ ਨਾਈਟਿੰਗੇਲ ਐਵਾਰਡ 2026" ਨਾਲ ਸਨਮਾਨਿਤ ਕੀਤਾ ਗਿਆ ਹੈ। ਇਹ ਸਨਮਾਨ ਉਨ੍ਹਾਂ ਨੂੰ ਅੰਤਰਰਾਸ਼ਟਰੀ ਨਰਸ ਦਿਵਸ 12 ਮਈ ਮੌਕੇ ਭਾਰਤ ਦੇ ਰਾਸ਼ਟਰਪਤੀ ਵੱਲੋਂ ਪ੍ਰਦਾਨ ਕੀਤਾ ਗਿਆ। ਪੂਨਮ ਵਰਮਾ ਦੀ ਇਸ ਉਪਲਬਧੀ ਨਾਲ ਖੰਨਾ ਸ਼ਹਿਰ 'ਚ ਖ਼ੁਸ਼ੀ ਅਤੇ ਮਾਣ ਦਾ ਮਾਹੌਲ ਹੈ। ਪੂਨਮ ਵਰਮਾ ਦਾ ਜਨਮ ਅਤੇ ਪਾਲਣ-ਪੋਸ਼ਣ ਖੰਨਾ ਸ਼ਹਿਰ 'ਚ ਹੋਇਆ। ਉਨ੍ਹਾਂ ਨੇ ਆਪਣੀ ਮੁੱਢਲੀ ਸਿੱਖਿਆ ਖੰਨਾ ਦੇ ਹਿੰਦੀ ਪੁਤਰੀ ਪਾਠਸ਼ਾਲਾ ਸਕੂਲ ਤੋਂ ਪ੍ਰਾਪਤ ਕੀਤੀ, ਜਿੱਥੋਂ ਉਨ੍ਹਾਂ ਨੇ ਦਸਵੀਂ ਕਲਾਸ ਪਾਸ ਕੀਤੀ। ਇਸ ਤੋਂ ਬਾਅਦ ਉਨ੍ਹਾਂ ਨੇ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਖੰਨਾ ਤੋਂ ਬਾਰ੍ਹਵੀਂ ਦੀ ਪੜ੍ਹਾਈ ਪੂਰੀ ਕੀਤੀ। ਬਚਪਨ ਤੋਂ ਹੀ ਪੜ੍ਹਾਈ 'ਚ ਹੋਣਹਾਰ ਅਤੇ ਸੇਵਾ ਭਾਵਨਾ ਰੱਖਣ ਵਾਲੀ ਪੂਨਮ ਨੇ ਨਰਸਿੰਗ ਖੇਤਰ 'ਚ ਕਰੀਅਰ ਬਣਾਉਣ ਦਾ ਫ਼ੈਸਲਾ ਕੀਤਾ। ਉਨ੍ਹਾਂ ਨੇ ਰਾਜਿੰਦਰਾ ਹਸਪਤਾਲ ਪਟਿਆਲਾ ਤੋਂ ਜੀਐਨਐਮ ਦੀ ਪੜ੍ਹਾਈ ਪੂਰੀ ਕੀਤੀ ਅਤੇ ਸਾਲ



2001 'ਚ ਜੀਐਮਸੀਐਚ-32 ਚੰਡੀਗੜ੍ਹ 'ਚ ਸਟਾਫ ਨਰਸ ਵਜੋਂ ਨੌਕਰੀ ਸ਼ੁਰੂ ਕੀਤੀ। ਆਪਣੀ ਡਿਊਟੀ ਦੌਰਾਨ ਉਨ੍ਹਾਂ ਨੇ ਇਮਾਨਦਾਰੀ, ਮਿਹਨਤ ਅਤੇ ਸਮਰਪਣ ਨਾਲ ਮਰੀਜ਼ਾਂ ਦੀ ਸੇਵਾ ਕੀਤੀ। ਨੌਕਰੀ ਦੇ ਨਾਲ-ਨਾਲ ਉਨ੍ਹਾਂ ਨੇ ਅਪਣੀ ਪੜ੍ਹਾਈ ਵੀ ਜਾਰੀ ਰੱਖੀ। ਉਨ੍ਹਾਂ ਨੇ ਸੀਐਮਸੀ ਲੁਧਿਆਣਾ ਤੋਂ ਬੀਐੱਸਸੀ ਨਰਸਿੰਗ ਅਤੇ ਪੀਜੀਆਈ ਚੰਡੀਗੜ੍ਹ ਤੋਂ ਐਮਐੱਸਸੀ ਨਰਸਿੰਗ ਦੀ ਡਿਗਰੀ ਹਾਸਲ ਕੀਤੀ। ਪੂਨਮ ਵਰਮਾ ਸਿਰਫ਼ ਇਕ ਨਰਸ ਵਜੋਂ ਹੀ ਨਹੀਂ, ਸਗੋਂ ਸਮਾਜ ਸੇਵਾ ਦੇ ਖੇਤਰ 'ਚ ਵੀ ਕਾਫੀ ਸਰਗਰਮ ਰਹੀ। ਉਨ੍ਹਾਂ ਨੇ ਮਹਿਲਾਵਾਂ 'ਚ ਬ੍ਰੈਸਟ ਕੈਂਸਰ ਪ੍ਰਤੀ ਜਾਗਰੂਕਤਾ ਫੈਲਾਉਣ ਲਈ ਕਈ ਮੁਹਿੰਮਾਂ ਚਲਾਈਆਂ। ਇਸ ਤੋਂ ਇਲਾਵਾ ਉਹ ਨਰਸਿੰਗ ਸਟਾਫ ਲਈ ਕਰਵਾਏ ਜਾਂਦੇ ਵੱਖ-ਵੱਖ ਟਰੇਨਿੰਗ ਪ੍ਰੋਗਰਾਮਾਂ ਦੀ ਕੋਆਰਡੀਨੇਟਰ ਵੀ ਰਹੀ। ਵਰਤਮਾਨ ਸਮੇਂ 'ਚ ਉਹ ਕਾਲਜ ਆਫ ਨਰਸਿੰਗ, ਜੀਐਮਸੀਐਚ-32 ਚੰਡੀਗੜ੍ਹ 'ਚ ਟਿਊਟਰ ਵਜੋਂ ਸੇਵਾਵਾਂ ਨਿਭਾ ਰਹੀ ਹੈ।

ਉਨ੍ਹਾਂ ਦੀ ਇਸ ਉਪਲਬਧੀ 'ਤੇ ਖੰਨਾ ਸ਼ਹਿਰ ਦੇ ਲੋਕਾਂ 'ਚ ਖਾਸ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ। ਅਧਿਆਪਕਾਂ, ਸਮਾਜਸੇਵੀਆਂ ਅਤੇ ਸ਼ਹਿਰ ਵਾਸੀਆਂ ਨੇ ਇਸ ਨੂੰ ਖੰਨਾ ਲਈ ਮਾਣ ਵਾਲਾ ਪਲ ਦੱਸਿਆ ਹੈ। ਲੋਕਾਂ ਦਾ ਕਹਿਣਾ ਹੈ ਕਿ ਪੂਨਮ ਵਰਮਾ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਮਿਹਨਤ ਅਤੇ ਲਗਨ ਨਾਲ ਛੋਟੇ ਸ਼ਹਿਰਾਂ ਦੀਆਂ ਧੀਆਂ ਵੀ ਰਾਸ਼ਟਰੀ ਪੱਧਰ 'ਤੇ ਆਪਣੀ ਪਹਿਚਾਣ ਬਣਾ ਸਕਦੀਆਂ ਹਨ।

ਪੂਨਮ ਵਰਮਾ ਦੇ ਪਤੀ ਐੱਸ. ਨਈਅਰ ਵੀ ਸਿਹਤ ਸੇਵਾਵਾਂ ਨਾਲ ਜੁੜੇ ਹੋਏ ਹਨ ਅਤੇ ਪੀਜੀਆਈ ਚੰਡੀਗੜ੍ਹ 'ਚ ਸੀਨੀਅਰ ਨਰਸਿੰਗ ਅਫਸਰ ਦੇ ਅਹੁਦੇ 'ਤੇ ਤਾਇਨਾਤ ਹਨ। ਦੋਵੇਂ ਪਤੀ-ਪਤਨੀ ਸਿਹਤ ਸੇਵਾ ਦੇ ਖੇਤਰ 'ਚ ਪੂਰੇ ਸਮਰਪਣ ਨਾਲ ਕੰਮ ਕਰ ਰਹੇ ਹਨ। ਖੰਨਾ ਦੀ ਧੀ ਨੂੰ ਮਿਲੇ ਇਸ ਵੱਡੇ ਸਨਮਾਨ ਨੇ ਸ਼ਹਿਰ ਦੇ ਨੌਜਵਾਨਾਂ, ਖਾਸ ਕਰਕੇ ਲੜਕੀਆਂ ਨੂੰ ਨਵੀਂ ਪ੍ਰੇਰਣਾ ਦਿੱਤੀ ਹੈ। ਸ਼ਹਿਰ ਵਾਸੀਆਂ ਨੇ ਉਮੀਦ ਜਤਾਈ ਕਿ ਪੂਨਮ ਵਰਮਾ ਅੱਗੇ ਵੀ ਇਸੇ ਤਰ੍ਹਾਂ ਸਮਾਜ ਅਤੇ ਦੇਸ਼ ਦੀ ਸੇਵਾ ਕਰਦੀ ਰਹੇਗੀ।

# ਭਾਈ ਜਗਤਾਰ ਸਿੰਘ ਹਵਾਰਾ ਨੇ ਮੰਗੀ ਚਾਰ ਹਫ਼ਤਿਆਂ ਦੀ ਪੈਰੋਲ

## ਬਿਮਾਰ ਮਾਂ ਦੀ ਦੇਖਭਾਲ ਦਾ ਦਿੱਤਾ ਹਵਾਲਾ




ਚੰਡੀਗੜ੍ਹ : ਬੰਦੀ ਸਿੰਘ ਜਗਤਾਰ ਸਿੰਘ ਹਵਾਰਾ ਵੱਲੋਂ ਆਪਣੀ ਬਿਮਾਰ ਮਾਂ ਦੀ ਦੇਖਭਾਲ ਲਈ ਮੰਗੀ ਗਈ ਚਾਰ ਹਫ਼ਤਿਆਂ ਦੀ ਪੈਰੋਲ ਦਾ ਮਾਮਲਾ ਹੁਣ ਅਧਿਕਾਰ ਖੇਤਰ (Jurisdiction) ਦੀਆਂ ਉਲਝਣਾਂ ਵਿੱਚ ਫਸ ਗਿਆ ਹੈ। ਪੰਜਾਬ-ਹਰਿਆਣਾ ਹਾਈਕੋਰਟ ਵਿੱਚ ਹੋਈ ਸੁਣਵਾਈ ਦੌਰਾਨ ਚੰਡੀਗੜ੍ਹ ਪ੍ਰਸ਼ਾਸਨ ਨੇ ਹਵਾਰਾ ਦੀ ਅਰਜ਼ੀ 'ਤੇ ਆਪਣਾ ਜਵਾਬ ਦਾਖਲ ਕੀਤਾ ਹੈ।

ਚੰਡੀਗੜ੍ਹ ਦੇ ਸੰਯੁਕਤ ਇੰਸਪੈਕਟਰ ਜਨਰਲ ਆਫ਼ ਜੇਲ੍ਹਜ਼ ਨੇ ਅਦਾਲਤ ਨੂੰ ਦੱਸਿਆ ਕਿ ਜਗਤਾਰ ਸਿੰਘ ਹਵਾਰਾ ਇਸ ਸਮੇਂ ਦਿੱਲੀ ਦੀ ਮੰਡੋਲੀ ਕੇਂਦਰੀ ਜੇਲ੍ਹ ਵਿੱਚ ਬੰਦ ਹੈ। ਨਿਯਮਾਂ ਅਨੁਸਾਰ ਚੰਡੀਗੜ੍ਹ ਜੇਲ੍ਹ ਸੁਪਰਡੈਂਟ ਸਿਰਫ਼ ਉਨ੍ਹਾਂ ਕੈਦੀਆਂ ਨੂੰ ਪੈਰੋਲ ਦੇ ਸਕਦਾ ਹੈ ਜੋ ਚੰਡੀਗੜ੍ਹ ਦੀਆਂ ਜੇਲ੍ਹਾਂ ਵਿੱਚ ਬੰਦ ਹੋਣ। ਇਸ ਲਈ, ਹਵਾਰਾ ਨੂੰ ਪੈਰੋਲ ਲਈ ਦਿੱਲੀ ਪ੍ਰਸ਼ਾਸਨ ਕੋਲ ਹੀ ਪਹੁੰਚ ਕਰਨੀ ਚਾਹੀਦੀ ਹੈ। ਜਗਤਾਰ ਸਿੰਘ ਹਵਾਰਾ ਪਿਛਲੇ 28 ਸਾਲ 9 ਮਹੀਨਿਆਂ ਤੋਂ ਜੇਲ੍ਹ ਵਿੱਚ ਬੰਦ ਹੈ। ਉਸ ਨੇ ਅਦਾਲਤ ਵਿੱਚ ਦੱਸਿਆ ਕਿ ਉਸ ਨੇ ਆਪਣੀ ਪੂਰੀ ਸਜ਼ਾ ਦੌਰਾਨ ਪਹਿਲਾਂ ਕਦੇ ਪੈਰੋਲ ਦੀ ਮੰਗ ਨਹੀਂ ਕੀਤੀ। ਓਹਨਾਂ ਦੀ ਮਾਤਾ (81 ਸਾਲ) ਪਾਰਕਿੰਸਨ'ਸ ਅਤੇ ਹਾਈਪਰਟੈਨਸ਼ਨ ਵਰਗੀਆਂ ਗੰਭੀਰ ਬਿਮਾਰੀਆਂ ਨਾਲ ਜੂਝ ਰਹੀ ਹੈ, ਜਿਸ ਕਾਰਨ ਓਹਨਾਂ ਨੂੰ ਚਾਰ ਹਫ਼ਤਿਆਂ ਦੀ ਪੈਰੋਲ ਚਾਹੀਦੀ ਹੈ।

ਫ਼ਤਹਿਗੜ੍ਹ ਸਾਹਿਬ ਦੇ ਪਿੰਡ ਹਵਾਰਾ ਕਲਾਂ ਦੀ ਪੰਚਾਇਤ ਨੇ ਵੀ ਉਸ ਦੀ ਪੈਰੋਲ ਲਈ ਸਹਿਮਤੀ ਦਿੱਤੀ ਹੋਈ ਹੈ। ਹਵਾਰਾ ਦੇ ਵਕੀਲ ਅਨੁਸਾਰ, ਦਿੱਲੀ ਸਰਕਾਰ ਨੇ ਪਹਿਲਾਂ ਇਹ ਕਹਿ ਕੇ ਪੈਰੋਲ ਦੇਣ ਤੋਂ ਇਨਕਾਰ ਕਰ ਦਿੱਤਾ ਸੀ ਕਿ ਕਿਉਂਕਿ ਸਜ਼ਾ ਚੰਡੀਗੜ੍ਹ ਦੀ ਅਦਾਲਤ ਨੇ ਸੁਣਾਈ ਹੈ, ਇਸ ਲਈ ਫੈਸਲਾ ਚੰਡੀਗੜ੍ਹ ਪ੍ਰਸ਼ਾਸਨ ਹੀ ਲਵੇਗਾ। ਦੂਜੇ ਪਾਸੇ ਚੰਡੀਗੜ੍ਹ ਪ੍ਰਸ਼ਾਸਨ ਹੁਣ ਕੈਦੀ ਦੇ ਦਿੱਲੀ ਜੇਲ੍ਹ ਵਿੱਚ ਹੋਣ ਦਾ ਹਵਾਲਾ ਦੇ ਰਿਹਾ ਹੈ। ਹਾਈ ਕੋਰਟ ਨੇ ਚੰਡੀਗੜ੍ਹ ਪ੍ਰਸ਼ਾਸਨ ਦੇ ਜਵਾਬ 'ਤੇ ਹਵਾਰਾ ਦੇ ਵਕੀਲ ਨੂੰ ਅਗਲੀ ਸੁਣਵਾਈ 'ਤੇ ਆਪਣਾ ਪੱਖ ਪੇਸ਼ ਕਰਨ ਦੇ ਹੁਕਮ ਦਿੱਤੇ ਹਨ। ਫਿਲਹਾਲ ਮਾਮਲੇ ਦੀ ਸੁਣਵਾਈ ਮੁਲਤਵੀ ਕਰ ਦਿੱਤੀ ਗਈ ਹੈ।

# ਫਤਹਿ ਮਾਰਚ ਵਿੱਚ ਬਾਬਾ ਬਲਬੀਰ ਸਿੰਘ ਸਮੇਤ ਗੁਰੂ ਦੀਆਂ ਲਾਡਲੀਆਂ ਫੌਜਾਂ ਨੇ ਵੱਧ ਚੜ੍ਹ ਕੇ ਹਾਜ਼ਰੀ ਭਰੀ

## ਸ਼੍ਰੋ: ਕਮੇਟੀ ਤੇ ਨਿਹੰਗ ਸਿੰਘ ਫੌਜਾਂ ਨੇ ਰੱਲ ਕੇ ਫਤਹਿ ਮਾਰਚ ਕੱਢਿਆ

ਸ੍ਰੀ ਫਤਹਿਗੜ੍ਹ ਸਾਹਿਬ : ਸਰਹੰਦ ਫਤਹਿ ਦਿਵਸ ਦੀ 316ਵੀਂ ਵਰ੍ਹੇਗੰਢ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਚਲਦਾ ਵਹੀਰ ਵੱਲੋਂ ਗੁਰਦੁਆਰਾ ਸ੍ਰੀ ਫਤਹਿ-ਏ-ਜੰਗ ਸਾਹਿਬ ਚੱਪੜਚਿੱੜੀ ਤੋਂ ਵਿਸ਼ੇਸ਼ ਯਾਦਗਾਰੀ ਫਤਹਿ ਮਾਰਚ ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ ਤੀਕ ਸਿੱਖੀ ਮਾਣ ਮਰਯਾਦਾ ਖਾਲਸਾਈ ਪ੍ਰੰਪਰਾਵਾਂ ਤੇ ਰਹੁਰੀਤਾਂ ਅਨੁਸਾਰ ਖਾਲਸਾਈ ਜੈਕਾਰਿਆਂ ਦੀ ਗੂੰਜ ਵਿੱਚ ਕੱਢਿਆ ਗਿਆ। ਨਿਹੰਗ ਸਿੰਘਾਂ ਨੇ ਮਾਹੌਲ ਵਿੱਚ ਇਕ ਨਵੀਂ ਤਾਜ਼ਗੀ ਭਰ ਦਿੱਤੀ। ਇਸ ਮੌਕੇ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਆਪਣੇ ਸੰਬੋਧਨ ਵਿੱਚ ਕਿਹਾ ਦਸਮ ਪਿਤਾ ਵੱਲੋਂ ਥਾਪੜਾ ਦੇ ਤੌਰੇ ਬਾਬਾ ਬੰਦਾ ਸਿੰਘ ਬਹਾਦਰ ਤੇ ਖਾਲਸਾ ਫੌਜ ਨੇ ਡੱਟ ਕੇ ਜਬਰ ਜ਼ੁਲਮ ਵਿਰੁੱਧ ਲੜਾਈ ਲੜੀ ਅਤੇ ਜਾਲਮਾਂ ਦਾ ਨਾਸ਼ ਕੀਤਾ ਅਤੇ ਖਾਲਸਾ ਰਾਜ ਦੀ ਸਥਾਪਨਾ ਕੀਤੀ। ਉਨ੍ਹਾਂ ਸਰਹੰਦ ਨੂੰ ਫਤਹਿ ਕਰਨ ਦਾ ਸਮੁੱਚਾ ਇਤਿਹਾਸ ਵੀ ਸੰਗਤ ਨਾਲ ਸਾਂਝਾ ਕੀਤਾ। ਉਨ੍ਹਾਂ ਕਿਹਾ ਦਸਮ ਪਿਤਾ ਦੇ ਪ੍ਰੀਵਾਰ ਨੂੰ ਸ਼ਹੀਦ ਕਰਨ ਵਾਲਿਆਂ ਤੇ ਖਾਲਸਾ ਪੰਥ



ਵਿਰੁੱਧ ਸਾਜਸਾਂ ਰੱਚਣ ਵਾਲਿਆਂ ਨੂੰ ਸੌਧਿਆ ਗਿਆ। ਸਰਹੰਦ ਫਤਹਿ ਦਾ ਖਾਲਸਾ ਫੌਜਾਂ ਦਾ ਸ਼ਾਨਾਮੱਤਾ ਇਤਿਹਾਸ ਹੈ ਜਿਸ ਤੋਂ ਹਰੇਕ ਸਿੱਖ ਨੂੰ ਜਾਣੂੰ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਅੱਜ ਵੀ ਸਾਨੂੰ ਆਪਣੇ ਇਤਿਹਾਸ ਤੋਂ ਸਬਕ ਸਿੱਖਣ ਦੀ ਲੋੜ ਹੈ। ਇਸ ਮੌਕੇ ਸਿੰਘ ਸਾਹਿਬ ਗਿ. ਕੁਲਦੀਪ ਸਿੰਘ ਗੜਗੱਜ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਗੁ: ਸਾਹਿਬ ਦੇ ਮੈਨੇਜਰ ਸੁ: ਗੁਰਦੀਪ ਸਿੰਘ ਕੰਗ, ਸ. ਅਵਤਾਰ ਸਿੰਘ ਰੀਆ ਮੈਂਬਰ ਸ਼੍ਰੋ: ਗੁ: ਪ੍ਰ ਕਮੇਟੀ, ਸ਼੍ਰੋਮਣੀ ਕਮੇਟੀ ਮੈਂਬਰ ਬੀਬੀ ਪਰਮਜੀਤ ਕੌਰ ਲਾਂਡਰਾ, ਬਾਬਾ ਹਰਜਿੰਦਰ ਸਿੰਘ ਕਥਾਵਾਚਕ, ਗਿ. ਅਵਤਾਰ ਸਿੰਘ ਗ੍ਰੰਥੀ ਜੋਤੀ ਸਰੂਪ, ਸ. ਪਰਮਿੰਦਰ ਸਿੰਘ, ਸ. ਸਰਿੰਦਰ ਸਿੰਘ ਕਿਸ਼ਨਪੁਰਾ, ਬਾਬਾ ਵਿਸ਼ਵਪ੍ਰਤਾਪ ਸਿੰਘ, ਬਾਬਾ ਗੁਰਮੁਖ ਸਿੰਘ, ਬਾਬਾ ਮਲੂਕ ਸਿੰਘ ਲਾਡੀ, ਬਾਬਾ ਪਰਮਜੀਤ ਸਿੰਘ ਮਹਾਂਕਾਲ, ਬਾਬਾ ਗੁਰਸ਼ੇਰ ਸਿੰਘ, ਆਦਿ ਹਾਜ਼ਰ ਸਨ। ਸਟੇਜ ਦੀ ਸੇਵਾ ਗਿ. ਜਤਿੰਦਰ ਸਿੰਘ ਪ੍ਰਚਾਰਕ ਨੇ ਬਾਖੂਬੀ ਨਿਭਾਈ।

# ਕੇਂਦਰੀ ਏਜੰਸੀਆਂ ਦੀ ਦੁਰਵਰਤੋਂ 'ਤੇ ਅਮਨ ਅਰੋੜਾ ਦਾ ਭਾਜਪਾ 'ਤੇ ਤਿੱਖਾ ਹਮਲਾ




ਚੰਡੀਗੜ੍ਹ: ਪੰਜਾਬ ਦੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਵਿਜੀਲੈਂਸ ਦਫ਼ਤਰ 'ਤੇ ਸੀਬੀਆਈ (CBI) ਦੀ ਛਾਪੇਮਾਰੀ ਨੂੰ ਭਾਜਪਾ ਦੀ 'ਸਿਆਸੀ ਬਦਲਾਖੋਰੀ' ਕਰਾਰ ਦਿੱਤਾ ਹੈ। ਪ੍ਰੈਸ ਕਾਨਫਰੰਸ ਦੌਰਾਨ ਉਨ੍ਹਾਂ ਦੋਸ਼ ਲਾਇਆ ਕਿ ਭਾਜਪਾ ਆਪਣੀ ਨਾਕਾਮੀ ਲੁਕਾਉਣ ਲਈ 54 ਅਤੇ 329 ਰਾਹੀਂ ਸੂਬਾ ਸਰਕਾਰਾਂ ਨੂੰ ਡਰਾ ਰਹੀ ਹੈ, ਜੋ ਦੇਸ਼ ਦੇ ਫੈਡਰਲ ਢਾਂਚੇ ਲਈ ਵੱਡਾ ਖ਼ਤਰਾ ਹੈ। ਅਰੋੜਾ ਨੇ ਸਵਾਲ ਚੁੱਕਿਆ ਕਿ ਭ੍ਰਿਸ਼ਟ ਆਗੂ ਭਾਜਪਾ 'ਚ ਸ਼ਾਮਲ ਹੁੰਦਿਆਂ ਹੀ ਕਿਵੇਂ 'ਬੇਦਾਗ਼' ਹੋ ਜਾਂਦੇ ਹਨ? ਉਨ੍ਹਾਂ ਪੀਐਮ ਮੋਦੀ ਦੀਆਂ ਹਾਲੀਆ ਅਪੀਲਾਂ ਨੂੰ ਕਿਸੇ ਨਵੇਂ ਵਿਵਾਦਿਤ ਫ਼ੈਸਲੇ (ਜਿਵੇਂ ਨੋਟਬੰਦੀ) ਦੀ ਤਿਆਰੀ ਦੱਸਦਿਆਂ ਕਿਹਾ ਕਿ 'ਆਪ' ਭਾਜਪਾ ਦੀ ਇਸ 'ਗੁੰਡਾਗਰਦੀ' ਅੱਗੇ ਝੁਕਣ ਵਾਲੀ ਨਹੀਂ ਹੈ।

# ਮੁੱਖ ਮੰਤਰੀ ਨੇ ਦਸਵੀਂ ਦੀ ਪ੍ਰੀਖਿਆ ਵਿੱਚ ਮੋਹਰੀ ਰਹਿਣ ਵਾਲੇ ਤਿੰਨ ਵਿਦਿਆਰਥੀਆਂ ਨੂੰ ਕੀਤਾ ਸਨਮਾਨਿਤ



ਚੰਡੀਗੜ੍ਹ : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਲੰਘੇ ਦਿਨ ਐਲਾਨੇ 10ਵੀਂ ਜਮਾਤ ਦੇ ਨਤੀਜਿਆਂ ਵਿੱਚ ਪਹਿਲੇ ਤਿੰਨ ਥਾਵਾਂ ਉੱਤੇ ਰਹਿਣ ਵਾਲੇ ਤਿੰਨ ਵਿਦਿਆਰਥੀਆਂ ਨੂੰ ਚੰਡੀਗੜ੍ਹ ਵਿੱਚ ਸਨਮਾਨਿਤ ਕੀਤਾ। ਦਸਵੀਂ ਦੀ ਪ੍ਰੀਖਿਆ ਵਿੱਚ ਹਰਲੀਨ ਸ਼ਰਮਾ ਨੇ 99.38 ਫੀਸਦ ਅੰਕਾਂ ਨਾਲ ਪਹਿਲਾ ਸਥਾਨ ਅਤੇ ਮਨੀਮਹੇਸ਼ ਸ਼ਰਮਾ ਤੇ ਰੀਆ ਰਾਣੀ ਨੂੰ 99.23 ਫੀਸਦ ਅੰਕਾਂ ਨਾਲ ਕ੍ਰਮਵਾਰ ਦੂਜਾ ਤੇ ਤੀਜਾ ਸਥਾਨ ਪ੍ਰਾਪਤ ਕੀਤਾ ਹੈ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਇਨ੍ਹਾਂ ਹੋਣਹਾਰ ਬੱਚਿਆਂ ਦੀ ਅਣਥੱਕ ਮਿਹਨਤ, ਉਨ੍ਹਾਂ ਦੇ ਮਾਪਿਆਂ ਦੀਆਂ ਅਰਦਾਸਾਂ ਅਤੇ ਅਧਿਆਪਕਾਂ ਦੇ ਸਹੀ ਮਾਰਗਦਰਸ਼ਨ ਸਦਕਾ ਅੱਜ ਪੂਰੇ ਪੰਜਾਬ ਦਾ ਸਿਰ ਮਾਣ ਨਾਲ ਉੱਚਾ ਹੋਇਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸਿੱਖਿਆ ਦੇ ਬੁਨਿਆਦੀ ਢਾਂਚੇ ਨੂੰ ਹੋਰ ਮਜ਼ਬੂਤ ਕਰਨ ਲਈ ਨਿਰੰਤਰ ਯਤਨਸ਼ੀਲ ਹੈ ਤਾਂ ਜੋ ਪਿੰਡਾਂ ਅਤੇ ਸ਼ਹਿਰਾਂ ਦੇ ਹਰ ਬੱਚੇ ਨੂੰ ਅਜਿਹੀਆਂ ਉੱਚੀਆਂ ਉਡਾਣਾਂ ਭਰਨ ਦੇ ਬਰਾਬਰ ਮੌਕੇ ਮਿਲ ਸਕਣ। ਉਨ੍ਹਾਂ ਨੇ ਸਾਰੇ ਸਫ਼ਲ ਵਿਦਿਆਰਥੀਆਂ ਦੇ ਰੌਸ਼ਨ ਭਵਿੱਖ ਦੀ ਕਾਮਨਾ ਕਰਦਿਆਂ ਕਿਹਾ ਕਿ ਉਹ ਇਸੇ ਤਰ੍ਹਾਂ ਅੱਗੇ ਵਧਦੇ ਹੋਏ ਦੇਸ਼ ਤੇ ਦੁਨੀਆ ਵਿੱਚ ਪੰਜਾਬ ਦਾ ਨਾਂ ਚਮਕਾਉਣਗੇ।

# ਪੰਜਾਬ 'ਚ ਵਧਦੇ ਅਪਰਾਧਾਂ ਵਿਚਾਲੇ ਪੁਲਿਸ ਨੂੰ ਵੱਡੀ ਸਫ਼ਲਤਾ : ATM ਲੁੱਟਣ ਵਾਲਾ ਅੰਤਰ-ਜ਼ਿਲ੍ਹਾ ਗਿਰੋਹ ਕਾਬੂ



ਜਲੰਧਰ: ਪੰਜਾਬ 'ਚ ਲਗਾਤਾਰ ਵੱਧ ਰਹੀਆਂ ਲੁੱਟ-ਖੋਹ, ਕਤਲ ਅਤੇ ਨਸ਼ਾ ਤਸਕਰੀ ਦੀਆਂ ਘਟਨਾਵਾਂ ਦਰਮਿਆਨ ਜਲੰਧਰ ਪੁਲਿਸ ਨੇ ATM ਲੁੱਟਣ ਵਾਲੇ ਇੱਕ ਖ਼ਤਰਨਾਕ ਗਿਰੋਹ ਦੇ ਤਿੰਨ ਮੈਂਬਰਾਂ—ਕਮਲਜੀਤ ਸਿੰਘ, ਗੁਰਪ੍ਰੀਤ ਸਿੰਘ ਅਤੇ ਹਰਪ੍ਰੀਤ ਸਿੰਘ—ਨੂੰ ਗ੍ਰਿਫ਼ਤਾਰ ਕਰਕੇ ਵੱਡੀ ਰਾਹਤ ਦਿੱਤੀ ਹੈ। ਐਸ.ਐਸ.ਪੀ. ਹਰਵਿੰਦਰ ਸਿੰਘ ਵਿਰਕ ਨੇ ਦੱਸਿਆ ਕਿ ਇਹ ਗਿਰੋਹ ਗੈਸ ਕਟਰ ਨਾਲ ATM ਤੋੜ ਕੇ ਲੁੱਟ ਦੀਆਂ ਵਾਰਦਾਤਾਂ ਨੂੰ ਅੰਜਾਮ ਦਿੰਦਾ ਸੀ। ਪੁਲਿਸ ਨੇ ਮੁਲਜ਼ਮਾਂ ਕੋਲੋਂ ਵਾਰਦਾਤ 'ਚ ਵਰਤੇ ਸੰਦ, ਇੱਕ ਗੱਡੀ ਅਤੇ ਲੁੱਟੀ ਗਈ ਨਕਦੀ ਬਰਾਮਦ ਕਰ ਲਈ ਹੈ। ਮੁਲਜ਼ਮਾਂ ਤੋਂ ਪੁੱਛਗਿੱਛ ਜਾਰੀ ਹੈ, ਜਿਸ ਤੋਂ ਕਈ ਹੋਰ ਅਹਿਮ ਖ਼ੁਲਾਸੇ ਹੋਣ ਦੀ ਉਮੀਦ ਹੈ।

# ਪ੍ਰਧਾਨ ਮੰਤਰੀ ਦੀ ਸੋਨਾ ਨਾ ਖਰੀਦਣ ਦੀ ਅਪੀਲ ਖ਼ਿਲਾਫ਼ ਸਮਾਜਵਾਦੀ ਪਾਰਟੀ ਦਾ ਪ੍ਰਦਰਸ਼ਨ, ਪੁਲਿਸ ਨੇ ਕੀਤੀ ਹਿਰਾਸਤ














ਲਖਨਊ : ਉੱਤਰ ਪ੍ਰਦੇਸ਼ ਦੀ ਰਾਜਧਾਨੀ ਲਖਨਊ ਵਿੱਚ ਉਸ ਸਮੇਂ ਹੰਗਾਮਾ ਦੇਖਣ ਨੂੰ ਮਿਲਿਆ ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਦੇਸ਼ ਵਾਸੀਆਂ ਨੂੰ ਇੱਕ ਸਾਲ ਤੱਕ ਸੋਨਾ ਨਾ ਖਰੀਦਣ ਦੀ ਕੀਤੀ ਗਈ ਅਪੀਲ ਦੇ ਵਿਰੋਧ ਵਿੱਚ ਸਮਾਜਵਾਦੀ ਪਾਰਟੀ (ਸਪਾ) ਦੀਆਂ ਮਹਿਲਾ ਵਰਕਰਾਂ ਸੜਕਾਂ 'ਤੇ ਉਤਰ ਆਈਆਂ।

ਵਿਧਾਨ ਭਵਨ ਦੇ ਬਾਹਰ ਪ੍ਰਦਰਸ਼ਨ

ਸਮਾਜਵਾਦੀ ਪਾਰਟੀ ਦੀਆਂ ਮਹਿਲਾ ਵਰਕਰਾਂ ਨੇ ਅੱਜ ਲਖਨਊ ਵਿੱਚ ਵਿਧਾਨ ਭਵਨ ਦੇ ਬਾਹਰ ਇਕੱਠੇ ਹੋ ਕੇ ਕੇਂਦਰ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ। ਪ੍ਰਦਰਸ਼ਨਕਾਰੀਆਂ ਦਾ ਕਹਿਣਾ ਸੀ ਕਿ ਪ੍ਰਧਾਨ ਮੰਤਰੀ ਦੀ ਇਹ ਅਪੀਲ ਆਮ ਲੋਕਾਂ, ਖਾਸ ਕਰਕੇ ਔਰਤਾਂ ਅਤੇ ਸੋਨੇ ਦੇ ਕਾਰੋਬਾਰ ਨਾਲ ਜੁੜੇ ਲੋਕਾਂ ਦੀਆਂ ਭਾਵਨਾਵਾਂ ਅਤੇ ਰੋਜ਼ੀ-ਰੋਟੀ 'ਤੇ ਸਿੱਧਾ ਹਮਲਾ ਹੈ।

ਪੁਲਿਸ ਦੀ ਸਖ਼ਤ ਕਾਰਵਾਈ

ਵਿਧਾਨ ਭਵਨ ਦੇ ਬਾਹਰ ਸਥਿਤੀ ਤਣਾਅਪੂਰਨ ਹੋਣ 'ਤੇ ਮੌਕੇ 'ਤੇ ਪਹੁੰਚੀ ਪੁਲਿਸ ਨੇ ਪ੍ਰਦਰਸ਼ਨਕਾਰੀਆਂ ਨੂੰ ਉੱਥੋਂ ਹਟਾਉਣ ਦੀ ਕੋਸ਼ਿਸ਼ ਕੀਤੀ। ਜਦੋਂ ਮਹਿਲਾ ਵਰਕਰਾਂ ਨੇ ਪ੍ਰਦਰਸ਼ਨ ਜਾਰੀ ਰੱਖਿਆ, ਤਾਂ ਪੁਲਿਸ ਨੇ ਕਾਨੂੰਨ ਵਿਵਸਥਾ ਬਣਾਈ ਰੱਖਣ ਲਈ ਕਈ ਮਹਿਲਾ ਵਰਕਰਾਂ ਨੂੰ ਹਿਰਾਸਤ (Detain) ਵਿੱਚ ਲੈ ਲਿਆ ਅਤੇ ਉਨ੍ਹਾਂ ਨੂੰ ਪੁਲਿਸ ਵੈਨਾਂ ਵਿੱਚ ਬਿਠਾ ਕੇ ਉੱਥੋਂ ਭੇਜ ਦਿੱਤਾ।

ਕਿਉਂ ਹੋ ਰਿਹਾ ਹੈ ਵਿਰੋਧ?

**ਸਮਾਜਵਾਦੀ ਪਾਰਟੀ ਦਾ ਦੋਸ਼ ਹੈ ਕਿ:**

**ਆਰਥਿਕ ਮਾਰ:** ਪਾਰਟੀ ਆਗੂਆਂ ਦਾ ਮੰਨਣਾ ਹੈ ਕਿ ਅਜਿਹੀਆਂ ਅਪੀਲਾਂ ਨਾਲ ਦੇਸ਼ ਦੀ ਆਰਥਿਕਤਾ ਦਾ ਅਸਲ ਮੁੱਦਾ ਨਹੀਂ ਹੱਲ ਹੋਵੇਗਾ, ਸਗੋਂ ਇਹ ਸਿਰਫ਼ ਆਮ ਨਾਗਰਿਕਾਂ 'ਤੇ ਹੋਰ ਬੋਝ ਪਾਉਣ ਵਾਲੀ ਗੱਲ ਹੈ।

**ਔਰਤਾਂ ਦੀ ਸੁਰੱਖਿਆ ਤੇ ਮਾਨਤਾ:** ਸੋਨਾ ਭਾਰਤੀ ਪਰਿਵਾਰਾਂ ਅਤੇ ਔਰਤਾਂ ਲਈ ਇੱਕ ਸੁਰੱਖਿਆ ਕਵਚ ਵਾਂਗ ਹੈ ਅਤੇ ਇਸ ਨੂੰ ਖਰੀਦਣ ਤੋਂ ਰੋਕਣਾ ਉਨ੍ਹਾਂ ਦੇ ਅਧਿਕਾਰਾਂ ਵਿੱਚ ਦਖਲਅੰਦਾਜ਼ੀ ਹੈ।

ਇਸ ਪ੍ਰਦਰਸ਼ਨ ਨੇ ਲਖਨਊ ਦੇ ਸਿਆਸੀ ਮਾਹੌਲ ਵਿੱਚ ਇੱਕ ਵਾਰ ਫਿਰ ਗਰਮਾਹਟ ਪੈਦਾ ਕਰ ਦਿੱਤੀ ਹੈ। ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਉਕਤ ਸਥਾਨ 'ਤੇ ਧਾਰਾ 144 ਲਾਗੂ ਹੋਣ ਕਾਰਨ ਕਿਸੇ ਵੀ ਤਰ੍ਹਾਂ ਦੇ ਪ੍ਰਦਰਸ਼ਨ ਦੀ ਇਜਾਜ਼ਤ ਨਹੀਂ ਸੀ।

# ਪ੍ਰਧਾਨ ਮੰਤਰੀ ਮੋਦੀ ਦੀ 'ਸੋਨਾ ਨਾ ਖਰੀਦਣ' ਦੀ ਅਪੀਲ 'ਤੇ ਨਿਰਾਸ਼ਾ ਦਾ ਆਲਮ

## ਪ੍ਰਧਾਨ ਮੰਤਰੀ ਮੋਦੀ ਦਾ ਬਿਆਨ ਗੈਰ-ਜ਼ਿੰਮੇਵਾਰ ਅਤੇ ਕਰੋੜਾਂ ਲੋਕਾਂ ਦੇ ਰੁਜਗਾਰ 'ਤੇ ਲੱਤ ਮਾਰਨ ਵਾਲਾ, ਭਾਰਤ ਦੇ ਸੁਨਿਆਰਿਆਂ 'ਚ ਭਾਰੀ ਰੋਸ

ਜਲੰਧਰ: ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਦੇਸ਼ ਦੀ ਆਰਥਿਕਤਾ ਨੂੰ ਮਜ਼ਬੂਤ ਕਰਨ ਅਤੇ ਵਿਦੇਸ਼ੀ ਮੁਦਰਾ ਭੰਡਾਰ (Forex reserves) ਨੂੰ ਬਚਾਉਣ ਲਈ ਨਾਗਰਿਕਾਂ ਨੂੰ ਅਗਲੇ ਇੱਕ ਸਾਲ ਤੱਕ ਭੌਤਿਕ ਸੋਨੇ ਦੀ ਖਰੀਦ ਤੋਂ ਬਚਣ ਦੀ ਕੀਤੀ ਗਈ ਅਪੀਲ ਨੇ ਪੰਜਾਬ ਦੇ ਸਰਾਫ਼ਾ ਵਪਾਰੀਆਂ ਵਿੱਚ ਭਾਰੀ ਰੋਸ ਪੈਦਾ ਕਰ ਦਿੱਤਾ ਹੈ। ਜਲੰਧਰ ਦੇ ਬਾਜ਼ਾਰਾਂ ਵਿੱਚ ਵਪਾਰੀਆਂ ਨੇ ਇਸ ਫੈਸਲੇ ਦਾ ਸਖ਼ਤ ਵਿਰੋਧ ਜਤਾਇਆ ਹੈ।

**ਵਪਾਰੀਆਂ ਦੇ ਇਤਰਾਜ਼ ਅਤੇ ਦਲੀਲਾਂ**

ਸਰਾਫ਼ਾ ਐਸੋਸੀਏਸ਼ਨ ਦੇ ਨੁਮਾਇੰਦਿਆਂ ਦਾ ਮੰਨਣਾ ਹੈ ਕਿ ਇਹ ਅਪੀਲ ਉਨ੍ਹਾਂ ਦੇ ਕਾਰੋਬਾਰ 'ਤੇ ਸਿੱਧਾ ਹਮਲਾ ਹੈ। ਉਨ੍ਹਾਂ ਦੀਆਂ ਮੁੱਖ ਚਿੰਤਾਵਾਂ ਇਸ ਪ੍ਰਕਾਰ ਹਨ:

**ਕਾਰੋਬਾਰ 'ਤੇ ਅਸਰ:** ਵਪਾਰੀਆਂ ਦਾ ਕਹਿਣਾ ਹੈ ਕਿ ਪਹਿਲਾਂ ਹੀ ਮੰਦੀ ਦੀ ਮਾਰ ਝੱਲ ਰਹੇ ਸੋਨੇ ਦੇ ਬਾਜ਼ਾਰ ਵਿੱਚ ਇਸ ਤਰ੍ਹਾਂ ਦੇ ਬਿਆਨ ਨਾਲ ਗਾਹਕਾਂ ਦੀ ਗਿਣਤੀ ਵਿੱਚ ਭਾਰੀ ਗਿਰਾਵਟ ਆਵੇਗੀ।

**ਰੋਜ਼ੀ-ਰੋਟੀ ਦਾ ਸੰਕਟ:** ਜਲੰਧਰ ਦੇ ਕਈ ਪਰਿਵਾਰ ਸਿੱਧੇ ਜਾਂ ਅਸਿੱਧੇ ਤੌਰ 'ਤੇ ਸੋਨੇ ਦੇ ਗਹਿਣਿਆਂ ਦੇ ਨਿਰਮਾਣ ਅਤੇ ਵਿਕਰੀ ਨਾਲ ਜੁੜੇ ਹੋਏ ਹਨ। ਵਪਾਰੀਆਂ ਦਾ ਡਰ ਹੈ ਕਿ ਜੇਕਰ ਵਿਕਰੀ ਘਟਦੀ ਹੈ, ਤਾਂ ਹਜ਼ਾਰਾਂ ਕਾਰੀਗਰਾਂ ਅਤੇ ਛੋਟੇ ਦੁਕਾਨਦਾਰਾਂ ਦੀ ਰੋਜ਼ੀ-ਰੋਟੀ ਖ਼ਤਰੇ ਵਿੱਚ ਪੈ ਜਾਵੇਗੀ।

**ਪ੍ਰੰਪਰਾ ਅਤੇ ਨਿਵੇਸ਼:** ਸਰਾਫ਼ਾ ਵਪਾਰੀਆਂ ਨੇ ਤਰਕ ਦਿੱਤਾ ਹੈ ਕਿ ਭਾਰਤੀ ਸੱਭਿਆਚਾਰ ਵਿੱਚ ਸੋਨਾ ਸਿਰਫ਼ ਇੱਕ ਧਾਤ ਨਹੀਂ, ਸਗੋਂ ਪਰਿਵਾਰਕ ਸੁਰੱਖਿਆ ਅਤੇ ਨਿਵੇਸ਼ ਦਾ ਇੱਕ ਅਹਿਮ ਸਾਧਨ ਹੈ।

**ਆਰਥਿਕ ਸਥਿਤੀ ਬਨਾਮ ਵਪਾਰ**

ਹਾਲਾਂਕਿ ਸਰਕਾਰ ਦਾ ਤਰਕ ਹੈ ਕਿ ਵਿਦੇਸ਼ੀ ਮੁਦਰਾ ਬਚਾਉਣ ਲਈ ਇਹ ਇੱਕ ਜ਼ਰੂਰੀ ਕਦਮ ਹੈ, ਪਰ ਵਪਾਰੀਆਂ ਦਾ ਕਹਿਣਾ ਹੈ ਕਿ ਸਰਕਾਰ ਨੂੰ ਵਪਾਰੀਆਂ ਨਾਲ ਸਲਾਹ-ਮਸ਼ਵਰਾ ਕਰਨ ਤੋਂ ਬਾਅਦ ਕੋਈ ਦਰਮਿਆਨਾ ਰਾਹ ਲੱਭਣਾ ਚਾਹੀਦਾ ਸੀ। ਜਲੰਧਰ ਦੇ ਸਰਾਫ਼ਾ ਬਾਜ਼ਾਰ ਵਿੱਚ ਵਪਾਰੀਆਂ ਨੇ ਚੇਤਾਵਨੀ ਦਿੱਤੀ ਹੈ ਕਿ ਜੇਕਰ ਇਸ ਅਪੀਲ ਨੂੰ ਵਾਪਸ ਨਹੀਂ ਲਿਆ ਗਿਆ ਜਾਂ ਕੋਈ ਬਦਲਵਾਂ ਹੱਲ ਨਹੀਂ ਦਿੱਤਾ ਗਿਆ, ਤਾਂ ਉਹ ਆਉਣ ਵਾਲੇ ਦਿਨਾਂ ਵਿੱਚ ਸੂਬਾ ਪੱਧਰੀ ਰੋਸ ਪ੍ਰਦਰਸ਼ਨ ਕਰ ਸਕਦੇ ਹਨ।

ਸਰਕਾਰ ਅੱਗੇ ਮੰਗ

ਵਪਾਰੀ ਜਥੇਬੰਦੀਆਂ ਨੇ ਮੰਗ ਕੀਤੀ ਹੈ ਕਿ:

1. ਸਰਕਾਰ ਆਪਣੀ ਇਸ ਅਪੀਲ 'ਤੇ ਮੁੜ ਵਿਚਾਰ ਕਰੇ।
2. ਸੋਨੇ ਦੇ ਵਪਾਰ ਨਾਲ ਜੁੜੇ ਲੋਕਾਂ ਲਈ ਕਿਸੇ ਵਿਸ਼ੇਸ਼ ਰਾਹਤ ਪੈਕੇਜ ਜਾਂ ਨੀਤੀ ਦਾ ਐਲਾਨ ਕੀਤਾ ਜਾਵੇ।




3. ਸੋਨੇ ਦੀ ਦਰਾਮਦ (Import) ਨਾਲ ਜੁੜੇ ਨਿਯਮਾਂ ਨੂੰ ਹੋਰ ਸਰਲ ਬਣਾਇਆ ਜਾਵੇ ਤਾਂ ਜੋ ਬਾਜ਼ਾਰ 'ਤੇ ਬਹੁਤ ਜ਼ਿਆਦਾ ਦਬਾਅ ਨਾ ਪਵੇ।

ਇਸ ਮਾਮਲੇ ਨੇ ਦੇਸ਼ ਭਰ ਦੇ ਸਰਾਫ਼ਾ ਵਪਾਰੀਆਂ ਵਿੱਚ ਇੱਕ ਬਹਿਸ ਛੇੜ ਦਿੱਤੀ ਹੈ। ਹੁਣ ਦੇਖਣਾ ਇਹ ਹੋਵੇਗਾ ਕਿ ਕੀ ਸਰਕਾਰ ਆਪਣੀ ਆਰਥਿਕ ਨੀਤੀ ਅਤੇ ਵਪਾਰੀਆਂ ਦੇ ਹਿੱਤਾਂ ਵਿਚਕਾਰ ਕੋਈ ਸੰਤੁਲਨ ਬਣਾ ਸਕੇਗੀ?

# ਕੀ ਨਵੇਂ ਬੇਅਦਬੀ ਕਨੂੰਨ ਕਾਰਨ ਸਿੱਖ ਗੁਰੂ ਗ੍ਰੰਥ ਸਾਹਿਬ ਨਾਲੋਂ ਨਾਤਾ ਤੋੜ ਲੈਣਗੇ

## • ਜਥੇਦਾਰ ਅਕਾਲ ਤਖ਼ਤ, ਸ਼੍ਰੋਮਣੀ ਕਮੇਟੀ, ਮੋਰਚੇ ਬਾਜ਼ ਜ਼ਿੰਮੇਵਾਰ

## • ਜਥੇਦਾਰ ਜੀ ਬਾਦਲਾਂ ਦੀ ਪਿਚ ਉਪਰ ਖੇਡਣ ਦੀ ਥਾਂ ਗੁਰੂ ਗ੍ਰੰਥ ਸਾਹਿਬ ਦਾ ਰੁਤਬਾ ਜਾਗਤਿ ਜੋਤਿ ਬਚਾਉ




ਪੰਜਾਬ ਸਰਕਾਰ ਵੱਲੋਂ ਲਾਗੂ ਕੀਤੇ ਗਏ ਨਵੇਂ ਬੇਅਦਬੀ ਵਿਰੋਧੀ ਕਾਨੂੰਨ (2026) ਨੇ ਅੱਜ ਸਿੱਖ ਜਗਤ ਵਿੱਚ ਇੱਕ ਅਜਿਹੀ ਦੁਬਿਧਾ ਪੈਦਾ ਕਰ ਦਿੱਤੀ ਹੈ, ਜਿਸ ਦੀ ਮਿਸਾਲ ਇਤਿਹਾਸ ਵਿੱਚ ਨਹੀਂ ਮਿਲਦੀ। ਜਿਹੜੀ ਗੁਰਬਾਣੀ ਸਿੱਖ ਨੂੰ 'ਨਿਰਭਉ' ਅਤੇ 'ਨਿਰਵੈਰ' ਹੋਣ ਦਾ ਮਾਰਗ ਦੱਸਦੀ ਹੈ, ਅੱਜ ਉਸੇ ਗੁਰਬਾਣੀ ਦੇ ਪਾਵਨ ਸਰੂਪਾਂ ਅਤੇ ਗੁਟਕਾ ਸਾਹਿਬ ਨੂੰ ਘਰਾਂ ਵਿੱਚ ਰੱਖਣ ਤੋਂ ਸਿੱਖ ਸ਼ਰਧਾਲੂ ਭੈਅ ਖਾ ਰਹੇ ਹਨ।

ਅੰਗਰੇਜ਼ੀ ਦੀ ਪ੍ਰਸਿੱਧ ਅਖ਼ਬਾਰ ਹਿੰਦੋਸਤਾਨ ਟਾਈਮਜ਼ ਅਨੁਸਾਰ ਸੰਗਰੂਰ ਅਤੇ ਹੋਰ ਇਲਾਕਿਆਂ ਤੋਂ ਸੰਗਤਾਂ ਵੱਲੋਂ ਸਮੂਹਿਕ ਤੌਰ 'ਤੇ ਪਾਵਨ ਪੋਥੀਆਂ ਗੁਰਦੁਆਰਿਆਂ ਵਿੱਚ ਜਮ੍ਹਾਂ ਕਰਵਾਈਆਂ ਜਾ ਰਹੀਆਂ ਹਨ। ਸੰਗਰੂਰ ਜ਼ਿਲ੍ਹੇ ਦੇ ਸੁਨਾਮ ਇਲਾਕੇ ਵਿੱਚ ਸੱਤ ਗੁਰਦੁਆਰਾ ਸਾਹਿਬਾਨ ਦੇ ਨੁਮਾਇੰਦਿਆਂ ਨੇ ਸ਼ੁੱਕਰਵਾਰ ਨੂੰ ਗੁਰਦੁਆਰਾ ਨਨਕਿਆਣਾ ਸਾਹਿਬ ਵਿਖੇ ਇਕੱਠੇ ਹੋ ਕੇ ਸ਼ਰਧਾਲੂਆਂ ਵੱਲੋਂ ਮੋੜੇ ਗਏ। 452 ਗੁਟਕਾ ਸਾਹਿਬ ਅਤੇ ਪੋਥੀਆਂ ਜਮ੍ਹਾਂ ਕਰਵਾਈਆਂ ਸਨ। 20 ਅਪ੍ਰੈਲ 2026 ਨੂੰ ਲਾਗੂ ਹੋਏ 'ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ' ਤਹਿਤ ਬੇਅਦਬੀ ਦੇ ਦੋਸ਼ੀਆਂ ਲਈ ਉਮਰ ਕੈਦ ਅਤੇ 25 ਲੱਖ ਰੁਪਏ ਤੱਕ ਦੇ ਜੁਰਮਾਨੇ ਦੀ ਵਿਵਸਥਾ ਹੈ।

ਸ਼ਰਧਾਲੂਆਂ ਦਾ ਮੰਨਣਾ ਹੈ ਕਿ ਨਿਤਨੇਮ ਜਾਂ ਸੇਵਾ ਦੌਰਾਨ ਅਣਜਾਣੇ ਵਿੱਚ ਹੋਈ ਕੋਈ ਵੀ ਗਲਤੀ ਹੁਣ ਉਨ੍ਹਾਂ ਨੂੰ ਜੇਲ੍ਹ ਪਹੁੰਚਾ ਸਕਦੀ ਹੈ। ਕੁਝ ਸਿੱਖਾਂ ਨੇ ਹੁਣ ਘਰਾਂ ਵਿੱਚ ਪਾਠ ਕਰਨ ਦੀ ਬਜਾਏ ਗੁਰਦੁਆਰਾ ਸਾਹਿਬ ਜਾ ਕੇ ਨਿਤਨੇਮ ਕਰਨ ਨੂੰ ਪਹਿਲ ਦੇਣੀ ਸ਼ੁਰੂ ਕਰ ਦਿੱਤੀ ਹੈ।

ਹਿੰਦੋਸਤਾਨ ਟਾਈਮਜ਼ ਦੀ ਖ਼ਬਰ ਅਨੁਸਾਰ ਸੁਨਾਮ ਦੇ ਗੁਰਦੁਆਰਾ ਹਰਗੋਬਿੰਦਪੁਰਾ ਦੇ ਮੁੱਖ ਗ੍ਰੰਥੀ ਸਵਰਨਜੀਤ ਸਿੰਘ ਨੇ ਦੱਸਿਆ ਕਿ ਸਰਕਾਰ ਦੇ ਇਸ ਫੈਸਲੇ ਨੇ ਸ਼ਰਧਾਲੂਆਂ ਦੇ ਮਨਾਂ ਵਿੱਚ ਅਸੁਰੱਖਿਆ ਦੀ ਭਾਵਨਾ ਪੈਦਾ ਕਰ ਦਿੱਤੀ ਹੈ। ਅਜਿਹਾ ਹੀ ਹਾਲ ਸ਼ਹੀਦ ਭਗਤ ਸਿੰਘ ਨਗਰ ਅਤੇ ਹੋਰ ਇਲਾਕਿਆਂ ਵਿੱਚ ਵੀ ਦੇਖਣ ਨੂੰ ਮਿਲ ਰਿਹਾ ਹੈ, ਜਿੱਥੇ ਕਈ ਪਰਿਵਾਰ ਪੋਥੀਆਂ ਵਾਪਸ ਕਰ ਚੁੱਕੇ ਹਨ।

ਇਕ ਡੇਰੇ ਦੇ ਪ੍ਰਧਾਨ ਅਮਰੀਕ ਸਿੰਘ ਬੱਲੋਵਾਲ ਅਨੁਸਾਰ ਹੁਣ ਪਿੰਡਾਂ ਦੀਆਂ ਗੁਰਦੁਆਰਾ ਕਮੇਟੀਆਂ ਵੀ ਸਹਿਜ ਪਾਠ ਜਾਂ ਅਖੰਡ ਪਾਠ ਲਈ ਪਾਵਨ ਸਰੂਪ ਦੇਣ ਤੋਂ ਗੁਰੇਜ਼ ਕਰ ਰਹੀਆਂ ਹਨ, ਕਿਉਂਕਿ ਕਾਨੂੰਨ ਮੁਤਾਬਕ ਕਿਸੇ ਵੀ ਅਣਸੁਖਾਵੀਂ ਘਟਨਾ ਲਈ ਮੁੱਖ ਸੇਵਾਦਾਰ ਜਾਂ ਕਸਟੋਡੀਅਨ ਨੂੰ ਜ਼ਿੰਮੇਵਾਰ ਠਹਿਰਾਇਆ ਜਾਵੇਗਾ।'

— ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪ੍ਰੋਫੈਸਰ ਪਰਮਵੀਰ ਸਿੰਘ ਅਨੁਸਾਰ, ਇਸ ਕਾਨੂੰਨ ਦਾ ਅਸਰ ਧਾਰਮਿਕ ਖੋਜ ਕਰ ਰਹੇ ਵਿਦਿਆਰਥੀਆਂ 'ਤੇ ਵੀ ਪਵੇਗਾ। ਖੋਜਾਰਥੀ ਜੋ ਪਹਿਲਾਂ ਸਿੱਖਣ ਲਈ ਹਵਾਲਿਆਂ 'ਤੇ ਨਿਸ਼ਾਨ ਲਗਾਉਂਦੇ ਸਨ, ਹੁਣ ਅਜਿਹਾ ਕਰਨ ਤੋਂ ਡਰਨਗੇ ਕਿ ਕਿਤੇ ਇਸ ਨੂੰ ਬੇਅਦਬੀ ਦੇ ਦਾਇਰੇ ਵਿੱਚ ਨਾ ਲਿਆਂਦਾ ਜਾਵੇ।

ਮਤਲਬ ਇਹ ਕਨੂੰਨ ਕਾਰਣ ਗੁਰਮਤ ਖੋਜ ਦਾ ਕਾਰਜ ਬੰਦ ਹੋ ਰਿਹਾ ਹੈ।

ਇਹ ਪੰਥਕ ਲੀਡਰਸ਼ਿਪ ਅਤੇ ਕੁਝ ਖ਼ੁਦਗਰਜ਼ ਮੋਰਚੇਬਾਜ਼ਾਂ ਲਈ ਇੱਕ ਵੱਡਾ ਸਵਾਲੀਆ ਨਿਸ਼ਾਨ ਹਨ, ਜਿਨ੍ਹਾਂ ਦੇ ਗਲਤ ਫੈਸਲਿਆਂ ਕਾਰਣ ਸਿੱਖ ਗੁਰਬਾਣੀ ਤੇ ਗੁਰੂ ਗ੍ਰੰਥ ਸਾਹਿਬ ਤੋਂ ਟੁਟ ਰਹੇ ਹਨ। ਸਭ ਤੋਂ ਪਹਿਲਾਂ ਸਵਾਲ ਉਨ੍ਹਾਂ ਧਿਰਾਂ 'ਤੇ ਉੱਠਦਾ ਹੈ ਜਿਨ੍ਹਾਂ ਨੇ ਭਾਵਨਾਵਾਂ ਦੀ ਸਿਆਸਤ ਕਰਦਿਆਂ 'ਸਮਾਣਾ ਮੋਰਚੇ' ਵਰਗੇ ਮੰਚਾਂ ਤੋਂ ਸਰਕਾਰ 'ਤੇ ਸਖ਼ਤ ਕਾਨੂੰਨ ਬਣਾਉਣ ਲਈ ਦਬਾਅ ਪਾਇਆ। ਅਮਿਤੋਜ ਮਾਨ ਵਰਗੇ ਕਾਰਕੁੰਨਾਂ ਅਤੇ ਉਨ੍ਹਾਂ ਦੇ ਸਾਥੀਆਂ ਨੇ ਸ਼ਾਇਦ ਇਹ ਨਹੀਂ ਸੋਚਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ 'ਜਾਗਤਿ ਜੋਤਿ' ਮੰਨਣ ਵਾਲਾ ਪੰਥ ਜਦੋਂ ਗੁਰੂ ਸਾਹਿਬ ਨੂੰ ਦੁਨਿਆਵੀ ਕਾਨੂੰਨ ਦੀਆਂ ਧਾਰਾਵਾਂ ਹੇਠ ਲੈ ਕੇ ਆਵੇਗਾ, ਤਾਂ ਉਸ ਦਾ ਸਿਧਾਂਤਕ ਰੁਤਬਾ ਜਾਗਤਿ ਜੋਤਿ ਵਾਲਾ ਖਤਮ ਹੋ ਜਾਵੇਗਾ, ਉਹ ਸਿਰਫ ਪੁਸਤਕ ਜਾਂ ਪ੍ਰੋਡੈਕਟ ਬਣਕੇ ਰਹਿ ਜਾਵੇਗਾ। ਗੁਰੂ ਸਾਹਿਬ 'ਸ਼ਬਦ ਗੁਰੂ' ਹਨ, ਉਹ ਕਿਸੇ ਸਰਕਾਰੀ ਐਕਟ ਦੇ ਮੁਹਤਾਜ ਨਹੀਂ। ਇਨ੍ਹਾਂ ਮੋਰਚਿਆਂ ਨੇ ਸਖ਼ਤ ਸਜ਼ਾਵਾਂ ਦੀ ਮੰਗ ਕਰਦਿਆਂ ਐਕਟ ਬਣਵਾਕੇ ਅਣਜਾਣੇ ਵਿੱਚ ਪੁਲਿਸ ਅਤੇ ਪ੍ਰਸ਼ਾਸਨ ਨੂੰ ਸਿੱਖਾਂ ਦੇ ਨਿੱਜੀ ਅਧਿਆਤਮਿਕ ਜੀਵਨ ਵਿੱਚ ਦਖਲ ਦੇਣ ਦਾ ਰਾਹ ਪੱਧਰਾ ਕਰ ਦਿੱਤਾ ਹੈ।

ਬਲਵਿੰਦਰ ਪਾਲ ਸਿੰਘ
ਪ੍ਰੋਫ਼ੈਸਰ



ਦੂਜੇ ਪਾਸੇ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬਾਨ ਦੀ ਭੂਮਿਕਾ ਵੀ ਸ਼ੱਕ ਦੇ ਘੇਰੇ ਵਿੱਚ ਹੈ। ਪੰਥਕ ਸੰਸਥਾਵਾਂ ਦਾ ਕੰਮ ਸਿਰਫ਼ ਬਿਆਨਬਾਜ਼ੀ ਕਰਨਾ ਨਹੀਂ, ਸਗੋਂ ਸਿਧਾਂਤਕ ਪਹਿਰੇਦਾਰੀ ਕਰਨਾ ਹੁੰਦਾ ਹੈ। ਜਦੋਂ ਇਹ ਕਾਨੂੰਨ ਤਿਆਰ ਹੋ ਰਿਹਾ ਸੀ, ਉਦੋਂ ਲੀਡਰਸ਼ਿਪ ਕਿਉਂ ਚੁੱਪ ਰਹੀ?

ਅਕਾਲ ਤਖ਼ਤ ਦਾ ਜਥੇਦਾਰ ਤੇ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਪਹਿਲਾਂ ਕਾਨੂੰਨ ਦੀ ਹਮਾਇਤ ਕਰਦਾ ਰਿਹਾ, ਪਰ ਜਦੋਂ ਉਸੇ ਕਾਨੂੰਨ ਦੀ ਮਾਰ ਆਮ ਸਿੱਖ ਮਰਯਾਦਾ 'ਤੇ ਪਈ ਹੈ, ਤਾਂ ਉਹ ਕਨੂੰਨ ਦਾ ਵਿਰੋਧ ਕਰਨ ਲੱਗਦੇ ਹਨ। ਪਰ ਇਹ ਦੋਵੇਂ ਜਾਗਤਿ ਜੋਤਿ ਗੁਰੂ ਗ੍ਰੰਥ ਸਾਹਿਬ ਦੇ ਦਾਰਸ਼ਨਿਕ ਰੁਤਬੇ ਜੋ ਗੁਰੂ ਗੋਬਿੰਦ ਸਿੰਘ ਜੀ ਨੇ ਦਿਤਾ ਸੀ, ਬਾਰੇ ਸਪਸ਼ਟ ਨਹੀਂ ਹਨ। ਜਥੇਦਾਰ ਅਕਾਲ ਤਖ਼ਤ ਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਕਨੂੰਨ ਰਦ ਕਰਨ ਦੀ ਪਹੁੰਚ ਅਪਨਾਉਣ ਦੀ ਥਾਂ ਕਨੂੰਨ ਦੀਆਂ ਸੋਧਾਂ ਦੇ ਹੱਕ ਵਿਚ ਹਨ।

ਇਸ ਸਪੱਸ਼ਟ ਨੀਤੀ ਦੀ ਘਾਟ ਕਾਰਨ ਹੀ ਅੱਜ ਸੰਗਤ ਇਸ ਦੁਬਿਧਾ ਵਿੱਚ ਹੈ ਕਿ ਉਹ ਘਰਾਂ ਵਿੱਚ ਗੁਰੂ ਗ੍ਰੰਥ ਸਾਹਿਬ ਤੇ ਗੁਟਕਿਆਂ ਦੀ ਸੇਵਾ ਸੰਭਾਲ ਕਰੇ ਜਾਂ ਨਾ। ਕਦੇ ਕਾਨੂੰਨ ਦੀ ਹਮਾਇਤ ਅਤੇ ਕਦੇ ਵਿਰੋਧ ਕਰਨ ਦੀ 'ਦੋਗਲੀ ਨੀਤੀ' ਤੇ ਕਦੇ ਸੋਧਾਂ ਨੇ ਆਮ ਸਿੱਖ ਨੂੰ ਅੱਜ ਚੌਰਾਹੇ 'ਤੇ ਲਿਆ ਖੜ੍ਹਾ ਕੀਤਾ ਹੈ। ਜੇਕਰ ਅੱਜ ਗੁਰੂ ਦਾ ਸਿੱਖ ਆਪਣੇ ਘਰ ਵਿੱਚ ਨਿਤਨੇਮ ਕਰਨ ਤੋਂ ਡਰ ਰਿਹਾ ਹੈ, ਤਾਂ ਇਸ ਦਾ ਮਤਲਬ ਹੈ ਕਿ ਸਾਡੀਆਂ ਪੰਥਕ ਸੰਸਥਾਵਾਂ ਸਹੀ ਸਟੈਂਡ ਲੈਣ ਵਿਚ ਨਾਕਾਮ ਰਹੀਆਂ ਹਨ।

ਕੀ 'ਬੇਅਦਬੀ' ਵਰਗੇ ਸੰਵੇਦਨਸ਼ੀਲ ਮੁੱਦੇ ਦਾ ਹੱਲ ਸਿਰਫ਼ ਉਮਰ ਕੈਦ ਜਾਂ 25 ਲੱਖ ਰੁਪਏ ਜੁਰਮਾਨਾ ਹੈ? ਕੀ ਕਿਸੇ ਸ਼ਰਧਾਲੂ ਤੋਂ ਅਣਜਾਣੇ ਵਿੱਚ ਹੋਈ ਮਰਯਾਦਾ ਦੀ ਭੁੱਲ ਨੂੰ ਸਾਜ਼ਿਸ਼ੀ ਬੇਅਦਬੀ ਦੇ ਬਰਾਬਰ ਤੋਲਿਆ ਜਾ ਸਕਦਾ ਹੈ? ਕਾਨੂੰਨ ਇਸ ਪਰਿਭਾਸ਼ਾ ਨੇ ਪੰਥ ਨੂੰ ਦੋ ਹਿੱਸਿਆਂ ਵਿੱਚ ਵੰਡ ਦਿੱਤਾ ਹੈ। ਇੱਕ ਪਾਸੇ ਉਹ ਰਾਜਨੀਤਕ ਲੋਕ ਹਨ ਜੋ ਮਰਿਯਾਦਾ ਦੇ ਨਾਂ 'ਤੇ ਸਖ਼ਤੀ ਚਾਹੁੰਦੇ ਹਨ ਅਤੇ ਦੂਜੇ ਪਾਸੇ ਉਹ ਮਾਸੂਮ ਬਹੁਗਿਣਤੀ ਸਿੱਖ ਸ਼ਰਧਾਲੂ ਜੋ ਗੁਰੂ ਤੋਂ ਦੂਰ ਕੀਤੇ ਜਾ ਰਹੇ ਹਨ ਤੇ ਉਹ ਸਿਧਾਂਤਕ ਸਿੱਖ ਤੇ ਬੁੱਧੀਜੀਵੀ ਹਨ ਜੋ ਕਨੂੰਨ ਦੇ ਹੱਕ ਵਿਚ ਨਹੀਂ ਹਨ ਤੇ ਨਾਹੀ ਕਨੂੰਨ ਅਧੀਨ ਗੁਰੂ ਦਾ ਰੁਤਬਾ ਜਾਗਤਿ ਜੋਤਿ ਵਾਲਾ ਰੁਤਬਾ ਖਤਮ ਨਹੀਂ ਕਰਨਾ ਚਾਹੁੰਦੇ।

ਸਮਾਂ ਆ ਗਿਆ ਹੈ ਕਿ ਸ਼੍ਰੋਮਣੀ ਕਮੇਟੀ ਇਸ ਕਾਨੂੰਨ ਨੂੰ ਮਹਿਜ਼ ਬਾਦਲ ਪਰਿਵਾਰ ਦੇ ਸਿਆਸੀ ਨਜ਼ਰੀਏ ਨਾਲ ਦੇਖਣ ਦੀ ਬਜਾਏ ਹਾਈਕੋਰਟ ਵਿੱਚ ਚੁਣੌਤੀ ਦੇਵੇ। ਇਹ ਸਪੱਸ਼ਟ ਕੀਤਾ ਜਾਵੇ ਕਿ ਗੁਰੂ ਸਾਹਿਬ ਦੀ ਹਸਤੀ ਕਾਨੂੰਨ ਤੋਂ ਉੱਪਰ ਹੈ ਅਤੇ ਕਿਸੇ ਵੀ ਸ਼ਰਧਾਲੂ ਨੂੰ ਉਸ ਦੀ ਨਿੱਜੀ ਸ਼ਰਧਾ ਲਈ ਕਾਨੂੰਨੀ ਤੌਰ 'ਤੇ ਪ੍ਰੇਸ਼ਾਨ ਨਹੀਂ ਕੀਤਾ ਜਾਣਾ ਚਾਹੀਦਾ।

ਜੇਕਰ ਅੱਜ ਘਰ-ਘਰ ਵਿੱਚੋਂ ਗੁਰਬਾਣੀ ਦੀਆਂ ਪੋਥੀਆਂ ਗੁਰਦੁਆਰਿਆਂ ਦੇ ਸਟੋਰਾਂ ਵਿੱਚ ਜਮ੍ਹਾਂ ਹੋ ਗਈਆਂ, ਤਾਂ ਇਹ ਸਿੱਖੀ ਦੇ ਪ੍ਰਚਾਰ-ਪਸਾਰ ਲਈ ਇੱਕ ਵੱਡੀ ਸੱਟ ਹੋਵੇਗੀ। ਇਸ ਭੰਬਲਭੂਸੇ ਨੂੰ ਦੂਰ ਕਰਨਾ ਹੁਣ ਕਿਸੇ ਸਰਕਾਰ ਦੇ ਵੱਸ ਦੀ ਗੱਲ ਨਹੀਂ, ਬਲਕਿ ਇਹ ਜ਼ਿੰਮੇਵਾਰੀ ਅਕਾਲ ਤਖ਼ਤ ਸਾਹਿਬ ਦੀ ਹੈ ਕਿ ਉਹ ਅੱਗੇ ਆ ਕੇ ਸੰਗਤ ਦਾ ਡਰ ਦੂਰ ਕਰੇ ਅਤੇ ਸਿਧਾਂਤਕ ਸਪੱਸ਼ਟਤਾ ਲਿਆਵੇ ਕਿ ਗੁਰੂ ਗ੍ਰੰਥ ਸਾਹਿਬ ਦੇ ਨਾਮ ਉਪਰ ਕਨੂੰਨ ਨਹੀਂ ਬਣਨਾ ਚਾਹੀਦਾ, ਦੇ ਕਨੂੰਨ ਬਣਾਉਣਾ ਹੈ ਤਾਂ ਧਾਰਮਿਕ ਭਾਵਨਾਵਾਂ ਬਣਾਉਣ ਵਾਲਾ ਕਨੂੰਨ ਸਖਤ ਕਰੋ।

ਕਿਤੇ ਇੰਜ ਨਾ ਹੋਵੇ ਕਿ ਸੰਗਤਾਂ ਦਾ ਅਗਲਾ ਨਿਸ਼ਾਨਾ ਜਥੇਦਾਰ ਤੇ ਸ਼੍ਰੋਮਣੀ ਕਮੇਟੀ ਹੋਣ ਤੇ ਸੰਗਤਾਂ ਗੁਰੂ ਗ੍ਰੰਥ ਸਾਹਿਬ ਤੇ ਗੁਟਕੇ ਇਹਨਾਂ ਨੂੰ ਸੌਂਪ ਦੇਣ। ਜੇ ਅਜਿਹਾ ਹੋਇਆ ਸਿੱਖੀ ਖਤਮ ਕਰਨ ਦਾ ਦਾਗ ਸ਼੍ਰੋਮਣੀ ਕਮੇਟੀ ਜਥੇਦਾਰ ਅਕਾਲ ਤਖ਼ਤ ਸਾਹਿਬ ਉਪਰ ਲਗੇਗਾ ਜਿਨ੍ਹਾਂ ਬਾਦਲ ਪਰਿਵਾਰ ਦੀ ਸਿਆਸਤ ਬਚਾਉਣ ਲਈ ਸਹੀ ਸਟੈਂਡ ਨਹੀ ਲਿਆ।

ਸਿੱਖ ਧਰਮ ਵਿੱਚ ਗੁਰਬਾਣੀ ਨਾਲ ਜੁੜਨਾ ਅਤੇ ਘਰ-ਘਰ ਵਿੱਚ ਪ੍ਰਕਾਸ਼ ਹੋਣਾ ਇੱਕ ਸੁਭਾਗ ਮੰਨਿਆ ਜਾਂਦਾ ਹੈ। ਜੇਕਰ ਡਰ ਕਾਰਨ ਸਾਰੀਆਂ ਪੋਥੀਆਂ ਗੁਰਦੁਆਰਿਆਂ ਵਿੱਚ ਚਲੀਆਂ ਗਈਆਂ, ਤਾਂ ਸਿੱਖਾਂ ਦਾ ਆਪਣੇ ਘਰਾਂ ਵਿੱਚ ਨਿਤਨੇਮ ਅਤੇ ਬਾਣੀ ਨਾਲ ਜੁੜਨਾ ਘਟ ਸਕਦਾ ਹੈ, ਜੋ ਕਿ ਸਿੱਖੀ ਦਾ ਵੱਡਾ ਨੁਕਸਾਨ ਹੋਵੇਗਾ। ਭਾਰਤੀ ਸੰਵਿਧਾਨ ਦੀ ਧਾਰਾ 25-28 ਹਰ ਨਾਗਰਿਕ ਨੂੰ ਆਪਣੇ ਧਰਮ ਨੂੰ ਮੰਨਣ ਅਤੇ ਉਸ ਅਨੁਸਾਰ ਪੂਜਾ ਕਰਨ ਦੀ ਆਜ਼ਾਦੀ ਦਿੰਦੀ ਹੈ। ਜੇਕਰ ਬੇਅਦਬੀ ਕਾਨੂੰਨ ਸ਼ਰਧਾਲੂਆਂ ਨੂੰ ਉਨ੍ਹਾਂ ਦੇ ਨਿੱਜੀ ਨਿਤਨੇਮ ਅਤੇ ਧਾਰਮਿਕ ਅਕੀਦੇ ਤੋਂ ਦੂਰ ਕਰ ਰਿਹਾ ਹੈ, ਜੋ ਕਿ ਸੰਵਿਧਾਨਕ ਹੱਕਾਂ ਦੀ ਉਲੰਘਣਾ ਹੈ।

-ਸੋਸ਼ਲ ਮੀਡੀਆ ਤੋਂ ਧੰਨਵਾਦ ਸਹਿਤ


# ਅੰਤਰਰਾਸ਼ਟਰੀ ਨਰਸਿੰਗ ਦਿਵਸ ਮੌਕੇ ਨਰਸਾਂ ਦਾ ਪ੍ਰਦਰਸ਼ਨ; ਸਿਹਤ ਮੰਤਰੀ ਦੀ ਰਿਹਾਇਸ਼ ਘੇਰੀ






ਪਟਿਆਲਾ : ਅੰਤਰਰਾਸ਼ਟਰੀ ਨਰਸਿੰਗ ਦਿਵਸ ਦੇ ਮੌਕੇ 'ਤੇ ਪਟਿਆਲਾ ਵਿੱਚ ਨਰਸਿੰਗ ਸਟਾਫ ਵੱਲੋਂ ਆਪਣੀਆਂ ਵੱਖ-ਵੱਖ ਮੰਗਾਂ ਨੂੰ ਲੈ ਕੇ ਵਿਸ਼ਾਲ ਰੋਸ ਪ੍ਰਦਰਸ਼ਨ ਕੀਤਾ ਗਿਆ। ਪ੍ਰਦਰਸ਼ਨਕਾਰੀ ਨਰਸਾਂ ਨੇ ਪੰਜਾਬ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਦੀ ਰਿਹਾਇਸ਼ ਦੇ ਨੇੜੇ ਇਕੱਠੇ ਹੋ ਕੇ ਸਰਕਾਰ ਖਿਲਾਫ ਨਾਅਰੇਬਾਜ਼ੀ ਕੀਤੀ। ਨਰਸਿੰਗ ਸਟਾਫ ਦਾ ਕਹਿਣਾ ਹੈ ਕਿ ਲੰਬੇ ਸਮੇਂ ਤੋਂ ਆਪਣੀਆਂ ਜਾਇਜ਼ ਮੰਗਾਂ ਲਈ ਸੰਘਰਸ਼ ਕਰ ਰਹੇ ਹਨ, ਪਰ ਸਰਕਾਰ ਵੱਲੋਂ ਉਨ੍ਹਾਂ ਦੀਆਂ ਮੁਸ਼ਕਲਾਂ ਵੱਲ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ। ਨਰਸਾਂ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਉਨ੍ਹਾਂ ਦੀਆਂ ਮੰਗਾਂ ਜਲਦ ਨਾ ਮੰਨੀਆਂ ਗਈਆਂ ਤਾਂ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ।

# ਕੈਨੇਡਾ ਦੀ 2026 ਦੀ ਮਰਦਮਸ਼ੁਮਾਰੀ : ਆਪਣੀ ਬੋਲੀ ਅਤੇ ਪਛਾਣ ਦੀ ਅਹਿਮੀਅਤ




ਹਰੇਕ ਪੰਜ ਸਾਲ ਬਾਅਦ ਕੈਨੇਡਾ ਦਾ ਅੰਕੜਾ ਵਿਭਾਗ ਮਰਦਮਸ਼ੁਮਾਰੀ ਕਰਦਾ ਹੈ। ਮਰਦਮਸ਼ੁਮਾਰੀ ਦੌਰਾਨ ਕੈਨੇਡਾ ਵਿੱਚ ਵਸਦੇ ਲੋਕਾਂ ਦੀ ਗਿਣਤੀ ਤੋਂ ਇਲਾਵਾ, ਉਨ੍ਹਾਂ ਦੇ ਪਰਿਵਾਰਕ ਪਿਛੋਕੜ, ਧਰਮ, ਭਾਸ਼ਾ, ਕੰਮ-ਕਾਰ ਅਤੇ ਆਮਦਨ ਆਦਿ ਬਾਰੇ ਅੰਕੜੇ ਇਕੱਤਰ ਕੀਤੇ ਜਾਂਦੇ ਹਨ। ਮਰਦਮਸ਼ੁਮਾਰੀ ਰਾਹੀਂ ਹੀ ਕੈਨੇਡਾ ਸਰਕਾਰ ਨੂੰ ਦੇਸ਼ ਵਿੱਚ ਸੱਭਿਆਚਾਰਕ ਵੰਨ-ਸਵੰਨਤਾ, ਸਮਾਜਿਕ ਬਦਲਾਵਾਂ ਅਤੇ ਆਰਥਿਕ ਝੁਕਾਵਾਂ ਬਾਰੇ ਜਾਣਕਾਰੀ ਹਾਸਲ ਹੁੰਦੀ ਹੈ। ਮਰਦਮਸ਼ੁਮਾਰੀ ਦੇ ਇਨ੍ਹਾਂ ਅੰਕੜਿਆਂ ਦੇ ਆਧਾਰ ’ਤੇ ਹੀ ਸਰਕਾਰ ਨੂੰ ਲੋਕਾਂ ਲਈ ਵੱਖ-ਵੱਖ ਸਹੂਲਤਾਂ ਬਾਰੇ ਫ਼ੈਸਲੇ ਲੈਣ ਵਿੱਚ ਸੇਧ ਮਿਲਦੀ ਹੈ। ਕੈਨੇਡਾ ਵਿਚ ਰਹਿੰਦੇ ਹਰ ਵਿਅਕਤੀ ਲਈ ਮਰਦਮਸ਼ੁਮਾਰੀ ਵਿੱਚ ਹਿੱਸਾ ਲੈਣਾ ਨੈਤਿਕ ਫ਼ਰਜ਼ ਬਣਦਾ ਹੈ। ਕੈਨੇਡਾ ਦੇ ਨਾਗਰਿਕਾਂ ਅਤੇ ਸਥਾਈ ਆਵਾਸੀਆਂ ਤੋਂ ਇਲਾਵਾ, ਇੱਥੇ ਪੜ੍ਹਨ ਆਏ ਵਿਦਿਆਰਥੀਆਂ ਅਤੇ ਕਾਮਿਆਂ ਨੂੰ ਵੀ ਇਸ ਮਰਦਮਸ਼ੁਮਾਰੀ ਵਿਚ ਹਿੱਸਾ ਲੈਣ ਦਾ ਹੱਕ ਹੈ। ਅੱਜਕੱਲ੍ਹ ਕੈਨੇਡਾ ਵਾਸੀਆਂ ਨੂੰ ਡਾਕ ਰਾਹੀਂ ਚਿੱਠੀਆਂ ਮਿਲ ਰਹੀਆਂ ਹਨ, ਜਿਨ੍ਹਾਂ ਵਿਚ ਮਰਦਮਸ਼ੁਮਾਰੀ ਬਾਰੇ ਗੁਪਤ ਕੋਡ ਲਿਖਿਆ ਹੁੰਦਾ ਹੈ, ਜੋ ਮਰਦਮਸ਼ੁਮਾਰੀ ਦੀ ਵੈੱਬਸਾਈਟ ’ਤੇ ਫਾਰਮ ਭਰਨ ਲਈ ਇਸਤੇਮਾਲ ਕੀਤਾ ਜਾ ਸਕਦਾ ਹੈ। ਇਹ ਫਾਰਮ ਦੋ ਵੱਖੋ-ਵੱਖਰੇ ਕਿਸਮ ਦੇ ਹਨ, ਜਿਨ੍ਹਾਂ ਵਿੱਚ ਇੱਕ ਲੰਮਾ ਅਤੇ ਦੂਸਰਾ ਛੋਟਾ ਹੈ। ਪੰਝਤਰ ਫ਼ੀਸਦੀ ਲੋਕਾਂ ਨੂੰ ਛੋਟਾ ਫਾਰਮ ਭਰਨ ਲਈ ਮਿਲ ਰਿਹਾ ਹੈ, ਜਦਕਿ ਪੱਚੀ ਫ਼ੀਸਦੀ ਲੋਕਾਂ ਨੂੰ ਲੰਮਾ ਫਾਰਮ ਭਰਨ ਲਈ ਮਿਲ ਰਿਹਾ ਹੈ। ਡਾਕ ਰਾਹੀਂ ਮਰਦਮਸ਼ੁਮਾਰੀ ਬਾਰੇ ਪਹੁੰਚੀਆਂ ਚਿੱਠੀਆਂ ਮਕਾਨ ਮਾਲਕਾਂ ਤੋਂ ਇਲਾਵਾ ਕਿਰਾਏਦਾਰਾਂ ਲਈ ਵੀ ਹਨ, ਜੋ ਕਿ ਉਨ੍ਹਾਂ ਨੂੰ ਪਹੁੰਚਾਈਆਂ ਜਾਣੀਆਂ ਜ਼ਰੂਰੀ ਹਨ। ਉਂਝ ਚਾਹੇ ਇਸ ਦੀ ਤਾਰੀਖ ਮਈ ਦੇ ਦੂਜੇ ਹਫਤੇ ਤੱਕ ਸੀਮਤ ਹੁੰਦੀ ਹੈ, ਐਪਰ ਮਰਦਮਸ਼ੁਮਾਰੀ ਵਿਭਾਗ ਨਾਲ ਹੋਈ ਗੱਲਬਾਤ ਅਨੁਸਾਰ ਇਹ ਫਾਰਮ ਕੁਝ ਮਗਰੋਂ ਵੀ ਸਵੀਕਾਰ ਕੀਤੇ ਜਾ ਸਕਦੇ ਹਨ। ਜੇਕਰ ਕਿਸੇ ਨੂੰ ਫਾਰਮ ਨਹੀਂ ਮਿਲ ਰਿਹਾ ਜਾਂ ਫੋਨ ਨਹੀਂ ਆਉਂਦਾ, ਤਾਂ ਉਹ ਫੋਨ ਨੰਬਰ 1-833-852-2026 ’ਤੇ ਸੰਪਰਕ ਕਰਕੇ ਜਾਣਕਾਰੀ ਹਾਸਲ ਕਰ ਸਕਦਾ ਹੈ।

ਪਹਿਲਾ ਵਿਚਾਰਨ ਯੋਗ ਪੱਖ ਇਹ ਹੈ ਕਿ ਸਰਕਾਰੀ ਵੈਬਸਾਈਟ ’ਤੇ ਮਰਦਮਸ਼ੁਮਾਰੀ ਫਾਰਮ ਜਾਂ ਘਰੇ ਮਿਲੇ ਫਾਰਮ ਭਰਨ ਸਮੇਂ ਪਹਿਲੇ ਪੰਨੇ ’ਤੇ ਪਛਾਣ ਪੁੱਛੀ ਜਾਂਦੀ ਹੈ, ਜਿਵੇਂ ਕਿ ਵਾਈਟ, ਬਲੈਕ, ਚੀਨੀ, ਫਿਲਪਾਈਨੀ, ਜਪਾਨੀ, ਕੋਰੀਅਨ, ਅਰਬ, ਲੈਟਨ ਅਮਰੀਕਨ, ਸਾਊਥ ਏਸ਼ੀਅਨ, ਸਾਊਥ ਈਸਟ ਏਸ਼ੀਅਨ, ਵੈਸਟ ਏਸ਼ੀਅਨ ਆਦਿ ਲਿਖਿਆ ਹੁੰਦਾ ਹੈ। ਜ਼ਿਆਦਾਤਰ ਪੰਜਾਬੀ ਉਸ ਵਿੱਚ ਸਾਊਥ ਏਸ਼ਅਨ ਭਾਵ ਦੱਖਣੀ ਏਸ਼ੀਆਈ ਭਰਦੇ ਹਨ, ਕਿਉਂਕਿ ਇਸ ਖਾਨੇ ਦੇ ਵਿਸਥਾਰ ਵਿੱਚ ਸਾਊਥ ਏਸ਼ੀਅਨ ਅਧੀਨ ਭਾਰਤੀ, ਪਾਕਿਸਤਾਨੀ, ਬੰਗਲਾਦੇਸ਼ੀ ਆਦਿਕ ਲਿਖਿਆ ਹੁੰਦਾ ਹੈ, ਐਪਰ ਇਹ ਸਹੀ ਜਾਣਕਾਰੀ ਨਹੀਂ ਹੈ। ਸਾਡੀ ਇਹ ਪਛਾਣ ਨਹੀਂ ਹੈ। ਇਸ ਦੀ ਥਾਂ ਫਾਰਮ ਦੇ ਪਹਿਲੇ ਪੰਨੇ ਦੇ ਅੰਤ ਵਿੱਚ ‘ਅਦਰਜ਼’ ਭਾਵ ‘ਹੋਰ’ ਲਿਖਿਆ ਹੈ, ਉਸ ਵਿੱਚ ਸਹੀ ਦਾ ਨਿਸ਼ਾਨ ਲਾ ਕੇ, ਅੱਗੇ ਪਛਾਣ ਭਰ ਸਕਦੇ ਹਾਂ, ਜਿਵੇਂ ਕਿ ਸਿੱਖ। ਇਉਂ ਅਸੀਂ ਦੱਖਣੀ ਏਸ਼ੀਆਈ ਨਾ ਹੋ ਕੇ, ਆਪਣੀ ਮੌਲਿਕ ਪਛਾਣ ਨੂੰ ਬਿਆਨ ਕਰ ਸਕਦੇ ਹਾਂ। ਇਥੇ ਸਪਸ਼ਟ ਹੋਣਾ ਚਾਹੀਦਾ ਹੈ ਕਿ ਅਸੀਂ ਦੱਖਣੀ ਏਸ਼ੀਆਈ ਨਹੀਂ ਹਾਂ। ਇਹ ਇੱਕ ਨਸਲਵਾਦੀ ਵਰਤਾਰਾ ਹੈ। ਅਸੀਂ ਕੈਨੇਡੀਅਨ ਸਿੱਖ ਹੁੰਦੇ ਹੋਏ ਵੀ ਆਪਣੀ ਬੋਲੀ ਪੱਖੋਂ ਪੰਜਾਬੀ ਹਾਂ, ਐਪਰ ਅਸੀਂ ਦੱਖਣੀ ਏਸ਼ੀਆਈ ਨਹੀਂ ਹਾਂ।

ਦੂਜਾ ਮਹੱਤਵਪੂਰਨ ਪੱਖ ਇਹ ਹੈ ਕਿ ਕੈਨੇਡਾ ਸਰਕਾਰ ਵੱਲੋਂ ਮਰਦਮਸ਼ੁਮਾਰੀ ਫਾਰਮਾਂ ਵਿੱਚ ਭਾਸ਼ਾ ਦਾ ਖਾਨਾ ਦਰਜ ਕੀਤਾ ਗਿਆ ਹੈ। ਭਾਸ਼ਾ ਪੱਖੋਂ ਅੰਕੜਿਆਂ ਦੇ ਆਧਾਰ ’ਤੇ ਹੀ ਵੱਖ-ਵੱਖ ਬੋਲੀਆਂ ਬੋਲਣ ਵਾਲੇ ਲੋਕਾਂ ਲਈ ਸਹੂਲਤਾਂ ਮੁਹੱਈਆ ਕੀਤੀਆਂ ਜਾਂਦੀਆਂ ਹਨ। ਕੈਨੇਡਾ ਵਿੱਚ ਬੋਲੀਆਂ ਜਾਣ ਵਾਲੀਆਂ ਵੱਖ-ਵੱਖ ਜ਼ਬਾਨਾਂ ਵਿਚ ਪੰਜਾਬੀ ਦੀ ਚੜ੍ਹਦੀ ਕਲਾ ਦੀਆਂ ਮਿਸਾਲਾਂ, ਪੰਜਾਬ ਦੀ ਧਰਤੀ ’ਤੇ ਵੀ ਦਿੱਤੀਆਂ ਜਾਂਦੀਆਂ ਹਨ। ਇਥੇ ਵਸਦੇ ਪੰਜਾਬੀਆਂ ਅੰਦਰ ਮਾਂ-ਬੋਲੀ ਲਈ ਠਾਠਾਂ ਮਾਰਦੇ ਪਿਆਰ ਦੀ ਗੱਲ ਕਰਦਿਆਂ, ਆਮ ਹੀ ਕਿਹਾ ਜਾਂਦਾ ਹੈ ਕਿ ਕੈਨੇਡਾ ਵਿੱਚ ‘ਪੰਜਾਬ’ ਵੱਸਦਾ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ 120 ਸਾਲ ਤੋਂ ਵੱਧ ਸਮੇਂ ਤੋਂ ਇਥੇ ਵਸੇ ਪੰਜਾਬੀਆਂ ਨੇ ਆਪਣੀ ਬੋਲੀ ਅਤੇ ਵਿਰਸੇ ਨੂੰ ਸੰਭਾਲ ਕੇ ਰੱਖਿਆ ਹੈ। ਇਥੋਂ ਦੇ ਕਈ ਸ਼ਹਿਰਾਂ ’ਚ ਪੰਜਾਬ ਤੋਂ ਆਇਆ ਕੋਈ ਵਿਅਕਤੀ ਜਦੋਂ ਘਰੋਂ ਬਾਹਰ ਨਿਕਲਦਾ ਹੈ, ਤਾਂ ਉਸ ਨੂੰ ਭੁਲੇਖਾ ਪੈਣ ਲੱਗ ਪੈਂਦਾ ਹੈ ਕਿ ਉਹ ਸ਼ਾਇਦ ਪੰਜਾਬ ਦੇ ਕਿਸੇ ਸ਼ਹਿਰ ’ਚ ਘੁੰਮ ਰਿਹਾ ਹੋਵੇ। ਕੈਨੇਡਾ ਵਿਚ ਵੱਖ-ਵੱਖ ਸਮੇਂ ਹੋਈ ਮਰਦਮਸ਼ੁਮਾਰੀ ਦੇ ਅੰਕੜੇ ਪੰਜਾਬੀ ਦੀ ਤਰੱਕੀ ਦੀ ਗਵਾਹੀ ਭਰਦੇ ਹਨ। ਇਨ੍ਹਾਂ ਅਨੁਸਾਰ ਪਿਛਲੇ ਤਿੰਨ ਦਹਾਕਿਆਂ ਵਿੱਚ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ, ਕੈਨੇਡਾ ਦੀ ਕੁੱਲ ਗਿਣਤੀ ਦੇ ਹਿਸਾਬ ਨਾਲ 0.43 ਫੀਸਦੀ ਤੋਂ ਵਧ ਕੇ 1.7 ਫੀਸਦੀ ਦੇ ਨੇੜੇ ਜਾ ਪਹੁੰਚੀ ਹੈ। ਜੇਕਰ ਕੈਨੇਡਾ ’ਚ ਪੰਜਾਬੀਆਂ ਵੱਲੋਂ ਆਪਣੀ ਮਾਂ ਬੋਲੀ ਪੰਜਾਬੀ ਲਿਖਵਾਉਣ ਦੇ ਅੰਕੜਿਆਂ ’ਤੇ ਨਜ਼ਰ ਮਾਰੀਏ, ਤਾਂ ਇਹ 1991 ਵਿੱਚ 113, 220 (0.43%), 1996 ਵਿੱਚ 201, 780 (0.70%), 2001 ਵਿੱਚ 271, 200 (0.90%), 2006 ਵਿੱਚ 367, 505 (1.18%), 2011 ਵਿੱਚ 459,990 (1.30%) ਅਤੇ 2016 ਵਿੱਚ 568,375 (1.7%) ਤੱਕ ਪਹੁੰਚ ਚੁੱਕੀ ਹੈ। 2021 ਦੀ ਮਰਦਮਸ਼ੁਮਾਰੀ ਵਿੱਚ, ਮਾਂ ਬੋਲੀ ਪੰਜਾਬੀ ਲਿਖਵਾਉਣ ਵਾਲਿਆਂ ਦੀ ਗਿਣਤੀ 763,787, ਘਰਾਂ ’ਚ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ 827,150 ਅਤੇ ਬਾਕੀ ਜ਼ਬਾਨਾਂ ਨਾਲ ਪੰਜਾਬੀ ਵੀ ਬੋਲਣ ਵਾਲਿਆਂ ਦੀ ਗਿਣਤੀ 9 ਲੱਖ 42 ਹਜ਼ਾਰ ਤੋਂ ਵੱਧ ਸੀ। ਹੁਣ ਕੈਨੇਡਾ ਵਿੱਚ 2 ਮਿਲੀਅਨ ਦੇ ਕਰੀਬ ਪੰਜਾਬੀ ਰਹਿੰਦੇ ਹਨ, ਜਿਸ ਹਿਸਾਬ ਨਾਲ 2026 ਦੀ ਮਰਦਮਸ਼ੁਮਾਰੀ ਵਿੱਚ ਪੰਜਾਬੀਆਂ ਦੀ ਕੈਨੇਡਾ ਵਿਚਲੀ ਵਸੋਂ ਦੇ ਹਿਸਾਬ ਨਾਲ ਅੰਕੜੇ ਦੁੱਗਣੇ ਹੋਣੇ ਚਾਹੀਦੇ ਹਨ।

ਕੈਨੇਡਾ ਵਸਦੇ ਪੰਜਾਬੀਆਂ ਦੀ ਗਿਣਤੀ ਲਗਾਤਾਰ ਵਧਣ ਦੇ ਅੰਕੜਿਆਂ ਮੁਤਾਬਕ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ ਵੀ ਵਧਣੀ ਜ਼ਰੂਰੀ ਹੈ। ਇਹ ਵੀ ਆਮ ਹੀ ਕਿਹਾ ਜਾਂਦਾ ਹੈ ਕਿ ਪੰਜਾਬੀ ਕੈਨੇਡਾ ’ਚ ਸਭ ਤੋਂ ਵੱਧ ਬੋਲੀ ਜਾਣ ਵਾਲੀ ਤੀਜੀ ਬੋਲੀ ਹੈ। ਪਰ ਇਹ ਜਾਣ ਕੇ ਪੰਜਾਬੀਆਂ ਨੂੰ ਦੁੱਖ ਤੇ ਹੈਰਾਨੀ ਹੋਵੇਗੀ ਕਿ ਕੁਝ ਸਮਾਂ ਪਹਿਲਾਂ ਪੰਜਾਬੀ ਦਾ ਸਥਾਨ ਤੀਜਾ ਜ਼ਰੂਰ ਹੁੰਦਾ ਸੀ, ਪਰ ਹੁਣ ਇਹ ਨਹੀਂ ਰਿਹਾ, ਜਿਸ ਦੀ ਸਹੀ ਤਸਵੀਰ ਪੰਜਾਬੀਆਂ ਤੱਕ ਪਹੁੰਚਾਉਣੀ ਜ਼ਰੂਰੀ ਹੈ। ਇਹ ਕੌੜੀ ਸੱਚਾਈ ਹੈ ਕਿ ਕੈਨੇਡਾ ’ਚ ਪੰਜਾਬੀ ਬੋਲੀ ਤੀਜੇ ਸਥਾਨ ਤੋਂ ਖਿਸਕ ਕੇ ਪੰਜਵੇਂ ਥਾਂ ’ਤੇ ਪਹੁੰਚ ਚੁੱਕੀ ਹੈ। ਬੋਲੀ ਆਧਾਰਿਤ ਅੰਕੜਿਆਂ ਅਨੁਸਾਰ ਸੰਨ 2011 ਦੀ ਜਨ-ਗਣਨਾ ਅਨੁਸਾਰ, ਅੰਗਰੇਜ਼ੀ ਤੇ ਫਰੈਂਚ ਤੋਂ ਮਗਰੋਂ,



ਇੰਮੀਗਰੈਂਟ ਭਾਈਚਾਰਿਆਂ ਦੀਆਂ ਮਾਂ-ਬੋਲੀਆਂ ਦੀ ਸੂਚੀ ’ਚ ਪੰਜਾਬੀ ਪਹਿਲੇ ਥਾਂ ’ਤੇ ਸੀ, ਭਾਵ ਕੁਲ ਮਿਲਾ ਕੇ ਕੈਨੇਡਾ ਵਿੱਚ ਤੀਜੇ ਸਥਾਨ ’ਤੇ। ਸੰਨ 2011 ਦੇ ਅੰਕੜਿਆਂ ਮੁਤਾਬਿਕ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ 459,990 ਸੀ, ਜਦਕਿ ਚੀਨੀ ਭਾਈਚਾਰੇ ਵਲੋਂ ਬੋਲੀਆਂ ਜਾਣ ਵਾਲੀਆਂ ਭਾਸ਼ਾਵਾਂ ’ਚ ਕੈਂਟਨੀਜ਼ ਬੋਲਣ ਵਾਲੇ 388,935 ਅਤੇ ਮੈਂਡਰੀਨ ਬੋਲਣ ਵਾਲੇ 255,160 ਸਨ, ਐਪਰ ਪੰਜ ਸਾਲਾਂ ਮਗਰੋਂ 2016 ਦੇ ਅੰਕੜਿਆਂ ਅਨੁਸਾਰ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ ਸਿਰਫ਼ 568, 375 ਤੱਕ ਹੀ ਪਹੁੰਚ ਸਕੀ। ਦੂਜੇ ਪਾਸੇ ਮੈਂਡਰੀਨ ਬੋਲਣ ਵਾਲੇ 610, 835 ਅਤੇ ਕੈਂਟਨੀਜ਼ ਬੋਲਣ ਵਾਲੇ 594,030 ਦੀ ਗਿਣਤੀ ਤੱਕ ਪਹੁੰਚ ਗਏ। ਇਉਂ ਪੰਜਾਬੀ ਬੋਲਣ ਵਾਲੇ ਤੀਜੇ ਥਾਂ ਤੋਂ ਪੰਜਵੇਂ ’ਤੇ ਆ ਪਹੁੰਚੇ, ਜਦਕਿ ਤੀਜੀ ਤੇ ਚੌਥੀ ਥਾਂ ਮੈਂਡਰੀਨ ਤੇ ਕੈਂਟਨੀਜ਼ ਨੇ ਲੈ ਲਈ। ਛੇਵੇਂ ਤੇ ਸੱਤਵੇਂ ਥਾਂ ’ਤੇ ਕ੍ਰਮਵਾਰ ਫਿਲਪੀਨੋ ਭਾਈਚਾਰੇ ਦੀ ਬੋਲੀ ਟੈਗਾਲੋਗ (510,420) ਅਤੇ ਸਪੈਨਿਸ਼ (495, 090) ਆਉਂਦੀਆਂ ਹਨ। ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ, ਉਨ੍ਹਾਂ ਦੀ ਵਸੋਂ ਦੇ ਅਨੁਪਾਤ ਮੁਤਾਬਕ ਨਾ ਵਧਣੀ, ਪੰਜਾਬੀ ਭਾਈਚਾਰੇ ਲਈ ਚਿੰਤਾ ਦਾ ਵਿਸ਼ਾ ਹੈ।


ਡਾ. ਗੁਰਵਿੰਦਰ ਸਿੰਘ
604 825 1550

ਕੈਨੇਡਾ ਵਸਦੇ ਪੰਜਾਬੀਆਂ ਵੱਲੋਂ ਇਸ ਗੱਲ ’ਤੇ ਗੰਭੀਰਤਾ ਨਾਲ ਵਿਚਾਰ ਕਰਨ ਦੀ ਲੋੜ ਹੈ ਕਿ ਕੀ ਕਾਰਨ ਹੈ ਕਿ ਕੈਨੇਡਾ ’ਚ ਪੰਜਾਬੀਆਂ ਦੀ ਗਿਣਤੀ ਤਾਂ ਬੜੀ ਤੇਜ਼ੀ ਨਾਲ ਵੱਧ ਰਹੀ ਹੈ, ਐਪਰ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ ਪੱਛੜ ਰਹੀ ਹੈ। ਇਹਨਾਂ ਕਾਰਨਾਂ ਨੂੰ ਖੁੱਲੇ ਮਨ ਨਾਲ ਵਿਚਾਰਨ ਦੀ ਲੋੜ ਹੈ। ਪਹਿਲੀ ਗੱਲ ਤਾਂ ਇਹ ਹੈ ਕਿ ਮਰਦਸ਼ਸ਼ੁਮਾਰੀ ਸਮੇਂ ਪੰਜਾਬੀਆਂ ਵੱਲੋਂ ਮਾਂ-ਬੋਲੀ ਲਿਖਵਾਉਣ ਲਈ ਉਤਸ਼ਾਹ ਉਨਾ ਨਹੀਂ ਦਿਸਦਾ, ਜਿੰਨਾ ਹੋਣਾ ਚਾਹੀਦਾ ਹੈ। ਕੈਨੇਡਾ ਦੇ ਪੰਜਾਬੀ ਮੀਡੀਏ ਵੱਲੋਂ ਵਾਰ-ਵਾਰ ਪ੍ਰਚਾਰਨ ਦੇ ਬਾਵਜੂਦ ਬਹੁਤ ਸਾਰੇ ਪੰਜਾਬੀ ਮਰਦਮਸ਼ੁਮਾਰੀ ਮੌਕੇ ਫਾਰਮ ਭਰਨ ਦੌਰਾਨ, ਆਪਣੀ ਮਾਂ - ਬੋਲੀ ਲਿਖਵਾਉਣ ਤੋਂ ਹੀ ਘੇਸਲ ਮਾਰ ਜਾਂਦੇ ਹਨ। ਜੇ ਰੁਝਾਨ ਇਹੀ ਰਿਹਾ, ਤਾਂ 2026 ਦੀ ਮਰਦਸ਼ੁਮਾਰੀ ਵਿੱਚ ਪੰਜਾਬੀ ਬੋਲੀ ਦਾ ਪੰਜਵਾਂ ਸਥਾਨ ਵੀ ਖੁੱਸਣ ’ਚ ਦੇਰ ਨਹੀਂ ਲੱਗਣੀ।

ਦੂਜੀ ਗੱਲ ਇਹ ਹੈ ਕਿ ਪੰਜਾਬੀ ਕੈਨੇਡਾ ’ਚ ਅਜੇ ਵੀ ਵਿਦੇਸ਼ੀ ਭਾਸ਼ਾ ਹੀ ਹੈ ਅਤੇ ਕੈਨੇਡੀਅਨ ਭਾਸ਼ਾ ਵਜੋਂ ਮਾਨਤਾ ਹਾਸਿਲ ਨਹੀਂ ਕਰ ਸਕੀ। ਇਹ ਗੱਲ ਜ਼ਿਕਰਯੋਗ ਹੈ ਕਿ ਕੈਨੇਡਾ ’ਚ ਦੋ ਮੁੱਖ ਭਾਸ਼ਾਵਾਂ ਅੰਗਰੇਜ਼ੀ ਤੇ ਫਰੈਂਚ ਦਫ਼ਤਰੀ ਰੂਪ ’ਚ ਸਰਕਾਰੀ ਭਾਸ਼ਾਵਾਂ ਹਨ, ਐਪਰ ਇਥੇ ‘ਰਾਸ਼ਟਰੀ ਭਾਸ਼ਾ’ ਦੇ ਨਾਂ ’ਤੇ ਝਗੜੇ ਖੜੇ ਕਰਨ ਵਾਲਾ ਅਜਿਹਾ ਕੋਈ ਰੇੜਕਾ ਨਹੀਂ, ਜਿਵੇਂ ਕਿ ਭਾਰਤ ’ਚ ਹਿੰਦੀ ਨੂੰ ਲੈ ਕੇ ‘ਇਕ ਭਾਸ਼ਾ ਤੇ ਇਕ ਰਾਸ਼ਟਰ’ ਆਦਿ ਦੇ ਬੇਤੁਕੇ ਨਾਅਰੇ ਲਾਏ ਜਾਂਦੇ ਹਨ। ਇਥੇ ਚੁਣੌਤੀ ਇਹ ਹੈ ਕਿ ਇੰਮੀਗਰਾਂਟ ਭਾਈਚਾਰੇ ਦੀ ਬੋਲੀ ਹੋਣ ਕਾਰਨ ਪੰਜਾਬੀ ਅਜੇ ਵੀ ਸੰਘਰਸ਼ ਦੇ ਦੌਰ ’ਚੋਂ ਗੁਜ਼ਰ ਰਹੀ ਹੈ।

ਅੱਜ ਕੈਨੇਡਾ ’ਚ ਵਸਦੇ ਪੰਜਾਬੀ ਜੇਕਰ ਆਪਣੀ ਨਾਗਰਿਕਤਾ ਕਾਰਨ ਕੈਨੇਡੀਅਨ ਹਨ, ਤਾਂ ਫਿਰ ਉਨ੍ਹਾਂ ਦੀ ਬੋਲੀ ਵਿਦੇਸ਼ੀ ਕਿਵੇਂ ਹੋਈ? ਜੇਕਰ ਪਾਰਲੀਮੈਂਟ ’ਚ ਪੰਜਾਬੀਆਂ ਦੀ ਗਿਣਤੀ ਡੇਢ ਦਰਜਨ ਹੈ ਤੇ ਕਈ ਸੂਬਿਆਂ ’ਚ ਵੀ ਪੰਜਾਬੀ ਸਿਆਸਤਦਾਨਾਂ ਦਾ ਬੋਲਬਾਲਾ ਹੈ, ਫਿਰ ਉਹ ਆਪਣੀ ਮਾਂ ਬੋਲੀ ਪੰਜਾਬੀ ਲਈ ਦ੍ਰਿੜ ਇਰਾਦਾ ਕਿਉਂ ਨਹੀਂ ਰੱਖਦੇ? ਜੇਕਰ ਸਾਡੇ ਰਾਜਸੀ ਲੀਡਰ ਪ੍ਰਣ ਕਰਨ ਕਿ ਉਨ੍ਹਾਂ ਪੰਜਾਬੀ ਨੂੰ ਕੈਨੇਡੀਅਨ ਬੋਲੀ ਵਜੋਂ ਮਾਨਤਾ ਦਿਵਾਉਣੀ ਹੈ ਤੇ ‘ਵਿਦੇਸ਼ੀ ਬੋਲੀ’ ਨਹੀਂ ਰਹਿਣ ਦੇਣਾ, ਤਾਂ ਪੰਜਾਬੀ ਵੀ ਕੈਨੇਡਾ ’ਚ ਬੇਗਾਨੀ ਨਹੀਂ ਰਹੇਗੀ ਤੇ ਉਹ ‘ਕੈਨੇਡੀਅਨ ਬੋਲੀ’ ਵਜੋਂ ਮਾਨਤਾ ਹਾਸਿਲ ਕਰ ਲਵੇਗੀ।


ਤੀਜੀ ਗੱਲ, ਪੰਜਾਬੀ ਮਾਪਿਆਂ ’ਤੇ ਆਉਂਦੀ ਹੈ। ਜੇਕਰ ਬੀ.ਸੀ. ਸੂਬੇ ਦੇ ਹੀ ਗੱਲ ਕਰੀਏ, ਤਾਂ ਇਥੋਂ ਦੇ ਸਾਬਕਾ ਵਿੱਦਿਆ ਮੰਤਰੀ ਮਨਮੋਹਣ ਸਿੰਘ (ਮੋਅ) ਸਹੋਤਾ ਦੇ ਉੱਦਮ ਨਾਲ ਪੰਜਾਬੀ ਨੂੰ ਦੂਜੀ ਭਾਸ਼ਾ ਦਾ ਦਰਜਾ ਮਿਲ ਗਿਆ ਸੀ ਤੇ ਪੰਜਾਬੀ ਸਕੂਲਾਂ ’ਚ ਪੜ੍ਹਾਉਣ ਦਾ ਰਾਹ ਪੱਧਰ ਹੋ ਗਿਆ ਸੀ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਪੰਜਾਬੀ ਪੜ੍ਹਾਉਣ ਵਾਲੇ ਸਕੂਲ, ਅਕੈਡਮੀਆਂ ਤੇ ਹੋਰ ਅਦਾਰੇ ਆਪੋ- ਆਪਣੇ ਪੱਧਰ ’ਤੇ ਉਪਰਾਲੇ ਕਰ ਲਹੇ ਹਨ, ਪਰ ਪਬਲਿਕ ਸਕੂਲਾਂ ’ਚ ਪੰਜਾਬੀ ਪੜ੍ਹਾਈ ਜਾਣ ਲਈ ਬੱਚਿਆਂ ਦਾ ਨਾਂ, ਪੰਜਾਬੀ ਲਈ ਖਾਸ ਤੌਰ ’ਤੇ ਦਾਖਿਲ ਕਰਨ ਦੀ ਲੋੜ ਹੁੰਦੀ ਹੈ। ਦੁੱਖ ਇਸ ਗੱਲ ਦਾ ਹੈ ਕਿ ਲਗਾਤਾਰ ਪ੍ਰਚਾਰ ਦੇ ਬਾਵਜੂਦ ਲੋੜੀਂਦੀ ਗਿਣਤੀ ਤੱਕ ਨਾਂ ਰਜਿਸਟਰ ਨਹੀਂ ਹੁੰਦੇ ਤੇ ਪੰਜਾਬੀ ਪੜ੍ਹਾਉਣ ਦਾ ਮੌਕਾ ਹੱਥੋਂ ਖੁੰਝ ਜਾਂਦਾ ਹੈ। ਇਥੇ ਬਹੁਤ ਸਾਰੇ ਪੰਜਾਬੀ ਪਰਿਵਾਰਾਂ ਅੰਦਰ ਉਤਸ਼ਾਹ ਦੀ ਘਾਟ ਵੱਡਾ ਨੁਕਸਾਨ ਕਰਵਾ ਰਹੀ ਹੈ ਤੇ ਪੰਜਾਬੀ ਪੜ੍ਹਾਉਣ ਦੀ ਮਿਲ ਰਹੀ ਸਹੂਲਤ ਤੋਂ ਬੱਚੇ ਵਾਂਝੇ ਰਹਿ ਰਹੇ ਹਨ। ਉਂਞ ਸਰਕਾਰੀ ਪਹੁੰਚ ਦੀ ਵੀ ਇਹ ਖੋਟ ਹੈ ਅਤੇ ਬੱਚਿਆਂ ਦੀ ਗਿਣਤੀ ਦੀ ਸ਼ਰਤ ਲਾ ਕੇ ’ਗੱਡੇ ਨਾਲ ਕੱਟਾ’ ਬੰਨਣ ਵਾਲੀ ਨੀਤੀ ਵਰਤੀ ਜਾ ਰਹੀ ਹੈ। ਇਹ ਸ਼ਰਤ ਹਟਾਉਣ ਲਈ ਜ਼ਰੂਰੀ ਕਦਮ ਚੁੱਕਣੇ ਚਾਹੀਦੇ ਹਨ।

ਕੈਨੇਡਾ ’ਚ ਜੇਕਰ ਸੰਘਣੀ ਪੰਜਾਬੀ ਵਸੋਂ ਵਾਲੇ ਇਲਾਕਿਆਂ ਦੀ ਗੱਲ ਕਰੀਏ, ਤਾਂ ਇਥੇ ਪੰਜਾਬ ਦੇ ਸਿੱਖ, ਹਿੰਦੂ, ਮੁਸਲਮਾਨ ਭਾਵ ਵੱਖ-ਵੱਖ ਧਰਮਾਂ, ਰੰਗਾਂ, ਨਸਲਾਂ ਤੇ ਫਿਰਕਿਆਂ ਦੇ ਪੰਜਾਬੀ ਵਸਦੇ ਹਨ। ਇਥੋਂ ਤੱਕ ਕਿ ‘ਭਾਰਤੀ ਪੰਜਾਬੀ’ ਤੇ ’ਪਾਕਿਸਤਾਨੀ ਪੰਜਾਬੀ’ ਵਾਲਾ ਫਰਕ ਵੀ ਇਥੇ ਨਜ਼ਰ ਨਹੀਂ ਆਉਂਦਾ। ਉਂਞ ਵੀ ਅਸੀਂ ਅਕਸਰ ਆਖਦੇ ਹਾਂ ਕਿ ਪਾਕਿਸਤਾਨੀ ਪੰਜਾਬ ਵਿੱਚ ਪੰਜਾਬੀ ਬੋਲਣ ਵਾਲਿਆਂ ਦੀ ਸੰਖਿਆ ਭਾਰਤੀ ਪੰਜਾਬ ਨਾਲੋਂ ਕਿਤੇ ਵੱਧ ਹੈ। ਕੈਨੇਡਾ ਵਿੱਚ ਪੰਜਾਬੀ ਆਬਾਦੀ ਵਾਲੇ ਸ਼ਹਿਰਾਂ ’ਚ ਵਸਣ ਵਾਲੇ, ਪਾਕਿਸਤਾਨੀ ਪੰਜਾਬ ਦੇ ਪੰਜਾਬੀ ਜ਼ਿਆਦਾਤਰ ਲਾਹੌਰ ਦੇ ਨੇੜੇ-ਤੇੜੇ ਦੇ ਹੀ ਹਨ। ਉਹਨਾਂ ’ਚੋਂ ਵਧੇਰੇ ਬੋਲਦੇ ਪੰਜਾਬੀ ਹੀ ਹਨ, ਜਿਸ ਕਰਕੇ ਮਰਦਮਸ਼ੁਮਾਰੀ ਦੌਰਾਨ ਲਹਿੰਦੇ ਪੰਜਾਬ ਦੇ ਪੰਜਾਬੀਆਂ ਨੂੰ ਆਪਣੀ ਜ਼ਬਾਨ ਪੰਜਾਬੀ ਲਿਖਵਾਉਣੀ ਚਾਹੀਦੀ ਹੈ। ਭਾਰਤੀ ਪੰਜਾਬ ਦੇ ਕੈਨੇਡਾ ਵਸਦੇ ਭਾਈਚਾਰਿਆਂ ਦੀ ਗੱਲ ਕਰੀਏ, ਤਾਂ ਵੱਡੀ ਗਿਣਤੀ ’ਚ ਪੰਜਾਬੀ ਵਸਦੇ ਹਨ, ਐਪਰ ਜ਼ਬਾਨ ਪੰਜਾਬੀ ਲਿਖਵਾਉਣ ਵੇਲੇ ਖੁੰਝ ਜਾਂਦੇ ਹਨ, ਜੋ ਕਿ ਨੁਕਸਾਨਦੇਹ ਸਾਬਤ ਹੁੰਦਾ ਹੈ। ਇਸ ਕਰਕੇ ਇਹ ਪ੍ਰਣ ਕੀਤਾ ਜਾਏ ਕਿ ਜਨ-ਗਣਨਾ ਸਮੇਂ ਪੰਜਾਬੀ ਲਿਖਵਾਉਣ ਵਿੱਚ ਕਦੇ ਵੀ ਢਿੱਲ ਨਾ ਦਿਖਾਈਏ।

ਭਾਰਤੀ ਸਿਆਸਤ ’ਚ ‘ਇਕ ਬੋਲੀ’ ਤੇ ਰਾਸ਼ਟਰ’ ਦਾ ਨਾਅਰਾ ਕੈਨੇਡਾ ’ਚ ਪੰਜਾਬੀ ਬੋਲੀ ਨੂੰ ਨੁਕਸਾਨ ਪਹੁੰਚਾਉਣ ਦੇ ਮਾਮਲੇ ’ਚ ਘਾਤਕ ਬਣ ਰਿਹਾ ਹੈ। ਕੈਨੇਡਾ ’ਚ ਹੀ, ਗਾਇਕ ਗੁਰਦਾਸ ਮਾਨ ਵਲੋਂ ਦਿੱਤਾ ਵਿਵਾਦਗ੍ਰਸਤ ਬਿਆਨ ‘ਇਕ ਬੋਲੀ ਇਕ ਦੇਸ਼’ ਅਤੇ ‘ਮਾਂ-ਮਾਸੀ’ ਦਾ ਰੇੜਕਾ ਖੜ੍ਹਾ ਕਰਨ ਦੀ ਗਿਣੀ ਮਿੱਥੀ ਸਾਜ਼ਿਸ਼ ਵੀ, ਪੰਜਾਬੀ ਮਾਂ-ਬੋਲੀ ਦੀ ਪਿੱਠ ਚ ਛੁਰਾ ਮਾਰਨ ਅਤੇ ਪੰਜਾਬੀਆਂ ਅੰਦਰ, ਬੋਲੀ ਦੇ ਆਧਾਰ ਤੇ ਪਾੜਾ ਪਾਉਣ ਵਾਲਾ ਘਾਤਕ ਪ੍ਰਚਾਰ ਹੋ ਨਿਬੜੀ। ਕੈਨੇਡਾ ਵਾਸਦੇ ਪੰਜਾਬੀਆਂ ਨੂੰ ਇਨ੍ਹਾਂ ਵਲਗਣਾਂ ਤੋਂ ਉਪਰ ਉਠ ਕੇ ਸੱਚ ’ਤੇ ਪਹਿਰਾ ਦੇਣ ਦੀ ਲੋੜ ਹੈ। ਮਈ 2026 ਨੂੰ ਮਰਦਮਸ਼ੁਮਾਰੀ ਮੌਕੇ ਕੈਨੇਡਾ ਵਸਦਾ ਹਰ ਪੰਜਾਬੀ ਜੇਕਰ ਆਪਣੇ ਘਰ ’ਚ ਬੋਲੀ ਜਾਣ ਵਾਲੀ ਜ਼ਬਾਨ ਪੰਜਾਬੀ ਲਿਖਾਏ, ਤਾਂ ਪੰਜਾਬੀ ਬੋਲੀ ਦੇ ਪ੍ਰਚਾਰ ਅਤੇ ਪਸਾਰ ਵਿੱਚ ਕੈਨੇਡੀਅਨ ਪੰਜਾਬੀ ਮੋਹਰੀ ਹੋ ਨਿੱਬੜਨਗੇ। ਅਜਿਹਾ ਕਰਨ ਨਾਲ ਨਾ ਸਿਰਫ ਕੈਨੇਡਾ ਵਿਚ ਹੀ ਪੰਜਾਬੀ ਬੋਲੀ ਦਾ ਮਾਣ ਵਧੇਗਾ, ਸਗੋਂ ਕੈਨੇਡੀਅਨ ਪੰਜਾਬੀ, ਮੂਲ ਪੰਜਾਬ ਅੰਦਰ ਵੀ ਪੰਜਾਬੀ ਬੋਲੀ ਦੇ ਪ੍ਰਸਾਰ ਲਈ ਚਾਨਣ ਮੁਨਾਰਾ ਬਣਨਗੇ। ਕੈਨੇਡਾ ਵਿੱਚ ਪੰਜਾਬੀ ਬੋਲਣ ਵਾਲਿਆਂ ਦੇ ਅੰਕੜੇ ਵਧਣ ਨਾਲ, ਕੈਨੇਡਾ ਸਰਕਾਰ ਕੰਮ-ਕਾਰਾਂ, ਦਫਤਰਾਂ, ਜਨਤਕ ਸੇਵਾਵਾਂ ਦੇ ਸਥਾਨਾਂ ; ਬੈਂਕਾਂ, ਹਵਾਈ ਅੱਡਿਆਂ ਅਤੇ ਹਸਪਤਾਲਾਂ ਆਦਿ ਵਿਚ ਵੀ ਪੰਜਾਬੀ ਬੋਲੀ ਨੂੰ ਹੋਰ ਮਾਣ ਦੇਵੇਗੀ। ਆਓ! ਮਰਦਮਸ਼ੁਮਾਰੀ ਮੌਕੇ ਆਪਣੀ ਮਾਂ ਬੋਲੀ ਪੰਜਾਬੀ ਲਿਖਵਾਈਏ ਅਤੇ ਹੋਰਨਾਂ ਨੂੰ ਵੀ ਪ੍ਰੇਰੀਏ।

**‘ਹੋਰ ਵਧੇਗਾ ਜੱਗ ਵਿੱਚ, ਪੰਜਾਬੀ ਸਨਮਾਨ।**
**ਜਨ-ਗਣਨਾ ਵੇਲੇ ਲਿਖੋ, ਸਾਡੀ ਇਹੋ ਜ਼ਬਾਨ।’**

# ਵੱਖ-ਵੱਖ ਧਰਮਾਂ ਵਿਚ ਵਾਤਾਵਰਨ ਦਾ ਜ਼ਿਕਰ



ਧਰਮ ਮਨੁੱਖੀ ਜੀਵਨ ਦਾ ਅਨਿੱਖੜਵਾਂ ਅੰਗ ਹੈ, ਜਿਸ ਦਾ ਉਦੇਸ਼ ਆਦਰਸ਼ ਮਾਨਵ, ਆਦਰਸ਼ ਸਮਾਜ ਅਤੇ ਆਦਰਸ਼ ਜੀਵਨ ਦੀ ਸਿਰਜਣਾ ਕਰਨਾ ਹੁੰਦਾ ਹੈ। ਮਨੁੱਖ ਦੇ ਆਦਰਸ਼ ਹੋਣ ਦਾ ਆਧਾਰ ਉਸ ਦੇ ਨਿੱਜੀ ਜੀਵਨ ਨੂੰ ਪਾਰਦਰਸ਼ੀ ਬਣਾਉਣਾ ਹੈ। ਸਮਾਜਿਕ ਪ੍ਰਸੰਗ ਵਿਚ ਧਰਮ ਅਜਿਹੇ ਸਮਾਜ ਦੀ ਸਿਰਜਣਾ ਉਪਰ ਜ਼ੋਰ ਦਿੰਦਾ ਹੈ, ਜੋ ਹਰ ਪੱਖੋਂ ਉਚੇਰੀਆਂ ਕਦਰਾਂ-ਕੀਮਤਾਂ ਨੂੰ ਉਜਾਗਰ ਕਰੇ। ਅਜਿਹੀ ਜੀਵਨ-ਜਾਚ ਉਸ ਨੂੰ ਆਚਰਣਕ ਤੌਰ 'ਤੇ ਬਲਵਾਨ ਅਤੇ ਸਮਾਜਿਕ ਤੌਰ 'ਤੇ ਸੁਖਾਵਾਂਪਣ ਪ੍ਰਦਾਨ ਕਰਦੀ ਹੈ। ਜਿਥੇ ਧਰਮ ਮਨੁੱਖ ਦੇ ਨੈਤਿਕ ਗੁਣਾਂ- ਸੱਤ, ਸੰਤੋਖ, ਗਿਆਨ, ਮਿਠਾਸ, ਬਿਬੇਕ, ਨੇਕੀ, ਪਰਉਪਕਾਰ ਆਦਿ ਨੂੰ ਉਜਾਗਰ ਕਰਦਾ ਹੈ, ਉਥੇ ਬਾਹਰੀ ਪੱਖ ਤੋਂ ਇਕ ਸਾਫ਼-ਸੁਥਰੇ ਵਾਤਾਵਰਨ ਰਾਹੀਂ ਨਿਰਮਲ ਸਮਾਜ ਦੀ ਸਥਾਪਨਾ ਵੀ ਕਰਦਾ ਹੈ। ਮਨੁੱਖ ਦਾ ਧਾਰਮਿਕ ਹੋਣ ਤੋਂ ਭਾਵ ਮਨੁੱਖ ਦਾ ਕੁਦਰਤ ਦੇ ਨੇੜੇ ਹੋਣਾ ਹੈ। ਇਹ ਸੰਬੰਧ ਆਦਿ ਕਾਲ ਤੋਂ ਚਲਦਾ ਆ ਰਿਹਾ ਹੈ। ਧਰਮ ਦਾ ਉਦੇਸ਼ ਹੀ ਇਕ ਅਜਿਹੇ ਕੁਦਰਤੀ ਵਾਤਾਵਰਨ ਨੂੰ ਪੈਦਾ ਕਰਨਾ ਹੈ, ਜਿਸ ਰਾਹੀਂ ਮਨੁੱਖ ਆਪਣੇ ਅੰਦਰ ਨਿਰਾਲੀ ਜੋਤ ਜਗਾ ਕੇ ਪਰਮ ਸਤਿ ਦਾ ਅਨੁਭਵ ਕਰ ਸਕੇ। ਭਾਰਤੀ ਸੱਭਿਆਚਾਰ ਤੇ ਸਰਬ ਧਰਮਾਂ ਦਾ ਆਦਰਸ਼ 'ਜੀਉ ਤੇ ਜੀਉਣ ਦਿਓ' ਰਿਹਾ ਹੈ। ਇਸ ਸੰਕਲਪ ਦਾ ਸੰਬੰਧ ਚਰ, ਅਚਰ, ਜੜ੍ਹ, ਜੀਵ, ਪ੍ਰਕਿਰਤੀ ਅਤੇ ਵਾਤਾਵਰਨ ਨਾਲ ਵੀ ਹੈ।

ਵਾਤਾਵਰਨ, ਜੋ ਮੁੱਖ ਰੂਪ ਵਿਚ ਪਦਾਰਥ ਦੇ ਪੰਜ ਤੱਤਾਂ- ਜਲ, ਵਾਯੂ, ਅਗਨੀ, ਧਰਤੀ ਅਤੇ ਆਕਾਸ਼ ਉਤੇ ਆਧਾਰਿਤ ਹੈ, ਦੀ ਸ਼ੁੱਧਤਾ ਅਤੇ ਅਸ਼ੁੱਧਤਾ ਇਨ੍ਹਾਂ ਤੱਤਾਂ ਦੀ ਗੁਣਵੱਤਾ ਉੱਤੇ ਹੀ ਨਿਰਭਰ ਕਰਦੀ ਹੈ। ਜਲ ਤੇ ਵਾਯੂ ਸ਼ੁੱਧ ਰੂਪ ਵਿਚ ਹਨ ਤਾਂ ਸਾਡਾ ਜੀਵਨ ਅਰੋਗ, ਅਨੰਦਿਤ ਅਤੇ ਸੁਖਮਈ ਹੋਏਗਾ। ਇਸ ਦੇ ਉਲਟ ਜੇਕਰ ਇਹੀ ਮੂਲ ਤੱਤ ਦੂਸ਼ਿਤ ਜਾਂ ਪਲੀਤ ਹੋ ਜਾਣ ਤਾਂ ਹਰ ਜੀਵਤ ਪ੍ਰਾਣੀ, ਚਾਹੇ ਉਹ ਮਨੁੱਖ ਹੈ, ਜਲਚਰ ਜੀਵ, ਪਸ਼ੂ ਜਾਂ ਪੰਛੀ ਸ਼ ?ਰੇਣੀ ਵਿਚੋਂ ਹੈ ਜਾਂ ਬਨਸਪਤੀ ਦਾ ਕੋਈ ਛੋਟਾ-ਵੱਡਾ ਰੂਪ, ਹਰ ਕੋਈ ਪ੍ਰਭਾਵਿਤ ਹੁੰਦਾ ਹੈ। ਕਈ ਵਾਰ ਤਾਂ ਉਸ ਦੀ ਹੋਂਦ ਹੀ ਖ਼ਤਰੇ ਵਿਚ ਪੈ ਜਾਂਦੀ ਹੈ। ਸ਼ਾਇਦ ਇਹੋ ਕਾਰਨ ਹੈ ਕਿ ਆਦਿ ਕਾਲ ਤੋਂ ਹੀ ਵੱਖ-ਵੱਖ ਧਰਮ ਗੁਰੂਆਂ, ਪੀਰਾਂ-ਪੈਗ਼ੰਬਰਾਂ ਅਤੇ ਚਿੰਤਕਾਂ ਨੇ ਇਨ੍ਹਾਂ ਮੂਲ ਤੱਤਾਂ ਦੀ ਅਹਿਮੀਅਤ ਅਤੇ ਸ਼ੁੱਧਤਾ 'ਤੇ ਜ਼ੋਰ ਦਿੱਤਾ ਹੈ।

**ਯਹੂਦੀ ਧਰਮ :** ਯਹੂਦੀ ਧਰਮ ਗ੍ਰੰਥਾਂ ਅਨੁਸਾਰ ਕਰਤਾ ਨੇ ਜੋ ਕੁਝ ਵੀ ਬਣਾਇਆ ਹੈ, ਉਸ ਦੀ ਰੱਖਿਆ ਕਰਨ 'ਤੇ ਜ਼ੋਰ ਦਿੱਤਾ ਗਿਆ ਹੈ ਅਤੇ ਹਵਾ, ਧਰਤੀ, ਪਾਣੀ ਤੇ ਬਨਸਪਤੀ ਨੂੰ ਨਸ਼ਟ ਹੋਣ ਤੋਂ ਬਚਾਉਣ ਬਾਰੇ ਕਿਹਾ ਗਿਆ ਹੈ। ਉਨ੍ਹਾਂ ਦੇ ਧਰਮ ਗ੍ਰੰਥ 'ਚ ਪਾਣੀ ਲਈ ਅਨੇਕਾਂ ਸੰਦਰਭ ਦਰਸਾਏ ਗਏ ਹਨ ਜਿਵੇਂ- ਪਾਣੀ ਸ਼ੁੱਧ ਕਰਦਾ ਹੈ, ਜਲ ਮੁਕਤੀ ਹੈ। ਯਹੂਦੀ ਧਰਮ ਵਿਚ ਪਾਣੀ ਪਰਮਾਤਮਾ ਦੀ ਹਾਜ਼ਰੀ ਦਾ ਪ੍ਰਤੀਕ ਹੈ। ਇਸੇ ਤਰ੍ਹਾਂ ਦਰੱਖਤਾਂ ਨੂੰ ਜੀਵਨ, ਸ਼ਾਂਤੀ ਤੇ ਗਿਆਨ ਦਾ ਪ੍ਰਤੀਕ ਮੰਨਿਆਂ ਗਿਆ ਹੈ। ਕਾਦਰ ਤੇ ਦਰੱਖਤ ਜੀਵਨ-ਚੱਕਰ ਦਾ ਪ੍ਰਤੀਕ ਹਨ। ਜਿਵੇਂ ਸਨਾਤਨ ਧਰਮ ਵਿਚ ਤੁਲਸੀ ਅਤੇ ਪਿੱਪਲ ਦੀ ਪੂਜਾ ਕੀਤੀ ਜਾਂਦੀ ਹੈ, ਉਵੇਂ ਹੀ ਯਹੂਦੀ ਧਰਮ ਵਿਚ ਜੈਤੂਨ ਦੇ ਦਰੱਖਤ ਨੂੰ ਪਵਿੱਤਰ ਮੰਨਿਆ ਜਾਂਦਾ ਹੈ।

**ਈਸਾਈ ਧਰਮ :** ਪ੍ਰਾਚੀਨ ਯੂਨਾਨੀ ਫਲਸਫ਼ੇ ਅਨੁਸਾਰ ਪਾਣੀ ਨੂੰ ਉਹ ਬੁਨਿਆਦੀ ਪਦਾਰਥ ਮੰਨਿਆ ਗਿਆ ਹੈ, ਜਿਸ ਤੋਂ ਸਾਰੀਆਂ ਵਸਤਾਂ ਬਣੀਆਂ ਹਨ। ਈਸਾਈ ਮੱਤ ਦਾ ਧਰਮ ਗ੍ਰੰਥ 'ਬਾਈਬਲ' ਇਸ ਵਿਸ਼ਵਾਸ ਨਾਲ ਪੂਰੀ ਤਰ੍ਹਾਂ ਸਹਿਮਤ ਹੈ। ਪਤਰਸ ਦੀ ਦੂਜੀ ਪੱਤ੍ਰੀ ਵਿਚ ਇਸ ਪ੍ਰਕਾਰ ਦਰਜ ਕੀਤਾ ਮਿਲਦਾ ਹੈ: ਨਵੇਂ ਨੇਮ ਵਿਚ ਵੀ ਪਾਣੀ ਦੀ ਬਹੁਤ ਮਹੱਤਤਾ ਦਰਸਾਈ ਗਈ ਹੈ। ਇਸ 'ਚ ਕਾਦਰ ਵਲੋਂ ਸਮੇਂ-ਸਮੇਂ ਦੁਨੀਆ ਵਿਚ ਵਰਤਦੇ ਕੁਦਰਤ ਦੀ ਰਹਿਮਤ ਅਤੇ ਕਰੋਪੀ ਦੇ ਵਰਤਾਰੇ ਦਾ ਵੀ ਬਾਖ਼ੂਬੀ ਜ਼ਿਕਰ ਮਿਲਦਾ ਹੈ।

**ਇਸਲਾਮ ਧਰਮ :** 'ਇਸਲਾਮ'ਸ਼ਬਦ ਦਾ ਅਰਥ ਹੈ- ਰੱਬ ਦੀ ਰਜ਼ਾ ਵਿਚ ਰਹਿਣਾ। ਇਸ ਅਨੁਸਾਰ ਰੱਬ ਇਕ ਹੈ ਅਤੇ ਉਸ ਦੇ ਅੱਗੇ ਸੰਪੂਰਨ ਸਮਰਪਣ ਕਰਨਾ ਮਨੁੱਖ ਦਾ ਪਰਮ ਧਰਮ ਹੈ, ਜਿਸ ਨੂੰ 'ਤੌਹੀਦ' ਕਿਹਾ ਗਿਆ ਹੈ। ਕੁਰਾਨ ਦੀ ਸਿੱਖਿਆ ਹੈ ਕਿ ਕੁਦਰਤ ਵਿਚੋਂ ਅੱਲ੍ਹਾ ਦੇ ਦਰਸ਼ਨ ਕਰਨੇ ਚਾਹੀਦੇ ਹਨ। ਅੱਲ੍ਹਾ ਦੇ ਹੁਕਮ ਵਿਚ ਰਹਿਣ ਦਾ ਅਰਥ ਹੈ ਉਸ ਦੀ ਕਾਇਨਾਤ ਨਾਲ ਇੱਕਸੁਰ ਹੋਣਾ। ਇਸ ਤਰ੍ਹਾਂ ਇਸਲਾਮ ਇਕ ਪ੍ਰਕਿਰਤਕ ਵਿਸ਼ਵਾਸ ਹੈ।

ਇਸਲਾਮ ਧਰਮ ਸੱਤਵੀਂ ਸਦੀ ਵਿਚ ਅਰਬ ਮੁਲਕਾਂ ਵਿਚ ਪ੍ਰਫੁੱਲਿਤ ਹੋਇਆ। ਇਹ ਖੇਤਰ ਪਾਣੀ ਦੀ ਬਹੁਤ ਕਮੀ ਵਾਲਾ ਇਲਾਕਾ ਹੈ। ਇਸ ਲਈ ਮੁੱਢ ਤੋਂ ਹੀ ਪਾਣੀ ਦੀ ਮਹੱਤਤਾ ਇਸਲਾਮ ਧਰਮ ਦਾ ਬੁਨਿਆਦੀ ਸਰੋਕਾਰ ਰਿਹਾ ਹੈ। ਇਨ੍ਹਾਂ ਧਾਰਮਿਕ ਗ੍ਰੰਥਾਂ ਵਿਚ ਵਾਤਾਵਰਨ ਸੰਬੰਧੀ ਇਕ ਪੂਰਾ ਨੈਤਿਕ ਪ੍ਰਬੰਧ ਪੇਸ਼ ਕੀਤਾ ਗਿਆ ਹੈ। ਮਾਰਜਰੀ ਹੋਪ ਅਤੇ ਜੇਮਜ਼ ਯੰਗ ਦਾ ਵਿਚਾਰ ਹੈ ਕਿ ਇਸਲਾਮ ਦੇ ਤਿੰਨ ਕੇਂਦਰੀ ਸੰਕਲਪ- 'ਤੌਹੀਦ', 'ਖਿਲਾਫ਼ਾ' ਅਤੇ 'ਆਖੀਰਾਹ' ਇਸਲਾਮ ਦੀ ਵਾਤਾਵਰਨੀ ਨੈਤਿਕਤਾ ਦੇ ਥੰਮ੍ਹ ਹਨ। ਇਸ ਪ੍ਰਕਾਰ ਇਸਲਾਮ ਹਰ ਮੁਸਲਮਾਨ ਨੂੰ ਵਾਤਾਵਰਨ ਅਤੇ ਆਲੇ-ਦੁਆਲੇ ਨੂੰ ਪ੍ਰਦੂਸ਼ਣ-ਮੁਕਤ ਰੱਖਣ ਦੀ ਵਿਸ਼ੇਸ਼ ਤਾਕੀਦ ਕਰਦਾ ਹੈ।

ਇਸਲਾਮ ਵਿਚ ਪਾਣੀ ਮਨੁੱਖ ਦੇ ਜਨਮ ਤੋਂ ਮੌਤ ਤੱਕ ਦੀ ਹਰ ਇਕ ਰਸਮ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਰਮਜ਼ਾਨ ਦੇ ਮਹੀਨੇ ਵਿਚ ਰੋਜ਼ੇ ਰੱਖਣ ਉਪਰੰਤ ਵਰਤ ਨੂੰ ਖੋਲ੍ਹਣ ਲਈ ਖਜੂਰਾਂ ਦੇ ਨਾਲ ਪਾਣੀ ਦਾ ਹੋਣਾ ਜ਼ਰੂਰੀ ਮੰਨਿਆ ਗਿਆ ਹੈ। ਬੰਦੇ ਨੂੰ ਖੁਦਾਈ ਦਾ ਸੁਹਜ ਕਾਇਮ ਰੱਖਣ ਲਈ ਵਾਤਾਵਰਨ ਨੂੰ ਸਾਫ਼-ਸੁਥਰਾ ਰੱਖਣ ਦੀ ਲੋੜ ਹੈ।

**ਪਾਰਸੀ ਧਰਮ :** 7000 ਤੋਂ 1000 ਸਾਲ ਈਸਾ ਪੂਰਵ ਦੇ ਸਮੇਂ ਦਰਮਿਆਨ, ਪ੍ਰਾਚੀਨ ਪਰਸ਼ੀਆ (ਈਰਾਨ) ਦੇ ਸ਼ਾਹੀ ਖਾਨਦਾਨ ਵਿਚ ਪੈਦਾ ਹੋਏ ਇਕ ਪੈਗ਼ੰਬਰ ਜ਼ੋਰੋਆਸਟਰ (ਜਾਂ ਜ਼ਰਤੁਸਤ) ਵਲੋਂ ਆਰੰਭ ਕੀਤੇ ਗਏ ਪਾਰਸੀ ਧਰਮ ਵਿਚ ਜਿਥੇ ਕੁਦਰਤ, ਪਾਣੀ, ਹਵਾ, ਅਗਨੀ ਅਤੇ ਦਰੱਖਤਾਂ ਦੀ ਮਹਾਨਤਾ ਦਾ ਜ਼ਿਕਰ ਮਿਲਦਾ ਹੈ, ਉਥੇ ਵਾਤਾਵਰਨ ਦੀ ਸ਼ੁੱਧਤਾ ਨੂੰ ਕਾਇਮ ਰੱਖਣਾ ਇਸ ਧਰਮ ਦੇ ਅਨੁਆਈਆਂ ਦਾ ਇਕ ਮੁੱਖ ਕਰਤੱਵ ਮੰਨਿਆ ਗਿਆ ਹੈ।

ਡਾ. ਪੱਲਣ ਇਚਾਪੋਰੀਆ ਅਨੁਸਾਰ, ਜ਼ੋਰੋਆਸਟਰ ਦਾ ਧਰਮ ਮੂਲ ਤੌਰ 'ਤੇ ਵਾਤਾਵਰਨ ਪ੍ਰੇਮੀ ਧਰਮ ਹੈ। ਇਹ ਕਾਇਨਾਤ ਦੇ ਸੱਤ ਮੂਲ ਤੱਤਾਂ- ਧਰਤੀ, ਪਾਣੀ, ਅੱਗ, ਜੀਵ-ਜੰਤ, ਬਨਸਪਤੀ, ਹਵਾ ਅਤੇ ਮਾਨਵ, ਦੀ ਸ਼ੁੱਧਤਾ ਦਾ ਬਹੁਤ ਸਤਿਕਾਰ ਕਰਦਾ ਹੈ। ਇਸ ਵਿਚ ਪ੍ਰਦੂਸ਼ਣ ਨੂੰ 'ਬਦੀ' ਅਤੇ ਸਫ਼ਾਈ ਤੇ ਸ਼ੁੱਧਤਾ ਨੂੰ 'ਨੇਕੀ' ਕਿਹਾ ਗਿਆ ਹੈ।

**ਵੈਦਿਕ ਧਰਮ :** 'ਵੇਦ' ਆਰੀਆ ਲੋਕਾਂ ਦੁਆਰਾ ਰਚੇ ਗਏ ਉਹ ਪ੍ਰਾਚੀਨ ਧਾਰਮਿਕ ਗ੍ਰੰਥ ਹਨ ਜਿਨ੍ਹਾਂ ਵਿਚ ਭਾਰਤ ਵਰਸ਼ ਦੇ ਜਨ-ਜੀਵਨ ਦਾ ਫ਼ਲਸਫ਼ਾ, ਜੀਵਨ ਜਾਚ, ਸੱਭਿਆਚਾਰ, ਭਾਵਨਾਵਾਂ, ਵਿਚਾਰਧਾਰਾ ਆਪਣੀ ਪੂਰੀ ਵੰਨ-ਸੁਵੰਨਤਾ ਨਾਲ ਅੰਕਿਤ ਹੋਏ ਮਿਲਦੇ ਹਨ। ਵੇਦਾਂ ਦੇ ਅਧਿਐਨ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਧਰਤੀ (ਭੂ), ਵਾਯੂ-ਮੰਡਲ (ਭੂਵਾਹ) ਤੇ ਆਸਮਾਨ ਅਤੇ ਇਨ੍ਹਾਂ ਨਾਲ ਸੰਬੰਧਿਤ ਦੇਵੀ-ਦੇਵਤਿਆਂ ਪ੍ਰਿਥਵੀ (ਧਰਤੀ ਦੀ ਦੇਵੀ), ਅਪ (ਪਾਣੀ ਦਾ ਦੇਵਤਾ), ਅਗਨੀ (ਅੱਗ ਅਤੇ ਗਰਮੀ ਦਾ ਦੇਵਤਾ) ਅਤੇ ਵਾਯੂ (ਹਵਾ ਦਾ ਦੇਵਤਾ) ਆਰੀਆਂ ਦੇ ਵਿਵਹਾਰਕ, ਧਾਰਮਿਕ ਤੇ ਸੱਭਿਆਚਾਰਕ ਜੀਵਨ ਦਾ ਅਟੁੱਟ ਅੰਗ ਬਣ ਗਏ ਸਨ। ਇਸ ਪ੍ਰਕਾਰ ਹਿੰਦੂ ਸੰਸਕ੍ਰਿਤੀ ਵਿਚ ਮੁੱਢ ਕਦੀਮ ਤੋਂ ਹੀ ਵਾਤਾਵਰਨ ਅਤੇ ਪਾਣੀ ਦੀ ਬਹੁਤ ਵੱਡੀ ਮਹੱਤਤਾ ਰਹੀ ਹੈ। ਬਾਅਦ ਦੇ ਭਾਰਤੀ ਫਲਸਫ਼ੇ ਵਿਚ ਇਹ ਵੈਦਿਕ ਸੰਕਲਪ ਸਾਂਖਯ ਦੇ ਪੰਜ ਤੱਤਾਂ (ਮਹਾ ਭੂਤ) ਦੇ ਨਾਮਕਰਣ ਧਰਤੀ (ਪ੍ਰਿਥਵੀ), ਪਾਣੀ (ਜਲ), ਅੱਗ (ਤੇਜਸ), ਹਵਾ (ਵਾਯੂ) ਅਤੇ ਪੁਲਾੜ (ਆਕਾਸ਼) ਰਾਹੀਂ ਹੋਰ ਦ੍ਰਿੜ ਹੁੰਦਾ ਦਿਸਦਾ ਹੈ। ਅਫ਼ਲਾਤੂਨ ਜਗਤ ਸਿਰਜਣਹਾਰ ਨੂੰ ਕਲਾਕਾਰ ਕਹਿੰਦਾ ਹੈ ਅਤੇ ਪ੍ਰਕਿਰਤੀ ਨੂੰ ਉਸ ਦੀ ਕਲਾ।

ਪਦਮ ਪੁਰਾਣ ਅਨੁਸਾਰ ਜਿਸ ਇਲਾਕੇ ਵਿਚ ਪਾਣੀ ਦੀ ਘਾਟ ਹੋਵੇ, ਉਥੇ ਖੂਹ ਲਗਵਾਉਣ ਵਾਲਾ ਵਿਅਕਤੀ ਪਾਣੀ ਦੀਆਂ ਬੂੰਦਾਂ ਜਿੰਨਾ ਹੀ ਸਵਰਗੀ ਪੁੰਨ ਪ੍ਰਾਪਤ ਕਰ ਲੈਂਦਾ ਹੈ। ਦਸ ਖੂਹਾਂ ਦੇ ਬਰਾਬਰ ਇਕ ਬਾਉਲੀ, ਦਸ ਬਾਉਲੀਆਂ ਦੇ ਬਰਾਬਰ ਇਕ ਕੰਨਿਆ ਅਤੇ ਦਸ ਕੰਨਿਆਵਾਂ ਦੇ ਬਰਾਬਰ ਇਕ ਰੁੱਖ ਲਗਵਾਉਣ ਦਾ ਪੁੰਨ ਹੈ। ਪਦਮ ਪੁਰਾਣ ਪਿੱਪਲ, ਅਸ਼ੋਕ, ਨਿੰਮ, ਜਾਮਣ, ਅਨਾਰ, ਖੈਰ, ਬੇਰ, ਬੈਂਤ, ਚੰਦਨ, ਕਟਹਲ, ਚੰਪਾ, ਮੌਲਸਰੀ, ਦਾਖ, ਕੇਵੜਾ ਆਦਿ ਰੁੱਖਾਂ ਨੂੰ ਵਰਦਾਨ ਦੇਣ ਵਾਲੇ ਮੰਨਦਾ ਹੈ।

ਬੁੱਧ ਧਰਮ ਬੁਨਿਆਦੀ ਤੌਰ 'ਤੇ ਇਕ ਵਿਹਾਰਕ ਧਰਮ

ਪ੍ਰੋ. ਮਨਪ੍ਰੀਤ ਸਿੰਘ

ਹੈ। ਇਸ ਵਿਚ ਸਿਧਾਂਤ ਨੂੰ ਬਹੁਤਾ ਮਹੱਤਵ ਨਹੀਂ ਦਿੱਤਾ ਗਿਆ। ਬੋਧੀ ਸਾਧਨਾ ਦਾ ਮੁੱਖ ਮੰਤਵ ਮਨ ਦੀ ਸ਼ੁੱਧਤਾ ਪੈਦਾ ਕਰਨਾ ਹੈ। ਮਨ ਦੀ ਸ਼ੁੱਧਤਾ ਦਾ ਅਰਥ ਮਾਨਸਿਕ ਸਿਹਤ ਹੀ ਹੁੰਦਾ ਹੈ ਅਤੇ ਮਾਨਸਿਕ ਸਿਹਤ ਸਰੀਰਕ ਸਿਹਤ ਨਾਲ ਕਈ ਢੰਗਾਂ ਨਾਲ ਜੁੜੀ ਰਹਿੰਦੀ ਹੈ। ਇਕ ਅਭਿਆਸੀ ਬੋਧੀ ਲਈ ਆਪਣੀ ਸਮੁੱਚੀ ਸਿਹਤ ਦੀ ਦੇਖਭਾਲ ਬਹੁਤ ਜ਼ਰੂਰੀ ਹੈ ਅਤੇ ਸਿਹਤ ਦੀ ਦੇਖਭਾਲ ਲਈ ਵਾਤਾਵਰਨ ਦੀ ਦੇਖਭਾਲ ਪਹਿਲੀ ਜ਼ਰੂਰਤ ਹੈ। ਚੰਗੀ ਖ਼ੁਰਾਕ, ਸ਼ੁੱਧ ਪਾਣੀ ਅਤੇ ਸਾਫ਼ ਹਵਾ ਸਾਡੀ ਸਿਹਤ ਨੂੰ ਠੀਕ ਰੱਖਣ ਲਈ ਅਤਿ ਲੋੜੀਂਦੇ ਹਨ। ਯੂ.ਐਨ. ਓ. ਵਲੋਂ ਕੁਝ ਸਾਲ ਪਹਿਲਾਂ ਕਰਵਾਏ ਗਏ ਇਕ ਸਰਵੇਖਣ ਅਨੁਸਾਰ, ਸੰਸਾਰ ਵਿਚ ਫੈਲ ਰਹੀਆਂ ਸਾਰੀਆਂ ਬਿਮਾਰੀਆਂ ਅਤੇ ਲੱਗ ਰਹੀਆਂ ਕੁੱਲ ਸੱਟਾਂ ਦਾ ਚੌਥਾ ਹਿੱਸਾ ਕਿਸੇ ਨਾ ਕਿਸੇ ਤਰ੍ਹਾਂ ਵਾਤਾਵਰਨ ਦੇ ਪਤਨ ਕਾਰਨ ਵਾਪਰਦਾ ਹੈ। ਜਿਵੇਂ ਅਸੀਂ ਆਪਣੇ ਮਨ ਅਤੇ ਸਰੀਰ ਨੂੰ ਵੱਖ-ਵੱਖ ਨਹੀਂ ਕਰ ਸਕਦੇ, ਉਸੇ ਤਰ੍ਹਾਂ ਅਸੀਂ ਆਪਣੇ ਆਪ ਨੂੰ, ਆਪਣੇ ਆਲੇ-ਦੁਆਲੇ ਨਾਲੋਂ ਵੱਖ ਨਹੀਂ ਕਰ ਸਕਦੇ। ਬੋਧੀ ਭਿਕਸ਼ੂ ਕਹਿੰਦੇ ਹਨ ਕਿ ਅਸੀਂ ਆਪਣਾ ਅਧਿਅਨ ਕਰ ਕੇ ਆਪਣੇ ਮਨ ਨੂੰ ਵੀ ਸ਼ੁੱਧ ਕਰ ਸਕਦੇ ਹਾਂ ਅਤੇ ਆਪਣੇ ਆਲੇ-ਦੁਆਲੇ ਨੂੰ ਵੀ। ਬੁੱਧ ਧਰਮ ਮਨੁਖ ਨੂੰ ਆਲੇ-ਦੁਆਲੇ ਨੂੰ ਪ੍ਰਭਾਵਿਤ ਕਰਨ ਵਾਲੇ ਉਸ ਦੇ ਨਿੱਜੀ ਕਾਰਜਾਂ ਪ੍ਰਤੀ ਜਾਗਰੂਕ ਅਤੇ ਜ਼ਿੰਮੇਵਾਰ ਬਣਾਉਂਦਾ ਹੈ। ਇਸ ਦੇ ਬੁਨਿਆਦੀ ਫ਼ਲਸਫ਼ੇ ਅਤੇ ਸਿੱਖਿਆਵਾਂ ਵਿਚ ਬਹੁਤ ਕੁਝ ਅਜਿਹਾ ਹੈ ਜੋ ਮਨੁੱਖ ਨੂੰ ਵਾਤਾਵਰਨਕ ਨੈਤਿਕਤਾ ਦਾ ਅਨੁਸਾਰੀ ਬਣਨ ਵੱਲ ਤੋਰਦਾ ਹੈ ਅਤੇ ਉਸ ਉੱਪਰ ਵਾਤਾਵਰਨ ਦਾ ਸੰਤੁਲਨ ਬਣਾਈ ਰੱਖਣ ਦੀ ਜ਼ਿੰਮੇਵਾਰੀ ਆਇਦ ਕਰਦਾ ਹੈ। ਇਹੀ ਕਾਰਨ ਹੈ ਕਿ ਬੁੱਧ ਧਰਮ ਨੂੰ ਹਰਾ ਧਰਮ (Green Re&}{}on) ਵੀ ਕਿਹਾ ਜਾਂਦਾ ਹੈ।

**ਜੈਨ ਧਰਮ :** ਪੁਰਾਤਨ ਜੈਨ ਧਰਮ ਵਿਚ ਭਾਰਤੀ ਧਾਰਮਿਕ ਸੱਭਿਆਚਾਰ ਦੇ ਸਭ ਤੋਂ ਪੁਰਾਣੇ ਤੱਤ ਮਿਲਦੇ ਹਨ। ਇਸ ਧਰਮ ਦੇ ਅਨੁਆਈਆਂ ਲਈ ਆਚਾਰ-ਵਿਚਾਰ, ਰਹਿਣ-ਸਹਿਣ, ਰੀਤੀ-ਰਿਵਾਜ, ਸੱਚ, ਅਹਿੰਸਾ ਦੇ ਆਦਰਸ਼ਾਂ ਦੀ ਪਾਲਣਾ ਉਪਰ ਜ਼ੋਰ ਦਿੱਤਾ ਹੈ। 'ਸਰਵੇ ਭਵੰਤੂ ਸੁਖਿਨ : ਸਰਵੇ ਸੰਤੁ ਨਿਰਮਯ' ਦੀ ਕਲਪਨਾ ਨੂੰ ਸਾਕਾਰ ਕਰਨ ਲਈ ਵਾਤਾਵਰਨ ਨੂੰ ਸਾਫ਼ ਰੱਖਣ ਦੀ ਤਾਕੀਦ ਕੀਤੀ ਗਈ ਹੈ। ਜੈਨ ਦਰਸ਼ਨ ਵਿਚ ਪ੍ਰਕਿਰਤੀ ਨੂੰ ਇਕ ਜੀਵਤ, ਚੇਤਨ ਸ਼ਕਤੀ ਦੇ ਰੂਪ ਵਿਚ ਦੇਖਿਆ ਜਾਂਦਾ ਹੈ, ਕਿਸੇ ਵੀ ਜੀਵਤ ਪ੍ਰਾਣੀ ਨੂੰ ਨੁਕਸਾਨ ਨਾ ਪਹੁੰਚਾਉਣਾ, ਚਾਹੇ ਉਹ ਮਨੁੱਖ ਹੋਵੇ, ਪਸ਼ੂ ਹੋਵੇ ਜਾਂ ਕੋਈ ਪੌਦਾ ਅਤੇ ਉਸ ਦਾ ਸਤਿਕਾਰ ਕਰਨਾ ਅਹਿਮ ਕਰਤੱਵ ਮੰਨਿਆ ਜਾਂਦਾ ਹੈ।

**ਸਿੱਖ ਧਰਮ :** ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ (1469-1539 ਈਸਵੀ), ਜਿਨ੍ਹਾਂ ਦਾ ਵਧੇਰੇ ਜੀਵਨ ਦਰਿਆਵਾਂ ਦੇ ਅੰਗ-ਸੰਗ ਗੁਜ਼ਰਿਆ, ਆਪਣੀ ਪਵਿੱਤਰ ਬਾਣੀ (ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹੈ) ਵਿਚ ਹਵਾ, ਪਾਣੀ ਅਤੇ ਧਰਤੀ ਨੂੰ ਕ੍ਰਮਵਾਰ ਉੱਚਾ ਦਰਜਾ ਦੇ ਕੇ ਇਨ੍ਹਾਂ ਦੀ ਅਹਿਮੀਅਤ ਨੂੰ ਦਰਸਾਉਂਦੇ ਹਨ :

**ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥**
**ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ ॥ (ਸਲੋਕੁ, ਮ:1, ਅੰਗ:8)**

ਅਰਥਾਤ- ਪਵਣ, ਪਾਣੀ ਤੇ ਧਰਤੀ ਆਦਿ, ਸਮੂਹ ਜੀਵ-ਜੰਤੂਆਂ ਅਤੇ ਬਨਸਪਤੀ ਦੀ ਹੋਂਦ ਦਾ ਮੂਲ ਆਧਾਰ ਹਨ ਅਤੇ ਇਨ੍ਹਾਂ ਦੇ ਰਾਹੀਂ ਹੀ ਕੁੱਲ ਸ੍ਰਿਸ਼ਟੀ ਦਾ ਰਚਣਹਾਰ ਕਰਤਾਰ ਇਸ ਜਗਤ ਦੀ ਸਾਰੀ ਖੇਡ ਖੇਲ੍ਹ ਰਿਹਾ ਹੈ। ਇਕ ਹੋਰ ਥਾਂ ਸ੍ਰੀ ਗੁਰੂ ਨਾਨਕ ਦੇਵ ਜੀ ਫ਼ਰਮਾਉਂਦੇ ਹਨ :

**ਪਉਣੁ ਗੁਰੂ ਪਾਣੀ ਪਿਤ ਜਾਤਾ ॥**
**ਉਦਰ ਸੰਜੋਗੀ ਧਰਤੀ ਮਾਤਾ ॥**
**ਰੈਣਿ ਦਿਨਸੁ ਦੁਇ ਦਾਈ ਦਾਇਆ**
**ਜਗੁ ਖੇਲੈ ਖੇਲਾਈ ਹੇ ॥ (ਮਾਰੂ, ਮ:1, ਅੰਗ:1020)**

ਸਮੁੱਚੇ ਮਨੁੱਖੀ ਵਿਕਾਸ ਦੇ ਇਤਿਹਾਸ ਵਿਚ ਕੁਦਰਤ ਅਤੇ ਵਾਤਾਵਰਨ ਦਾ ਸਥਾਨ ਵਿਸ਼ੇਸ਼ ਮਹੱਤਵ ਦਾ ਧਾਰਨੀ ਰਿਹਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਬਾਣੀਕਾਰਾਂ ਦਾ ਪੈਗ਼ਾਮ ਇਹੀ ਰਿਹਾ ਹੈ ਕਿ ਮਨੁੱਖ ਹਵਾ, ਪਾਣੀ, ਧਰਤੀ ਤੇ ਵਾਤਾਵਰਨ ਦੇ ਹੋਰ ਪਹਿਲੂਆਂ ਨਾਲ ਬਹੁਤ ਨਜ਼ਦੀਕ ਤੋਂ ਜੁੜਿਆ ਹੋਇਆ ਹੈ। ਅੰਗਰੇਜ਼ੀ ਕਵੀ ਵਿਲੀਅਮ ਵਰਡਜ਼ਵਰਥ, ਜਿਸ ਨੂੰ ਕੁਦਰਤ ਦਾ ਸਭ ਤੋਂ ਵੱਡਾ ਕਵੀ ਮੰਨਿਆ ਜਾਂਦਾ ਹੈ, ਲਿਖਦਾ ਹੈ ਕਿ ਕੁਦਰਤ ਮਨੁੱਖਾ ਜੀਵਨ ਦੇ ਮੁੱਖ ਤਿੰਨ ਪੜਾਵਾਂ - ਬਚਪਨ, ਜਵਾਨੀ ਅਤੇ ਬੁਢਾਪੇ ਵਿਚ ਆਪਣਾ ਮੁੱਖ ਰੋਲ ਅਦਾ ਕਰਦੀ ਹੈ। ਕੁਦਰਤ ਦਾ ਮਨੁੱਖ ਨਾਲ ਮਾਂ-ਪੁੱਤਰ ਦਾ ਰਿਸ਼ਤਾ ਹੈ। ਵਰਡਜ਼ਵਰਥ ਪ੍ਰਕਿਰਤੀ ਦਾ ਮਹੱਤਵ ਦੱਸਦੇ ਹੋਏ ਇਸ ਨੂੰ 'ਸਾਂਭਣ ਵਾਲੀ ਮਾਂ' ਦਾ ਦਰਜਾ ਦੇ ਰਿਹਾ ਹੈ।

ਗੁਰਬਾਣੀ ਵਿਚ ਪਾਣੀ ਦੀ ਥਾਂ 'ਅੰਮ੍ਰਿਤ' ਸ਼ਬਦ ਦੀ ਵਾਰ-ਵਾਰ ਹੋਈ ਵਰਤੋਂ ਵੀ ਪਾਣੀ ਦੀ ਅਹਿਮੀਅਤ ਦੀ ਹੀ ਪੁਸ਼ਟੀ ਕਰਦੀ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਰਾਮਦਾਸ ਜੀ ਦੀ ਵਸਾਈ ਨਗਰੀ 'ਚੱਕ ਰਾਮਦਾਸਪੁਰ' ਵਿਖੇ ਦੂਰ-ਦੂਰ ਤੋਂ ਆਉਣ ਵਾਲੀਆਂ ਸੰਗਤਾਂ ਦੇ ਇਸ਼ਨਾਨ-ਪਾਨ ਲਈ ਜੋ ਸਰੋਵਰ ਖੁਦਵਾਏ, ਉਨ੍ਹਾਂ 'ਚੋਂ ਮੁੱਖ ਸਰੋਵਰ ਨੂੰ 'ਸੁਧਾ ਸਰ' ਦਾ ਨਾਂਅ ਦਿੱਤਾ ਗਿਆ

ਬਾਅਦ ਵਿਚ ਜਦੋਂ ਇਸੇ ਸਰੋਵਰ ਦੇ ਵਿਚਕਾਰ ਸ੍ਰੀ ਹਰਿਮੰਦਰ ਸਾਹਿਬ ਦੀ ਸਿਰਜਣਾ ਹੋਈ ਅਤੇ ਸ੍ਰੀ ਰਾਮ ਸਰ ਸਰੋਵਰ ਦੇ ਰਮਣੀਕ ਕਿਨਾਰੇ 'ਤੇ ਆਪਣੀ ਦੇਖ-ਰੇਖ ਵਿਚ ਲਿਖਵਾਈ 'ਸ੍ਰੀ ਆਦਿ ਗ੍ਰੰਥ' ਦੀ ਪਾਵਨ ਬੀੜ ਨੂੰ ਇਥੇ ਸੁਸ਼ੋਭਤ ਕੀਤਾ ਅਤੇ ਰਾਤ-ਦਿਨ ਧੁਰ ਕੀ ਬਾਣੀ ਦਾ ਕੀਰਤਨ ਹੋਣ ਲੱਗਾ ਤਾਂ ਸੁਧਾ ਸਰ ਸਰੋਵਰ 'ਅੰਮ੍ਰਿਤ ਸਰ' ਦੇ ਨਾਂਅ ਨਾਲ ਜਾਣਿਆ ਜਾਣ ਲੱਗਾ ਅਤੇ ਸਮੇਂ ਦੀ ਤੋਰ ਨਾਲ ਇਸ ਨਗਰ ਦਾ ਨਾਂਅ ਵੀ 'ਚੱਕ ਰਾਮਦਾਸ ਪੁਰ 'ਤੋਂ 'ਅੰਮ੍ਰਿਤਸਰ' ਮਸ਼ਹੂਰ ਹੋ ਗਿਆ।

ਯੂਰਪ ਦੇ ਵਿਗਿਆਨੀਆਂ ਅਨੁਸਾਰ ਫੈਕਟਰੀਆਂ, ਡੀਜ਼ਲ ਇੰਜਣ ਆਦਿ ਤੋਂ ਨਿਕਲਣ ਵਾਲੀ ਦੂਸ਼ਿਤ ਹਵਾ ਨਾਲ ਰੁੱਖਾਂ ਨੂੰ ਲੋੜੀਂਦੇ ਪੌਸ਼ਕ ਤੱਤ ਦੇਣ ਵਾਲੀ ਉੱਲੀ ਖ਼ਤਮ ਹੋ ਰਹੀ ਹੈ ਜਿਸ ਨਾਲ ਮਨੁੱਖ ਅਤੇ ਰੁੱਖ ਦੋਵੇਂ ਬਿਮਾਰ ਹੋ ਰਹੇ ਹਨ। ਲੰਡਨ ਦੇ ਇੰਪੀਰੀਅਲ ਕਾਲਜ ਅਤੇ ਕੀਵ ਗਾਰਡਨ ਦੇ ਵਿਗਿਆਨੀਆਂ ਨੇ ਯੂਰਪੀਅਨ ਦੇਸ਼ਾਂ ਦੇ 137 ਜੰਗਲਾਂ ਤੋਂ ਮਿੱਟੀ ਦੇ 13 ਹਜ਼ਾਰ ਨਮੂਨਿਆਂ ਦਾ ਅਧਿਐਨ ਕਰ ਕੇ ਇਹ ਨਤੀਜਾ ਕੱਢਿਆ ਹੈ।

ਸਾਡਾ ਫ਼ਰਜ਼ ਬਣਦਾ ਹੈ ਕਿ ਕੁਦਰਤ ਦੀਆਂ ਇਨ੍ਹਾਂ ਅਨਮੋਲ ਦਾਤਾਂ ਦੀ ਅਹਿਮੀਅਤ ਨੂੰ ਸਮਝਦੇ ਹੋਏ, ਇਨ੍ਹਾਂ ਦੀ ਸਾਂਭ-ਸੰਭਾਲ ਕਰਨ ਲਈ ਹਰ ਸੰਭਵ ਯਤਨ ਕਰੀਏ ਅਤੇ ਦੂਜਿਆਂ ਨੂੰ ਵੀ ਅਜਿਹਾ ਕਰਨ ਲਈ ਪ੍ਰੇਰਿਤ ਕਰੀਏ।

ਅੱਜਕਲ੍ਹ ਵਾਤਾਵਰਨ ਨੂੰ ਗੰਧਲਾ ਕਰਨ ਵਿਚ ਇਕ ਆਮ ਆਦਮੀ ਤੋਂ ਲੈ ਕੇ ਸਭ ਵੱਡੀਆਂ-ਵੱਡੀਆਂ ਇੰਡਸਟਰੀਆਂ, ਇੱਥੋਂ ਤੀਕ ਕਿ ਮਹਾਂ ਸ਼ਕਤੀਆਂ ਵਾਲੇ ਦੇਸ਼ ਵੀ ਪਿੱਛੇ ਨਹੀਂ ਹਟਦੇ। ਭਾਵੇ ਪ੍ਰਦੂਸ਼ਣ ਹਵਾ ਦਾ ਹੋਵੇ, ਪਾਣੀ ਦਾ ਹੋਵੇ ਜਾਂ ਧਰਤੀ ਦਾ, ਕਿਸੇ ਨੂੰ ਕੋਈ ਫ਼ਰਕ ਨਹੀਂ ਪੈਂਦਾ। ਆਮ ਆਦਮੀ ਘਰ ਨੂੰ ਸਾਫ਼ ਕਰਨ ਲਈ ਸਾਰਾ ਕਚਰਾ ਦਰਿਆਵਾਂ ਜਾਂ ਫਿਰ ਸੜਕਾਂ ਕੰਢੇ ਸੁੱਟ ਰਿਹਾ ਹੈ। ਇਸੇ ਤਰ੍ਹਾਂ ਧਾਰਮਿਕ ਕਰਮਕਾਂਡ ਕਰਨ ਵਾਲੇ ਵੱਖ-ਵੱਖ ਸਮੱਗਰੀ, ਪ੍ਰਸ਼ਾਦਿ, ਨਾਰੀਅਲ, ਪਲਾਸਟਿਕ ਦੇ ਲਿਫਾਫੇ, ਦੇਵੀ-ਦੇਵਤਿਆਂ ਦੇ ਵੱਖ-ਵੱਖ ਤਰ੍ਹਾਂ ਦੇ ਛੋਟੇ ਤੇ ਵੱਡੇ ਬੁੱਤ ਤੇ ਫੋਟੋ ਆਦਿ ਨਦੀਆਂ, ਦਰਿਆਵਾਂ ਤੇ ਸਮੁੰਦਰਾਂ ਵਿਚ ਸੁੱਟ ਦਿੰਦੇ ਹਨ। ਕੁਝ ਪੜ੍ਹੇ-ਲਿਖੇ ਅਨਪੜ੍ਹ ਲੋਕ ਦਰੱਖਤਾਂ 'ਤੇ ਕੱਪੜਾ ਬੰਨ੍ਹ ਕੇ, ਉਸ 'ਤੇ ਤੇਲ ਚੜ੍ਹਾ ਕੇ ਉਸ ਦੀ ਉਮਰ ਘਟਾ ਦਿੰਦੇ ਹਨ। ਇਸ ਦੇ ਉਲਟ ਫੈਕਟਰੀਆਂ, ਪੇਪਰ ਮਿੱਲਾਂ, ਲੈਦਰ ਕੰਪਲੈਕਸ ਆਦਿ ਅਨੇਕਾਂ ਇੰਡਸਟਰੀਆਂ ਆਪਣਾ ਕੁਝ ਪੈਸਾ ਬਚਾਉਣ ਖਾਤਰ ਕੈਮੀਕਲ ਵਾਲਾ ਜ਼ਹਿਰ ਸਿੱਧੇ ਤੌਰ 'ਤੇ ਦਰਿਆਵਾਂ, ਵੇਈਆਂ ਵਿਚ ਪਾ ਰਹੇ ਹਨ।

ਵਿਕਾਸਸ਼ੀਲ ਦੇਸ਼ਾਂ ਵਿਚ ਸੋਨੇ ਦੀਆਂ ਖਾਣਾਂ ਨਾਲ ਸੰਬੰਧਿਤ ਇੰਡਸਟਰੀ ਵਾਲੇ ਵੀ ਵਾਤਾਵਰਨ ਨੂੰ ਪਲੀਤ ਕਰਨ ਵਿਚ ਪਿੱਛੇ ਨਹੀਂ ਰਹੇ। ਇਹ ਲੋਕ ਸੋਨਾ ਕੱਢਣ ਉਪਰੰਤ ਵਾਧੂ ਰਹਿੰਦ-ਖੂੰਹਦ ਜੋ ਕਿ ਜੀਵ-ਜੰਤੂਆਂ ਲਈ ਬਹੁਤ ਹਾਨੀਕਾਰਕ ਹੁੰਦੀ ਹੈ, ਦਰਿਆਵਾਂ ਵਿਚ ਵਹਾ ਦਿੰਦੇ ਹਨ। ਇਸੇ ਤਰ੍ਹਾਂ ਰੋਮਾਨੀਆਂ ਵਿਖੇ ਸਾਲ 2000 ਵਿਚ ਇਕ ਸੋਨੇ ਦੀ ਖਾਣ ਦੀ ਰਹਿੰਦ-ਖੂੰਹਦ ਡਾਨੂਬੇ ਦਰਿਆ ਦੀ ਇਕ ਸਹਾਇਕ ਨਦੀ ਵਿਚ ਸੁੱਟੀ ਗਈ ਤਾਂ ਉਥੇ 2000 ਟਨ ਤੋਂ ਵੱਧ ਮੱਛੀਆਂ ਮਰ ਗਈਆਂ ਸਨ।

ਧਰਤੀ, ਆਕਾਸ਼, ਹਵਾ, ਪਾਣੀ, ਅਗਨੀ, ਪੇੜ-ਪੌਦੇ, ਆਦਿ ਸਭ ਵਸਤੂਆਂ ਮਨੁੱਖੀ ਲੋੜਾਂ ਦੀ ਪੂਰਤੀ ਲਈ ਹਨ। ਜਦੋਂ ਮਨੁੱਖ ਇਸ ਕੁਦਰਤੀ ਵਾਤਾਵਰਨ ਨਾਲ ਛੇੜ-ਛਾੜ ਕਰਦਾ ਹੈ ਤਾਂ ਉਸਦੇ ਸਿੱਟੇ ਵਿਨਾਸ਼ਕਾਰੀ ਨਿਕਲਦੇ ਹਨ। ਜੰਗਲਾਂ ਨੂੰ ਬੇਤਹਾਸ਼ਾ ਕੱਟਣਾ, ਹਵਾ ਨੂੰ ਕਾਰਖਾਨਿਆਂ ਦੀਆਂ ਗੈਸਾਂ ਰਾਹੀਂ ਦੂਸ਼ਿਤ ਕਰਨਾ, ਪਾਣੀ ਦੇ ਪ੍ਰਵਾਹ ਨੂੰ ਰੋਕਣਾ ਅਤੇ ਪਾਣੀ ਵਿਚ ਫੈਕਟਰੀਆਂ ਦੇ ਜ਼ਹਿਰੀਲੇ ਕੈਮੀਕਲ ਬਿਨਾਂ ਟਰੀਟ ਕੀਤੇ ਪਾਉਣਾ, ਅੱਗ ਦੀ ਦੁਰਵਰਤੋਂ, ਜੜ੍ਹੀਆਂ-ਬੂਟੀਆਂ ਨੂੰ ਨਸ਼ਟ ਕਰਨਾ ਆਦਿ ਵਰਤਾਰੇ ਕੁਦਰਤੀ ਵਾਤਾਵਰਨ ਨੂੰ ਤਬਾਹ ਕਰਨ ਦੇ ਸਮਾਨ ਹਨ। ਸੋ, ਕੁਦਰਤੀ ਵਾਤਾਵਰਨ ਦੀ ਛੇੜ-ਛਾੜ ਕਰਨ ਨਾਲ ਮਨੁੱਖ ਇਕ ਤਰ੍ਹਾਂ ਆਪਣੀਆਂ ਹੀ ਜੜ੍ਹਾਂ ਵੱਢ ਰਿਹਾ ਹੈ। ਧਰਮ ਦਾ ਕੁਦਰਤ ਨਾਲ ਸਿੱਧਾ ਸੰਬੰਧ ਹੈ, ਕਾਦਰ ਜੀਵ-ਜੰਤੂਆਂ ਤੇ ਪ੍ਰਕਿਰਤੀ ਦੇ ਰੰਗਾਂ ਵਿਚ ਵਸਦਾ ਹੈ। ਸੋ, ਕੁਦਰਤ ਨਾਲ ਇਕਸੁਰਤਾ ਕਾਇਮ ਰੱਖਣਾ ਹੀ ਧਰਮ ਦਾ ਮੁੱਖ ਉਦੇਸ਼ ਹੈ।

# ਕੀ ਤਕਨੀਕ ਦਾ ਗੁਲਾਮ ਹੋ ਜਾਵੇਗਾ ਮਨੁੱਖ ?

ਗੁਰਚਰਨ ਸਿੰਘ ਨੂਰਪੁਰ




ਆਉਣ ਵਾਲੇ ਸਮੇਂ ਦੌਰਾਨ ਮਨੁੱਖ ਦੇ ਮਨ-ਮਸਤਕ, ਆਰਥਿਕਤਾ ਅਤੇ ਰਹਿਣ-ਸਹਿਣ ਵਿਚ ਵੱਡੀਆਂ ਤਬਦੀਲੀਆਂ ਵਾਪਰਨ ਜਾ ਰਹੀਆਂ ਹਨ। ਇਹ ਤਬਦੀਲੀਆਂ ਬੜੀਆਂ ਹੈਰਾਨੀਜਨਕ ਹੋਣਗੀਆਂ।

ਏ.ਆਈ. ਦਾ ਅਜੇ ਜਨਮ ਹੀ ਹੋਇਆ ਹੈ। ਇਹ ਅਜੇ ਬਾਲਪਣ ਵਿਚ ਹੈ। ਇਸ ਦੇ ਜਨਮ ਹੁੰਦਿਆਂ ਹੀ ਕਈ ਖੇਤਰਾਂ ਵਿਚ ਬਹੁਤ ਕੁਝ ਬਦਲਣ ਲੱਗਾ ਹੈ। ਸਾਡਾ ਭਵਿੱਖ ਏਨਾ ਬਦਲ ਜਾਵੇਗਾ ਜਿਸ ਦਾ ਅਸੀਂ ਕਦੇ ਕਿਆਸ ਵੀ ਨਹੀਂ ਕੀਤਾ ਸੀ।

ਤੁਹਾਨੂੰ ਤੁਹਾਡੇ ਕਿਸੇ ਆਪਣੇ ਨੇ ਫੋਨ ਕਰਕੇ ਕਿਹਾ, 'ਮੈਂ ਅੱਜ ਬਹੁਤ ਉਦਾਸ ਹਾਂ, ਮੇਰਾ ਦਿਲ ਨਹੀਂ ਲੱਗ ਰਿਹਾ।' ਇਸ ਦਾ ਕਲਾਤਮਿਕ ਜਵਾਬ ਦੇਣ ਲਈ ਤੁਸੀਂ ਆਪਣੀ ਮਰਜ਼ੀ ਨਾਲ ਜਿਵੇਂ- 'ਅੱਜਕਲ੍ਹ ਕਿਉਂ ਨਹੀਂ ਲਗਦਾ ਦਿਲ ਤੇਰਾ ਕੀ ਹੋਇਐ ਦਿਲ ਨੂੰ', ਇਸ ਵਿਸ਼ੇ ਦਾ ਗੀਤ ਏ. ਆਈ. ਤੋਂ ਲਿਖਵਾ ਸਕਦੇ ਹੋ। ਇੱਥੇ ਹੀ ਬੱਸ ਨਹੀਂ ਤੁਸੀਂ ਇਸ ਗੀਤ ਦਾ ਸੰਗੀਤ ਤਿਆਰ ਕਰਕੇ ਅਤੇ ਇਸ ਨੂੰ ਤੁਸੀਂ ਆਪਣੀ ਆਵਾਜ਼ ਜਾਂ ਤੁਹਾਡੇ ਮਿੱਤਰ ਦੇ ਪਸੰਦੀਦਾ ਸਟਾਰ ਗਾਇਕ ਤੋਂ ਗਵਾ ਕੇ, ਏ.ਆਈ. ਦੋ ਮਿੰਟ ਵਿਚ ਤੁਹਾਨੂੰ ਤਿਆਰ ਕਰਕੇ ਦੇ ਸਕਦੀ ਹੈ ਜੋ ਤੁਸੀਂ ਆਪਣੇ ਮਿੱਤਰ ਨੂੰ ਭੇਜ ਸਕਦੇ ਹੋ। ਇਸ ਤੋਂ ਵੀ ਅਗਾਂਹ ਇਸ ਗੀਤ ਦੀ ਤੁਸੀਂ ਆਪਣੀ ਮਰਜ਼ੀ ਦੀ ਵੀਡੀਓ ਜਿਸ ਵਿਚ ਸਮੁੰਦਰਾਂ, ਪਹਾੜਾਂ, ਰੇਗਿਸਤਾਨਾਂ, ਹੈਲੀਕਾਪਟਰ, ਹਵਾਈ ਤੇ ਸਮੁੰਦਰੀ ਜਹਾਜ਼ਾਂ ਦੇ ਦ੍ਰਿਸ਼ ਹੋਣ, ਵੀ ਤਿਆਰ ਕਰ ਸਕਦੇ ਹੋ। ਅੱਜ ਤੋਂ ਕੁਝ ਸਾਲ ਪਹਿਲਾਂ ਇਸ ਕੰਮ ਲਈ ਕਈ ਦਿਨ ਲਗਦੇ ਸਨ 'ਤੇ ਇਸ ਲਈ ਸਾਨੂੰ ਲੱਖਾਂ ਰੁਪਏ ਚਾਹੀਦੇ ਸਨ।

ਆਪਣੀ ਮਰਜ਼ੀ ਦੀ ਫ਼?ਲਮ ਦੀ ਕਹਾਣੀ, ਕਵਿਤਾ, ਵੀਡੀਓ, ਫੋਟੋ, ਪੇਂਟਿੰਗ, ਗੀਤ ਸੰਗੀਤ, ਕਿਸੇ ਵਿਸ਼ੇ ਸਬੰਧੀ ਕੋਈ ਖੋਜ ਕਰਨੀ ਹੋਵੇ, ਇਹ ਸਭ ਕੁਝ ਏ. ਆਈ. ਦਾ ਅਵਤਾਰ ਮਿੰਟਾਂ ਸਕਿੰਟਾਂ ਵਿਚ ਕਰਨ ਦੀ ਮੁਹਾਰਤ ਰੱਖਦਾ ਹੈ। ਇਹ ਅਜੇ ਸ਼ੁਰੂਆਤ ਮਾਤਰ ਹੈ। ਭਵਿੱਖ ਵਿਚ ਤਾਂ ਏਨਾ ਕੁਝ ਤਬਦੀਲ ਹੋ ਜਾਵੇਗਾ ਕਿ ਪਹਿਲੀ ਵਾਰ ਮਾਨਵਜਾਤੀ ਏਨੇ ਵੱਡੇ ਹੈਰਾਨੀਜਨਕ ਵਰਤਾਰੇ ਵਿਚ ਪ੍ਰਵੇਸ਼ ਕਰੇਗੀ। ਏ. ਆਈ. ਤਕਨੀਕ ਇਕ ਅਜਿਹਾ ਵੇਗ ਹੈ ਜੋ ਸਭ ਕੁਝ ਨੂੰ ਪ੍ਰਭਾਵਤ ਕਰਨ ਦੀ ਮੁਹਾਰਤ ਰੱਖਦਾ ਹੈ। ਕੰਪਿਊਟਰ ਦੀ ਮਦਦ ਨਾਲ ਵੀ ਜਿਸ ਕੰਮ ਨੂੰ ਕਰਨ ਲਈ ਪਹਿਲਾਂ ਦਿਨ ਹਫਤੇ ਲੱਗਦੇ ਸਨ, ਉਹ ਹੁਣ ਮਿੰਟਾਂ ਸਕਿੰਟਾਂ ਵਿਚ ਹੋਣ ਲਗੇਗਾ। ਕੋਈ ਵੈਬਸਾਈਡ ਬਣਾਉਣੀ ਹੈ, ਕਿਸੇ ਤਰ੍ਹਾਂ ਦੀ ਮਸ਼ਹੂਰੀ ਕਰਨ ਲਈ ਕੋਈ ਛੋਟੀ ਫਿਲਮ ਜਾਂ ਪੋਸਟਰ ਤਿਆਰ ਕਰਨਾ ਹੈ, ਕੋਈ ਕਾਰਡ ਜਾਂ ਸਕਪ੍ਰਿਟ ਲਿਖਣੀ ਹੈ, ਏ. ਆਈ. ਟੂਲ ਇਸ ਸਭ ਕੁਝ ਨੂੰ ਮਿੰਟਾਂ ਸਕਿੰਟਾਂ ਵਿਚ ਕਰਨ ਦੀ ਮੁਹਾਰਤ ਰੱਖਦੇ ਹਨ। ਏ.ਆਈ. ਦੇ ਮਾਹਿਰ ਇਹ ਕਹਿ ਰਹੇ ਹਨ ਕਿ ਇਸ ਸਮੇਂ ਦੁਨੀਆ ਵਿਚ ਬੜੇ ਵਿਲੱਖਣ ਕੰਮਾਂ ਨੂੰ ਅੰਜਾਮ ਦੇਣ ਵਾਲੇ ਏ.ਆਈ. ਟੂਲਜ਼ ਜਿਵੇਂ ਚੈਟ ਜੀ ਪੀ ਟੀ ਜਾਂ ਗਰੋਕ ਵਰਗੀਆਂ ਸਾਈਟਾਂ ਲਈ ਭਵਿੱਖ ਵਿਚ ਲੋਕ ਹੱਸਿਆ ਕਰਨਗੇ ਕਿ ਸ਼ੁਰੂ ਵਿਚ ਇਸ ਤਰ੍ਹਾਂ ਦੀ ਏ. ਆਈ. ਨਾਲ ਕੰਮ ਚਲਦਾ ਸੀ।

ਅਗਲੇ ਦੋ ਤਿੰਨ ਸਾਲਾਂ ਵਿਚ ਏ.ਆਈ. ਦਾ ਪ੍ਰਭਾਵ ਸਾਡੇ ਮੋਬਾਈਲ ਜਾਂ ਕੰਪਿਊਟਰ ਤੱਕ ਹੀ ਸੀਮਤ ਨਹੀਂ ਰਹੇਗਾ ਬਲਕਿ ਏ. ਆਈ. ਰੋਬਟ ਸਾਡੇ ਘਰਾਂ ਵਿਚ ਹਰ ਤਰ੍ਹਾਂ ਦੇ ਕੰਮ ਕਰਨ ਲੱਗ ਪੈਣਗੇ। ਦੁਨੀਆਂ ਭਰ ਦੀ ਸਿੱਖਿਆ ਦਾ ਗਿਆਨ ਸਾਡੇ ਤੋਂ ਹੁਣ ਇਕ ਕਲਿੱਕ ਦੂਰ ਹੈ, ਇਸ ਸਥਿਤੀ ਵਿਚ ਸਾਡੇ ਸਿਲੇਬਸਾਂ, ਡਿਗਰੀਆਂ, ਡਿਪਲੋਮੇ, ਕੋਰਸਾਂ, ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਦੀ ਕੀ ਭੂਮਿਕਾ ਰਹਿ ਜਾਵੇਗੀ, ਇਸ ਬਾਰੇ ਮਾਨਵਜਾਤ ਵਲੋਂ ਸੋਚਿਆ ਜਾਣਾ ਅਜੇ ਬਾਕੀ ਹੈ। ਤਕਨੀਕ ਦੇ ਮਾਹਿਰ ਦੱਸ ਰਹੇ ਹਨ ਅਗਲੇ ਕੁਝ ਕੁ ਸਾਲਾਂ ਵਿਚ ਜਦੋਂ 'ਏ. ਜੀ. ਆਈ.' ਆਰਟੀਫੀਸ਼ਲ ਜਨਰਲ ਇੰਟੈਲੀਜੈਂਸ ਦਾ ਪ੍ਰਵੇਸ਼ ਹੋਵੇਗਾ ਤਾਂ ਸਭ ਕੁਝ ਇੰਨੀ ਤੇਜ਼ੀ ਨਾਲ ਤਬਦੀਲ ਹੋਣ ਲੱਗੇਗਾ ਕਿ ਸਾਡੇ ਕੋਲ ਹੈਰਾਨ ਹੋਣ ਦਾ ਸਮਾਂ ਵੀ ਨਹੀਂ ਹੋਵੇਗਾ। ਇੱਥੇ ਸਾਡੇ ਲਈ ਅਫ਼ਸੋਸਨਾਕ ਗੱਲ ਇਹ ਹੈ ਕਿ ਅੱਜ ਵੀ ਸਾਡੇ ਸਕੂਲਾਂ 'ਚ ਉਹ ਪੜ੍ਹਾਈ ਕਰਵਾਈ ਜਾ ਰਹੀ ਹੈ ਜਿਸ ਨੂੰ ਪੜ੍ਹਨ ਨਾਲ ਪੰਜਾਹ ਸਾਲ ਪਹਿਲਾਂ ਵਾਲੀ ਨੌਕਰੀ ਮਿਲਦੀ ਸੀ। ਜਦ ਕਿ ਸਮਾਂ ਬਹੁਤ ਅੱਗੇ ਨਿਕਲ ਗਿਆ ਹੈ ਅਤੇ ਚੀਜ਼ਾਂ ਇੰਨੀ ਤੇਜ਼ੀ ਨਾਲ ਤਬਦੀਲ ਹੋਣ ਲੱਗੀਆਂ ਹਨ ਕਿ ਅੱਜ ਜਿਹੜਾ ਗਿਆਨ ਹੁਣ ਮੁੱਲਵਾਨ ਲੱਗਦਾ ਹੈ ਅਗਲੇ ਸਾਲ ਉਹ ਅਰਥਹੀਣ ਹੋ ਜਾਣ ਵਾਲਾ ਹੈ।

ਅਤਿ ਆਧੁਨਿਕ ਇਨ੍ਹਾਂ ਤਬਦੀਲੀਆਂ ਦਾ ਸਾਡੇ ਮਨ-ਮਸਤਕ 'ਤੇ ਕਿਹੋ ਜਿਹਾ ਪ੍ਰਭਾਵ ਪਵੇਗਾ, ਇਸ ਦਾ ਠੀਕ ਠੀਕ ਅੰਦਾਜ਼ਾ ਏ.ਆਈ. ਦੇ ਮਾਹਿਰਾਂ ਨੂੰ ਵੀ ਨਹੀਂ ਲੱਗ ਰਿਹਾ। ਅਸੀਂ ਤਕਨੀਕ ਦੇ ਉਸ ਯੁੱਗ ਵਿਚ ਪ੍ਰਵੇਸ਼ ਕਰ ਗਏ ਹਾਂ ਜਿੱਥੇ ਵੱਡੀ ਗਿਣਤੀ ਲੋਕਾਂ ਦਾ ਜ਼ਿਆਦਾਤਰ ਸਮਾਂ ਆਪਣੇ ਆਪ ਤੋਂ ਦੂਰ ਹੋ ਕੇ ਬੀਤਦਾ ਹੈ। ਸ਼ੋਸ਼ਲ ਮੀਡੀਆ ਦੇ ਇਸ ਦੌਰ ਵਿਚ ਅਸੀਂ ਹਰ ਦਿਨ ਆਪਣੇ ਆਪ ਤੋਂ ਦੂਰ ਹੋ ਰਹੇ ਹਾਂ। ਪਹਿਲਾਂ ਬੰਦਾ ਆਪਣੇ ਆਲੇ ਦੁਆਲੇ ਦੇ ਕੁਝ ਕੁ ਪੰਦਰਾਂ ਵੀਹ ਲੋਕਾਂ ਵਿਚ ਆਪਣੇ ਅਕਸ ਨੂੰ ਵੇਖਦਾ ਸੀ ਕਿ ਇਨ੍ਹਾਂ ਵਿਚ ਮੇਰੀ ਵਾਹ ਵਾਹ ਬਣੀ ਰਹੇ। ਹੁਣ ਉਸ ਦਾ ਦਾਇਰਾ ਹੋਰ ਵਧ ਕੇ ਮੋਬਾਈਲ ਦੀ ਸਕਰੀਨ ਦੀ ਡਿਜੀਟਲ ਦੋਸਤੀ ਤੱਕ ਹੋ ਗਿਆ ਹੈ। ਮੋਬਾਈਲ ਦੀ ਸਕਰੀਨ ਤੋਂ ਮਿਲੇ ਲਾਈਕਾਂ ਦੇ ਨੰਬਰ ਤੇ ਕੂਮੈਂਟਸ ਨਾਲ ਬਣੀ ਰਾਇ ਹੁਣ ਸਾਡੇ ਮਨ ਦੀ ਅਵਸਥਾ ਨੂੰ ਨਿਰਧਾਰਤ ਕਰਨ ਲੱਗ ਪਈ ਹੈ। ਹਰ ਪੰਜ ਮਿੰਟ ਬਾਅਦ ਮੋਬਾਈਲ ਦੇਖਣ ਦੀ ਆਦਤ ਨੇ ਸਾਨੂੰ ਇਕ ਤਰ੍ਹਾਂ ਨਾਲ ਡਿਜੀਟਲ ਦੁਨੀਆਂ ਦਾ ਗੁਲਾਮ ਬਣਾ ਦਿੱਤਾ ਹੈ। ਸਾਡੇ ਮਨਾਂ ਨੂੰ ਇਕ ਤਰ੍ਹਾਂ ਨਾਲ ਮੋਬਾਈਲ ਦੀ ਤੋੜ (ਲੱਤ) ਲੱਗਣ ਲੱਗੀ ਹੈ। ਬਿਨਾਂ ਸ਼ੱਕ ਇੰਟਰਨੈੱਟ ਦੀ ਦੁਨੀਆਂ ਨੇ ਮਨੁੱਖ ਨੂੰ ਬਹੁਤ ਕੁਝ ਦਿੱਤਾ ਹੈ, ਬਹੁਤ ਕੁਝ ਉਸ ਨੇ ਨੇੜੇ ਨੇੜੇ ਲਿਆ ਕੇ ਖੜ੍ਹਾ ਕਰ ਦਿੱਤਾ ਹੈ। ਮੌਸਮ, ਚੀਜ਼ਾਂ ਵਸਤਾਂ ਦੇ ਮੁੱਲ ਅਤੇ ਇਨ੍ਹਾਂ ਦੀਆਂ ਜਾਣਕਾਰੀਆਂ, ਆਪਣੇ ਕਾਰੋਬਾਰ ਦੇ ਫੈਲਾਅ ਕਰਨ ਦੇ ਢੰਗ ਤਰੀਕੇ ਤੇ ਹੋਰ ਬਹੁਤ ਕੁਝ ਨੂੰ ਇੰਟਰਨੈੱਟ ਨੇ ਆਸਾਨ ਬਣਾਇਆ ਹੈ। ਇਹ ਵੀ ਸਮਝਣ ਦੀ ਲੋੜ ਹੈ ਕਿ ਅੱਜ ਦੇ ਦੌਰ ਵਿਚ ਮੋਬਾਈਲ ਫੋਨ ਅਤੇ ਇੰਟਰਨੈੱਟ ਬਗ਼ੈਰ ਗੁਜ਼ਾਰਾ ਨਹੀਂ ਪਰ ਇਸ ਤੋਂ ਵੱਧ ਇਹ ਜਾਨਣ ਦੀ ਲੋੜ ਹੈ ਕਿ ਅਸੀਂ ਇਸ ਸਭ ਕੁਝ ਦੇ ਗੁਲਾਮ ਵੀ ਬਣ ਰਹੇ ਹਾਂ। ਇੰਨੇ ਗੁਲਾਮ ਕਿ ਅਸੀਂ ਜੀਵਨ ਦੇ ਬਹੁਮੁੱਲੇ ਪੱਖ ਵਿਸਰਦੇ ਜਾ ਰਹੇ ਹਾਂ। ਜ਼ਰਾ ਕਿਆਸ ਕਰੋ ਇਕ ਬੰਦਾ ਆਪਣਾ ਬਹੁਤ ਸਾਰਾ ਸਮਾਂ ਜੇਕਰ ਕੰਪਿਊਟਰ ਜਾਂ ਮੋਬਾਈਲ ਫੋਨ 'ਤੇ ਹੀ ਖਰਚ ਕਰ ਦਿੰਦਾ ਹੈ, ਉਸ ਦੇ ਆਖ਼ਰੀ ਸਮੇਂ 'ਤੇ ਜਦੋਂ ਡਾਕਟਰਾਂ ਵਲੋਂ ਉਸ ਨੂੰ ਕਹਿ ਦਿੱਤਾ ਜਾਵੇ ਕਿ ਹੁਣ ਤੁਹਾਡੇ ਕੋਲ ਬਹੁਤ ਥੋੜ੍ਹਾ ਕੁਝ ਦਿਨਾਂ ਦਾ ਸਮਾਂ ਬਚਿਆ ਹੈ ਤਾਂ ਉਸ ਨੂੰ ਹੇਰਵਾ ਜ਼ਰੂਰ ਹੋਵੇਗਾ ਕਿ ਜੀਵਨ ਵਿਚ ਕਰਨ ਵਾਲਾ ਹੋਰ ਬਹੁਤ ਕੁਝ ਸੀ ਜੋ ਰਹਿ ਗਿਆ ਅਤੇ ਜੋ ਸਮਾਂ ਮਿਲਿਆ ਸੀ, ਉਹ ਬਹੁਤ ਸਾਰੀਆਂ ਫ਼ਜ਼ੂਲ ਚੀਜ਼ਾਂ ਨੂੰ ਇਕੱਠੇ ਕਰਦਿਆਂ ਗੁਜ਼ਰ ਗਿਆ।

ਭਵਿੱਖ ਵਿਚ ਚੀਜ਼ਾਂ ਹੋਰ ਤੇਜ਼ੀ ਨਾਲ ਬਦਲਣ ਜਾ ਰਹੀਆਂ ਹਨ। ਅਸੀਂ ਇਸ ਸਮੇਂ ਜਾਣਕਾਰੀਆਂ ਦੇ ਵੱਡੇ ਭਿਆਨਕ ਹੜ੍ਹ ਦੇ ਦੌਰ ਵਿਚ ਹਾਂ। ਆਮ ਮਨੁੱਖ ਲਈ ਵੱਡੇ ਭਰਮਾਂ ਦੀ ਸਿਰਜਣਾ ਹੋਵਗੀ, ਅਸੀਂ ਸੱਚ ਝੂਠ ਦਾ ਫ਼ਰਕ ਕਰਨ ਦੀ ਸਮਰੱਥਾ ਨੂੰ ਗਵਾ ਲਵਾਂਗੇ। ਵੱਡੇ ਬਦਲਾਵਾਂ ਦੇ ਮੋੜ 'ਤੇ ਖੜ੍ਹੀ ਮਾਨਵਜਾਤ ਲਈ ਸੋਚਣ ਵਾਲੀ ਗੱਲ ਇਹ ਹੈ ਕਿ ਤਕਨੀਕ ਦੇ ਵਿਕਾਸ ਵਿਚ ਮਨੁੱਖੀ ਮਨ ਦੀਆਂ ਸੰਭਾਵਨਾਵਾਂ ਕਿਹੋ ਜਿਹੀਆਂ ਹੋਣਗੀਆਂ। ਕੀ ਮਨੁੱਖ ਨੂੰ ਸੋਚਣ ਵਿਚਾਰਨ ਦੀ ਲੋੜ ਨਹੀਂ ਰਹੇਗੀ? ਜਾਂ ਇਹ ਇੰਨੀ ਸੀਮਤ ਹੋ ਜਾਵੇਗੀ ਕਿ ਸਾਨੂੰ ਆਪਣਾ ਦਿਮਾਗ ਵਰਤਣਾ ਹੀ ਨਹੀਂ ਪਵੇਗਾ। ਜਦੋਂ ਅਸੀਂ ਆਪਣਾ ਦਿਮਾਗ ਬਹੁਤ ਘੱਟ ਖਰਚ ਕਰਾਂਗੇ ਤਾਂ ਦੁਨੀਆਂ ਦੇ ਵੱਡੀ ਗਿਣਤੀ ਲੋਕਾਂ 'ਤੇ ਕਿਹੋ ਜਿਹੇ ਪ੍ਰਭਾਵ ਪੈਣਗੇ? ਜਿਵੇਂ ਹੁਣ ਵੀ ਸਾਡੇ ਬੱਚੇ ਚੌਵੀ ਨੂੰ ਚਾਰ ਨਾਲ ਗੁਣਾਂ ਕਰਨ ਲਈ ਮੋਬਾਈਲ ਦੀ ਵਰਤੋਂ ਕਰਦੇ ਹਨ। ਭਵਿੱਖ ਵਿਚ ਜਦੋਂ ਬਹੁਤ ਕੁਝ ਏ. ਆਈ. 'ਤੇ ਨਿਰਭਰ ਹੋ ਜਾਣਾ ਵਾਲਾ ਹੈ ਤਾਂ ਕੀ ਅਸੀਂ ਆਪਣੇ ਦਿਮਾਗ ਦੀ ਵਰਤੋਂ ਘੱਟ ਕਰ ਦੇਵਾਂਗੇ? ਜੇਕਰ ਅਜਿਹਾ ਹੁੰਦਾ ਹੈ ਤਾਂ ਇਸ ਦਾ ਸਾਡੇ ਮਨ-ਮਸਤਕ 'ਤੇ ਕੀ ਪ੍ਰਭਾਵ ਪਵੇਗਾ? ਦੂਜੇ ਪਾਸੇ ਸੋਚਿਆ ਇਹ ਵੀ ਜਾ ਰਿਹਾ ਹੈ ਮਾਨਵ-ਜਾਤ ਦੇ ਇਤਿਹਾਸ ਵਿਚ ਇਹ ਪਹਿਲੀ ਵਾਰ ਹੋਣ ਜਾ ਰਿਹਾ ਹੈ ਕਿ ਮਨੁੱਖ ਦੇ ਬਹੁਤ ਸਾਰੇ ਕੰਮ ਭਵਿੱਖ ਵਿਚ ਮਸ਼ੀਨਾਂ ਸੰਭਾਲ ਲੈਣਗੀਆਂ ਤਾਂ ਮਨੁੱਖ ਦੇ ਕੋਲ ਜੋ ਵਿਹਲ ਹੋਵੇਗੀ, ਉਸ ਵਿਹਲ ਜ਼ਰੀਏ ਉਹ ਕੁਝ ਜ਼ਿਆਦਾ ਕਰੀਏਟਿਵ ਹੋ ਜਾਵੇਗਾ। ਉਹ ਉਨ੍ਹਾਂ ਵਿਸ਼ਿਆਂ ਸਬੰਧੀ ਹੋਰ ਗਹਿਰ-ਗੰਭੀਰ ਸੋਚ ਵਿਚਾਰ ਕਰਨ ਲੱਗੇਗਾ ਜੋ ਉਸ ਦੀ ਸੋਚ ਤੋਂ ਪਰ੍ਹੇ ਹਨ। ਇਸ ਦਾ ਨਕਾਰਾਤਮਿਕ ਪੱਖ ਇਹ ਵੀ ਹੈ ਕਿ ਸਾਨੂੰ ਮਿਲੀ ਵਿਹਲ ਸਾਡੇ ਲਈ ਬਹੁਤ ਵੱਡਾ ਸੰਕਟ ਵੀ ਬਣ ਸਕਦੀ ਹੈ। ਇਹ ਵੀ ਹੋ ਸਕਦਾ ਹੈ ਕਿ ਭਵਿੱਖ ਵਿਚ ਵਿਹਲ ਮਨੁੱਖ ਦੀ ਸਭ ਤੋਂ ਵੱਡੀ ਸਮੱਸਿਆ ਬਣ ਜਾਵੇ।

ਜਿਵੇਂ ਸਾਡੇ ਬੱਚਿਆਂ ਨੇ ਟੀ. ਵੀ., ਮੋਬਾਈਲ ਅਤੇ ਬੋਝਲ ਸਿੱਖਿਆ ਦੇ ਪ੍ਰਭਾਵ ਕਰਕੇ ਖੇਡਣਾ ਬੰਦ ਕਰ ਦਿੱਤਾ ਹੈ। ਅੱਜ ਤੋਂ ਪੰਜ ਦਹਾਕੇ ਪਹਿਲਾਂ ਸਾਰੇ ਦੇ ਸਾਰੇ ਹੀ ਬੱਚੇ ਹੁੰਦੇ ਸਨ ਪਰ ਹੁਣ ਛੋਟੇ ਛੋਟੇ ਬੱਚਿਆਂ ਜਿਨ੍ਹਾਂ ਨੂੰ ਇਸ ਦੀ ਨਹੀਂ ਵੀ ਸਮਝ, ਉਨ੍ਹਾਂ ਨੂੰ ਲਾਲਚ ਪਾਈ ਰੱਖਣ ਲਈ ਉਨ੍ਹਾਂ ਅੱਗੇ ਫੋਨ ਰੱਖ ਦਿੱਤਾ ਜਾਂਦਾ ਹੈ। ਸਕੂਲਾਂ ਦੀ ਬੇਲੋੜੀ, ਬੋਝਲ ਤੇ ਅਕਾਊ ਪੜ੍ਹਾਈ ਅਤੇ ਟਿਊਸ਼ਨਾਂ ਤੋਂ ਹੀ ਬੱਚਿਆਂ ਨੂੰ ਟਾਈਮ ਨਹੀਂ ਮਿਲਦਾ, ਜੇ ਮਿਲਦਾ ਹੈ ਤਾਂ ਉਨ੍ਹਾਂ ਦਾ ਬਾਕੀ ਸਮਾਂ ਹੁਣ ਮੋਬਾਈਲ 'ਤੇ ਖਰਚ ਹੋ ਰਿਹਾ ਹੈ। ਬੀਤੇ ਸਮੇਂ ਵਿਚ ਸਾਰੇ ਦੇ ਸਾਰੇ ਬੱਚੇ ਵੱਖ-ਵੱਖ ਪ੍ਰਕਾਰ ਦੀਆਂ ਖੇਡਾਂ ਖੇਡਦੇ ਸਨ ਤਾਂ ਹੁਣ ਵਾਲੇ ਬੱਚਿਆਂ 'ਚੋਂ ਕੇਵਲ 50 ਫ਼ੀਸਦੀ ਬੱਚੇ ਹਨ ਜੋ ਖੇਡਦੇ ਹਨ ਬਾਕੀ ਸਾਰੇ ਖੇਡਣ ਤੋਂ ਬਗ਼ੈਰ ਹੀ ਵੱਡੇ ਹੋ ਰਹੇ ਹਨ। ਭਵਿੱਖ ਵਿਚ ਇਹ ਅਮਲ ਹੋਰ ਤੇਜ਼ੀ ਨਾਲ ਵਧ ਰਿਹਾ ਹੈ। ਇਸ ਦਾ ਭਾਵ ਇਹੋ ਹੀ ਹੈ ਕਿ ਅਸੀਂ ਅਤੇ ਸਾਡੀ ਨਵੀਂ ਜਨਰੇਸ਼ਨ ਬੜੀ ਤੇਜ਼ੀ ਨਾਲ ਤਕਨੀਕ ਦਾ ਪ੍ਰਭਾਵ ਕਬੂਲ ਕਰ ਰਹੀ ਅਤੇ ਇਸੇ ਦੇ ਅਨੁਸਾਰ ਬਣਦੀ ਜਾ ਰਹੀ ਹੈ। ਭਵਿੱਖ ਵਿਚ ਇਨ੍ਹਾਂ ਸਭ ਵਰਤਾਰਿਆਂ ਦੇ ਸਾਡੀ ਆਉਣ ਵਾਲੀ ਪੀੜ੍ਹੀ 'ਤੇ ਕੀ ਪ੍ਰਭਾਵ ਪੈਣਗੇ, ਇਸ ਸੰਬੰਧੀ ਫਿਲਹਾਲ ਕਿਸੇ ਪਾਸੇ ਕੋਈ ਫਿਕਰਮੰਦੀ ਜ਼ਾਹਿਰ ਨਹੀਂ ਹੋ ਰਹੀ। ਇਹ ਵੀ ਹੋ ਸਕਦਾ ਹੈ ਕਿ ਭਵਿੱਖ ਵਿਚ ਅਸੀਂ ਤਕਨੀਕ ਦੇ ਇੰਨੇ ਗੁਲਾਮ ਬਣ ਜਾਈਏ ਕਿ ਅਸੀਂ ਆਪਣੀ ਆਜ਼ਾਦੀ ਦਾ ਅਹਿਸਾਸ ਹੀ ਗਵਾ ਲਈਏ? ਜਿਵੇਂ ਕਿ ਹੁਣ ਹੋ ਰਿਹਾ ਹੈ। ਕੁਝ ਸ਼ਹਿਰਾਂ ਵਿਚ ਮੋਬਾਈਲ ਐਡਿਕਸ਼ਨ ਸੈਂਟਰ ਬਣ ਰਹੇ ਹਨ ਅਤੇ ਤਕਨੀਕ ਦੀ ਗੁਲਾਮੀ ਦੇ ਮਰੀਜ਼ ਇੱਥੇ ਇਨ੍ਹਾਂ ਸੈਂਟਰਾਂ ਵਿਚ ਭਰਤੀ ਵੀ ਕੀਤੇ ਜਾਂਦੇ ਹਨ।


ਸਮੇਂ ਦੀ ਵੱਡੀ ਮੰਗ ਹੈ ਕਿ ਭਵਿੱਖ ਦੀਆਂ ਵੱਡੀਆਂ ਤਬਦੀਲੀਆਂ ਲਈ ਅਸੀਂ ਆਪਣੇ ਆਪ ਨੂੰ ਤਿਆਰ ਕਰੀਏ। ਸਾਡੇ ਸਕੂਲਾਂ, ਕਾਲਜਾਂ, ਯੁਨੀਵਰਸਿਟੀਆਂ ਦੇ ਸਿਲੇਬਸਾਂ ਵਿਚ ਵੱਡੀਆਂ ਤਬਦੀਲੀਆਂ ਦੀ ਲੋੜ ਹੈ। ਉਹ ਵਿਸ਼ੇ ਜੋ ਭਵਿੱਖ ਦੇ ਕੁਝ ਕੁ ਸਾਲਾਂ ਵਿਚ ਅਰਥਹੀਣ ਹੋ ਜਾਣੇ ਹਨ, ਉਨ੍ਹਾਂ ਦਾ ਤੁਰੰਤ ਤਿਆਗ ਕੀਤਾ ਜਾਣਾ ਚਾਹੀਦਾ ਹੈ। ਤਕਨੀਕ ਦੀ ਹਨੇਰੀ ਵਿਚ ਬੰਦਾ, ਬੰਦਾ ਕਿਵੇਂ ਬਣਿਆ ਰਹੇ, ਇਸ ਦੀ ਕੁਦਰਤ ਨਾਲ ਇਕਮਿਕਤਾ ਬਰਕਰਾਰ ਰਹੇ, ਇਸ ਤਰ੍ਹਾਂ ਦੇ ਮੌਲਿਕ ਵਿਸ਼ਿਆਂ ਸੰਬੰਧੀ ਵੀ ਸੋਚ ਵਿਚਾਰ, ਚਿੰਤਨ ਮਨਨ ਕੀਤੇ ਜਾਣ ਦੀ ਵੱਡੀ ਲੋੜ ਹੈ।

## ਏ ਆਈ ਖ਼ਤਰਾ ਮਾਈਥੋਸ

ਬੈਂਕਾਂ ਨੂੰ ਸਮੇਂ-ਸਮੇਂ 'ਤੇ ਸਾਈਬਰ ਅਪਰਾਧਾਂ ਦੇ ਖ਼ਤਰੇ ਦਾ ਸਾਹਮਣਾ ਕਰਨਾ ਪਿਆ ਹੈ, ਪਰ ਮਸਨੂਈ ਬੁੱਧੀ (ਆਰਟੀਫੀਸ਼ੀਅਲ ਇੰਟੈਲੀਜੈਂਸ) ਨੇ ਇਸ ਖ਼ਤਰੇ ਨੂੰ ਇੱਕ ਨਵੇਂ ਅਤੇ ਗੰਭੀਰ ਪੱਧਰ 'ਤੇ ਪਹੁੰਚਾ ਦਿੱਤਾ ਹੈ। ਹਾਲ ਹੀ ਵਿੱਚ ਐਂਥਰੋਪਿਕ ਦੇ 'ਮਾਈਥੋਸ' ਨਾਮੀ ਮਸਨੂਈ ਬੁੱਧੀ ਦੇ ਮਾਡਲ ਨੂੰ ਲੈ ਕੇ ਪ੍ਰਗਟਾਈ ਗਈ ਚਿੰਤਾ ਨੇ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਬੈਂਕ ਅਤੇ ਵਿੱਤੀ ਸੰਸਥਾਵਾਂ ਆਖ਼ਰ ਇੰਨੀਆਂ ਚਿੰਤਤ ਕਿਉਂ ਹਨ? ਮਾਈਥੋਸ ਕੋਈ ਆਮ ਚੈਟਬੋਟ ਨਹੀਂ ਹੈ। ਇਸ ਨੂੰ ਇੱਕ ਅਜਿਹਾ ਸ਼ਕਤੀਸ਼ਾਲੀ 'ਸਾਈਬਰ ਬੁੱਧੀਮਾਨ' ਦੱਸਿਆ ਗਿਆ ਹੈ, ਜੋ ਖ਼ੁਦਮੁਖ਼ਤਿਆਰ ਤਰੀਕੇ ਨਾਲ ਸੌਫਟਵੇਅਰ ਪ੍ਰਣਾਲੀਆਂ ਵਿੱਚ ਖ਼ਾਮੀਆਂ ਲੱਭ ਸਕਦਾ ਹੈ ਅਤੇ ਉਨ੍ਹਾਂ ਦਾ ਫ਼ਾਇਦਾ ਉਠਾਉਣ ਦੇ ਤਰੀਕੇ ਵੀ ਸੁਝਾਅ ਸਕਦਾ ਹੈ। ਸੌਖੇ ਸ਼ਬਦਾਂ ਵਿੱਚ ਆਖੀਏ ਤਾਂ ਇਹ ਉਹ ਕੰਮ ਕੁਝ ਘੰਟਿਆਂ ਵਿੱਚ ਹੀ ਕਰ ਸਕਦਾ ਹੈ, ਜਿਸ ਨੂੰ ਕਰਨ ਲਈ ਇਨਸਾਨੀ ਹੈਕਰਾਂ ਨੂੰ ਕਈ ਹਫ਼ਤੇ ਲੱਗ ਸਕਦੇ ਹਨ। ਇਹੀ ਗੱਲ ਇਸ ਨੂੰ ਚਿੰਤਾਜਨਕ ਬਣਾਉਂਦੀ ਹੈ। ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਇਸ ਖ਼ਤਰੇ ਨੂੰ 'ਅਣਕਿਆਸਿਆ' ਕਰਾਰ ਦਿੱਤਾ ਹੈ। ਉਨ੍ਹਾਂ ਚਿਤਾਵਨੀ ਦਿੱਤੀ ਹੈ ਕਿ ਅਜਿਹੀ ਉੱਨਤ ਏ ਆਈ ਤਕਨੀਕ ਲਈ ਬੈਂਕਾਂ ਵਿੱਚ ਵਧੇਰੇ ਚੌਕਸੀ ਅਤੇ ਬਿਹਤਰ ਤਾਲਮੇਲ ਦੀ ਲੋੜ ਹੈ। ਵਿੱਤ ਮੰਤਰਾਲੇ ਨੇ ਬੈਂਕਾਂ ਨੂੰ ਭਾਰਤੀ ਕੰਪਿਊਟਰ ਐਮਰਜੈਂਸੀ ਰਿਸਪਾਂਸ ਟੀਮ (CERT-In) ਵਰਗੀਆਂ ਏਜੰਸੀਆਂ ਨਾਲ ਮਿਲ ਕੇ ਕੰਮ ਕਰਨ ਲਈ ਵੀ ਕਿਹਾ ਹੈ ਤਾਂ ਜੋ ਖ਼ਤਰਿਆਂ ਦੀ ਪਛਾਣ ਕਰਕੇ ਉਨ੍ਹਾਂ ਦਾ ਤੁਰੰਤ ਹੱਲ ਕੱਢਿਆ ਜਾ ਸਕੇ। ਇਹ ਡਰ ਅਸਲੀ ਹੈ ਕਿਉਂਕਿ ਭਾਰਤ ਦਾ ਬੈਂਕਿੰਗ ਸਿਸਟਮ ਅਜੇ ਵੀ ਕਾਫ਼ੀ ਹੱਦ ਤੱਕ ਪੁਰਾਣੀ ਤਕਨੀਕ 'ਤੇ ਨਿਰਭਰ ਹੈ। ਬਹੁਤ ਸਾਰੇ ਬੈਂਕ ਪੁਰਾਣੇ ਸੌਫਟਵੇਅਰ, ਦੇਰੀ ਨਾਲ ਹੋਣ ਵਾਲੇ ਅੱਪਡੇਟ ਅਤੇ ਗੁੰਝਲਦਾਰ ਵੈਂਡਰ ਨੈੱਟਵਰਕ ਦੇ ਸਹਾਰੇ ਚੱਲ ਰਹੇ ਹਨ। ਜੇਕਰ ਮਾਈਥੋਸ ਵਰਗਾ ਕੋਈ ਏ ਆਈ ਟੂਲ ਕੋਈ ਕਮਜ਼ੋਰ ਕੜੀ ਲੱਭ ਲੈਂਦਾ ਹੈ ਤਾਂ ਇਹ ਡੇਟਾ ਚੋਰੀ, ਭੁਗਤਾਨ ਪ੍ਰਣਾਲੀ ਦੇ ਫੇਲ੍ਹ ਹੋਣ, ਏ ਟੀ ਐੱਮ ਬੰਦ ਹੋਣ ਜਾਂ ਗਾਹਕਾਂ ਵਿੱਚ ਦਹਿਸ਼ਤ ਫੈਲਣ ਦਾ ਕਾਰਨ ਬਣ ਸਕਦਾ ਹੈ। ਕਿਸੇ ਇੱਕ ਵੱਡੇ ਬੈਂਕ 'ਤੇ ਸਾਈਬਰ ਹਮਲੇ ਨਾਲ ਪੂਰੇ ਵਿੱਤੀ ਢਾਂਚੇ 'ਤੋਂ ਲੋਕਾਂ ਦਾ ਭਰੋਸਾ ਡੋਲ ਸਕਦਾ ਹੈ। ਇਹ ਚਿੰਤਾ ਸਿਰਫ਼ ਭਾਰਤ ਦੀ ਹੀ ਨਹੀਂ ਹੈ। ਇੱਥੋਂ ਤੱਕ ਕਿ ਕੌਮਾਂਤਰੀ ਮੁਦਰਾ ਫੰਡ (ਆਈ.ਐਮ.ਐਫ.) ਤੇ ਵਰਲਡ ਬੈਂਕ ਦੀਆਂ ਬੈਠਕਾਂ ਵਿੱਚ ਵੀ ਵਿਸ਼ਵ ਨੇਤਾਵਾਂ ਨੇ ਇਸ ਗੱਲ 'ਤੇ ਚਰਚਾ ਕੀਤੀ ਕਿ ਕੀ ਸਾਈਬਰ ਖ਼ਤਰੇ ਹੁਣ ਇੰਨੇ ਵੱਡੇ ਹੋ ਗਏ ਹਨ ਕਿ ਇਕੱਲੇ ਇਨਸਾਨਾਂ ਦਾ ਇਨ੍ਹਾਂ ਨਾਲ ਸਿੱਝਣਾ ਮੁਸ਼ਕਿਲ ਹੈ।

ਇਸ ਸਥਿਤੀ ਦਾ ਦੂਜਾ ਪੱਖ ਵੀ ਹੈ ਕਿ ਮਸਨੂਈ ਬੁੱਧੀ ਸੁਰੱਖਿਆ ਛਤਰੀ ਵਜੋਂ ਵੀ ਕੰਮ ਕਰ ਸਕਦੀ ਹੈ। ਇਹੀ ਤਕਨੀਕ ਬੈਂਕਾਂ ਨੂੰ ਧੋਖਾਧੜੀ ਦਾ ਪਤਾ ਲਗਾਉਣ, ਕਮਜ਼ੋਰ ਬਿੰਦੂਆਂ ਦੀ ਪਛਾਣ ਕਰਨ ਅਤੇ ਸੁਰੱਖਿਆ ਨੂੰ ਹੋਰ ਤੇਜ਼ੀ ਨਾਲ ਮਜ਼ਬੂਤ ਕਰਨ ਵਿੱਚ ਮਦਦ ਕਰ ਸਕਦੀ ਹੈ। ਅਸਲ ਲੋੜ ਏ ਆਈ ਦੇ ਹਿਸਾਬ ਨਾਲ ਖ਼ੁਦ ਨੂੰ ਤਿਆਰ ਕਰਨ ਦੀ ਹੈ। ਬੈਂਕਾਂ ਨੂੰ ਆਪਣੇ ਪੁਰਾਣੇ ਸਿਸਟਮ ਦਾ ਨਵੀਨੀਕਰਨ ਕਰਨਾ ਚਾਹੀਦਾ ਹੈ, ਤਤਕਾਲੀ ਨਿਗਰਾਨੀ ਵਿੱਚ ਸੁਧਾਰ ਕਰਨਾ ਚਾਹੀਦਾ ਹੈ ਅਤੇ ਖ਼ਤਰੇ ਬਾਰੇ ਜਾਣਕਾਰੀ ਆਪਸ ਵਿੱਚ ਤੇਜ਼ੀ ਨਾਲ ਸਾਂਝੀ ਕਰਨੀ ਚਾਹੀਦੀ ਹੈ। ਅੱਜ, ਸਾਈਬਰ ਸੁਰੱਖਿਆ ਸਿਰਫ਼ ਇੱਕ ਸੂਚਨਾ ਤਕਨਾਲੋਜੀ (ਆਈ ਟੀ) ਦਾ ਮੁੱਦਾ ਨਹੀਂ ਰਹਿ ਗਈ ਹੈ, ਸਗੋਂ ਇਹ ਆਰਥਿਕ ਸਥਿਰਤਾ ਅਤੇ ਜਨਤਾ ਦੇ ਭਰੋਸੇ ਦੀ ਬੁਨਿਆਦ ਬਣ ਚੁੱਕੀ ਹੈ।

# ਖ਼ੁਦਕੁਸ਼ੀਆਂ : ਸਿੱਖਿਆ ਪ੍ਰਣਾਲੀ ’ਤੇ ਸਵਾਲ



-ਇੰਦਰਪ੍ਰੀਤ ਸਿੰਘ

ਫ਼ਰੀਦਕੋਟ ਦੇ ਸੁੱਖਣਵਾਲਾ ਪਿੰਡ ਦੇ ਇਕ ਵਿਦਿਆਰਥੀ ਵੱਲੋਂ ਨਹਿਰ ਵਿਚ ਛਾਲ ਮਾਰ ਕੇ ਕੀਤੀ ਗਈ ਖ਼ੁਦਕੁਸ਼ੀ ਦੇ ਮਾਮਲੇ ਵਿਚ ਪੁਲਿਸ ਨੇ ਸਦਰ ਪੁਲਿਸ ਸਟੇਸ਼ਨ ਵਿਚ ਇਕ ਕਾਲਜ ਅਧਿਆਪਕ ਵਿਰੁੱਧ ਮਾਮਲਾ ਦਰਜ ਕੀਤਾ ਹੈ। ਮ੍ਰਿਤਕ ਵਿਦਿਆਰਥੀ ਯੋਗੇਸ਼ ਸ਼ਰਮਾ ਨੇ 25 ਅਪ੍ਰੈਲ 2026 ਨੂੰ ਸਰਹਿੰਦ ਨਹਿਰ ਵਿਚ ਛਾਲ ਮਾਰ ਦਿੱਤੀ ਸੀ। ਉਸ ਦੀ ਲਾਸ਼ ਦੋ ਮਈ ਨੂੰ ਅਬੋਹਰ ਬ੍ਰਾਂਚ ਤੋਂ ਬਰਾਮਦ ਕੀਤੀ ਗਈ ਸੀ। ਯੋਗੇਸ਼ (ਲਗਪਗ 20 ਸਾਲ) ਬੀਏ ਪਹਿਲੇ ਸਾਲ ਦਾ ਵਿਦਿਆਰਥੀ ਸੀ। ਚੌਵੀ ਅਪ੍ਰੈਲ ਨੂੰ ਘਟਨਾ ਵਾਲੇ ਦਿਨ ਉਹ ਆਮ ਵਾਂਗ ਕਾਲਜ ਲਈ ਘਰੋਂ ਨਿਕਲਿਆ ਸੀ। ਸਵੇਰੇ ਲਗਪਗ 10 ਵਜੇ ਉਸ ਨੇ ਆਪਣੇ ਚਾਚੇ ਨੂੰ ਫੋਨ ਕੀਤਾ ਅਤੇ ਗੂਗਲ ਪੇ ਰਾਹੀਂ ਕੁਝ ਰੁਪਇਆਂ ਦੀ ਮੰਗ ਕੀਤੀ। ਉਸ ਵੱਲੋਂ ਕਿਹਾ ਗਿਆ ਕਿ ਉਸ ਦੇ ਅਧਿਆਪਕ ਅਤੇ ਲਾਇਬ੍ਰੇਰੀ ਇੰਚਾਰਜ ਹਰਦੀਪ ਸਿੰਘ ਬਰਾੜ ਨੇ ਰੋਲ ਨੰਬਰ ਜਾਰੀ ਕਰਨ ਅਤੇ ਲਾਇਬ੍ਰੇਰੀ ਦੀਆਂ ਕਿਤਾਬਾਂ ਜਮ ?ਹਾ ਕਰਵਾਉਣ ਲਈ ਰਕਮ ਦੀ ਮੰਗ ਕੀਤੀ ਸੀ। ਪਰਿਵਾਰ ਦਾ ਦੋਸ਼ ਹੈ ਕਿ ਅਧਿਆਪਕ ਨੇ ਕਿਤਾਬਾਂ ਜਮ ?ਹਾ ਨਾ ਕਰਵਾਉਣ ’ਤੇ ਉਸ ਨੂੰ ਜ਼ਲੀਲ ਕੀਤਾ ਜਿਸ ਕਾਰਨ ਉਹ ਮਾਨਸਿਕ ਤੌਰ ’ਤੇ ਪਰੇਸ਼ਾਨ ਹੋ ਗਿਆ ਅਤੇ ਉਸ ਨੇ ਉਸੇ ਦਿਨ ਨਹਿਰ ਵਿਚ ਛਾਲ ਮਾਰ ਦਿੱਤੀ।

ਇਸੇ ਤਰ੍ਹਾਂ ਦੀ ਇਕ ਹੋਰ ਘਟਨਾ ਜ਼ਿਲ੍ਹਾ ਗੁਰਦਾਸਪੁਰ ਦੇ ਥਾਣਾ ਭੈਣੀ ਮੀਆਂ ਖਾਂ ਅਧੀਨ ਆਉਂਦੇ ਪਿੰਡ ਝੰਡਾ ਲੁਬਾਣਾ ਦੀ ਹੈ ਜਿੱਥੋਂ ਦੇ ਇਕ ਵਿਦਿਆਰਥੀ ਨੇ ਕਸਬਾ ਦਸੂਹਾ ਦੇ ਪ੍ਰਸਿੱਧ ਪ੍ਰਾਈਵੇਟ ਸਕੂਲ ਦੇ ਪ੍ਰਸ਼ਾਸਨ ਤੋਂ ਤੰਗ ਹੋ ਕੇ ਜੀਵਨ ਲੀਲ੍ਹਾ ਖ਼ਤਮ ਕਰ ਲਈ ਹੈ। ਪਰਿਵਾਰਕ ਮੈਂਬਰਾਂ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ 15 ਵਰ੍ ?ਆਂ ਦਾ ਨਵਜੋਤ ਸਿੰਘ ਨੇੜਲੇ ਸ਼ਹਿਰ ਦਸੂਹਾ ਦੇ ਇਕ ਨਾਮੀ ਨਿੱਜੀ ਸਕੂਲ ਵਿਚ ਗਿਆਰਵੀਂ ਵਿਚ ਪੜ੍ਹਦਾ ਸੀ। ਬੀਤੀ 27 ਅਪ੍ਰੈਲ ਨੂੰ ਉਸ ਨੂੰ ਪ੍ਰਿੰਸੀਪਲ ਵੱਲੋਂ ਕੋਈ ਮਾਮੂਲੀ ਗ਼ਲਤੀ ਕਰਕੇ ਸਖ਼ਤ ਸਜ਼ਾ ਦਿੱਤੀ ਗਈ ਅਤੇ ਦੋ ਪੀਰੀਅਡਾਂ ਤੱਕ ਧੁੱਪ ਵਿਚ ਖੜ੍ਹਾ ਰੱਖਿਆ ਗਿਆ। ਇਸ ਕਾਰਨ ਨਵਜੋਤ ਨੇ ਨਮੋਸ਼ੀ ਮਹਿਸੂਸ ਕੀਤੀ ਅਤੇ ਪਰੇਸ਼ਾਨ ਹੋ ਕੇ ਕੋਈ ਜ਼ਹਿਰੀਲੀ ਦਵਾਈ ਨਿਗਲ ਲਈ ਜਿਸ ਤੋਂ ਬਾਅਦ ਉਸ ਨੂੰ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ। ਜ਼ੇਰੇ ਇਲਾਜ ਨਵਜੋਤ ਸਿੰਘ ਦੀ ਕਈ ਦਿਨ ਦੀ ਜਦੋਜਹਿਦ ਤੋਂ ਬਾਅਦ ਮੌਤ ਹੋ ਗਈ।

ਵਿਦਿਆਰਥੀਆਂ ਵੱਲੋਂ ਇਸ ਤਰ੍ਹਾਂ ਅਧਿਆਪਕਾਂ ’ਤੇ ਇਲਜ਼ਾਮ ਲਗਾ ਕੇ ਆਪਣੀ ਜੀਵਨ ਲੀਲ੍ਹਾ ਖ਼ਤਮ ਕਰ ਲੈਣ ਦੀਆਂ ਇਹ ਕੋਈ ਇਕ ਜਾਂ ਦੋ ਘਟਨਾਵਾਂ ਨਹੀਂ ਹਨ। ਇਨ੍ਹਾਂ ਦੀ ਫੇਹਰਿਸਤ ਬਹੁਤ ਲੰਬੀ ਹੈ। ਨਾਲ ਹੀ ਵਿਸ਼ਾ ਵੀ ਬੜੀ ਚਿੰਤਾ ’ਚ ਪਾਉਣ ਵਾਲਾ ਹੈ। ਪੰਜਾਬ ਵਿਚ ਪਿਛਲੇ ਕੁਝ ਦਿਨਾਂ ਵਿਚ ਆਈਆਂ ਉਹ ਖ਼ਬਰਾਂ, ਜਿੱਥੇ ਵਿਦਿਆਰਥੀਆਂ ਨੇ ਆਪਣੀ ਜ਼ਿੰਦਗੀ ਖ਼ਤਮ ਕਰ ਲਈ, ਸਿਰਫ਼ ਦੁਖਦਾਈ ਹੀ ਨਹੀਂ-ਇਹ ਸਾਡੇ ਸਮਾਜ ਅਤੇ ਸਿੱਖਿਆ ਪ੍ਰਣਾਲੀ ਲਈ ਇਕ ਕੌੜਾ ਸੱਚ ਵੀ ਹਨ। ਹਰ ਵਾਰ ਇੱਕੋ ਜਿਹਾ ਪੈਟਰਨ ਸਾਹਮਣੇ ਆਉਂਦਾ ਹੈ-ਵਿਦਿਆਰਥੀ ਤਣਾਅ ਵਿਚ ਸੀ, ਅਧਿਆਪਕਾਂ ਦੀ ਡਾਂਟ ਜਾਂ ਸਕੂਲ ਦੇ ਦਬਾਅ ਕਾਰਨ ਪਰੇਸ਼ਾਨ ਸੀ ਅਤੇ ਆਖ਼ਰਕਾਰ ਉਸ ਨੇ ਇਕ ਅਜਿਹਾ ਕਦਮ ਚੁੱਕਿਆ ਜਿਸ ਦਾ ਕੋਈ ਵਾਪਸੀ ਦਾ ਰਸਤਾ ਨਹੀਂ ਹੈ।

ਪਰ ਅਸਲ ਸਵਾਲ ਇਹ ਹੈ ਕਿ ਕੀ ਅਸੀਂ ਸਿਰਫ਼ ਸੰਵੇਦਨਾ ਜ਼ਾਹਰ ਕਰ ਕੇ ਆਪਣੀ ਜ਼ਿੰਮੇਵਾਰੀ ਪੂਰੀ ਕਰ ਸਕਦੇ ਹਾਂ? ਪਿਛਲੇ ਦਿਨਾਂ ਦੌਰਾਨ ਵੱਖ-ਵੱਖ ਇਲਾਕਿਆਂ ਤੋਂ ਸਾਹਮਣੇ ਆਈਆਂ ਘਟਨਾਵਾਂ ਨੇ ਇਹ ਸਪਸ਼ਟ ਕੀਤਾ ਹੈ ਕਿ ਇਹ ਇਕੱਲੀਆਂ ਦੁਰਘਟਨਾਵਾਂ ਨਹੀਂ ਹਨ। ਕਿਤੇ ਕਿਸੇ ਵਿਦਿਆਰਥੀ ਨੇ ਕਲਾਸ ਵਿਚ ਸਭ ਦੇ ਸਾਹਮਣੇ ਕੀਤੀ ਗਈ ਬੇਇੱਜ਼ਤੀ ਤੋਂ ਬਾਅਦ ਇਹ ਕਦਮ ਚੁੱਕਿਆ ਤੇ ਕਿਤੇ ਕਿਸੇ ਨੂੰ ਅਸਾਈਨਮੈਂਟ ਜਾਂ ਨੰਬਰਾਂ ਦੇ ਦਬਾਅ ਨੇ ਅੰਦਰੋਂ ਤੋੜ ਦਿੱਤਾ। ਕੁਝ ਮਾਮਲਿਆਂ ਵਿਚ ਮਾਪਿਆਂ ਨੇ ਵੀ ਦੱਸਿਆ ਕਿ ਬੱਚਾ ਲਗਾਤਾਰ ਡਰ ਅਤੇ ਤਣਾਅ ਵਿਚ ਸੀ। ਇਹ ਸਾਰੀਆਂ ਘਟਨਾਵਾਂ ਇੱਕੋ ਗੱਲ ਵੱਲ ਇਸ਼ਾਰਾ ਕਰਦੀਆਂ ਹਨ-ਬੱਚੇ ਸਾਡੇ ਸਿਸਟਮ ਵਿਚ ਖ਼ੁਦ ਨੂੰ ਸੁਰੱਖਿਅਤ ਮਹਿਸੂਸ ਨਹੀਂ ਕਰ ਰਹੇ ਤੇ ਨਾਲ ਹੀ ਜਿਨ੍ਹਾਂ ਬੱਚਿਆਂ ਤੋਂ ਅਸੀਂ ਇਹ ਆਸ ਕਰ ਰਹੇ ਹਾਂ ਕਿ ਉਹ ਸਾਡੇ ਦੇਸ਼ ਦਾ ਭਵਿੱਖ ਹਨ, ਇਸ ਸਭ ਨੂੰ ਦੇਖਦੇ ਹੋਏ ਇਹ ਵੀ ਸਵਾਲ ਪੈਦਾ ਹੁੰਦਾ ਹੈ ਕਿ ਕੀ ਸਾਡਾ ਭਵਿੱਖ ਇੰਨਾ ਕਮਜ਼ੋਰ ਹੈ ਕਿ ਥੋੜ੍ਹਾ ਜਿਹਾ ਦਬਾਅ ਨਹੀਂ ਸਹਿਣ ਕਰ ਪਾ ਰਿਹਾ। ਕੀ ਬੱਚਿਆਂ ਨੂੰ ਮਾਨਸਿਕ ਤੌਰ ’ਤੇ ਇੰਨਾ ਕਮਜ਼ੋਰ ਕਰਨ ਪਿੱਛੇ ਮਾਪਿਆਂ ਦੀ ਪਰਵਰਿਸ਼ ਵਿਚ ਤਾਂ ਕੋਈ ਕਮੀ ਨਹੀਂ ਹੈ। ਇਹ ਸਵਾਲ ਇਸ ਲਈ ਉਠਾਇਆ ਜਾ ਰਿਹਾ ਹੈ ਕਿਉਂਕਿ ਕਲਾਸ ਵਿਚ ਪੜ੍ਹਾਈ ਨੂੰ ਲੈ ਕੇ ਜੇਕਰ ਕੋਈ ਅਧਿਆਪਕ ਬੱਚਿਆਂ ਨੂੰ ਥੋੜ੍ਹਾ ਜਿਹਾ ਵੀ ਡਾਂਟ ਦਿੰਦਾ ਹੈ ਤਾਂ ਮਾਂ-ਪਿਉ ਸ਼ਿਕਾਇਤ ਲੈ ਕੇ ਸਕੂਲ ਪਹੁੰਚ ਜਾਂਦੇ ਹਨ।

ਦੂਜੇ ਪਾਸੇ ਅਧਿਆਪਕਾਂ ਨੂੰ ਸਮਾਜ ਵਿਚ ਸਭ ਤੋਂ ਉੱਚਾ ਦਰਜਾ ਦਿੱਤਾ ਜਾਂਦਾ ਹੈ ਪਰ ਜਦੋਂ ਇਹੀ ਅਧਿਆਪਕ ਸਖ਼ਤੀ ਦੇ ਨਾਂ ’ਤੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਹੋਰਨਾਂ ਸਾਥੀਆਂ ਸਾਹਮਣੇ ਨੀਵਾਂ ਦਿਖਾਉਂਦੇ ਹਨ ਤਾਂ ਉਨ੍ਹਾਂ ਦੇ ਆਤਮ-ਸਨਮਾਨ ਨੂੰ ਠੇਸ ਪਹੁੰਚਦੀ ਹੈ। ਸਵਾਲ ਇਹ ਨਹੀਂ ਕਿ ਅਨੁਸ਼ਾਸਨ ਜ਼ਰੂਰੀ ਹੈ ਜਾਂ ਨਹੀਂ। ਸਵਾਲ ਇਹ ਹੈ ਕਿ ਅਨੁਸ਼ਾਸਨ ਦਾ ਤਰੀਕਾ ਕੀ ਹੈ? ਕੀ ਡਰ ਅਤੇ ਅਪਮਾਨ ਨਾਲ ਅਸੀਂ ਚੰਗੇ ਵਿਦਿਆਰਥੀ ਤਿਆਰ ਕਰ ਸਕਦੇ ਹਾਂ? ਜੇਕਰ ਇਕ ਵਿਦਿਆਰਥੀ ਅਧਿਆਪਕ ਤੋਂ ਡਰਦਾ ਹੈ ਤਾਂ ਉਹ ਸਿੱਖ ਨਹੀਂ ਸਕਦਾ। ਉਹ ਸਿਰਫ਼ ਬਚਣ ਦੀ ਕੋਸ਼ਿਸ਼ ਕਰਦਾ ਹੈ।

ਦਰਅਸਲ, ਇਸ ਸਮੱਸਿਆ ਦੇ ਦੋ ਪਹਿਲੂ ਹਨ। ਪਹਿਲਾ ਇਹ ਕਿ ਅੱਜ ਦੇ ਬੱਚਿਆਂ ਨੂੰ ਬਹੁਤ ਜ਼ਿਆਦਾ ਸੋਹਲ ਬਣਾਇਆ ਜਾ ਰਿਹਾ ਹੈ ਜਦਕਿ ਜਿਸ ਤਰ੍ਹਾਂ ਦਾ ਸਮਾਜ ਸਿਰਜਿਆ ਜਾ ਰਿਹਾ ਹੈ, ਉਸ ਵਿਚ ਕਾਮਯਾਬੀ ਹਾਸਲ ਕਰਨ ਲਈ ਬੱਚੇ ਨੂੰ ਮਾਨਸਿਕ ਤੌਰ ’ਤੇ ਸਖ਼ਤ ਬਣਾਉਣ ਦੀ ਲੋੜ ? ਹੈ। ਇਹ ਦਲੀਲ ਅਕਸਰ ਸੁਣਨ ਨੂੰ ਮਿਲਦੀ ਹੈ ਕਿ ਅੱਜ-ਕੱਲ੍ਹ ਦੇ ਬੱਚੇ ਦਬਾਅ ਨਹੀਂ ਸਹਿ ਸਕਦੇ ਪਰ ਹਕੀਕਤ ਇਹ ਹੈ ਕਿ ਦਬਾਅ ਦੀ ਪ੍ਰਕਿਰਤੀ ਹੀ ਬਦਲ ਗਈ ਹੈ। ਪਹਿਲਾਂ ਮੁਕਾਬਲਾ ਸੀਮਤ ਸੀ, ਅੱਜ ਹਰ ਪੱਧਰ ’ਤੇ ਹੈ-ਸਕੂਲ, ਕੋਚਿੰਗ, ਸੋਸ਼ਲ ਮੀਡੀਆ ਅਤੇ ਘਰ ਤੱਕ। ਬੱਚੇ ਸਿਰਫ਼ ਪੜ੍ਹਾਈ ਦਾ ਹੀ ਨਹੀਂ, ਸਗੋਂ ਆਪਣੇ-ਆਪ ਨੂੰ ਸਾਬਿਤ ਕਰਨ ਦਾ ਦਬਾਅ ਵੀ ਸਹਿ ਰਹੇ ਹਨ। ਇਹ ਨਿਰੰਤਰ ਦੌੜ ਉਨ੍ਹਾਂ ਨੂੰ ਥਕਾ ਰਹੀ ਹੈ।

ਅੱਜ ਦਾ ਸਿੱਖਿਆ ਮਾਡਲ ਬੱਚਿਆਂ ਨੂੰ ਇਨਸਾਨ ਨਹੀਂ, ਇਕ ‘ਪਰਫਾਰਮੈਂਸ ਮਸ਼ੀਨ’ ਬਣਾਉਂਦਾ ਜਾ ਰਿਹਾ ਹੈ। ਹਰ ਥਾਂ ਮੁਕਾਬਲਾ-ਸਕੂਲ, ਕੋਚਿੰਗ, ਘਰ-ਅਤੇ ਇਸ ਦੌੜ ਵਿਚ ਬੱਚੇ ਆਪਣੀ ਪਛਾਣ ਗੁਆ ਰਹੇ ਹਨ। ਜਦੋਂ ਨਤੀਜੇ ਉਮੀਦਾਂ ਅਨੁਸਾਰ ਨਹੀਂ ਆਉਂਦੇ ਤਾਂ ਉਹ ਆਪਣੇ-ਆਪ ਨੂੰ ਨਾਕਾਮ ਸਮਝਦੇ ਹਨ। ਪਰ ਕੀ ਅਸੀਂ ਕਦੇ ਸੋਚਿਆ ਹੈ ਕਿ ਨਾਕਾਮੀ ਦਾ ਡਰ ਅਸੀਂ ਹੀ ਉਨ੍ਹਾਂ ਦੇ ਅੰਦਰ ਪੈਦਾ ਕੀਤਾ ਹੈ?

ਬੱਚਿਆਂ ਦੀਆਂ ਅਜਿਹੀਆਂ ਮੁਸ਼ਕਲਾਂ ਨੂੰ ਸਮਝਣ ਤੇ ਇਲਾਜ ਕਰਨ ਵਾਲੇ ਮਾਹਿਰਾਂ ਦਾ ਕਹਿਣਾ ਹੈ ਕਿ ਸਾਡੇ ਸਕੂਲਾਂ ਵਿਚ ਫਿਜ਼ਿਕਸ, ਮੈਥ, ਕੈਮਿਸਟਰੀ ਦੀਆਂ ਕਲਾਸਾਂ ਤਾਂ ਹਨ ਪਰ ਮਾਨਸਿਕ ਸਿਹਤ ਦੀ ਕੋਈ ਕਲਾਸ ਨਹੀਂ ਹੈ। ਬੱਚਾ ਤਣਾਅ ਵਿਚ ਹੈ, ਡਿਪ੍ਰੈਸ਼ਨ ਵਿਚ ਹੈ ਪਰ ਉਸ ਨੂੰ ਸਮਝਣ ਵਾਲਾ ਕੌਣ ਹੈ? ਜਦੋਂ ਇਕ ਬੱਚਾ ਚੁੱਪ ਹੋ ਜਾਂਦਾ ਹੈ, ਅਲੱਗ ਰਹਿਣ ਲੱਗਦਾ ਹੈ ਤਾਂ ਉਹ ਆਪਣੇ ’ਤੇ ਦਬਾਅ ਦਾ ਸਿਗਨਲ ਦੇ ਰਿਹਾ ਹੁੰਦਾ ਹੈ ਪਰ ਅਸੀਂ ਉਨ੍ਹਾਂ ਸਿਗਨਲਾਂ ਨੂੰ ਅਣਡਿੱਠ ਕਰ ਦਿੰਦੇ ਹਾਂ।

ਹਰ ਘਟਨਾ ਤੋਂ ਬਾਅਦ ਜਾਂਚ ਦੇ ਹੁਕਮ, ਮੁਆਵਜ਼ੇ ਦੇ ਐਲਾਨ ਅਤੇ ਵਾਅਦੇ, ਇਹ ਸਭ ਕੁਝ ਹੁੰਦਾ ਹੈ ਪਰ ਕੀ ਇਹ ਕਾਫ਼ੀ ਹੈ? ਸਰਕਾਰ ਨੂੰ ਸਖ਼ਤ ਕਦਮ ਚੁੱਕਣੇ ਪੈਣਗੇ। ਇਸ ਬਾਰੇ ਮਾਹਿਰ ਸੁਝਾਅ ਦਿੰਦੇ ਹਨ ਕਿ ਸਕੂਲਾਂ ਵਿਚ ਮਾਨਸਿਕ ਸਿਹਤ ਕਾਊਂਸਲਰ ਲਾਜ਼ਮੀ ਕੀਤੇ ਜਾਣ। ਅਧਿਆਪਕਾਂ ਦੀ ਟਰੇਨਿੰਗ ਵੀ ਉਸੇ ਤਰ੍ਹਾਂ ਹੋਣੀ ਚਾਹੀਦੀ ਹੈ ਜਿਸ ਤਰ੍ਹਾਂ ਉਨ੍ਹਾਂ ਨੂੰ ਉਨ੍ਹਾਂ ਦੇ ਵਿਸ਼ਿਆਂ ਵਿਚ ਆਏ ਬਦਲਾਅ ਤੋਂ ਬਾਅਦ ਸਿਖਲਾਈ ਦਿੱਤੀ ਜਾਂਦੀ ਹੈ। ਵਿਦਿਆਰਥੀਆਂ ਲਈ ਸੁਰੱਖਿਅਤ ਅਤੇ ਡਰ ਰਹਿਤ ਮਾਹੌਲ ਸਿਰਜਣ ਦੀ ਕੋਸ਼ਿਸ਼ ਕੀਤੀ ਜਾਵੇ। ਜੇ ਇਹ ਨਹੀਂ ਕੀਤਾ ਗਿਆ ਤਾਂ ਇਹ ਘਟਨਾਵਾਂ ਰੁਕਣ ਵਾਲੀਆਂ ਨਹੀਂ।

ਇਹ ਸੁਝਾਅ ਸਿਰਫ਼ ਅਧਿਆਪਕਾਂ ਲਈ ਹੀ ਨਹੀਂ ਹਨ ਸਗੋਂ ਘਰ ਵਿਚ ਮਾਂ-ਬਾਪ ਦੀ ਵੀ ਬਰਾਬਰ ਦੀ ਜ਼ਿੰਮੇਵਾਰੀ ਹੈ। ਕੀ ਅਸੀਂ ਆਪਣੇ ਬੱਚਿਆਂ ਨੂੰ ਸੁਣਦੇ ਹਾਂ ਜਾਂ ਸਿਰਫ਼ ਉਨ੍ਹਾਂ ਤੋਂ ਉਮੀਦਾਂ ਰੱਖਦੇ ਹਾਂ? ਮਾਪੇ ਆਪਣੇ ਬੱਚਿਆਂ ਲਈ ਸਭ ਤੋਂ ਵਧੀਆ ਚਾਹੁੰਦੇ ਹਨ ਪਰ ਕਈ ਵਾਰ ਇਹ ‘ਵਧੀਆ’ ਉਮੀਦਾਂ ਦੇ ਬੋਝ ਵਿਚ ਬਦਲ ਜਾਂਦਾ ਹੈ। ਜਦੋਂ ਹਰ ਗੱਲ ਨੰਬਰਾਂ ਨਾਲ ਜੋੜੀ ਜਾਂਦੀ ਹੈ ਤਾਂ ਬੱਚਾ ਆਪਣੇ-ਆਪ ਨੂੰ ਸਿਰਫ਼ ਇਕ ਨਤੀਜੇ ਤੱਕ ਸੀਮਤ ਕਰ ਲੈਂਦਾ ਹੈ।

ਕੀ ਅਸੀਂ ਕਦੇ ਆਪਣੇ ਬੱਚਿਆਂ ਨੂੰ ਇਹ ਕਿਹਾ ਹੈ ਕਿ ‘ਨਾਕਾਮੀ ਵੀ ਠੀਕ ਹੈ?’ ਹਰ ਵਾਰ ਜਦੋਂ ਵੀ ਕੋਈ ਵਿਦਿਆਰਥੀ ਆਪਣੀ ਜ਼ਿੰਦਗੀ ਖ਼ਤਮ ਕਰਦਾ ਹੈ, ਉਹ ਸਿਰਫ਼ ਆਪਣੀ ਨਹੀਂ, ਸਾਡੇ ਸਿਸਟਮ ਦੀ ਹਾਰ ਹੁੰਦੀ ਹੈ। ਇਹ ਸਮਾਂ ਹੈ ਜਾਗਣ ਦਾ, ਸਿੱਖਿਆ ਨੂੰ ਡਰ ਤੇ ਦਬਾਅ ਤੋਂ ਬਾਹਰ ਕੱਢ ਕੇ ਸਮਝ, ਸਹਿਯੋਗ ਤੇ ਮਨੁੱਖਤਾ ਨਾਲ ਜੋੜਨ ਦਾ। ਅਨੁਸ਼ਾਸਨ ਦਾ ਮਤਲਬ ਸਜ਼ਾ ਨਹੀਂ ਹੁੰਦਾ। ਅਸਲ ਅਨੁਸ਼ਾਸਨ ਸਮਝ ਅਤੇ ਸਵੈ-ਨਿਯੰਤਰਣ ਤੋਂ ਆਉਂਦਾ ਹੈ। ਜਦੋਂ ਅਧਿਆਪਕ ਵਿਦਿਆਰਥੀ ਨਾਲ ਗੱਲ ਕਰਦਾ ਹੈ, ਉਸ ਨੂੰ ਸਮਝਣ ਦੀ ਕੋਸ਼ਿਸ਼ ਕਰਦਾ ਹੈ, ਤਾਂ ਇਕ ਵਿਸ਼ਵਾਸ ਬਣਦਾ ਹੈ। ਡਰ ਨਾਲ ਬਣਿਆ ਅਨੁਸ਼ਾਸਨ ਤਤਕਾਲੀ ਹੁੰਦਾ ਹੈ ਪਰ ਸੰਵਾਦ ਨਾਲ ਬਣਿਆ ਅਨੁਸ਼ਾਸਨ ਲੰਬੇ ਸਮੇਂ ਤੱਕ ਟਿਕਦਾ ਹੈ। ਨਹੀਂ ਤਾਂ ਸਵਾਲ ਹਮੇਸ਼ਾ ਇੱਕੋ ਰਹੇਗਾ-“ਅਗਲਾ ਕੌਣ?”

# ਨੌਜਵਾਨਾਂ ’ਚ ਸੋਸ਼ਲ ਮੀਡੀਆ ਦਾ ਵਧਦਾ ਰੁਝਾਨ-ਭਵਿੱਖ ਲਈ ਉੱਭਰਦਾ ਖ਼ਤਰਾ

ਸਤਪਾਲ ਸਿੰਘ ਢੱਡੇ

ਆਧੁਨਿਕ ਤਕਨੀਕੀ ਯੁੱਗ ਵਿਚ ਸੋਸ਼ਲ ਮੀਡੀਆ ਨੌਜਵਾਨ ਪੀੜ੍ਹੀ ਦੀ ਜ਼ਿੰਦਗੀ ਦਾ ਅਹਿਮ ਹਿੱਸਾ ਬਣ ਚੁੱਕਾ ਹੈ। ਸਮਾਰਟਫ਼ੋਨ ਅਤੇ ਸਸਤੇ ਇੰਟਰਨੈੱਟ ਡਾਟੇ ਨੇ ਡਿਜੀਟਲ ਦੁਨੀਆ ਨੂੰ ਹਰ ਘਰ ਤੱਕ ਪਹੁੰਚਾ ਦਿੱਤਾ ਹੈ। ਖ਼ਾਸ ਕਰਕੇ ਨੌਜਵਾਨ ਵਰਗ ਵਿਚ ਫੇਸਬੁਕ, ਇੰਸਟਾਗ੍ਰਾਮ, ਵਟਸਐਪ, ਯੂ-ਟਿਊਬ ਆਦਿ ਪਲੇਟਫਾਰਮਾਂ ਦੀ ਲੋਕਪ੍ਰਿਯਤਾ ਲਗਾਤਾਰ ਵਧ ਰਹੀ ਹੈ। ਜਿੱਥੇ ਇਹ ਮਾਧਿਅਮ ਜਾਣਕਾਰੀ, ਮਨੋਰੰਜਨ ਅਤੇ ਸੰਚਾਰ ਦਾ ਸੌਖਾ ਸਾਧਨ ਬਣੇ ਹਨ, ਉੱਥੇ ਇਨ੍ਹਾਂ ਦੀ ਬੇਹੱਦ ਵਰਤੋਂ ਕਰਨਾ ਨੌਜਵਾਨਾਂ ਦੇ ਭਵਿੱਖ ਲਈ ਚਿੰਤਾਜਨਕ ਸਾਬਤ ਹੋ ਰਿਹਾ ਹੈ। ਸਕੂਲਾਂ ਤੇ ਕਾਲਜਾਂ ਦੇ ਵਿਦਿਆਰਥੀ ਪੜ੍ਹਾਈ ਦੀ ਥਾਂ ਘੰਟਿਆਂਬੱਧੀ ਮੋਬਾਈਲ ਫ਼ੋਨਾਂ ’ਤੇ ਵੀਡੀਓ ਦੇਖਣ, ਰੀਲਾਂ ਬਣਾਉਣ ਅਤੇ ਆਨਲਾਈਨ ਗੱਲਬਾਤ ਵਿਚ ਲੀਨ ਰਹਿੰਦੇ ਹਨ। ਕਈ ਅਧਿਆਪਕਾਂ ਦਾ ਕਹਿਣਾ ਹੈ ਕਿ ਵਿਦਿਆਰਥੀਆਂ ਦੀ ਧਿਆਨ ਕੇਂਦਰਿਤ ਕਰਨ ਦੀ ਸਮਰੱਥਾ ਘਟ ਰਹੀ ਹੈ ਅਤੇ ਉਹ ਪਾਠ ਪੁਸਤਕਾਂ ਦੀ ਬਜਾਏ ਡਿਜੀਟਲ ਸਕਰੀਨਾਂ ਨਾਲ ਜੁੜੇ ਰਹਿੰਦੇ ਹਨ। ਇਸ ਕਾਰਨ ਉਨ੍ਹਾਂ ਦੇ ਪ੍ਰੀਖਿਆ ਨਤੀਜਿਆਂ ’ਤੇ ਵੀ ਨਕਾਰਾਤਮਿਕ ਅਸਰ ਪੈ ਰਿਹਾ ਹੈ। ਪੜ੍ਹਾਈ ਵਿਚ ਰੁਚੀ ਘਟਣ ਨਾਲ ਭਵਿੱਖੀ ਮੁਕਾਬਲਿਆਂ ਵਿਚ ਉਹ ਪਿੱਛੇ ਰਹਿ ਸਕਦੇ ਹਨ, ਜੋ ਕਿ ਸਮਾਜ ਲਈ ਵੀ ਚਿੰਤਾ ਦਾ ਕਾਰਨ ਬਣ ਗਿਆ ਹੈ।


ਮਨੋਵਿਗਿਆਨਕ ਪੱਖੋਂ ਵੀ ਸੋਸ਼ਲ ਮੀਡੀਆ ਦੇ ਪ੍ਰਭਾਵ ਗੰਭੀਰ ਹੋ ਰਹੇ ਹਨ। ਲਾਈਕਾਂ, ਕੁਮੈਂਟਾਂ ਅਤੇ ਫਾਲੋਅਰਾਂ ਦੀ ਦੌੜ ਨੇ ਨੌਜਵਾਨਾਂ ਵਿਚ ਤਣਾਅ ਤੇ ਅਸੁਰੱਖਿਆ ਦੀ ਭਾਵਨਾ ਪੈਦਾ ਕਰ ਦਿੱਤੀ ਹੈ। ਜੇਕਰ ਕਿਸੇ ਪੋਸਟ ਨੂੰ ਉਮੀਦ ਮੁਤਾਬਕ ਪ੍ਰਤੀਕਿਰਿਆ ਨਾ ਮਿਲੇ ਤਾਂ ਉਹ ਆਪਣੇ ਆਪ ਨੂੰ ਨਿਰਾਸ਼ ਅਤੇ ਅਣਗੌਲਿਆ ਮਹਿਸੂਸ ਕਰਦੇ ਹਨ। ਵਰਚੁਅਲ ਪ੍ਰਸਿੱਧੀ ਦੀ ਲਾਲਸਾ ਕਈ ਵਾਰ ਉਨ੍ਹਾਂ ਨੂੰ ਖ਼ਤਰਨਾਕ ਕਦਮ ਚੁੱਕਣ ਲਈ ਵੀ ਪ੍ਰੇਰਿਤ ਕਰ ਸਕਦੀ ਹੈ। ਮਾਹਿਰਾਂ ਅਨੁਸਾਰ ਡਿਜੀਟਲ ਪਲੇਟਫਾਰਮਾਂ ’ਤੇ ਵੱਧ ਸਮਾਂ ਬਿਤਾਉਣ ਨਾਲ ਡਿਪ੍ਰੈਸ਼ਨ, ਚਿੰਤਾ ਅਤੇ ਇਕਾਂਤਵਾਦ ਦੀ ਸਮੱਸਿਆ ਵਧ ਰਹੀ ਹੈ। ਅਸਲ ਜੀਵਨ ਦੇ ਰਿਸ਼ਤੇ ਅਤੇ ਪਰਿਵਾਰਕ ਸੰਪਰਕ ਕਮਜ਼ੋਰ ਪੈ ਰਹੇ ਹਨ, ਜਿਸ ਨਾਲ ਸਮਾਜਿਕ ਤਾਣਾ-ਬਾਣਾ ਪ੍ਰਭਾਵਿਤ ਹੋ ਰਿਹਾ ਹੈ। ਸਿਹਤ ਸੰਬੰਧੀ ਸਮੱਸਿਆਵਾਂ ਵੀ ਚਿੰਤਾਜਨਕ ਹਨ। ਲੰਬੇ ਸਮੇਂ ਤੱਕ ਮੋਬਾਈਲ ਜਾਂ ਲੈਪਟਾਪ ਦੀ ਸਕਰੀਨ ਦੇ ਸਾਹਮਣੇ ਬੈਠੇ ਰਹਿਣ ਨਾਲ ਅੱਖਾਂ ’ਤੇ ਅਸਰ ਪੈਂਦਾ ਹੈ। ਸਿਰਦਰਦ, ਨੀਂਦ ਨਾ ਆਉਣਾ ਅਤੇ ਗਰਦਨ ਦਰਦ ਹੋਣ ਵਰਗੀਆਂ ਬਿਮਾਰੀਆਂ ਵਧ ਰਹੀਆਂ ਹਨ। ਡਾਕਟਰਾਂ ਦਾ ਮੰਨਣਾ ਹੈ ਕਿ ਰਾਤ ਦੇ ਸਮੇਂ ਮੋਬਾਈਲ ਦੀ ਵਰਤੋਂ ਨੀਂਦ ਦੇ ਚੱਕਰ ਨੂੰ ਖ਼ਰਾਬ ਕਰ ਦਿੰਦੀ ਹੈ, ਜਿਸ ਨਾਲ ਸਰੀਰਕ ਅਤੇ ਮਾਨਸਿਕ ਸਿਹਤ ਦੋਵੇਂ ਪ੍ਰਭਾਵਿਤ ਹੁੰਦੇ ਹਨ। ਇਸ ਦੇ ਨਾਲ-ਨਾਲ ਸਰੀਰਕ ਕਸਰਤ ਦੀ ਘਾਟ ਕਾਰਨ ਮੋਟਾਪਾ ਅਤੇ ਹੋਰ ਰੋਗ ਵੀ ਵਧ ਰਹੇ ਹਨ। ਨੌਜਵਾਨ ਖੇਡ ਮੈਦਾਨਾਂ ਤੋਂ ਦੂਰ ਹੋ ਰਹੇ ਹਨ, ਜੋ ਕਿ ਉਨ੍ਹਾਂ ਦੀ ਤੰਦਰੁਸਤੀ ਲਈ ਘਾਤਕ ਹੈ। ਇਕ ਹੋਰ ਗੰਭੀਰ ਮਸਲਾ ਗਲਤ ਜਾਣਕਾਰੀ ਅਤੇ ਅਫ਼ਵਾਹਾਂ ਦਾ ਫੈਲਣਾ ਹੈ। ਸੋਸ਼ਲ ਮੀਡੀਆ ਰਾਹੀਂ ਬਿਨਾਂ ਜਾਂਚੇ-ਪਰਖੇ ਖ਼ਬਰਾਂ ਤੁਰੰਤ ਵਾਇਰਲ ਹੋ ਜਾਂਦੀਆਂ ਹਨ। ਕਈ ਵਾਰ ਨੌਜਵਾਨ ਸੱਚਾਈ ਦੀ ਪੁਸ਼ਟੀ ਕੀਤੇ ਬਿਨਾਂ ਹੀ ਜਾਣਕਾਰੀ ਸਾਂਝੀ ਕਰ ਦਿੰਦੇ ਹਨ, ਜਿਸ ਨਾਲ ਸਮਾਜਿਕ ਤਣਾਅ ਵੀ ਪੈਦਾ ਹੋ ਜਾਂਦਾ ਹੈ। ਇਸ ਤੋਂ ਇਲਾਵਾ ਸਾਈਬਰ ਅਪਰਾਧ ਦੇ ਮਾਮਲੇ ਵੀ ਵਧ ਰਹੇ ਹਨ।



ਆਨਲਾਈਨ ਠੱਗੀ, ਫ਼ਰਜ਼ੀ ਪ੍ਰੋਫ਼ਾਈਲ ਅਤੇ ਡਾਟਾ ਚੋਰੀ ਵਰਗੀਆਂ ਘਟਨਾਵਾਂ ਨੌਜਵਾਨਾਂ ਨੂੰ ਆਰਥਿਕ ਅਤੇ ਮਾਨਸਿਕ ਨੁਕਸਾਨ ਪਹੁੰਚਾ ਰਹੀਆਂ ਹਨ। ਡਿਜੀਟਲ ਸੁਰੱਖਿਆ ਬਾਰੇ ਅਗਿਆਨਤਾ ਕਾਰਨ ਕਈ ਨੌਜਵਾਨ ਠੱਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਹਾਲਾਂਕਿ ਸੋਸ਼ਲ ਮੀਡੀਆ ਦੇ ਕੁਝ ਸਾਕਾਰਾਤਮਿਕ ਪੱਖ ਵੀ ਹਨ। ਇਸ ਰਾਹੀਂ ਵਿਦਿਆਰਥੀ ਨਵੀਂ ਜਾਣਕਾਰੀ ਹਾਸਿਲ ਕਰ ਸਕਦੇ ਹਨ, ਆਨਲਾਈਨ ਕੋਰਸਾਂ ਰਾਹੀਂ ਆਪਣੇ ਹੁਨਰ ਨਿਖਾਰ ਸਕਦੇ ਹਨ ਅਤੇ ਆਪਣੀ ਕਲਾ ਨੂੰ ਵਿਸ਼ਵ ਪੱਧਰ ’ਤੇ ਪੇਸ਼ ਕਰ ਸਕਦੇ ਹਨ। ਕਈ ਨੌਜਵਾਨਾਂ ਨੇ ਡਿਜੀਟਲ ਮਾਧਿਅਮ ਰਾਹੀਂ ਰੁਜ਼ਗਾਰ ਦੇ ਮੌਕੇ ਵੀ ਪ੍ਰਾਪਤ ਕੀਤੇ ਹਨ। ਪਰ ਲੋੜ ਇਸ ਗੱਲ ਦੀ ਹੈ ਕਿ ਇਸ ਦਾ ਸਹੀ ਤੇ ਸੀਮਤ ਇਸਤੇਮਾਲ ਕੀਤਾ ਜਾਵੇ। ਜੇਕਰ ਸਮਾਂ ਬੰਨ੍ਹ ਕੇ ਅਤੇ ਕਿਸੇ ਮਕਸਦ ਨਾਲ ਸੋਸ਼ਲ ਮੀਡੀਆ ਦੀ ਵਰਤੋਂ ਕੀਤੀ ਜਾਵੇ ਤਾਂ ਇਸ ਦੇ ਨੁਕਸਾਨ ਘਟ ਸਕਦੇ ਹਨ। ਮਾਪਿਆਂ ਅਤੇ ਅਧਿਆਪਕਾਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਬੱਚਿਆਂ ਨੂੰ ਸਮੇਂ ਦੀ ਕਦਰ ਅਤੇ ਡਿਜੀਟਲ ਅਨੁਸ਼ਾਸਨ ਬਾਰੇ ਸਚੇਤ ਕਰਨ। ਘਰ ਵਿਚ ਖੁੱਲ੍ਹਾ ਮਾਹੌਲ ਬਣਾਇਆ ਜਾਵੇ ਤਾਂ ਜੋ ਬੱਚੇ ਆਪਣੀਆਂ ਸਮੱਸਿਆਵਾਂ ਸਾਂਝੀਆਂ ਕਰ ਸਕਣ। ਸਕੂਲਾਂ ਵਿਚ ਡਿਜੀਟਲ ਸੁਰੱਖਿਆ ਅਤੇ ਮੀਡੀਆ ਸਾਵਧਾਨੀ ਬਾਰੇ ਵਰਕਸ਼ਾਪਾਂ ਕਰਵਾਈਆਂ ਜਾ ਸਕਦੀਆਂ ਹਨ। ਸਰਕਾਰ ਤੇ ਸਿੱਖਿਆ ਸੰਸਥਾਵਾਂ ਵਲੋਂ ਵੀ ਜਾਗਰੂਕਤਾ ਮੁਹਿੰਮਾਂ ਚਲਾਉਣ ਦੀ ਲੋੜ ਹੈ। ਖੇਡਾਂ, ਸੱਭਿਆਚਾਰਕ ਸਮਾਗਮਾਂ ਅਤੇ ਰਚਨਾਤਮਿਕ ਸਰਗਰਮੀਆਂ ਨੂੰ ਉਤਸ਼ਾਹਿਤ ਕਰ ਕੇ ਨੌਜਵਾਨਾਂ ਨੂੰ ਸਹੀ ਦਿਸ਼ਾ ਵੱਲ ਮੋੜਿਆ ਜਾ ਸਕਦਾ ਹੈ।

ਇਹ ਕਿਹਾ ਜਾ ਸਕਦਾ ਹੈ ਕਿ ਸੋਸ਼ਲ ਮੀਡੀਆ ਆਧੁਨਿਕ ਜੀਵਨ ਦਾ ਅਟੁੱਟ ਹਿੱਸਾ ਹੈ, ਪਰ ਇਸ ਦੀ ਬੇਲਗਾਮ ਵਰਤੋਂ ਕਰਨ ਨਾਲ ਨੌਜਵਾਨ ਪੀੜ੍ਹੀ ਦੇ ਭਵਿੱਖ ਲਈ ਖ਼ਤਰਾ ਬਣ ਸਕਦਾ ਹੈ। ਜੇਕਰ ਸਮਾਜ, ਪਰਿਵਾਰ ਤੇ ਸਰਕਾਰ ਮਿਲ ਕੇ ਸੰਤੁਲਿਤ ਦ੍ਰਿਸ਼ਟੀਕੋਣ ਅਪਣਾਉਣ ਤਾਂ ਨੌਜਵਾਨਾਂ ਨੂੰ ਡਿਜੀਟਲ ਦੁਨੀਆ ਦੇ ਨੁਕਸਾਨਾਂ ਤੋਂ ਬਚਾਇਆ ਜਾ ਸਕਦਾ ਹੈ ਤੇ ਉਨ੍ਹਾਂ ਨੂੰ ਰੌਸ਼ਨ ਭਵਿੱਖ ਵੱਲ ਪ੍ਰੇਰਿਤ ਕੀਤਾ ਜਾ ਸਕਦਾ ਹੈ।

# ਸਿੱਖਾਂ ਵਿਚ ਵਧ ਰਿਹਾ ਧਰਮ ਪਰਿਵਰਤਨ



ਧਰਮ ਪਰਿਵਰਤਨ ਤੇ ਪ੍ਰਵਾਸ ਮਨੁੱਖ ਦੇ ਜੀਵਨ ਵਿਚ ਅਕਸਰ ਦੇਖਣ ਨੂੰ ਮਿਲਦੇ ਹਨ, ਜਿਨ੍ਹਾਂ ਨੂੰ ਰੋਕਿਆ ਨਹੀਂ ਜਾ ਸਕਦਾ, ਪਰ ਜਦੋਂ ਇਹ ਕੁਦਰਤੀ ਸਿਧਾਂਤ ਨਾਲ ਜੁੜੇ ਹੁੰਦੇ ਹਨ ਤਾਂ ਇਨ੍ਹਾਂ 'ਤੇ ਕੋਈ ਵਧੇਰੇ ਚਰਚਾ ਨਹੀਂ ਹੁੰਦੀ ਅਤੇ ਜਦੋਂ ਇਨ੍ਹਾਂ ਦੇ ਪਿੱਛੇ ਸਵਾਰਥ, ਲਾਲਚ, ਜ਼ੋਰ, ਜਬਰ, ਦਬਾਅ ਆਦਿ ਕਾਰਨ ਨਜ਼ਰ ਆਉਂਦੇ ਹਨ ਤਾਂ ਸੂਝਵਾਨ ਇਨ੍ਹਾਂ ਸੰਬੰਧੀ ਚਰਚਾ ਕੀਤੇ ਬਗ਼ੈਰ ਨਹੀਂ ਰਹਿ ਸਕਦੇ। ਸਮੇਂ ਦੀਆਂ ਪ੍ਰਸਥਿਤੀਆਂ ਤੇ ਘਟਨਾਵਾਂ ਦਾ ਗਹਿਰਾਈ ਨਾਲ ਵਿਸ਼ਲੇਸ਼ਣ ਕਰਕੇ ਉਹ ਸਮਾਜ ਨੂੰ ਸੁਚਾਰੂ ਤੇ ਸਹੀ ਦਿਸ਼ਾ ਵੱਲ ਲਿਜਾਣ ਲਈ ਯਤਨ ਕਰਦੇ ਹਨ। ਪੰਜਾਬ ਵਿਚ ਧਰਮ ਪਰਿਵਰਤਨ ਦਾ ਮੁੱਦਾ ਮਹੱਤਵਪੂਰਨ ਸਮਝਿਆ ਜਾਣ ਲੱਗਾ ਹੈ ਅਤੇ ਸਿੱਖ ਧਰਮ ਦੇ ਵਿਦਵਾਨ ਤੇ ਸੂਝਵਾਨ ਨਿਰੰਤਰ ਇਸ ਦਿਸ਼ਾ ਵਿਚ ਚਿੰਤਨ ਕਰ ਰਹੇ ਹਨ ਕਿ ਅਜਿਹੀਆਂ ਕਿਹੜੀਆਂ ਸੰਭਾਵਨਾਵਾਂ ਪੈਦਾ ਹੋ ਗਈਆਂ ਹਨ ਕਿ ਸਿੱਖ ਧਰਮ ਪਰਿਵਰਤਨ ਵੱਲ ਰੁਚਿਤ ਹੋ ਰਹੇ ਹਨ। ਸਿੱਖਾਂ 'ਚ ਧਰਮ ਪਰਿਵਰਤਨ ਦੀਆਂ ਕੁਝ ਸੰਭਾਵਨਾਵਾਂ ਨੂੰ ਇਸ ਤਰ੍ਹਾਂ ਦੇਖਿਆ ਜਾ ਸਕਦਾ ਹੈ:-

ਦੂਜੇ ਧਰਮਾਂ ਦਾ ਵਧਦਾ ਪ੍ਰਭਾਵ ਤੇ ਪ੍ਰਚਾਰ- ਪੰਜਾਬ ਵਿਚ ਸਿੱਖ ਵੱਡੀ ਗਿਣਤੀ 'ਚ ਮੌਜੂਦ ਹਨ, ਜਿਹੜੇ ਸਮਾਜ ਦੇ ਹਰ ਵਰਗ ਨਾਲ ਜੁੜੇ ਹੋਏ ਹਨ। ਕਈ ਦੂਜੇ ਧਰਮ ਦੇ ਲੋਕਾਂ ਵਲੋਂ ਸਿੱਖਾਂ ਨੂੰ ਆਪਣੇ ਧਰਮ 'ਚ ਲਿਆਉਣਾ ਵੱਡੀ ਪ੍ਰਾਪਤੀ ਸਮਝੀ ਜਾ ਰਹੀ ਹੈ ਤੇ ਇਸ ਕਾਰਜ ਲਈ ਹਰ ਤਰ੍ਹਾਂ ਨਾਲ ਜ਼ੋਰ ਲਾਇਆ ਜਾ ਰਿਹਾ ਹੈ। ਵੀਹਵੀਂ ਸਦੀ ਦੌਰਾਨ ਹਿੰਦੂ ਧਰਮ ਦੇ ਪ੍ਰਚਾਰਕਾਂ ਨੇ ਸਿੱਖਾਂ ਨੂੰ ਆਪਣੇ ਘੇਰੇ 'ਚ ਲੈਣ ਦਾ ਯਤਨ ਕੀਤਾ ਤਾਂ ਸਿੰਘ ਸਭਾ ਲਹਿਰ ਦੇ ਰੂਪ ਵਿਚ ਸਿੱਖ ਵਿਦਵਾਨਾਂ ਨੇ ਉਨ੍ਹਾਂ ਦਾ ਮੁਕਾਬਲਾ ਕੀਤਾ। ਇਸੇ ਲੜੀ ਅਧੀਨ ਸਿੱਖਾਂ 'ਚ ਜਾਤ ਆਧਾਰਿਤ ਰਾਖਵੇਂਕਰਨ ਨੂੰ ਦੇਖਿਆ ਜਾ ਸਕਦਾ ਹੈ। ਭਾਰਤ ਦਾ ਸੰਵਿਧਾਨ ਬਣਿਆ ਤਾਂ ਸਿੱਖ ਆਗੂਆਂ ਨੇ ਸਿੱਖਾਂ 'ਚ ਇਸ ਦ੍ਰਿਸ਼ਟੀ ਤੋਂ ਜਾਤ ਆਧਾਰਿਤ ਵਿਵਸਥਾ ਕਾਇਮ ਰੱਖਣ 'ਤੇ ਜ਼ੋਰ ਦਿੱਤਾ ਸੀ ਕਿ ਕਿਤੇ ਸਿੱਖ ਬਹੁ-ਗਿਣਤੀ ਦੇ ਪ੍ਰਭਾਵ ਤੇ ਨੌਕਰੀਆਂ 'ਚ ਮਿਲੇ ਰਾਖਵੇਂਕਰਨ ਕਾਰਨ ਤਿਲਕ ਨਾ ਜਾਣ। ਮੌਜੂਦਾ ਸਮੇਂ 'ਚ ਸਿੱਖਾਂ 'ਤੇ ਈਸਾਈ ਧਰਮ ਦੇ ਵਧਦੇ ਪ੍ਰਭਾਵ ਤੇ ਪ੍ਰਚਾਰ ਨੂੰ ਦੇਖਿਆ ਜਾ ਰਿਹਾ ਹੈ। ਸਿੱਖ ਪ੍ਰਚਾਰਕ ਸਿੱਖਾਂ 'ਚ ਦੂਜੇ ਧਰਮਾਂ ਦੇ ਵਧਦੇ ਪ੍ਰਚਾਰ ਦਾ ਟਾਕਰਾ ਕਰਨ ਵਿਚ ਸਫ਼ਲ ਨਹੀਂ ਹੋ ਰਹੇ। ਇਸ ਦਾ ਵੱਡਾ ਕਾਰਨ ਸਿੱਖ ਧਾਰਮਿਕ ਸੰਗਠਨਾਂ 'ਚ ਇਕਸੁਰਤਾ ਦੀ ਘਾਟ, ਦੂਸ਼ਣਬਾਜ਼ੀ, ਦੂਜਿਆਂ ਨੂੰ ਨੀਵਾਂ ਦਿਖਾਉਣ ਦੀ ਬਿਰਤੀ, ਸਿੱਖਾਂ ਦੇ ਦਿਨੋ-ਦਿਨ ਡਿੱਗ ਰਹੇ ਕਿਰਦਾਰ ਆਦਿ ਨੂੰ ਦੇਖਿਆ ਜਾ ਰਿਹਾ ਹੈ। ਪੰਜਾਬ 'ਚ ਈਸਾਈ ਧਰਮ ਦੇ ਪ੍ਰਚਾਰਕਾਂ ਨੇ ਇਸ ਦਾ ਫ਼ਾਇਦਾ ਚੁੱਕਿਆ ਹੈ। ਸਿੱਖਾਂ ਦੀ ਸਾਰੀ ਸ਼ਕਤੀ ਆਪਣੇ-ਆਪ ਨੂੰ ਹਿੰਦੂ ਧਰਮ ਤੋਂ ਵੱਖਰਾ ਕਰਨ 'ਚ ਲੱਗੀ ਹੋਈ ਹੈ ਅਤੇ ਪੰਜਾਬ ਵਿਚ ਈਸਾਈ ਧਰਮ ਦੇ ਪ੍ਰਚਾਰ ਦੀਆਂ ਮਜ਼ਬੂਤ ਹੋ ਰਹੀਆਂ ਜੜ੍ਹਾਂ ਨੂੰ ਦੇਖਣ ਤੇ ਸਮਝਣ ਵਿਚ ਉਹ

**ਡਾ. ਪਰਮਵੀਰ ਸਿੰਘ**

ਨਾਕਾਮ ਸਿੱਧ ਹੋਏ ਹਨ। ਈਸਾਈ ਧਰਮ ਪ੍ਰਚਾਰਕਾਂ ਨੇ ਜਿਸ ਤਰ੍ਹਾਂ ਦੇ ਨਵੇਂ ਤੇ ਲੁਕਵੇਂ ਢੰਗ ਨਾਲ ਸਿੱਖਾਂ ਵਿਚ ਆਪਣਾ ਆਧਾਰ ਮਜ਼ਬੂਤ ਕੀਤਾ ਹੈ, ਉਹ ਵੀ ਧਿਆਨ ਦੀ ਮੰਗ ਕਰਦਾ ਹੈ। ਸਿੱਖਾਂ ਦੇ ਪਹਿਰਾਵੇ ਅਤੇ ਨਾਂਅ ਦੀ ਤਬਦੀਲੀ ਤੋਂ ਬਿਨਾਂ ਹੀ ਈਸਾਈ ਧਰਮ ਵਿਚ ਸ਼ਾਮਿਲ ਹੋਣ ਦੀ ਜਿਹੜੀ ਵਿਧੀ ਅਪਣਾਈ ਗਈ ਹੈ, ਪਹਿਲਾਂ ਕਿਤੇ ਦੇਖਣ ਨੂੰ ਨਹੀਂ ਸੀ ਮਿਲਦੀ।

ਲਾਲਚ ਜਾਂ ਸਵਾਰਥ-ਇਸ ਵਰਗ ਅਧੀਨ ਦੋ ਤਰ੍ਹਾਂ ਦੇ ਸਿੱਖਾਂ ਨੂੰ ਰੱਖਿਆ ਜਾ ਸਕਦਾ ਹੈ। ਪਹਿਲੇ ਤਾਂ ਉਹ ਜਿਹੜੇ ਵਿੱਤੀ ਤੰਗੀ ਦਾ ਸ਼ਿਕਾਰ ਹਨ। ਕਮਾਈ ਘੱਟ ਤੇ ਪਰਿਵਾਰ ਵੱਡੇ ਹਨ, ਘਰ ਦਾ ਖ਼ਰਚ ਚਲਾਉਣਾ ਔਖਾ ਹੈ। ਜਦੋਂ ਕੋਈ ਉਨ੍ਹਾਂ ਦੀ ਵਿੱਤੀ ਸਹਾਇਤਾ ਕਰਦਾ ਹੈ ਜਾਂ ਉਨ੍ਹਾਂ ਨੂੰ ਮੁਫ਼ਤ ਸਿਹਤ ਤੇ ਸਿੱਖਿਆ ਦੀ ਸਹੂਲਤ ਪ੍ਰਦਾਨ ਕਰਦਾ ਹੈ ਤਾਂ ਉਹ ਸਹਾਇਤਾ ਦੇਣ ਵਾਲਿਆਂ ਵੱਲ ਝੁਕਾਅ ਰੱਖਣ ਲੱਗ ਪੈਂਦੇ ਹਨ। ਪੀਲੀਭੀਤ ਦਾ ਘਟਨਾਕ੍ਰਮ ਸਾਹਮਣੇ ਆਇਆ ਤਾਂ ਸਿੱਖਾਂ 'ਚ ਈਸਾਈ ਧਰਮ ਵਿਚ ਸ਼ਾਮਿਲ ਹੋਣ ਦੀਆਂ ਵਧਦੀਆਂ ਘਟਨਾਵਾਂ ਨੂੰ ਬਾਰੀਕੀ ਨਾਲ ਦੇਖਣ ਦਾ ਯਤਨ ਆਰੰਭ ਹੋਇਆ। ਅਜਿਹੀਆਂ ਘਟਨਾਵਾਂ ਦੀ ਜਾਂਚ ਲਈ ਸ਼ੋ੍ਰਮਣੀ ਕਮੇਟੀ ਨੇ ਵੀ ਆਪਣੀਆਂ ਟੀਮਾਂ ਉੱਥੇ ਭੇਜ ਕੇ ਤੱਥਾਂ ਦੀ ਪੜਤਾਲ ਕਰਾਉਣ ਦਾ ਯਤਨ ਕੀਤਾ। ਉੱਥੇ ਧਰਮ ਪਰਿਵਰਤਨ ਦੇ ਜਿਹੜੇ ਮਾਮਲੇ ਸਾਹਮਣੇ ਆਏ ਉਨ੍ਹਾਂ ਦੇ ਆਧਾਰ 'ਤੇ ਸਿੱਖ ਜਥੇਬੰਦੀਆਂ ਨੇ ਕਿਹਾ ਕਿ ਨਿਪਾਲ ਤੋਂ ਆਏ ਕੁਝ ਪਾਦਰੀ ਤੇ ਸਥਾਨਕ ਪਾਸਟਰ 'ਚੰਗਾਈ ਸਭਾਵਾਂ' ਕਰਦੇ ਹਨ, ਜਿਸ ਦੌਰਾਨ ਉਹ ਸਿੱਖ ਪਰਿਵਾਰਾਂ ਨੂੰ ਪੈਸੇ ਦੇਣ ਤੇ ਮਕਾਨ ਬਣਾਉਣ ਦਾ ਲਾਲਚ ਦੇ ਕੇ ਈਸਾਈ ਬਣਾਉਣ ਦਾ ਕੰਮ ਕਰਦੇ ਹਨ। ਜਿਹੜੇ ਲੋਕ ਧਰਮ ਪਰਿਵਰਤਨ ਲਈ ਤਿਆਰ ਨਹੀਂ ਹੁੰਦੇ, ਉਨ੍ਹਾਂ ਦੇ ਖੇਤਾਂ ਨੂੰ ਨੁਕਸਾਨ ਪਹੁੰਚਾਇਆ ਜਾਂਦਾ ਹੈ ਤੇ ਉਨ੍ਹਾਂ 'ਤੇ ਹਮਲੇ ਕੀਤੇ ਜਾਂਦੇ ਹਨ। ਦੂਜੇ ਵਰਗ ਵਿਚ ਉਨ੍ਹਾਂ ਸਿੱਖਾਂ ਨੂੰ ਸ਼ਾਮਿਲ ਕੀਤਾ ਜਾ ਸਕਦਾ ਹੈ ਜਿਹੜੇ ਸਮਾਜਿਕ ਤੇ ਆਰਥਿਕ ਤੌਰ 'ਤੇ ਸਮਰੱਥ ਹਨ ਤੇ ਹੋਰ ਅੱਗੇ ਵਧਣਾ ਚਾਹੁੰਦੇ ਹਨ। ਉਹ ਸਿੱਖ ਸਿਧਾਂਤ ਛੱਡ ਕੇ ਆਪਣੇ ਸਵਾਰਥਾਂ ਦੀ ਪੂਰਤੀ ਲਈ ਆਪਣੇ ਬੱਚਿਆਂ ਨੂੰ ਦੂਜੇ ਧਰਮਾਂ ਦੇ ਤਿਉਹਾਰ ਮਨਾਉਣ ਲਈ ਲੋੜ ਤੋਂ ਵਧੇਰੇ ਰੁਚਿਤ ਹੋਣ, ਉਨ੍ਹਾਂ ਨਾਲ ਦੋਸਤੀ ਕਰਨ, ਉਨ੍ਹਾਂ ਨਾਲ ਵਿਆਹ ਕਰਾਉਣ ਆਦਿ ਨੂੰ ਤਰਜੀਹ ਦੇਣ ਲੱਗੇ ਹਨ। ਅਜਿਹੇ ਵਰਗ 'ਚ ਇਕੋ ਭਾਵਨਾ ਵਧੇਰੇ ਕੰਮ ਕਰ ਰਹੀ ਹੁੰਦੀ ਹੈ ਕਿ ਉਹ ਵਧੇਰੇ ਧਰਮ-ਨਿਰਪੱਖ ਤੇ ਅਗਾਂਹਵਧੂ ਦਿਖਾਈ ਦੇਣ, ਉਹ ਆਪਣੇ ਆਪ ਨੂੰ ਧਰਮ ਦੇ ਸਿਧਾਂਤਾਂ ਅਤੇ ਰਹੁ-ਰੀਤਾਂ ਦੀ ਪਾਲਣਾ ਕਰਨ ਵਾਲਿਆਂ ਦੀ ਬਜਾਏ ਕੇਵਲ ਚੰਗੇ ਮਨੁੱਖਾਂ ਨੂੰ ਪਿਆਰ ਕਰਨ ਵਾਲੇ ਦਰਸਾਉਂਦੇ ਹਨ ਪਰ ਜੇ ਉਨ੍ਹਾਂ ਨੂੰ ਨੇੜਿਓਂ ਦੇਖਿਆ ਜਾਵੇ ਤਾਂ ਕਈ ਹੋਰ ਕਾਰਨ ਨਜ਼ਰ ਆਉਂਦੇ ਹਨ। ਸਿੱਖਾਂ 'ਚ ਵਧਦੀ ਜਾ ਰਹੀ ਅਜਿਹੀ ਭਾਵਨਾ ਉਨ੍ਹਾਂ ਨੂੰ ਗੁਰਮਤਿ ਦੇ ਸਿਧਾਂਤਾਂ ਤੇ ਪਰੰਪਰਾਵਾਂ ਤੋਂ ਦੂਰ ਲਿਜਾਣ ਦਾ ਕੰਮ ਕਰ ਰਹੀ ਹੈ।

ਪ੍ਰਵਾਸ-ਪ੍ਰਵਾਸ ਕਰਕੇ ਸਿੱਖ ਸੰਸਾਰ ਦੇ ਬਹੁਤ ਸਾਰੇ ਮੁਲਕਾਂ 'ਚ ਜਾ ਕੇ ਵਸ ਗਏ ਹਨ। ਪਿਛਲੀ ਸਦੀ ਦੇ ਪਹਿਲੇ ਅੱਧ ਦੌਰਾਨ ਜਿਹੜੇ ਸਿੱਖ ਵਿਦੇਸ਼ਾਂ 'ਚ ਗਏ, ਉਨ੍ਹਾਂ ਨੇ ਧਨ ਕਮਾ ਕੇ ਆਪਣੇ ਮੁਲਕ ਭੇਜਿਆ, ਜਿਸ ਨਾਲ ਉਨ੍ਹਾਂ ਦੇ ਪੰਜਾਬ 'ਚ ਰਹਿੰਦੇ ਪਰਿਵਾਰਾਂ ਦਾ ਜੀਵਨ ਖ਼ੁਸ਼ਹਾਲ ਹੋ ਜਾਂਦਾ ਸੀ। ਪਿਛਲੀ ਸਦੀ ਦੇ ਦੂਜੇ ਅੱਧ ਦੌਰਾਨ ਜਿਹੜੇ ਸਿੱਖ ਪ੍ਰਵਾਸ ਕਰਕੇ ਬਾਹਰ ਜਾਣ ਲੱਗੇ, ਉਨ੍ਹਾਂ ਦਾ ਵਧੇਰੇ ਧਿਆਨ ਉੱਥੋਂ ਦੀ ਪੱਕੀ ਰਹਾਇਸ਼ ਲੈ ਕੇ ਉੱਥੇ ਵਸਣ ਵੱਲ ਹੀ ਹੋਣ ਲੱਗਾ। ਉਨ੍ਹਾਂ ਮੁਲਕਾਂ ਦੇ ਲੋਕਾਂ ਨਾਲ ਸਾਂਝ ਵਧਣ ਕਰਕੇ ਗੁਰਮਤਿ ਦੀਆਂ ਕਦਰਾਂ-ਕੀਮਤਾਂ ਨੂੰ ਤਿਲਾਂਜਲੀ ਦਿੱਤੀ ਜਾਣ ਲੱਗੀ। ਭਾਰਤ ਵਿਚ ਵੀ ਦੂਜੇ ਸੂਬਿਆਂ 'ਚ ਪ੍ਰਵਾਸ ਕਰ ਗਏ ਨੌਜਵਾਨਾਂ 'ਚ ਧਰਮ ਪਰਿਵਰਤਨ ਦੀ ਰੁਚੀ ਵਧੇਰੇ ਨਜ਼ਰ ਆਉਣ ਲੱਗੀ ਹੈ। ਪੰਜਾਬ ਵਿਚ ਰੁਜ਼ਗਾਰ ਦੇ ਘਟਦੇ ਮੌਕਿਆਂ ਨੇ ਜਿੱਥੇ ਸਿੱਖਾਂ ਨੂੰ ਬਾਹਰਲੇ ਮੁਲਕਾਂ ਵੱਲ ਜਾਣ ਲਈ ਮਜਬੂਰ ਕੀਤਾ, ਉੱਥੇ ਜਿਹੜੇ ਨੌਜਵਾਨ ਭਾਰਤ ਵਿਚ ਰੁਜ਼ਗਾਰ ਪ੍ਰਾਪਤੀ ਲਈ ਦੂਜੇ ਸੂਬਿਆਂ 'ਚ ਚਲੇ ਗਏ, ਉਨ੍ਹਾਂ 'ਚ ਧਰਮ ਦਾ ਕੋਈ ਵਧੇਰੇ ਮਹੱਤਵ ਨਹੀਂ ਰਿਹਾ। ਇਹ ਰੁਝਾਨ ਆਈ.ਟੀ. ਸੈਕਟਰ 'ਚ ਕੰਮ ਕਰਨ ਵਾਲੇ ਬੱਚਿਆਂ ਵਿਚ ਵਧੇਰੇ ਦੇਖਣ ਨੂੰ ਮਿਲ ਰਿਹਾ ਹੈ। ਬਹੁਤੇ ਨੌਜਵਾਨ ਧਰਮ ਦੀ ਬਜਾਏ ਖ਼ੁਸ਼ਹਾਲ ਜੀਵਨ ਤੇ ਆਰਥਿਕ ਵਿਕਾਸ ਨੂੰ ਤਰਜੀਹ ਦੇਣ ਲੱਗੇ ਹਨ, ਜਿਸ ਕਰਕੇ ਵਿਆਹਾਂ ਦਾ ਆਧਾਰ ਪੈਕੇਜ ਹੋ ਗਿਆ ਹੈ। ਬਹੁਤ ਸਾਰੇ ਸਿੱਖ ਬੱਚੇ ਇਸ ਵਹਿਣ 'ਚ ਨਿਰੰਤਰ ਵਹਿੰਦੇ ਜਾ ਰਹੇ ਹਨ ਤੇ ਉਨ੍ਹਾਂ ਨੂੰ ਰੋਕਣ ਲਈ ਕੋਈ ਵੀ ਯਤਨ ਹਾਲੇ ਤੱਕ ਆਰੰਭ ਨਹੀਂ ਹੋ ਸਕਿਆ।

ਦਬਾਅ-ਪਿਛਲੇ ਸਮੇਂ ਦੌਰਾਨ ਧਰਮ ਪਰਿਵਰਤਨ ਦਾ ਆਧਾਰ ਜ਼ੋਰ-ਜ਼ਬਰਦਸਤੀ ਸੀ। ਕੱਟੜਪੰਥੀਆਂ ਦੇ ਦਬਾਅ ਅਧੀਨ ਬਾਦਸ਼ਾਹਾਂ ਵਲੋਂ ਧਰਮ ਪਰਿਵਰਤਨ ਦੇ ਹੁਕਮ ਦਿੱਤੇ ਜਾਂਦੇ ਸਨ। ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਨੂੰ ਇਸੇ ਸੰਦਰਭ 'ਚ ਰੱਖ ਕੇ ਦੇਖਿਆ ਜਾਂਦਾ ਹੈ ਕਿ ਉਨ੍ਹਾਂ ਨੇ ਜਬਰੀ ਧਰਮ ਪਰਿਵਰਤਨ ਦਾ ਵਿਰੋਧ ਕੀਤਾ ਸੀ। ਮੁਸਲਿਮ ਬਹੁ-ਗਿਣਤੀ ਵਾਲੇ ਦੇਸ਼ਾਂ ਵਿਚ ਦੂਜੇ ਧਰਮਾਂ ਦੇ ਲੋਕ ਹਾਲੇ ਵੀ ਜਾਣ ਤੋਂ ਗੁਰੇਜ਼ ਕਰਦੇ ਹਨ, ਕਿਉਂਕਿ ਉਹ ਜਾਣਦੇ ਹਨ ਕਿ ਉਨ੍ਹਾਂ ਮੁਲਕਾਂ ਦਾ ਧਾਰਮਿਕ ਦਬਾਅ ਸਹਿਣ ਕੀਤੇ ਬਗ਼ੈਰ ਕੰਮ ਕਰਨਾ ਮੁਸ਼ਕਿਲ ਹੈ। ਭਾਵੇਂ ਕਿ ਕੁਝ ਮੁਸਲਿਮ ਦੇਸ਼ਾਂ 'ਚ ਸਿੱਖ ਕੰਮ ਕਰ ਰਹੇ ਹਨ, ਪਰ ਉਨ੍ਹਾਂ ਨੂੰ ਆਪਣੇ ਧਾਰਮਿਕ ਸਿਧਾਂਤਾਂ ਤੇ ਰਸਮਾਂ ਦੀ ਪਾਲਣਾ 'ਚ ਮੁਸ਼ਕਿਲ ਆ ਰਹੀ ਹੈ। ਆਰਥਿਕ ਦਬਾਅ ਅਧੀਨ ਜਿਹੜੇ ਉਨ੍ਹਾਂ ਮੁਲਕਾਂ 'ਚ ਕੰਮ ਕਰ ਰਹੇ ਹਨ, ਉਹ ਧਾਰਮਿਕ ਤੌਰ 'ਤੇ ਕਮਜ਼ੋਰ ਹੁੰਦੇ ਜਾ ਰਹੇ ਹਨ।

ਲੋਕਤੰਤਰ ਤੇ ਧਰਮ-ਨਿਰਪੱਖ ਅਖਵਾਉਣ ਵਾਲੇ ਬਹੁਤ ਸਾਰੇ ਮੁਲਕਾਂ 'ਚ ਵੀ ਦਬਾਅ ਅਧੀਨ ਧਰਮ ਪਰਿਵਰਤਨ ਦੀ ਨੀਤੀ ਦੇਖਣ ਨੂੰ ਮਿਲ ਰਹੀ ਹੈ। ਇਨ੍ਹਾਂ ਮੁਲਕਾਂ 'ਚ ਇਸ ਦਿਸ਼ਾ ਅਧੀਨ ਅੱਗੇ ਵਧਣ ਲਈ ਢੰਗ-ਤਰੀਕੇ ਬਦਲ ਗਏ ਹਨ ਅਤੇ ਹੁਣ ਤਲਵਾਰ ਦੇ ਜ਼ੋਰ 'ਤੇ ਧਰਮ ਪਰਿਵਰਤਨ ਕਰਾਉਣ ਦੀ ਬਜਾਏ ਸਮਾਜਿਕ ਤੇ ਰਾਜਸੀ ਦਬਾਅ ਬਣਾਇਆ ਜਾਂਦਾ ਹੈ। ਬਹੁ-ਗਿਣਤੀਆਂ ਦਾ ਦਬਾਅ ਹਮੇਸ਼ਾ ਹੀ ਘੱਟ-ਗਿਣਤੀਆਂ ਦੇ ਸਿਧਾਂਤਾਂ, ਮਰਿਆਦਾ ਤੇ ਪਰੰਪਰਾ ਨੂੰ ਖੋਰਾ ਲਾਉਣ 'ਚ ਵੱਡੀ ਭੂਮਿਕਾ ਨਿਭਾਉਂਦਾ ਹੈ। ਇਸੇ ਕਰਕੇ ਭਾਰਤ ਵਿਚ ਬਹੁ-ਗਿਣਤੀਆਂ ਦੇ ਪ੍ਰਭਾਵ ਅਧੀਨ ਸਿੱਖ ਨਿਰੰਤਰ ਤਿਲਕਦੇ ਜਾ ਰਹੇ ਹਨ।

# ਵਿੱਦਿਆ ਤੇ ਧਰਮ : ਇਕ ਆਦਰਸ਼ਕ ਸਮਾਜ ਦੀ ਸਿਰਜਣਾ



ਇਸ ਤਕਨੀਕੀ ਯੁੱਗ ਵਿਚ ਹਰ ਮਨੁੱਖ ਖ਼ੁਦ ਨੂੰ ਸਮਝਦਾਰ ਮੰਨਦਾ ਹੈ, ਪਰ ਜਿੰਨਾ ਚਿਰ ਉਹ ਆਪਣੇ ਨਿੱਜੀ ਫ਼ਰਜ਼ਾਂ ਤੋਂ ਅਵੇਸਲਾ ਹੈ, ਓਨਾ ਸਮਾਂ ਉਹ ਸਮਾਜ ਵਿਚ ਚੇਤੰਨ ਹੋ ਕੇ ਨਹੀਂ ਚੱਲ ਸਕਦਾ। ਮਨੁੱਖ ਅੰਦਰ ਨੈਤਿਕ ਗੁਣਾਂ ਦਾ ਸੰਚਾਰ ਹੋਣਾ ਜ਼ਰੂਰੀ ਹੈ, ਜੋ ਮਨੁੱਖ ਨੂੰ ਧਾਰਮਿਕ ਚੇਤਨਾ ਪ੍ਰਦਾਨ ਕਰਦੇ ਹਨ। ਧਾਰਮਿਕ ਚੇਤਨਾ ਤੋਂ ਭਾਵ ਹੈ ਕਿ ਧਰਮ ਰਾਹੀਂ ਨੈਤਿਕ ਗੁਣਾਂ ਦਾ ਪੈਦਾ ਹੋਣਾ। ਇਸ ਨਾਲ ਮਨੁੱਖ ਸਹੀ ਤੇ ਗਲਤ ਦੀ ਪਛਾਣ ਕਰਕੇ ਯੋਗ ਬਣਦਾ ਹੈ ਅਤੇ ਸੱਚ ਦਾ ਧਾਰਨੀ ਹੋ ਕੇ ਪਰਮਾਤਮਾ ਦੀ ਭਾਉ ਭਗਤੀ ਵੱਲ ਚੱਲ ਸਕਦਾ ਹੈ। ਅੱਜ ਦੇ ਸਮੇਂ ਵਿਚ ਨੌਜਵਾਨਾਂ ਨੂੰ ਇਸ ਪ੍ਰਤੀ ਜਾਗਰੂਕ ਹੋਣ ਦੀ ਲੋੜ ਹੈ। ਨੌਜਵਾਨ ਹੀ ਸਮਾਜ ਦਾ ਭਵਿੱਖ ਹਨ। ਅੱਜ ਦਾ ਬਹੁਤਾ ਨੌਜਵਾਨ ਵਰਗ ਸਹੀ ਚੇਤਨਾ ਨਾ ਹੋਣ ਕਰਕੇ ਕੁਰਾਹੇ ਪੈ ਰਿਹਾ ਹੈ। ਇਸ ਆਧੁਨਿਕ ਦੌਰ ਵਿਚ ਨੌਜਵਾਨ ਪੱਛਮੀ ਸੱਭਿਆਚਾਰ ਨੂੰ ਕਬੂਲ ਕਰ ਕੇ ਪਦਾਰਥਾਂ ਦੀ ਦੌੜ ਵੱਲ ਭੱਜ ਰਿਹਾ ਹੈ। ਇਸ ਕਾਰਨ ਉਹ ਆਪਣੇ ਮੂਲ ਤੋਂ ਲਾਂਭੇ ਹੋ ਕੇ ਜੀਵਨ ਗੁਜ਼ਾਰ ਰਿਹਾ ਹੈ। ਇਸ ਦਾ ਪ੍ਰਭਾਵ ਇਹ ਵੀ ਹੈ ਕਿ ਚਿੰਤਾ ਤੇ ਤਣਾਅ ਵਿਚ ਘਿਰਿਆ ਹੋਇਆ ਨੌਜਵਾਨ ਸਹੀ ਤੇ ਗਲਤ ਦੀ ਪਛਾਣ ਕਰਨ ਤੋਂ ਵੀ ਅਸਮਰੱਥ ਰਹਿ ਜਾਂਦਾ ਹੈ।

ਅਜੋਕੇ ਨੌਜਵਾਨ ਵਿਚ ਚੇਤਨਤਾ ਤੇ ਨੈਤਿਕ ਗੁਣਾਂ ਦਾ ਹੋਣਾ ਬਹੁਤ ਜ਼ਰੂਰੀ ਹੈ। ਇਹ ਉਨ੍ਹਾਂ ਨੂੰ ਤਾਂ ਹੀ ਪ੍ਰਾਪਤ ਹੋਣਗੇ, ਜੇ ਉਹ ਆਪਣੀਆਂ ਜੜ੍ਹਾਂ ਤੇ ਵਿਰਾਸਤ ਨਾਲ ਜੁੜਨ ਦਾ ਯਤਨ ਕਰਨਗੇ। ਜਿਹੜਾ ਨੌਜਵਾਨ ਗੁਰਬਾਣੀ ਨੂੰ ਆਪਣੇ ਜੀਵਨ ਦਾ ਅੰਗ ਬਣਾ ਲੈਂਦਾ ਹੈ, ਉਸ ਲਈ ਸੰਸਾਰ ਤੇ ਸਮਾਜ ਵਿਚ ਵਿਚਰਨਾ ਸੌਖਾ ਹੋ ਜਾਂਦਾ ਹੈ। ਸਿੱਖ ਇਤਿਹਾਸ ਤੇ ਸੂਰਮਿਆਂ ਦੀਆਂ ਗਾਥਾਵਾਂ ਵੀ ਸਾਨੂੰ ਜੀਵਨ ਜਾਚ ਸਿਖਾਉਂਦੀਆਂ ਹਨ। ਇਤਿਹਾਸ ਤੇ ਗੁਰਬਾਣੀ ਦੇ ਸੁਮੇਲ ਨਾਲ ਸਹਿਜੇ ਹੀ ਜੀਵਨ ਦੀ ਚੰਗੀ ਘਾੜਤ ਘੜੀ ਜਾਂਦੀ ਹੈ। ਆਮ ਮਨੁੱਖ ਲਈ ਸਹੀ ਤੇ ਗਲਤ ਦੀ ਪਛਾਣ ਕਰਨੀ ਸੰਭਵ ਹੋ ਜਾਂਦੀ ਹੈ। ਇਸ ਤੋਂ ਇਲਾਵਾ ਅਜਿਹੀ ਜਾਗ ਸਮਾਜ 'ਚੋਂ ਵੀ ਲਗਦੀ ਹੈ। ਇਹ ਤਾਂ ਹੀ ਸੰਭਵ ਹੁੰਦਾ ਹੈ, ਜੇ ਸਾਨੂੰ ਕਿਸੇ ਚੰਗੇ ਪੁਰਖ ਦੀ ਸੰਗਤ ਪ੍ਰਾਪਤ ਹੋਵੇ।

ਇਕ ਆਦਰਸ਼ਕ ਸਮਾਜ ਦੀ ਘਾੜਤ ਲਈ ਚੰਗੇ ਪ੍ਰਚਾਰਕ ਤੇ ਅਧਿਆਪਕ ਦਾ ਹੋਣਾ ਬਹੁਤ ਜ਼ਰੂਰੀ ਹੈ। ਅਜਿਹਾ ਗਿਆਨ ਸਾਨੂੰ ਵਿੱਦਿਆ ਤੋਂ ਪ੍ਰਾਪਤ ਹੁੰਦਾ ਹੈ। ਵਿੱਦਿਆ ਹੀ ਅਜਿਹਾ ਸਾਰਥਕ ਸਾਧਨ ਹੈ, ਜੋ ਮਨੁੱਖ ਦੇ ਜੀਵਨ ਦੀ ਘਾੜਤ ਘੜਦਾ ਹੈ। ਇਹ ਵਿੱਦਿਆ ਸਾਨੂੰ ਵਿਰਾਸਤ ਵਿਚ ਗੁਰੂ ਸਾਹਿਬਾਨ ਨੇ ਆਪਣੀ ਹਯਾਤੀ ਦੌਰਾਨ ਪ੍ਰਦਾਨ ਕੀਤੀ। ਸ੍ਰੀ ਗੁਰੂ ਅੰਗਦ ਦੇਵ ਜੀ ਖਡੂਰ ਸਾਹਿਬ ਦੀ ਧਰਤੀ 'ਤੇ ਆਪਣੇ ਹੱਥੀਂ ਬਾਲ ਬੋਧ ਤਿਆਰ ਕਰਕੇ ਬੱਚਿਆਂ ਨੂੰ ਗੁਰਮੁਖੀ ਪੜ੍ਹਾਉਂਦੇ ਸਨ। ਇਸੇ ਵਿੱਦਿਅਕ ਪਰੰਪਰਾ ਨੂੰ ਜਾਰੀ ਰੱਖਦਿਆਂ ਸ੍ਰੀ ਗੁਰੂ ਅੰਗਦ ਦੇਵ ਜੀ ਦੇ 500 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕਾਰ ਸੇਵਾ ਖਡੂਰ ਸਾਹਿਬ ਵਲੋਂ ਕਈ ਕਾਰਜ ਉਲੀਕੇ ਗਏ। ਧਾਰਮਿਕ ਵਿੱਦਿਆ ਦਾ ਕਾਰਜ ਵੀ ਉਨ੍ਹਾਂ 'ਚੋਂ ਇਕ ਸੀ,

**ਪ੍ਰੋ. ਦਿਲਪ੍ਰੀਤ ਸਿੰਘ**

ਜਿਸ ਤਹਿਤ 2004 ਵਿਚ ਨਿਸ਼ਾਨੇ ਸਿੱਖੀ ਅੱਠ ਮੰਜ਼ਿਲਾ ਇਮਾਰਤ ਦਾ ਨੀਂਹ ਪੱਥਰ ਰੱਖਿਆ ਗਿਆ, ਜਿਸ ਵਿਚ ਵੱਖ-ਵੱਖ ਕੋਰਸਾਂ ਦੀ ਸ਼ੁਰੂਆਤ ਕੀਤੀ ਗਈ। ਇੱਥੇ ਹੀ ਸਿੱਖੀ ਦੇ ਪ੍ਰਚਾਰ ਲਈ ਸਮਾਜ ਨੂੰ ਧਾਰਮਿਕ ਸੇਧ ਦੇਣ ਲਈ ਚੰਗੇ ਵਿਦਵਾਨ, ਪ੍ਰਚਾਰਕ ਤੇ ਗ੍ਰੰਥੀ ਸਿੰਘ ਤਿਆਰ ਕਰਨ ਦਾ ਟੀਚਾ ਵੀ ਮਿਥਿਆ ਗਿਆ। ਇਸ ਟੀਚੇ ਨੂੰ ਪੂਰਾ ਕਰਨ ਲਈ ਸ੍ਰੀ ਗੁਰੂ ਅੰਗਦ ਦੇਵ ਇੰਸਟੀਚਿਊਟ ਆਫ ਰਿਲੀਜੀਅਸ ਸਟੱਡੀਜ਼, ਖਡੂਰ ਸਾਹਿਬ (ਤਰਨ ਤਾਰਨ) ਦੀ ਆਰੰਭਤਾ ਕਰਨ ਦਾ ਫ਼ੈਸਲਾ ਕੀਤਾ ਗਿਆ। ਇਸ ਵਿਚ ਪੰਜ ਸਾਲਾ ਗੁਰਮਤਿ ਕੋਰਸ ਵਿਚ ਸਿੱਖ ਅੰਮ੍ਰਿਤਧਾਰੀ ਬੱਚਿਆਂ ਨੂੰ ਬੀ.ਏ. ਤੇ ਐਮ.ਏ. (ਧਰਮ ਅਧਿਐਨ) ਤੱਕ ਦੀ ਵਿੱਦਿਆ ਪ੍ਰਦਾਨ ਕਰਨ ਦੇ ਨਾਲ ਨਾਲ ਪੰਜ ਸਾਲਾ ਗੁਰਮਤਿ ਡਿਪਲੋਮੇ ਅਧੀਨ ਗੁਰਬਾਣੀ ਸੰਥਿਆ, ਕਥਾ, ਲੈਕਚਰ, ਗੁਰਮਤਿ ਸੰਗੀਤ ਤੇ ਇਤਿਹਾਸ ਦੇ ਗ੍ਰੰਥਾਂ ਦਾ ਗਹਿਰਾ ਅਧਿਐਨ ਕਰਵਾਉਣ ਲਈ ਸਿਲੇਬਸ ਤਿਆਰ ਕੀਤਾ ਗਿਆ। ਇਸ ਦੀ ਮਹੱਤਤਾ ਨੂੰ ਪਹਿਚਾਣਦਿਆਂ ਇਸ ਗੱਲ ਦਾ ਖ਼ਾਸ ਧਿਆਨ ਰੱਖਿਆ ਗਿਆ ਕਿ ਵਿਦਿਆਰਥੀਆਂ ਦੀ ਪੜ੍ਹਾਈ, ਰਿਹਾਇਸ਼, ਖਾਣਾ ਆਦਿ ਪ੍ਰਬੰਧ ਸੰਸਥਾ ਦੁਆਰਾ ਬਿਲਕੁਲ ਮੁਫ਼ਤ ਕੀਤਾ ਜਾਵੇ।

ਇਸ ਸੰਸਥਾ ਤੋਂ ਵਿਦਿਆਰਥੀ ਵਿੱਦਿਆ ਹਾਸਲ ਕਰਕੇ ਯੂ.ਜੀ.ਸੀ. ਨੈੱਟ ਤੇ ਜੇ.ਆਰ.ਐੱਫ. ਪਾਸ ਕਰਕੇ ਪੀਐੱਚ.ਡੀ. ਕਰ ਰਹੇ ਹਨ। ਇਸ ਤੋਂ ਇਲਾਵਾ ਭਾਰਤੀ ਫ਼ੌਜ ਵਿਚ ਬਤੌਰ ਆਰ.ਟੀ./ਜੇ.ਸੀ.ਓ. ਤੇ ਸ਼੍ਰੋਮਣੀ ਕਮੇਟੀ ਦੇ ਅਦਾਰਿਆਂ 'ਚ, ਚੀਫ਼ ਖ਼ਾਲਸਾ ਦੀਵਾਨ ਆਦਿ ਵਿਚ ਬਤੌਰ ਧਾਰਮਿਕ ਅਧਿਆਪਕ ਤੇ ਪ੍ਰਚਾਰਕ ਵਜੋਂ ਅਤੇ ਵੱਖ-ਵੱਖ ਦੇਸ਼ਾਂ 'ਚ ਪ੍ਰਚਾਰ ਰਾਹੀਂ ਸਿੱਖ ਕੌਮ ਦੀ ਸੇਵਾ ਕਰ ਰਹੇ ਹਨ। ਇਸ ਸੰਸਥਾ ਤੋਂ ਸੰਗੀਤ ਦੀ ਵਿੱਦਿਆ ਹਾਸਿਲ ਕਰਕੇ ਰਾਗੀ ਵਿਦੇਸ਼ਾਂ 'ਚ ਕੀਰਤਨ ਦੀ ਸੇਵਾ ਲਈ ਵੀ ਜਾਂਦੇ ਹਨ। ਜੋ ਵਿਦਿਆਰਥੀ ਬਾਰ੍ਹਵੀਂ ਕਰ ਚੁੱਕੇ ਹਨ, ਉਨ੍ਹਾਂ ਲਈ ਇਸ ਸੰਸਥਾ ਵਿਚ ਵਿੱਦਿਆ ਹਾਸਿਲ ਕਰਨ ਦਾ ਸੁਨਹਿਰੀ ਮੌਕਾ ਹੈ।

# ਅੰਬਰ ਛੂੰਹਦੀਆਂ ਧੀਆਂ ਦੀ ਪਰਵਾਜ਼

ਧੀਆਂ ਨੂੰ ਕਦੇ ਚਾਰਦੀਵਾਰੀ ਵਿੱਚ ਕੈਦ ਰੱਖ ਕੇ ਉਨ੍ਹਾਂ ਦੀ ਪ੍ਰਤਿਭਾ ਨੂੰ ਦੁਨੀਆ ਸਾਹਮਣੇ ਉਜਾਗਰ ਹੋਣ ਦਾ ਮੌਕਾ ਨਹੀਂ ਸੀ ਦਿੱਤਾ ਜਾਂਦਾ, ਪਰ 21ਵੀਂ ਸਦੀ ਦੇ ਇਸ ਆਧੁਨਿਕ ਦੌਰ ਵਿੱਚ ਮੌਕਾ ਮਿਲਣ 'ਤੇ ਉਹੀ ਧੀਆਂ ਆਪਣੀ ਯੋਗਤਾ ਦਾ ਲੋਹਾ ਮੰਨਵਾ ਰਹੀਆਂ ਹਨ। ਸਾਨੂੰ ਇਸ ਗੱਲ 'ਤੇ ਅਤਿ ਫ਼ਖ਼ਰ ਹੋਣਾ ਚਾਹੀਦਾ ਹੈ ਕਿ ਪ੍ਰਸ਼ਾਸਨਿਕ ਸੇਵਾਵਾਂ (ਯੂ ਪੀ ਐੱਸ ਸੀ) ਵਰਗੀਆਂ ਦੇਸ਼ ਦੀਆਂ ਸਭ ਤੋਂ ਔਖੀਆਂ ਪ੍ਰੀਖਿਆਵਾਂ ਤੋਂ ਲੈ ਕੇ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਨਤੀਜਿਆਂ ਦੀ ਮੈਰਿਟ ਸੂਚੀ ਤੱਕ ਸਾਡੀਆਂ ਧੀਆਂ ਮੋਹਰੀ ਪੁਜ਼ੀਸ਼ਨਾਂ ਹਾਸਲ ਕਰਕੇ ਆਪਣੀ ਕਾਬਲੀਅਤ ਦਾ ਪਰਚਮ ਲਹਿਰਾ ਰਹੀਆਂ ਹਨ। ਇਹ ਪ੍ਰਾਪਤੀਆਂ ਸਪੱਸ਼ਟ ਕਰਦੀਆਂ ਹਨ ਕਿ ਜੇਕਰ ਇਨ੍ਹਾਂ ਬੱਚੀਆਂ ਨੂੰ ਬਰਾਬਰ ਦੇ ਮੌਕੇ ਪ੍ਰਦਾਨ ਕੀਤੇ ਜਾਣ ਤਾਂ ਇਹ ਉੱਚ ਵਿੱਦਿਆ ਪ੍ਰਾਪਤ ਕਰਨ ਅਤੇ ਸਫਲਤਾ ਦੀਆਂ ਹੋਰ ਉਚਾਈਆਂ ਛੂਹਣ ਦੀ ਪੂਰੀ ਸਮਰੱਥਾ ਰੱਖਦੀਆਂ ਹਨ।

ਧੀਆਂ ਦੀ ਇਸ ਬੇਮਿਸਾਲ ਕਾਮਯਾਬੀ ਨੇ ਸਮਾਜ ਦੇ ਉਸ ਰੂੜ੍ਹੀਵਾਦੀ ਵਰਗ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਹੈ, ਜੋ ਕਦੇ ਇਹ ਮੰਨਦਾ ਸੀ ਕਿ ਧੀਆਂ ਤਾਂ ਬੇਗਾਨਾ ਧਨ ਹਨ ਅਤੇ ਇਨ੍ਹਾਂ ਨੇ ਵਿਆਹ ਕਰਵਾ ਕੇ ਅਗਲੇ ਘਰ ਚਲੇ ਜਾਣਾ ਹੈ, ਇਸ ਲਈ ਇਨ੍ਹਾਂ ਦੀ ਪੜ੍ਹਾਈ ਅਤੇ ਆਜ਼ਾਦੀ 'ਤੇ ਸਰਮਾਇਆ ਖ਼ਰਚ ਕਰਨ ਦਾ ਕੋਈ ਫ਼ਾਇਦਾ ਨਹੀਂ। ਅਜਿਹੀ ਸੌੜੀ ਵਿਚਾਰਧਾਰਾ ਰੱਖਣ ਵਾਲੇ ਲੋਕ ਹਮੇਸ਼ਾ ਪੁੱਤਰ ਦੀ ਦਾਤ ਲਈ ਲੋਚਦੇ ਸਨ, ਪਰ ਅੱਜ ਆਪਣੀ ਸੋਚ 'ਤੇ ਪਛਤਾਵਾ ਕਰ ਰਹੇ ਹਨ।

ਦੂਜੇ ਪਾਸੇ ਅਜੋਕੇ ਸਮਾਜ ਦੀ ਤਲਖ਼ ਹਕੀਕਤ ਇਹ ਵੀ ਹੈ ਕਿ ਲੋੜ ਤੋਂ ਵੱਧ ਮਿਲੀ ਖੁੱਲ੍ਹ ਕਾਰਨ ਕਈ ਪਰਿਵਾਰਾਂ ਦੇ ਪੁੱਤਰ ਕੁਰਾਹੇ ਪੈ ਚੁੱਕੇ ਹਨ। ਉਹ ਮਾੜੀ ਸੰਗਤ ਅਤੇ ਨਸ਼ਿਆਂ ਦੀ ਦਲਦਲ ਵਿੱਚ ਫਸ ਕੇ ਨਾ ਸਿਰਫ਼ ਆਪਣੇ ਮਾਪਿਆਂ ਦਾ ਨਾਮ ਬਦਨਾਮ ਕਰ ਰਹੇ ਹਨ, ਸਗੋਂ ਬੁਢਾਪੇ ਵਿੱਚ ਸਹਾਰਾ ਬਣਨ ਦੀ ਬਜਾਏ ਆਪਣੇ ਜਨਮਦਾਤਿਆਂ ਨੂੰ ਬਿਰਧ ਆਸ਼ਰਮਾਂ ਦੀਆਂ ਬਰੂਹਾਂ ਤੱਕ ਛੱਡ ਆਉਂਦੇ ਹਨ। ਇਸ ਦੇ ਉਲਟ ਧੀਆਂ ਅੱਜ ਵੀ ਮਾਪਿਆਂ ਦਾ ਪੂਰਾ ਖ਼ ?ਆਲ ਰੱਖਦੀਆਂ ਹਨ। ਉਹ ਨਾ ਸਿਰਫ਼ ਆਪਣੇ ਪਰਿਵਾਰ ਦਾ ਨਾਮ ਰੌਸ਼ਨ ਕਰ ਰਹੀਆਂ ਹਨ ਸਗੋਂ ਬੁਢਾਪੇ ਵੇਲੇ ਮਾਪਿਆਂ ਦੀ ਡੰਗੋਰੀ ਬਣ ਕੇ ਉਨ੍ਹਾਂ ਦਾ ਸੱਚਾ ਸਹਾਰਾ ਵੀ ਸਾਬਿਤ ਹੋ ਰਹੀਆਂ ਹਨ।

ਧੀਆਂ ਦੀਆਂ ਪ੍ਰਾਪਤੀਆਂ ਨੇ ਸਮਾਜ ਦੇ ਕਈ ਪਿਛਾਂਹ-ਖਿੱਚੂ ਲੋਕਾਂ ਦੀ ਮਾਨਸਿਕਤਾ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਧੀਆਂ ਦੇ ਇਸ ਦਮਖ਼ਮ ਨੇ ਉਨ੍ਹਾਂ ਨੂੰ ਆਪਣੀ ਸੋਚ ਬਦਲਣ ਲਈ ਮਜਬੂਰ ਕਰ ਦਿੱਤਾ ਹੈ ਅਤੇ ਉਨ੍ਹਾਂ ਦੇ ਮਨਾਂ ਵਿੱਚ ਵੀ ਅਜਿਹੇ ਵਲਵਲੇ ਉੱਠਣ ਲੱਗੇ ਹਨ:

ਧੀਆਂ ਤਾਂ ਰੱਬ ਦਾ ਰੂਪ ਹੁੰਦੀਆਂ, ਇਹ ਭੁੱਲ ਕਿਉਂ ਜਾਵਣ ਲੋਕੀਂ।

ਧੀ ਜੰਮੀ ਹਾਏ ਪੱਥਰ ਜੰਮਿਆ, ਹਾਲ ਦੁਹਾਈ ਕਿਉਂ ਪਾਵਣ ਲੋਕੀਂ।



ਪੂਜ ਕੇ ਕੰਜਕਾਂ ਭਲਾ ਕਿਵੇਂ ਮੰਗਦੇ, ਸਿਰਫ਼ ਪੁੱਤਰਾਂ ਨੂੰ ਹੀ ਚਾਹਵਣ ਲੋਕੀਂ।

ਇਹ ਸਾਰੇ ਤੱਥ ਕੋਈ ਮਨਘੜਤ ਕਹਾਣੀਆਂ ਜਾਂ ਕਹੀਆਂ-ਸੁਣੀਆਂ ਗੱਲਾਂ ਨਹੀਂ ਹਨ, ਸਗੋਂ ਹਾਲ ਹੀ ਵਿੱਚ ਐਲਾਨੇ ਗਏ ਵੱਖ-ਵੱਖ ਇਮਤਿਹਾਨਾਂ ਦੇ ਨਤੀਜੇ ਇਸ ਸੱਚ ਦੀ ਗਵਾਹੀ ਭਰਦੇ ਹਨ। ਮਿਸਾਲ ਵਜੋਂ, ਰਿਆਸਤੀ ਸ਼ਹਿਰ ਨਾਭਾ ਦੇ ਨੇੜਲੇ ਪਿੰਡ ਬਿਰੜਵਾਲ ਦੇ ਇੱਕ ਸਾਧਾਰਨ ਕਿਸਾਨ ਪਰਿਵਾਰ ਦੀ ਹੋਣਹਾਰ ਧੀ ਸਿਮਰਨਦੀਪ ਕੌਰ

**ਦਲਬੀਰ ਸਿੰਘ ਧਾਲੀਵਾਲ**

(ਪੁੱਤਰੀ ਸ. ਕੁਲਦੀਪ ਸਿੰਘ ਅਤੇ ਮਾਤਾ ਅਮਨਦੀਪ ਕੌਰ) ਨੇ ਦੇਸ਼ ਦੀ ਸਭ ਤੋਂ ਵੱਕਾਰੀ ਸਿਵਲ ਸੇਵਾਵਾਂ ਪ੍ਰੀਖਿਆ (ਯੂ ਪੀ ਐੱਸ ਸੀ) ਵਿੱਚੋਂ ਬਿਨਾਂ ਕਿਸੇ ਕੋਚਿੰਗ ਦੇ ਦੇਸ਼ ਭਰ ਵਿੱਚੋਂ 15ਵਾਂ ਅਤੇ ਪੰਜਾਬ ਵਿੱਚੋਂ ਪਹਿਲਾ ਸਥਾਨ ਹਾਸਲ ਕਰਕੇ ਨਵਾਂ ਇਤਿਹਾਸ ਸਿਰਜਿਆ ਹੈ। ਇਸ ਤੋਂ ਪਹਿਲਾਂ ਵੀ ਸਿਵਲ ਸੇਵਾਵਾਂ ਦੇ ਇਮਤਿਹਾਨਾਂ ਵਿੱਚ ਉੱਚੀਆਂ ਪੁਜ਼ੀਸ਼ਨਾਂ ਹਾਸਲ ਕਰਨ ਵਾਲੀਆਂ ਧੀਆਂ ਸੁਰਖ਼ੀਆਂ ਦਾ ਸ਼ਿੰਗਾਰ ਬਣਦੀਆਂ ਰਹੀਆਂ ਹਨ, ਜਿਨ੍ਹਾਂ ਵਿੱਚੋਂ ਕਈ ਬੇਹੱਦ ਗ਼ਰੀਬ ਅਤੇ ਦਲਿਤ ਪਰਿਵਾਰਾਂ ਨਾਲ ਸਬੰਧਿਤ ਸਨ।

ਸਿਰਫ਼ ਉੱਚੇ ਅਹੁਦੇ ਲਈ ਹੋਣ ਵਾਲੀਆਂ ਮੁਕਾਬਲਾ ਪ੍ਰੀਖਿਆਵਾਂ ਹੀ ਨਹੀਂ, ਸਗੋਂ ਆਪਣੇ ਸੁਨਹਿਰੀ ਭਵਿੱਖ ਦੀ ਨੀਂਹ ਰੱਖਣ ਵਾਲੀਆਂ ਸਕੂਲੀ ਪ੍ਰੀਖਿਆਵਾਂ ਵਿੱਚ ਵੀ ਧੀਆਂ ਨੇ ਮੁੰਡਿਆਂ ਨੂੰ ਕਾਫ਼ੀ ਪਿੱਛੇ ਛੱਡਿਆ ਹੈ। ਪੰਜਾਬ ਸਕੂਲ ਸਿੱਖਿਆ ਬੋਰਡ ਦੀ ਅੱਠਵੀਂ ਜਮਾਤ ਦੇ ਨਤੀਜਿਆਂ ਵਿੱਚੋਂ ਜੈਤੋ ਦੀ ਤਮੰਨਾ ਨੇ 100 ਫ਼ੀਸਦੀ ਅੰਕ ਲੈ ਕੇ ਸੂਬੇ ਵਿੱਚੋਂ ਪਹਿਲਾ, ਸੰਗਰੂਰ ਦੀ ਜਪਨੀਤ ਕੌਰ ਨੇ 99.67 ਫ਼ੀਸਦੀ ਅੰਕਾਂ ਨਾਲ ਦੂਜਾ ਅਤੇ ਕੋਟ ਸੁਖੀਆ (ਫ਼ਰੀਦਕੋਟ) ਦੀ ਜਸ਼ਨਦੀਪ ਕੌਰ ਨੇ ਤੀਜਾ ਸਥਾਨ ਹਾਸਲ ਕੀਤਾ ਹੈ। ਇਹ ਸਾਰੀਆਂ ਬੱਚੀਆਂ ਸਾਧਾਰਨ ਮਿਹਨਤਕਸ਼ ਪਰਿਵਾਰਾਂ ਦੀਆਂ ਧੀਆਂ ਹਨ।

ਸੀ ਬੀ ਐੱਸ ਈ ਦੀ ਦਸਵੀਂ ਜਮਾਤ ਦੇ ਨਤੀਜਿਆਂ ਵਿੱਚ ਵੀ ਕੁੜੀਆਂ ਨੇ ਮੋਹਰੀ ਰਹਿ ਕੇ ਆਪਣੀ ਸਰਦਾਰੀ ਕਾਇਮ ਰੱਖੀ ਹੈ। ਇਸ ਦੌਰਾਨ ਫ਼ਾਜ਼ਿਲਕਾ ਦੇ ਇੱਕ ਹੋਣਹਾਰ ਵਿਦਿਆਰਥੀ ਵੈਭਵ ਅਰੋੜਾ ਨੇ 500 ਵਿੱਚੋਂ 500 ਅੰਕ ਹਾਸਲ ਕਰਕੇ ਦੇਸ਼ ਭਰ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ। ਜ਼ਿਕਰਯੋਗ ਹੈ ਕਿ ਜਿਨ੍ਹਾਂ ਇਲਾਕਿਆਂ (ਬਠਿੰਡਾ, ਸ੍ਰੀ ਮੁਕਤਸਰ ਸਾਹਿਬ, ਫ਼ਰੀਦਕੋਟ ਅਤੇ ਫ਼ਾਜ਼ਿਲਕਾ) ਦੇ ਬੱਚੇ ਮੈਰਿਟ ਸੂਚੀ ਵਿੱਚ ਆਏ ਹਨ, ਉਹ ਪਟਿਆਲਾ, ਲੁਧਿਆਣਾ ਅਤੇ ਚੰਡੀਗੜ੍ਹ ਵਰਗੇ ਵਿਕਸਤ ਸ਼ਹਿਰਾਂ ਦੇ ਮੁਕਾਬਲੇ ਪੱਛੜੇ ਹੋਏ ਹੀ ਮੰਨੇ ਜਾਂਦੇ ਹਨ। ਇਸ ਦੇ ਬਾਵਜੂਦ ਇਨ੍ਹਾਂ ਸਾਧਾਰਨ ਖੇਤਰਾਂ ਦੇ ਬੱਚਿਆਂ ਦਾ ਮੋਹਰੀ ਰਹਿਣਾ ਵੱਡੀ ਪ੍ਰਾਪਤੀ ਹੈ। ਪੱਛੜੇ ਖੇਤਰਾਂ ਦੇ ਬੱਚੇ ਅਤੇ ਉਨ੍ਹਾਂ ਦੇ ਮਾਪੇ ਆਪਣੀਆਂ ਜੜ੍ਹਾਂ ਨਾਲ ਜੁੜੇ ਰਹਿ ਕੇ ਸਖ਼ਤ ਮਿਹਨਤ ਕਰਦੇ ਹਨ, ਜਿਸ ਦਾ ਮਿੱਠਾ ਫਲ ਉਨ੍ਹਾਂ ਨੂੰ ਸਫਲਤਾ ਦੇ ਰੂਪ ਵਿੱਚ ਮਿਲਦਾ ਹੈ। ਜੇਕਰ ਧੀਆਂ ਦੀ ਯੋਗਤਾ ਦੀ ਪੜਚੋਲ ਕਰੀਏ ਤਾਂ ਪੁਲਾੜ ਦੇ ਖੇਤਰ ਵਿੱਚ ਕਲਪਨਾ ਚਾਵਲਾ ਅਤੇ ਖੇਡਾਂ ਦੇ ਮੈਦਾਨ ਵਿੱਚ ਪੀ.ਟੀ. ਊਸ਼ਾ ਤੇ ਪੀ.ਵੀ. ਸਿੰਧੂ ਵਰਗੀਆਂ ਖਿਡਾਰਨਾਂ ਨੇ ਨਾਮਣਾ ਖੱਟਿਆ ਹੈ। ਸ਼ਾਇਦ ਇਸੇ ਵਿਰਾਸਤ ਤੋਂ ਪ੍ਰੇਰਿਤ ਹੋ ਕੇ ਸਾਡੀਆਂ ਧੀਆਂ ਅੱਜ ਪੂਰੀ ਲਗਨ ਨਾਲ ਸੰਘਰਸ਼ ਕਰ ਰਹੀਆਂ ਹਨ।

ਇਹ ਸਫਲ ਧੀਆਂ ਆਪਣੀਆਂ ਦੂਜੀਆਂ ਵਿਦਿਆਰਥਣ ਸਾਥਣਾਂ ਨੂੰ ਵੀ ਅੱਗੇ ਵਧਦੇ ਰਹਿਣ ਲਈ ਹੱਲਾਸ਼ੇਰੀ ਦਿੰਦੀਆਂ ਹਨ। ਸਾਡੀਆਂ ਸਭਨਾਂ ਧੀਆਂ ਨੂੰ ਇਨ੍ਹਾਂ ਸ਼ਾਨਦਾਰ ਪ੍ਰਾਪਤੀਆਂ ਤੋਂ ਪ੍ਰੇਰਨਾ ਲੈ ਕੇ ਨਵੇਂ ਦਿਸਹੱਦੇ ਸਿਰਜਣ ਲਈ ਅੱਗੇ ਵਧਣਾ ਚਾਹੀਦਾ ਹੈ।

# ਨਜ਼ਰ ਤੇ ਨਜ਼ਰੀਆ ਬਾਰਾਂ ਚਿੰਤਕ-ਇਕ ਸਵਾਲ


ਵਿਦਵਾਨਾਂ ਦੀ ਸਭਾ ਵਿਚ ਇਕ ਕਲਾ ਕ੍ਰਿਤ, ਜੋ ਪੁਸਤਕ ਦਾ ਟਾਇਟਲ ਸੀ 'ਪੁਸਤਕ-ਅੱਖ ਤੇ ਅੱਥਰੂ' ਦੇਖ ਕੇ ਸਭ ਨੇ ਸਲਾਹੁਤਾ ਕੀਤੀ। ਫਿਰ ਇਕ ਸਵਾਲ ਉੱਠਿਆ ਕਿ ਤੁਸੀਂ ਇਸ ਸੰਬੰਧੀ ਕੀ ਸੋਚਦੇ ਹੋ? ਪਹਿਲਾ ਚਿੰਤਕ ਬੋਲਿਆ, 'ਇਸ ਵਿਚ ਕਿਸੇ ਸ਼ਾਇਰ ਨੇ ਆਪਣਾ ਦੁੱਖ ਵੀ ਰੋਇਆ ਹੋ ਸਕਦਾ ਤੇ ਕਈ ਵਾਰ ਟਾਈਟਲ ਹੀ ਪੁਸਤਕ ਬਾਰੇ ਬਹੁਤ ਕੁਝ ਬਿਆਨ ਕਰ ਜਾਂਦਾ ਹੈ....।'

ਦੂਜਾ ਚਿੰਤਕ ਕਹਿੰਦਾ, 'ਇਹ ਕਲਾਕ੍ਰਿਤ ਸਮਕਾਲ ਦਾ ਗੁੱਝਾ ਸੁਨੇਹਾ ਵੀ ਹੈ ਕਿ ਜੋ ਲੋਕ ਪੁਸਤਕਾਂ ਤੋਂ ਦੂਰ ਹੋ ਜਾਂਦੇ ਹਨ, ਉਨ੍ਹਾਂ ਪਾਸ ਅੰਤ ਰੋਣਾ ਹੀ ਬਚਦਾ ਐ....।' ਤੀਜਾ ਚਿੰਤਕ ਬੋਲਿਆ, 'ਓ ਭਾਈ! ਇਹ ਹੰਝੂ ਕਿਸੇ ਸੁਹਿਰਦ ਪਾਠਕ ਦੇ ਵੀ ਹੋ ਸਕਦੇ ਨੇ ਕਿ ਪੁਸਤਕ ਪੜ੍ਹਨ ਲਈ ਪੈਸੇ ਵੀ ਖਰਚ ਕੀਤੇ ਪਰ ਇਸ ਵਿਚ ਪੜ੍ਹਨਯੋਗ ਤਾਂ ਕੁਝ ਵੀ ਨਹੀਂ ਹੈ।'

ਚੌਥਾ ਚਿੰਤਕ ਕਹਿੰਦਾ, 'ਇਹ ਅੱਥਰੂ ਕਿਸੇ ਪ੍ਰਕਾਸ਼ਕ ਦੇ ਵੀ ਹੋ ਸਕਦੇ ਹਨ ਕਿ ਇਸ ਸੂਬੇ ਦੇ ਲੋਕ ਕਈ ਹਜ਼ਾਰ ਕਰੋੜਾਂ ਦੀ ਦਾਰੂ ਤਾਂ ਹਰ ਸਾਲ ਪੀ ਜਾਂਦੇ ਹਨ ਪਰ ਪੜ੍ਹਨ ਲਈ ਪੁਸਤਕਾਂ ਬਿਲਕੁਲ ਨਹੀਂ ਖਰੀਦਦੇ।'

ਪੰਜਵਾਂ ਚਿੰਤਕ ਬੋਲਿਆ, 'ਇਸ ਕਲਾਕ੍ਰਿਤ ਵਿਚ ਕਿਸੇ ਪੁਰਾਤਨ ਸਰੋਤ ਪੁਸਤਕ ਦੀ ਵੇਦਨਾ ਦਾ ਵਰਣਨ ਵੀ ਹੋ ਸਕਦਾ ਕਿ ਜਿਸ ਨੂੰ ਬਿਨਾਂ ਸਮਝੇ ਤੋਂ ਹੀ ਕੁਝ ਸੱਜਣ ਹਲਕੇ ਪੱਧਰ ਦੀ ਆਲੋਚਨਾ ਕਰਕੇ ਰੱਦ ਕਰ ਰਹੇ ਹੋਣ....।'

ਛੇਵਾਂ ਚਿੰਤਕ ਕਹਿੰਦਾ, 'ਇਹ ਅੱਖ ਤੇ ਅੱਥਰੂ ਸੂਬਾ ਸਰਕਾਰਾਂ ਦੀ ਮਾਤ ਭਾਸ਼ਾ ਪ੍ਰਤੀ ਲਾਪ੍ਰਵਾਹੀ ਦਾ ਪ੍ਰਤੀਬਿੰਬ ਵੀ ਹੋ ਸਕਦਾ ਕਿ ਆਮ ਲੋਕਾਈ ਤੱਕ ਸਾਹਿਤ ਪ੍ਰਚਾਰਨ ਲਈ ਸੰਬੰਧਿਤ ਵਿਭਾਗਾਂ ਨੂੰ ਕੋਈ ਮਾਲੀ ਸਹਾਇਤਾ ਕਿਉਂ ਨਹੀਂ ਦਿੱਤੀ ਜਾਂਦੀ।' ਸੱਤਵਾਂ ਚਿੰਤਕ ਬੋਲਿਆ, 'ਇਹ ਕ੍ਰਿਤ 'ਪੁਸਤਕ ਲੋਕ ਅਰਪਣ' ਸਮਾਰੋਹ ਦੀ ਗਵਾਹੀ ਹੋ ਸਕਦੀ ਹੈ ਕਿ ਮੁਫ਼ਤ ਵਿਚ ਵੰਡੀਆਂ ਕਿਤਾਬਾਂ ਦੀ ਹਾਲਤ ਕਿੰਨੀ ਤਰਸਯੋਗ ਹੁੰਦੀ ਹੈ।'



ਅੱਠਵਾਂ ਚਿੰਤਕ ਕਹਿੰਦਾ, 'ਇਹ ਕਿਸੇ ਕਾਲਜ ਜਾਂ ਯੂਨੀਵਰਸਿਟੀ ਦੀ ਲਾਇਬ੍ਰੇਰੀ ਵਿਚ ਸਾਂਭੀ ਪੁਸਤਕ ਦਾ ਦੁੱਖੜਾ ਵੀ ਹੋ ਸਕਦੈ ਕਿ ਜਿਸ ਨੂੰ ਕਿਸੇ ਵਿਦਿਆਰਥੀ ਨੇ ਅੱਜ ਤੱਕ ਖੋਲ੍ਹ ਕੇ ਕਦੇ ਪੜ੍ਹਿਆ ਈ ਨਹੀਂ।'

ਨੌਵਾਂ ਚਿੰਤਕ ਬੋਲਿਆ, 'ਇਹ ਕਲਮਾਂ ਵਾਲਿਆਂ ਲਈ ਇਕ ਸੂਖ਼ਮ ਸੁਨੇਹਾ ਵੀ ਹੋ ਸਕਦਾ ਕਿ ਮਾਤ ਭਾਸ਼ਾ ਦੇ ਮਿਆਰ ਤੇ ਜਲੌਅ ਨੂੰ ਬਰਕਰਾਰ ਰੱਖਣਾ ਤੁਹਾਡੀ ਵੱਡੀ ਜ਼ਿੰਮੇਵਾਰੀ ਵੀ ਐ।'

ਦਸਵਾਂ ਚਿੰਤਕ ਕਹਿੰਦਾ, 'ਅੱਥਰੂ ਦੀ ਇਕ ਮੂਕ ਭਾਸ਼ਾ ਵੀ ਹੁੰਦੀ ਐ ਤੇ ਹੋ ਸਕਦਾ ਕਿ ਇਕ ਚੰਗੀ ਪੁਸਤਕ ਕਈ ਸੰਸਕਰਣਾਂ ਵਿਚ ਛਪ ਕੇ ਵਿਕ ਜਾਏ ਤਾਂ ਖ਼ੁਸ਼ੀ ਦਾ ਪ੍ਰਗਟਾਵਾ ਵੀ ਤਾਂ ਹੋ ਸਕਦਾ ਹੈ।' ਗਿਆਰਵਾਂ ਚਿੰਤਕ ਬੋਲਿਆ, 'ਇਹ ਸਾਡੀ ਮਾਂ ਭਾਸ਼ਾ ਦੇ ਹੰਝੂ ਵੀ ਹੋ ਸਕਦੇ ਹਨ ਕਿ ਅਸੀਂ ਸਾਰਾ ਦਿਨ ਮੋਬਾਈਲਾਂ 'ਤੇ ਤਾਂ ਸਮਾਂ ਰੱਜ ਕੇ ਬਰਬਾਦ ਕਰਦੇ ਹਾਂ ਪਰ ਪੁਸਤਕਾਂ ਪੜ੍ਹਨ ਦਾ ਸੁਭਾਅ ਤਿਆਗੀ ਜਾਨੇ ਆਂ।'

ਬਾਰ੍ਹਵਾਂ ਚਿੰਤਕ ਕਹਿੰਦਾ, 'ਦਰਅਸਲ ਇਹ ਕਲਾ ਕ੍ਰਿਤ ਵਰਤਮਾਨ ਵਿਚ ਸਮੂਹ ਪੰਜਾਬੀਆਂ ਲਈ ਸਿੱਖਿਆਦਾਇਕ ਬੁਝਾਰਤ ਵੀ ਹੈ ਕਿ ਕਿਸੇ ਸ਼ਖ਼ਸੀਅਤ ਜਾਂ ਪੁਸਤਕ ਬਾਰੇ ਡੂੰਘਾ ਅਧਿਐਨ ਕੀਤੇ ਬਗ਼ੈਰ ਉਸ ਉੱਪਰ ਕੀਤੇ ਜਾਂਦੇ ਭੱਦੇ ਸ਼ਾਬਦਿਕ ਵਾਰ ਬੇਈਮਾਨੀ ਤੇ ਬੇਇਨਸਾਫ਼ੀ ਹੁੰਦੀ ਹੈ ਤੇ ਅਸੀਂ ਸੋਸ਼ਲ ਮੀਡੀਆ 'ਤੇ ਰੱਜ ਕੇ ਮਿੱਟੀ ਪਲੀਤ ਕਰ ਰਹੇ ਹਾਂ।

-ਡਾ. ਇੰਦਰਜੀਤ ਸਿੰਘ ਗੋਗੋਆਣੀ


SINGHS TRAVELS
MONEY GRAM OFFICE
NRI PRESS
The Indian---News Paper of USA
Sade Lok---- News Paper of USA
Amritsar Times---News Paper of USA
News Paper
TOUR PACKAGE
Passport,Pan Card
Birth Certificate
ਨੋਟ:- ਚੰਡੀਗੜ੍ਹ ਅਤੇ ਪਟਿਆਲਾ ਹਾਊਸ ਦਿੱਲੀ ਦੇ ਪੇਪਰ ਤਸਦੀਕ ਕਰਵਾਉਣ ਦੀ ਸਲਾਹ ਲਈ ਮਿਲੋ
ਇੱਥੇ ਦੇਸ ਵਿਦੇਸ਼ ਤੋਂ ਪੈਸੇ ਮੰਗਵਾਏ ਜਾਂਦੇ ਹਨ
MoneyGram
WESTERN UNION MONEY TRANSFER
Trans-Fast WORLDWIDE MONEY TRANSFER
Ph:- 01886-502532
Mob:- 94634-04595



KW LAKE WASHINGTON SO
KELLERWILLIAMS. REALTY
CJ Singh
Realtor
License # 24012019
Real Estate Broker

CJ Singh
ਜੇਕਰ ਤੁਸੀਂ ਬਿਜਨਸ ਅਤੇ ਆਪਣੇ ਸੁਪਨਿਆਂ ਦਾ ਘਰ ਖਰੀਦਣਾ ਚਹੁੰਦੇ ਹੋ ਤਾਂ ਸਾਨੂੰ ਇੱਕ ਕਾਲ ਕਰੋ ਅਤੇ ਤੁਸੀਂ ਸਾਡੇ ਉਪਰ 100% ਭਰੋਸਾ ਕਰ ਸਕਦੇ ਹੋ।
(206) 295-5993 | c.singh@kw.com | realtorcjsingh.com
bellevueareahomefinder.com
707 S Grady Way Suit 730, Renton, WA 98057

# ਬੱਚੇ ਲਈ 'ਅੰਮ੍ਰਿਤ' ਅਤੇ ਮਾਂ ਲਈ 'ਵਰਦਾਨ' ਹੈ ਮਾਂ ਦਾ ਦੁੱਧ



ਸਾਡੇ ਪੰਜਾਬੀ ਸਭਿਆਚਾਰ, ਵਿਰਸੇ ਅਤੇ ਸਾਹਿਤ ਵਿਚ ਵੀ 'ਮਾਂ ਦਾ ਦੁੱਧ' ਪੀਤਾ ਹੋਣ ਵਾਲੇ ਸ਼ਖ਼ਸ ਨੂੰ ਬਹੁਤ ਹੀ 'ਬਹਾਦਰ ਤੇ ਸੂਰਮਾ' ਆਖ ਕੇ ਵਡਿਆਇਆ ਗਿਆ ਹੈ। ਮਹਿਲਾ ਮਾਮਲਿਆਂ ਦੀ ਮਾਹਿਰ ਸ੍ਰੀਮਤੀ ਪਾਮੇਲਾ ਵਿਗਨਿਸ ਦਾ ਕਥਨ ਹੈ -"ਇਕ ਮਾਂ ਵਲੋਂ ਅਪਣੇ ਨਵਜੰਮੇ ਬੱਚੇ ਨੂੰ ਅਪਣਾ ਦੁੱਧ ਪਿਆਉਣਾ ਉਸ ਦੇ ਬੱਚੇ ਲਈ, ਉਸ ਦੇ ਅਪਣੇ ਆਪ ਲਈ ਅਤੇ ਇਸ ਸਮੁੱਚੀ ਧਰਤੀ ਲਈ ਇਕ ਕੀਮਤੀ ਤੋਹਫ਼ਾ ਹੈ।" ਇਹ ਕਥਨ ਇਸ ਮਹੱਤਵਪੂਰਨ ਤੱਥ ਦੀ ਪ੍ਰੋੜਤਾ ਕਰਦਾ ਹੈ ਕਿ ਮਾਂ ਦਾ ਦੁੱਧ ਸਬੰਧਤ ਬੱਚੇ ਅਤੇ ਉਸ ਦੀ ਮਾਂ ਦੀ ਸਿਹਤ ਲਈ ਬੇਹੱਦ ਲਾਹੇਵੰਦ ਹੁੰਦਾ ਹੈ ਜਿਸ ਕਰ ਕੇ ਬੱਚੇ ਨੂੰ ਦੁੱਧ ਪਿਆਉਣ ਵਾਲੀਆਂ ਮਾਂਵਾਂ ਦੀ 'ਫ਼ਿਗਰ' ਭਾਵ ਸਰੀਰਕ ਬਣਤਰ ਖ਼ਰਾਬ ਹੋਣ ਸਬੰਧੀ ਸਮਾਜ ਵਿਚ ਉੱਡਦੀਆਂ ਅਫ਼ਵਾਹਾਂ 'ਤੇ ਬਿਲਕੁਲ ਵੀ ਯਕੀਨ ਨਹੀਂ ਕਰਨਾ ਚਾਹੀਦਾ। ਸਾਡੇ ਪੰਜਾਬੀ ਸਭਿਆਚਾਰ, ਵਿਰਸੇ ਅਤੇ ਸਾਹਿਤ ਵਿਚ ਵੀ 'ਮਾਂ ਦਾ ਦੁੱਧ' ਪੀਤਾ ਹੋਣ ਵਾਲੇ ਸ਼ਖ਼ਸ ਨੂੰ ਬਹੁਤ ਹੀ 'ਬਹਾਦਰ ਤੇ ਸੂਰਮਾ' ਆਖ ਕੇ ਵਡਿਆਇਆ ਗਿਆ ਹੈ।

ਇਹ ਵੀ ਵੇਖਣ ਵਿਚ ਆਉਂਦਾ ਹੈ ਕਿ ਜਦੋਂ ਇਕ ਗਰਭਵਤੀ ਔਰਤ ਅਪਣੇ ਬੱਚੇ ਨੂੰ ਜਨਮ ਦਿੰਦੀ ਹੈ ਤਾਂ ਉਸ ਨਵਜੰਮੇ ਬੱਚੇ ਦੀ ਉਦਰਪੂਰਤੀ ਭਾਵ ਭੁੱਖ ਮਿਟਾਉਣ ਲਈ ਲੋੜੀਂਦਾ ਦੁੱਧ ਉਸ ਮਾਂ ਦੀ ਛਾਤੀ ਵਿਚ ਸੁਤੇ ਸਿਧ ਹੀ ਉਤਰ ਆਉਂਦਾ ਹੈ। ਧਾਰਮਕ ਪੱਖ ਤੋਂ ਮਾਂ ਦਾ ਦੁੱਧ ਇਕ ਮਾਂ ਅਤੇ ਉਸ ਦੇ ਨਵਜੰਮੇ ਬੱਚੇ ਲਈ ਪ੍ਰਮਾਤਮਾ ਜਾਂ ਕੁਦਰਤ ਵਲੋਂ ਬਖ਼ਸ਼ਿਸ਼ ਕੀਤਾ ਗਿਆ ਇਕ ਅਨਮੋਲ ਵਰਦਾਨ ਹੈ। ਹਰ ਮਾਂ ਨੂੰ ਪ੍ਰਮਾਤਮਾ ਦੀ ਬਖ਼ਸ਼ੀ ਇਸ ਅਮੁੱਲੀ ਦਾਤ ਨੂੰ ਖਿੜੇ ਮੱਥੇ ਪ੍ਰਵਾਨ ਕਰਦਿਆਂ ਹੋਇਆਂ ਅਪਣੀ ਛਾਤੀ ਦਾ ਉਹ ਗੁਣਕਾਰੀ ਦੁੱਧ ਅਪਣੇ ਬੱਚੇ ਨੂੰ ਜ਼ਰੂਰ ਪਿਆਉਣਾ ਚਾਹੀਦਾ ਹੈ। ਪ੍ਰਮਾਤਮਾ ਨੇ ਇਹ ਵਰਦਾਨ ਮਨੁੱਖੀ ਮਾਦਾਵਾਂ ਤੋਂ ਇਲਾਵਾ ਸਮੂਹ ਥਣਧਾਰੀ ਜੀਵਾਂ ਦੀਆਂ ਮਾਦਾਵਾਂ ਨੂੰ ਵੀ ਪ੍ਰਦਾਨ ਕੀਤਾ ਹੈ। ਮਨੁੱਖ ਨੂੰ ਛੱਡ ਕੇ ਕੋਈ ਵੀ ਹੋਰ ਜੀਵ ਅਪਣੇ ਬੱਚਿਆਂ ਨੂੰ ਅਪਣਾ ਦੁੱਧ ਪਿਆਉਣ ਤੋਂ ਇਨਕਾਰੀ ਨਹੀਂ ਹੁੰਦਾ ਹੈ ਪਰ ਮਨੁੱਖੀ ਮਾਦਾਵਾਂ ਵਿਚੋਂ ਕੁਝ ਮਹਿਲਾਵਾਂ ਅਜਿਹੀਆਂ ਹਨ ਜੋ ਅਪਣੇ ਕਿਸੇ ਸੁਆਰਥ ਜਾਂ ਗ਼ਲਤਫ਼ਹਿਮੀ ਕਰ ਕੇ ਅਪਣੇ ਬੱਚੇ ਨੂੰ ਕੁਦਰਤ ਦਾ ਇਹ ਨਾਯਾਬ ਤੋਹਫ਼ਾ ਸੌਂਪਣ ਤੋਂ ਇਨਕਾਰੀ ਹੋ ਜਾਂਦੀਆਂ ਹਨ।

ਮੈਡੀਕਲ ਮਾਹਰਾਂ ਅਨੁਸਾਰ ਬੱਚੇ ਦੇ ਜਨਮ ਦੇ ਨਾਲ ਹੀ ਮਾਂ ਦੀ ਛਾਤੀ ਵਿਚੋਂ ਪੌਸ਼ਟਿਕ ਦੁੱਧ ਦਾ ਰਿਸਾਅ ਸ਼ੁਰੂ ਹੋ ਜਾਂਦਾ ਹੈ ਤੇ ਬੱਚੇ ਦੀ ਲੋੜ ਅਤੇ ਅਪਣੇ ਹਾਲਾਤਾਂ ਅਨੁਸਾਰ ਇਕ ਮਾਂ ਅਪਣੇ ਬੱਚੇ ਦੇ ਜਨਮ ਤੋਂ ਲੈ ਕੇ ਉਸ ਦੀ ਦੋ ਸਾਲ ਦੀ ਉਮਰ ਤਕ ਵੀ ਅਪਣਾ ਦੁੱਧ ਪਿਆ ਸਕਦੀ ਹੈ। ਮਾਹਰਾਂ ਅਨੁਸਾਰ ਕੁਦਰਤ ਨੇ ਮਾਂ ਦੇ ਦੁੱਧ ਵਿਚ ਚਰਬੀ, ਪ੍ਰੋਟੀਨ, ਮਿੱਠੇ ਅਤੇ ਪਾਣੀ ਦੀ ਮਾਤਰਾ ਬੱਚੇ ਦੀ ਉਮਰ ਮੁਤਾਬਕ ਸਰੀਰਕ ਲੋੜਾਂ ਦੀ ਪੂਰਤੀ ਲਈ ਬੜਾ ਹੀ ਸੰਤੁਲਨ ਬਣਾ ਕੇ ਪਾਈ ਹੈ।

ਬੱਚੇ ਦੇ ਜਨਮ ਦੇ ਤੁਰੰਤ ਬਾਅਦ ਮਾਂ ਤੋਂ ਆਉਣ ਵਾਲਾ ਦੁੱਧ ਥੋੜ੍ਹਾ ਪਤਲਾ ਹੁੰਦਾ ਹੈ ਤੇ ਫਿਰ ਹੌਲੀ-ਹੌਲੀ ਇਹ ਦੁੱਧ ਗਾੜ੍ਹਾ, ਪੀਲਾ ਤੇ ਚਰਬੀ ਭਰਪੂਰ ਹੁੰਦਾ ਹੈ ਤੇ ਉਸ ਵਿਚ 'ਪ੍ਰੋਟੀਨ, ਵਿਟਾਮਿਨ-ਏ,

**ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ**

ਵਿਟਾਮਿਨਬੀ-12 ਅਤੇ ਵਿਟਾਮਿਨ-ਕੇ' ਆਦਿ ਭਰਪੂਰ ਮਾਤਰਾ ਵਿਚ ਪਾਏ ਜਾਂਦੇ ਹਨ ਜੋ ਕਿ ਇਕ ਨਵਜੰਮੇ ਬੱਚੇ ਦੀ ਨਜ਼ਰ ਵਧਾਉਣ ਅਤੇ ਖ਼ੂਨ ਦੇ ਲਾਲ ਸੈੱਲ ਤਿਆਰ ਕਰਨ ਦੇ ਨਾਲ-ਨਾਲ ਉਸ ਦੀ ਰੋਗ ਪ੍ਰਤੀਰੋਧਕ ਪ੍ਰਣਾਲੀ ਅਤੇ ਸਰੀਰਕ ਤੇ ਮਾਨਸਿਕ ਵਿਕਾਸ ਵਿਚ ਵਾਧਾ ਕਰਨ ਵਿਚ ਮਦਦ ਕਰਦੇ ਹਨ।

ਸ਼ੁਰੂ ਵਿਚ ਮਾਂ ਦੇ ਦੁੱਧ ਦੀ ਪ੍ਰਤੀ ਸੌ ਮਿਲੀਲੀਟਰ ਮਾਤਰਾ ਵਿਚ 54 ਦੇ ਕਰੀਬ ਕੈਲੋਰੀਜ਼ ਹੁੰਦੀਆਂ ਹਨ। ਜਿਵੇਂ-ਜਿਵੇਂ ਬੱਚੇ ਦੀ ਉਮਰ ਦੇ ਮਹੀਨੇ ਵਧਦੇ ਜਾਂਦੇ ਹਨ, ਮਾਂ ਦੇ ਦੁੱਧ ਵਿਚ ਕੈਲੋਰੀਜ਼ ਦੀ ਮਾਤਰਾ ਵਧਦੀ ਜਾਂਦੀ ਹੈ ਪਰ ਇਸ ਦੇ ਉਲਟ ਦੁੱਧ ਵਿਚ ਪ੍ਰੋਟੀਨ ਦੀ ਮਾਤਰਾ ਘਟਦੀ ਜਾਂਦੀ ਹੈ। ਬੇਹੱਦ ਦਿਲਚਸਪ ਤੱਥ ਹੈ ਕਿ ਬੱਚੇ ਦੀ ਉਮਰ ਦੇ ਪਹਿਲੇ 12 ਮਹੀਨਿਆਂ ਦੌਰਾਨ ਮਾਂ ਦੇ ਦੁੱਧ ਦੀ ਪ੍ਰਤੀ ਸੌ ਗ੍ਰਾਮ ਮਾਤਰਾ ਵਿਚ ਅੰਦਾਜ਼ਨ 58 ਤੋਂ 72 ਕੈਲੋਰੀਜ਼ ਹੁੰਦੀਆਂ ਹਨ ਜਦੋਂ ਕਿ ਇਸ ਤੋਂ ਅਗਲੇ 12 ਮਹੀਨਿਆਂ ਦੌਰਾਨ ਇਹ ਮਾਤਰਾ 83 ਤੋਂ 129 ਕੈਲੋਰੀਜ਼ ਪ੍ਰਤੀ ਸੌ ਮਿਲੀਲੀਟਰ ਦੁੱਧ ਹੋ ਜਾਂਦੀ ਹੈ।

ਮਾਹਿਰਾਂ ਅਨੁਸਾਰ ਇਕ ਤੰਦਰੁਸਤ ਮਾਂ ਅਪਣੇ ਨਵਜੰਮੇ ਬੱਚੇ ਨੂੰ ਅਪਣਾ ਤੁੰਦਰੁਸਤ ਦੁੱਧ ਪ੍ਰਦਾਨ ਕਰ ਕੇ ਉਸ ਦੇ ਤੁੰਦਰੁਸਤ ਤੇ ਖ਼ੁਸ਼ਹਾਲ ਜੀਵਨ ਦੀ ਨੀਂਹ ਰੱਖ ਦਿੰਦੀ ਹੈ। ਇਥੇ ਇਹ ਜ਼ਿਕਰਯੋਗ ਹੈ ਕਿ ਵਧਦੀ ਉਮਰ ਨਾਲ ਮਾਂ ਦੇ ਦੁੱਧ ਵਿਚੋਂ ਬੱਚੇ ਨੂੰ ਲੋੜੀਂਦੀ ਮਾਤਰਾ ਵਿਚ ਵਿਟਾਮਿਨ-ਡੀ ਹਾਸਲ ਨਹੀਂ ਹੁੰਦਾ ਹੈ ਜਿਸ ਕਰ ਕੇ ਸਿਹਤ ਮਾਹਿਰ ਨਵਜੰਮੇ ਬੱਚਿਆਂ ਨੂੰ ਵੱਖਰੇ ਤੌਰ 'ਤੇ ਵਿਟਾਮਿਨ-ਡੀ ਦੀ ਢੁਕਵੀਂ ਮਾਤਰਾ ਪ੍ਰਦਾਨ ਕਰਨ ਦੀ ਸਲਾਹ ਦਿੰਦੇ ਹਨ। ਮਾਂ ਦਾ ਦੁੱਧ, ਬੱਚੇ ਦੀ ਪਾਚਨ ਕਿਰਿਆ ਸੁਧਾਰਨ ਵਿਚ ਬਹੁਤ ਮਦਦਗਾਰ ਸਾਬਤ ਹੁੰਦਾ ਹੈ। ਮਾਂ ਦਾ ਦੁੱਧ ਪੀਣ ਵਾਲੇ ਬੱਚਿਆਂ ਵਿਚ ਦਮਾ, ਮੋਟਾਪਾ, ਟਾਈਪ-1 ਡਾਇਬਟੀਜ਼, ਕੰਨਾਂ ਦੀ ਇਨਫ਼ੈਕਸ਼ਨ ਅਤੇ ਪੇਟ ਦੇ ਅੰਦਰ ਕੀੜੇ ਹੋਣ ਦੀ ਸੰਭਾਵਨਾ ਬਹੁਤ ਘੱਟ ਹੁੰਦੀ ਹੈ। ਮਾਂ ਦਾ ਦੁੱਧ ਪੀਣ ਨਾਲ ਐਂਟੀਬਾਡੀਜ਼ ਮਾਂ ਤੋਂ ਬੱਚੇ ਤਕ ਪੁੱਜ ਜਾਂਦੇ ਹਨ ਜੋ ਬੱਚੇ ਦੇ ਸਰੀਰ ਦੀ ਰੋਗਾਂ ਨਾਲ ਲੜਨ ਦੀ ਪ੍ਰਣਾਲੀ ਨੂੰ ਮਜ਼ਬੂਤ ਬਣਾਉਂਦੇ ਹਨ।

ਮਾਂ ਦਾ ਦੁੱਧ, ਸਬੰਧਤ ਬੱਚੇ ਨੂੰ ਦਿਤੇ ਜਾਣ ਸਮੇਂ ਕੁਝ ਇਕ ਸਾਵਧਾਨੀਆਂ ਵਲ ਧਿਆਨ ਦਿਤੇ ਜਾਣ ਦੀ ਬਹੁਤ ਲੋੜ ਪੈਂਦੀ ਹੈ। ਇਨਫ਼ੈਕਸ਼ਨ ਵਾਲੇ ਰੋਗਾਂ ਅਤੇ ਸਿਹਤ ਸਬੰਧੀ ਹੋਰ ਗੰਭੀਰ ਬਿਮਾਰੀਆਂ ਦਾ ਸਾਹਮਣਾ ਕਰ ਰਹੀ ਮਾਂ ਦਾ ਦੁੱਧ, ਬੱਚੇ ਨੂੰ ਦਿੱਤੇ ਜਾਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਇਸ ਦੇ ਨਾਲ ਹੀ ਏਡਜ਼ ਜਿਹੇ ਮਾਰੂ ਰੋਗਾਂ ਨਾਲ ਜੂਝ ਰਹੀਆਂ ਮਾਂਵਾਂ ਦਾ ਦੁੱਧ ਵੀ ਉਨ੍ਹਾਂ ਦੇ ਨਵਜੰਮੇ ਬੱਚਿਆਂ ਨੂੰ ਪਿਆਏ ਜਾਣ ਤੋਂ ਬਚਣਾ ਚਾਹੀਦਾ ਹੈ। ਜੇਕਰ ਨਵਜੰਮੇ ਬਾਲ ਦੀ ਮਾਤਾ ਨੂੰ ਲੰਮੇ ਸਮੇਂ ਤੋਂ ਟੀ.ਬੀ. ਰੋਗ ਹੈ ਤੇ ਉਸ ਦਾ ਇਲਾਜ ਨਹੀਂ ਕਰਵਾਇਆ ਗਿਆ ਹੈ ਤਾਂ ਅਜਿਹੀ ਮਾਂ ਨੂੰ ਤੁਰੰਤ ਹੀ ਬੱਚੇ ਤੋਂ ਦੂਰ ਕਰ ਦਿਤਾ ਜਾਣਾ ਚਾਹੀਦਾ ਹੈ ਤੇ ਲੋੜੀਂਦੇ ਸਮੇਂ ਤਕ ਦਵਾਈ ਖਾ ਕੇ ਟੀ.ਬੀ. ਰੋਗ ਦਾ ਖ਼ਾਤਮਾ ਕਰਨ ਉਪਰੰਤ ਹੀ ਬੱਚੇ ਨੂੰ ਮਾਂ ਦਾ ਦੁੱਧ ਉਪਲਬਧ ਕਰਵਾਇਆ ਜਾਣਾ ਚਾਹੀਦਾ ਹੈ। ਇਸੇ ਤਰ੍ਹਾਂ ਚੇਚਕ ਅਤੇ ਦਾਦ ਆਦਿ ਜਿਹੇ ਚਮੜੀ ਦੇ ਰੋਗਾਂ ਦਾ ਸਾਹਮਣਾ ਕਰਨਵਾਲੀਆਂ ਮਾਂਵਾਂ ਨੂੰ ਚਾਹੀਦਾ ਹੈ ਕਿ ਉਹ ਵੀ ਉਕਤ ਦੋਵੇਂ ਰੋਗ ਠੀਕ ਹੋਣ ਉਪਰੰਤ ਹੀ ਅਪਣਾ ਦੁੱਧ ਅਪਣੇ ਲਾਡਲਿਆਂ ਨੂੰ ਪਿਆਉਣ।


ਸਾਡੇ ਸਮਾਜ ਵਿਚ ਫ਼ੈਲੀਆਂ ਅਨੇਕਾਂ ਅਫ਼ਵਾਹਾਂ ਕਾਰਨ ਅਪਣੇ ਲਾਡਲੇ ਬੱਚਿਆਂ ਨੂੰ ਅਪਣਾ ਦੁੱਧ ਪਿਆਉਣ ਤੋਂ ਸੰਕੋਚ ਕਰਨ ਵਾਲੀਆਂ ਮਾਂਵਾਂ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਅਪਣਾ ਦੁੱਧ ਪਿਆਉਣ ਵਾਲੀਆਂ ਮਾਂਵਾਂ ਦੀ 'ਫ਼ਿਗਰ' ਖ਼ਰਾਬ ਨਹੀਂ ਹੁੰਦੀ ਸਗੋਂ ਅਪਣਾ ਦੁੱਧ ਪਿਆਉਣ ਨਾਲ ਮਾਂ ਅਤੇ ਬੱਚੇ ਦਰਮਿਆਨ ਭਾਵਨਾਤਮਕ ਸਾਂਝ ਹੋਰ ਗੂੜ੍ਹੀ ਹੁੰਦੀ ਹੈ। ਇਸ ਦੇ ਨਾਲ ਹੀ ਇਕ ਅਤਿਅੰਤ ਮਹੱਤਵਪੂਰਨ ਤੱਥ ਇਹ ਵੀ ਹੈ ਕਿ ਅਪਣਾ ਦੁੱਧ ਪਿਆਉਣ ਵਾਲੀਆਂ ਮਾਂਵਾਂ ਨੂੰ 'ਬੱਚੇਦਾਨੀ ਦਾ ਕੈਂਸਰ', 'ਹਾਈ ਬਲੱਡ ਪ੍ਰੈਸ਼ਰ' ਅਤੇ 'ਟਾਈਪ-2 ਡਾਇਬਟੀਜ਼' ਹੋਣ ਦੀ ਸੰਭਾਵਨਾ ਦੂਜੀਆਂ ਔਰਤਾਂ ਦੇ ਮੁਕਾਬਲੇ ਕਾਫ਼ੀ ਘੱਟ ਹੁੰਦੀ ਹੈ।

ਇਸ ਦੇ ਨਾਲ ਹੀ ਮਾਂ ਅਤੇ ਬੱਚੇ ਦੋਵਾਂ ਲਈ ਸੁਖ਼ਾਲੀ ਗੱਲ ਇਹ ਵੀ ਹੈ ਕਿ ਡੱਬੇ ਵਾਲੇ ਦੁੱਧ ਜਾਂ ਫਿਰ ਕਿਸੇ ਗਾਂ ਤੇ ਮੱਝ ਦੇ ਦੁੱਧ ਵਾਂਗ ਇਸ ਦੁੱਧ ਵਿਚ ਜ਼ਹਿਰੀਲੇ ਪਦਾਰਥਾਂ ਦੀ ਮਿਲਾਵਟ ਹੋਣ, ਮੌਸਮੀ ਪ੍ਰਭਾਵ ਕਰ ਕੇ ਖ਼ਰਾਬ ਹੋਣ, ਤਾਪਮਾਨ ਦਾ ਵਾਧਾ-ਘਾਟਾ ਹੋਣ ਅਤੇ ਲੰਮੇ ਸਫ਼ਰ ਦੌਰਾਨ ਭਾਂਡਿਆਂ ਅਤੇ ਹੋਰ ਸਾਜ਼ੋ-ਸਮਾਨ ਦੀ ਲੋੜ ਨਹੀਂ ਰਹਿੰਦੀ ਹੈ। ਮਾਂ ਦਾ ਦੁੱਧ ਬੱਚੇ ਲਈ ਅੰਮ੍ਰਿਤ ਅਤੇ ਸਬੰਧਤ ਮਾਂ ਲਈ ਪ੍ਰਮਾਤਮਾ ਵਲੋਂ ਬਖ਼ਸ਼ਿਆ ਗਿਆ ਇਕ ਵਡਮੁੱਲਾ ਵਰਦਾਨ ਹੈ।







## ਨਕਲ ਯੁੱਗ

ਪਦਾਰਥਵਾਦ ਵਿੱਚ ਨਕਲਾਂ ਦਾ ਯੁੱਗ ਗਰਮਾਇਆ
ਹੁਣ ਮੁੱਲ ਵਿਕਦੇ ਪਰਚੇ ਦੇਖੋ ਕੇਹਾ ਯੁੱਗ ਆਇਆ।

ਮਿਹਨਤ ਵਾਲਿਆਂ ਦੀ ਮਿਹਨਤ ਨੂੰ ਫ਼ਲ ਨਾ ਲੱਗਦੇ
ਪੈਸਿਆਂ ਵੱਟੇ ਕਾਮਯਾਬੀ ਉਲਟੇ ਦਰਿਆ ਵੱਗਦੇ।

ਅਮੀਰ ਗਰੀਬ ਦਾ ਫ਼ਰਕ ਮਿਟਾਉਣ ਵਾਲੇ ਨਾਅਰੇ
ਨਕਲ ਮਾਫ਼ੀਆ ਦਾ ਮਾਇਆ ਜਾਲ ਬਣੇ ਲਾਰੇ।

ਸਮੇਂ ਤੇ ਅਜਬ ਗੇੜ ਦੁਨੀਆਂ ਕਸੂਤੇ ਰਾਹ ਪਾਈ
ਨਕਲਾਂ ਦੇ ਕਾਲੇ ਕਾਰੋਬਾਰ ਲੋਕ ਪਾਉਂਦੇ ਦੁਹਾਈ।

ਜ਼ੋਰ ਮਾਇਆ ਸੰਗ ਕਿਰਤ ਖ਼ਰੀਦ ਬਣੇ ਕਿਰਤੀ
ਰਿਸ਼ਵਤ ਤਾਂ ਲੈ ਧ੍ਰੋਹ ਕਮਾਉਂਦੇ ਕੰਮ ਚੋਰ ਬਿਰਤੀ।

ਖ਼ਰੀਦ ਕਿਰਤ ਦੁੱਧ ਚਿੱਟੀ, ਕਾਲੀ ਰੋਜ਼ੀ ਕਮਾਉਂਦੇ
ਅਸਲ ਵਿੱਚ ਮਲਕ ਭਾਗੋ ਦੇ ਵਾਰਸ ਕਹਿਲਾਉਂਦੇ।

**ਸੁਰਿੰਦਰਪਾਲ ਸਿੰਘ**
**ਸ੍ਰੀ ਅੰਮ੍ਰਿਤਸਰ ਸਾਹਿਬ।**

## .ਗ਼ਜ਼ਲ

ਉਦਾਸ ਬੈਠਾ ਹਾਂ, ਉਹਦੀ ਯਾਦ ਚ'ਭੁਲਾਉ ਨਾ ਕੋਈ ਮੈਨੂੰ।
ਕੁੱਝ ਸਮੇਂ ਲਈ ਇਕੱਲਾ ਛੱਡ ਦਿਉ ਸਤਾਉ ਨਾ ਕੋਈ ਮੈਨੂੰ।

ਮੇਰੇ ਅੰਦਰ ਤੁਫ਼ਾਨ ਚਲਦੇ ਨੇ' ਅਣਸੁਲਝੇ ਸਵਾਲਾਂ ਦੇ ਕਈ
ਸੋਚਾਂ ਦੇ ਵਰੋਲੇ ਵਿੱਚੋਂ ਬਾਹਰ ਵੀ ਕਢਾਉ ਕੋਈ ਮੈਨੂੰ।

ਗੁਨਾਹ ਕੀਤਾ ਵੀ ਨਹੀਂ ਤੇ ਗੁਨਾਹਗਾਰ ਵੀ ਹਾਂ ਮੈਂ
ਜਵਾਬ ਹੈ ਨਹੀ ਜਿਸਦਾ ਉਹ ਸਵਾਲ ਨਾ ਪਾਉ ਕੋਈ ਮੈਨੂੰ।

ਇਹ ਜੋ ਪੈਂਡਾ ਹਰਗਿਜ਼ ਨਾ ਮੇਰੀ ਮਰਜ਼ੀ ਦਾ ਮੇਰੇ ਦੋਸਤ
ਕੋਈ ਮੰਜ਼ਲ ਦਾ ਰਸਤਾ ਵੀ ਤਾਂ ਦਿਖਾਉ ਮੈਨੂੰ ਕੋਈ।

ਮੈਂ ਖੁਦ ਨੂੰ ਅਪਣਾ ਜਿਹਾ ਨਹੀ ਲਗਦਾ ਦੇਖਦਾ ਹਾਂ ਮੈਂ ਜਦ ਸ਼ੀਸਾ
ਇਸ ਬਿਗਾਨੇ ਸ਼ਖ਼ਸ਼ ਦੀ ਪਹਿਚਾਣ ਤਾਂ ਕਰਾਉ ਕੋਈ ਮੈਨੂੰ।

ਬੈਠਾਂ ਚੰਨ ਦੀ ਛਾਂਵੇ ਸੂਰਜ ਦੀ ਪਹਿਲੀ ਕਿਰਨ ਫ਼ੜਨ ਖਾਤਿਰ
ਭਰਨਾ ਮੈਂ ਕਿਵੇਂ ਚਾਨਣ ਮੁੱਠੀ ਚ ਇਹ ਤਾਂ ਸਿਖਾਉ ਕੋਈ ਮੈਨੂੰ।

ਜਖ਼ਮੀ ਲੱਗਦਾ ਹੈ ਹਰ ਮਾਨਵ ਇਸ ਦਰਦ ਭਰੀ ਭੀੜ ਵਿੱਚ
ਮੰਗਾਂ ਸੁੱਖ ਰੱਬ ਕੋਲੋਂ ਉਹਦੇ ਨਾਲ ਤਾਂ ਮਿਲਾਉ ਕੋਈ ਮੈਨੂੰ।

ਕਰਕੇ ਕੱਠੇ ਰੰਗ ਸਜਾਉਣੇ ਨੇ ਸੁਪਨੇ ਸਤਰੰਗੀ ਪੀਂਘ ਵਰਗੇ
ਜਿਸ ਬਸਤੀ 'ਚ ਵਸੇ ਉਹ ਲਲਾਰੀ ਉੱਥੇ ਤਾਂ ਪਹੁੰਚਾਉ ਕੋਈ ਮੈਨੂੰ।

**ਭੁਪਿੰਦਰ ਪਰਵਾਜ਼ ਕੋਟਕਪੂਰਾ**

## ਲੋਕ ਤੱਥ

ਡੱਬ ਵਾਲਾ ਬੱਚਾ ਕਦੇ ਜੋਸ਼ 'ਚ ਨਹੀਂ ਕੱਢੀ ਦਾ,
ਤਾਹਨਾ ਨਹੀਂਓ ਦੇਈਦਾ ਲੂਣ ਵਾਲੀ ਲੱਸੀ ਦਾ।

ਮਾਣ ਕਦੇ ਤੋੜੀਏ ਨਾ ਬਾਣੀਏ ਦੀ ਹੱਟੀ ਦਾ,
ਹੱਕ ਕਦੇ ਰੱਖੀਏ ਨਾ ਦਾਣਿਆ ਦੀ ਭੱਠੀ ਦਾ।

ਵੈਰੀ ਦੀ ਬਗੀਚੀ ਚੋਂ ਵੀ ਬੂਟਾ ਨਹੀਂਓ ਪੁੱਟੀ ਦਾ,
ਮਾਰ ਕੇ ਜਹਿਰੀਲਾ ਸੱਪ ਝਾੜੀ 'ਚ ਨਹੀਂ ਸੁੱਟੀ ਦਾ।

ਸੱਚੀਆਂ ਮੁਹੱਬਤਾਂ ਦਾ ਮੁੱਲ ਨਹੀਂਓ ਵੱਟੀ ਦਾ,
ਸੱਜਣਾਂ 'ਤੇ ਭੀੜ ਪਵੇ ਛੱਡ ਕੇ ਨਹੀਂ ਨੱਸੀ ਦਾ।

ਨਾਗ ਨਾ ਬਣਾਈਏ ਕਦੇ ਹੱਥ ਆਈ ਰੱਸੀ ਦਾ,
ਰੱਬੋਂ ਮਾਰੇ ਬੰਦੇ ਦੀ ਗਰੀਬੀ 'ਤੇ ਨਹੀਂ ਹੱਸੀ ਦਾ।

ਛੱਡੀਏ ਨਾ ਹੱਥ ਕਦੇ ਲਾਵਾਂ ਲੈ ਕੇ ਨੱਢੀ ਦਾ,
ਬਿਨਾਂ ਪੁੱਛੇ ਸਾਂਝਾ ਕਦੇ ਰੁੱਖ ਨਹੀਂਓ ਵੱਢੀ ਦਾ।

ਗੁੱਸੇ ਵਿੱਚ ਬਾਬਲੇ ਦਾ ਘਰ ਨਹੀਂਓ ਛੱਡੀ ਦਾ,
ਪਿੱਛਾ ਨਹੀਂ ਤਕਾਈਦਾ ਭਾਬੋ ਛੋਟੀ-ਵੱਡੀ ਦਾ।

ਜਰ-ਜੋਰੂ ਵੀ ਵਿਕਾ ਦਿੰਦਾ ਮੱਟ ਘਰ ਕੱਢੀ ਦਾ,
ਲੱਗ ਕੇ ਸ਼ਰੀਕਾਂ ਪਿੱਛੇ ਭਾਈ ਨਹੀਂਓ ਵੱਢੀ ਦਾ।

ਰੱਖ ਲਈਏ ਮਾਣ ਗੱਲ ਕੀਤੀ ਭੈਣ ਵੱਡੀ ਦਾ,
ਵਿਧਵਾ ਜੇ ਭਾਬੋ ਹੋਜੇ ਘਰੋਂ ਨਹੀਂਓ ਕੱਢੀ ਦਾ।

ਪੁੱਛ ਦੁੱਖ ਪ੍ਰਦੇਸੀਆਂ ਨੂੰ ਸਮਿਓਂ ਖੁੰਝੀ ਗੱਡੀ ਦਾ,
'ਗਿੱਲ' ਮਾਪਿਆਂ ਨੂੰ ਸੁੰਨੇ ਨਹੀਂ ਬੁਢੇਪੇ ਵਿੱਚ ਛੱਡੀ ਦਾ।

**ਬੇਅੰਤ ਕੌਰ ਗਿੱਲ**

## ਬੋਲੀ ਸਾਡੀ ਪੰਜਾਬੀ

ਦੁਨੀਆਂ ਦੀਆਂ ਸੱਤ ਹਜ਼ਾਰ ਭਾਸ਼ਾਵਾਂ ਵਿੱਚੋਂ ਦਸਵਾਂ ਸਥਾਨ,
ਭਾਰਤ ਦੀਆਂ ਲਗਭਗ 23 ਭਾਸ਼ਾਵਾਂ ਵਿੱਚ ਇਸ ਦੀ ਸ਼ਾਨ।
ਗੁਰਮੁਖੀ ਤੇ ਸ਼ਾਹਮੁਖੀ ਲਿਪੀਆਂ ਇਸ ਦੀਆਂ,
ਪੁਰਾਤਨਤਾ ਇਸ ਦੀ ਸੰਸਕ੍ਰਿਤ ਜਿੰਨੀ,
ਲਿਖੀ ਵਿੱਚ ਵੇਦ ਪੁਰਾਣ।
ਓ ਬਾਬੇ ਨਾਨਕ ਉਚਾਰੀ ਬੋਲੀ ਪੰਜਾਬੀ,
ਬਾਬਾ ਫਰੀਦ, ਭਗਤ ਰਵਿਦਾਸ ਵਿਚਾਰੀ ਪੰਜਾਬੀ।
ਸੂਫੀ ਕਵੀਆਂ ਬਾਰਵੀਂ ਸਦੀ ਵਿੱਚ, ਅਜ਼ਮਾਈ ਪੰਜਾਬੀ,
ਫਰੀਦ ਗੰਜ ਸ਼ਕਰ, ਬੁਲੇ ਸ਼ਾਹ, ਦਮੋਦਰ ਸ਼ਾਹ ਸ਼ਿੰਗਾਰੀ ਪੰਜਾਬੀ।
ਬਾਬੇ ਨਾਨਕ ਦਾ ਫੁਰਮਾਨ ਚੰਗਿਆਂ ਤੇ ਜਰਿਆਸੂਆਂ ਨੂੰ,
ਚੰਗਿਆਂ ਨੂੰ ਕਿਹਾ ਵਸਦੇ ਰਹੋ,
ਜਰਿਆਸੂਆਂ ਨੂੰ ਦਿੱਤਾ ਪਰਵਾਸ।
ਪਰਵਾਸੀ ਗਏ ਪੱਛਮ ਮੁਲਕਾਂ ਤੇ ਟਾਪੂਆਂ ਨੂੰ,
ਕੋਈ ਖਿੱਤਾ ਨਹੀਂ ਛੱਡਿਆ ਪੰਜਾਬੀਆਂ,
ਜਿੱਥੇ ਕੀਤਾ ਨਾ ਹੋਵੇ ਆਵਾਸ।
ਗਾਇਕ, ਨਾਚ-ਮੰਡਲੀਆਂ, ਫਿਲਮਾਂ ਗੱਜ-ਵੱਜ ਕੇ ਹੋਏ ਮਸ਼ਹੂਰ,
ਸ਼ਬਦ-ਗਾਇਨ ਵਿੱਚ ਵੀ ਕੀਰਤਨੀਏ, ਗੁਰਬਾਣੀ ਰਸ ਨਾਲ ਭਰਪੂਰ।
ਮਾਖਿਓ ਮਿੱਠੀ ਬੋਲੀ ਖਿੱਚ ਪਾਉਂਦੀ, ਹਰ ਕੋਈ ਸੁਣਦਾ ਜ਼ਰੂਰ,
ਲਿਖਣੀ ਭਾਵੇਂ ਕੁਝ ਤਬਕਾ ਨ੍ਹੀਂ ਜਾਣਦਾ,
ਸੁਣ ਕੇ ਆਉਂਦਾ ਵਿੱਚ ਗਰੂਰ।
ਸਮੇਂ ਨਾਲ ਪੰਜਾਬੀ ਬੋਲੀ ਹੋ ਚੁੱਕੀ ਬਹੁਤ ਅਮੀਰ,
ਉਰਦੂ, ਫਾਰਸੀ, ਅਰਬੀ, ਹਿੰਦੀ, ਸੰਸਕ੍ਰਿਤ,
ਅੰਗਰੇਜ਼ੀ ਨਾਲ ਪਾਉਂਦੀ ਸੀਰ।
ਦੁਨੀਆਂ ਦੇ ਹਰ ਖਿੱਤੇ ਵਿੱਚ ਪਹੁੰਚੇ, ਇਸ ਦੇ ਸਫੀਰ,
ਭਾਸ਼ਾ ਦੀ ਮਿਠਾਸ ਨਾਲ ਜੁੜੇ ਨੇ,
ਮੀਰ, ਪੀਰ, ਕਵੀ, ਗਾਇਕ ਤੇ ਫਕੀਰ।
ਮਾਂ-ਬੋਲੀ ਪੰਜਾਬੀ ਗਿਆਨ ਤੇ ਸੱਭਿਆਚਾਰ ਨਾਲ ਜੁੜੀ ਹੈ,
ਕੁਝ ਤੰਗ-ਦਿਲ ਲੋਕ ਧਰਮਾਂ ਦੀ ਕੱਟੜਤਾ ਨਾਲ ਜੋੜਦੇ,
ਇਸ ਕਰਕੇ ਥੁੜੀ ਹੈ।
ਖੁਸ਼ੀ, ਗਮੀ, ਵਣਜ, ਵਪਾਰ, ਕਾਰੋਬਾਰ ਨਾਲ ਜੁੜੀ ਹੈ,
ਸਕੂਨ ਮਿਲਦਾ ਮਨ ਨੂੰ, ਹਰ ਸਮੇਂ ਸਾਡੇ ਨਾਲ ਖੜ੍ਹੀ ਹੈ,
ਮਾਂ-ਬੋਲੀ ਨਾਲ ਜਦੋਂ ਜੁੜਦੇ,
ਲੱਗਦੈ ਸਾਡੀ ਸੁਨਹਿਰੀ ਤਕਦੀਰ ਘੜੀ ਹੈ।

**ਅਮਰਜੀਤ ਸਿੰਘ ਤੂਰ**
**9878469639**

## ਅਣਖ ਪੰਜਾਬੀਆਂ ਦੀ

ਭੁੱਲੀ ਨਹੀਂ ਹੈ ਦੇਸ਼ ਦੇ ਵਾਸੀਆਂ ਨੂੰ,
ਇੱਜ਼ਤ, ਅਣਖ ਤੇ ਸ਼ਾਨ ਪੰਜਾਬੀਆਂ ਦੀ।
ਸਮੇਂ-ਸਮੇਂ ਤੇ ਜਦੋਂ ਵੀ ਮੰਗ ਹੋਈ,
ਕੰਮ ਆਈ ਹੈ ਜਾਨ ਪੰਜਾਬੀਆਂ ਦੀ।

ਵਤਨ ਵਾਸਤੇ ਸਦਾ ਤਿਆਰ ਰਹਿੰਦੇ,
ਦੇਸ਼-ਭਗਤੀ ਦੇ ਨਾਲ ਨੇ ਭਰੇ ਸੂਰੇ।
ਹਿੱਕਾਂ ਡਾਹ ਕੇ ਵੈਰੀ ਦੇ ਮਾਰਨੇ ਨੂੰ,
ਇੱਕ-ਦੂਜੇ ਤੋਂ ਰਹਿੰਦੇ ਨੇ ਸਦਾ ਮੂਹਰੇ।

ਜਦੋਂ-ਜਦੋਂ ਵੀ ਦੇਸ਼ ਤੇ ਭੀੜ ਆਈ,
ਜੋਸ਼ ਸਦਾ ਵਿਖਾਇਆ ਪੰਜਾਬੀਆਂ ਨੇ।
ਗ਼ਫ਼ਲਤ-ਨੀਂਦ ਵਿੱਚ ਲੋਕਾਂ ਸੁੱਤਿਆਂ ਨੂੰ,
ਫੜ ਕੇ ਬਾਹੋਂ ਜਗਾਇਆ ਪੰਜਾਬੀਆਂ ਨੇ।

ਰਾਜ ਮੁਗ਼ਲਾਂ ਦਾ ਜਾਂ ਸੀ ਪੰਜਾਬੀਆਂ ਦਾ,
ਜਾਨ ਆਪਣੀ ਜੰਗ ਵਿੱਚ ਝੋਕ ਦਿੱਤੀ।
ਸਾਕੇ ਸਿਰਾਂ ਉੱਤੋਂ ਕਿੰਨੇ ਲੰਘ ਗਏ ਨੇ,
ਗੱਡੀ ਤੇਜ਼ੀ ਨਾਲ ਲੰਘਦੀ ਰੋਕ ਦਿੱਤੀ।

ਦੇਸ਼-ਵੰਡ ਜਾਂ ਸਾਕਾ ਚੁਰਾਸੀ ਵਾਲਾ,
ਰਸਤਾ ਰੋਕ ਨਾ ਸਕਿਆ ਪੰਜਾਬੀਆਂ ਦਾ।
ਕਿਸੇ ਅਬਲਾ, ਅਨਾਥ ਤੇ ਆਈ ਬਿਪਤਾ,
ਵੇਖ ਖੂਨ ਖੌਲ ਉੱਠਿਆ ਪੰਜਾਬੀਆਂ ਦਾ।

ਭਾਵੇਂ ਦੇਸ਼ ਵਿੱਚ ਇਨ੍ਹਾਂ ਦੀ ਘੱਟ ਗਿਣਤੀ,
ਹਰ ਖੇਤਰ ਵਿੱਚ ਝੰਡੇ ਗੱਡ ਦਿੱਤੇ।
ਜੋ ਵੀ ਅੜਿਆ ਨਾਲ ਦੀ ਨਾਲ ਝੜਿਆ,
ਕੈਰੀ ਅੱਖ ਵਾਲੇ ਦੇ ਵੱਟ ਕੱਢ ਦਿੱਤੇ।



**-ਪ੍ਰੋ. ਨਵ ਸੰਗੀਤ ਸਿੰਘ**
**9417692015**

## ਚੱਲ ਮੇਰੇ ਨਾਲ

ਤੂੰ ਚੱਲ ਮੇਰੇ ਨਾਲ ਤੈਨੂੰ ਪਿੰਡ ਮੈ ਦਿਖਾ ਦਿਆਂ
ਰੱਬ ਵੱਸਦਾ ਜਿੱਥੇ ਤੈਨੂੰ ਜਗਾਂ ਉਹ ਵਿਖਾ ਦਿਆਂ
ਸਵਰਗਾਂ ਤੋਂ ਸੋਹਣਾ ਗੁਰੂ ਘਰ ਬੜਾ ਪਿਆਰਾਂ ਏ
ਆਏ ਸਾਲ ਮੇਲਾ ਇੱਥੇ ਲਗਦਾ ਵੀ ਭਾਰਾ ਏ
ਪਿੰਡ ਵੜਨ ਤੋਂ ਪਹਿਲਾਂ ਉੱਥੇ ਮੱਥਾ ਮੈਂ ਟਿਕਾ ਦਿਆਂ
ਤੂੰ ਚੱਲ ਮੇਰੇ ਨਾਲ ਤੈਨੂੰ ਪਿੰਡ ਮੈ ਦਿਖਾ ਦਿਆਂ

ਚੰਡੀਗੜ੍ਹ ਚੌਕ ਵਿੱਚ ਬਾਬੇ ਕਾਬਲ ਦੀ ਸੱਥ ਏ
ਲੱਗੀ ਰੋਣਕ ਏ ਰਹਿੰਦੀ ਲਾਗੇ ਭੋਲੇ ਦੀ ਹੱਟ ਏ
ਹੁਣ ਲੱਭਦੀ ਨਾ ਭੱਠੀ ਦਾਣੇ ਕਿਵੇਂ ਮੈਂ ਭੁਨਾ ਦਿਆਂ
ਤੂੰ ਚੱਲ ਮੇਰੇ ਨਾਲ ਤੈਨੂੰ ਪਿੰਡ ਮੈਂ ਦਿਖਾ ਦਿਆਂ

ਤੂਤਾਂ ਵਾਲੇ ਖੂਹ ਕੋਲ ਬੈਠ ਗੱਲਾਂ ਕਰਾਂਗੇ
ਚੂਪਾਂਗੇ ਗੰਨੇ ਨਾਲੇ ਉਹ ਸਮਾਂ ਚੇਤੇ ਕਰਾਂਗੇ
ਖਾਂਦੇ ਸੀ ਚੋਲ ਕਦੇ ਪਾ ਕੇ ਅਖ਼ਬਾਰ ਤੇ
ਪਾਇਆ ਤੇਲ ਕਦੇ ਪੀਰਾਂ ਦੇ ਦਰਬਾਰ ਤੇ
ਲਗਦੀਆਂ ਸੀ ਤੀਆਂ ਜਿੱਥੇ ਉਹ ਬੋਹੜ ਵੀ ਦਿਖਾ ਦਿਆਂ
ਤੂੰ ਚੱਲ ਮੇਰੇ ਨਾਲ ਤੈਨੂੰ ਪਿੰਡ ਮੈਂ ਦਿਖਾ ਦਿਆਂ

ਸਾਡੇ ਪਿੰਡਾਂ ਵਾਲਿਆਂ ਦੇ ਵੱਖਰੇ ਸੁਭਾਅ ਨੇ
ਕੋਈ ਹੱਸ ਕੇ ਜੇ ਬੋਲ ਪਵੇ ਲੈਂਦੇ ਗਲ ਨਾਲ ਲਾ ਨੇ
ਰਾਹ ਗਲੀ ਮਿਲੇ ਨੂੰ ਵੀ ਪੁੱਛ ਲੈਂਦੇ ਚਾਹ ਨੇ
ਕਈ ਕਈ ਦਿਨ ਇੱਥੇ ਚੱਲਦੇ ਵਿਆਹ ਨੇ
ਪੜਦਾ ਸੀ ਜਿੱਥੇ ਉਹ ਸਕੂਲ ਵੀ ਵਿਖਾ ਦਿਆਂ
ਤੂੰ ਚੱਲ ਮੇਰੇ ਨਾਲ ਤੈਨੂੰ ਪਿੰਡ ਮੈ ਦਿਖਾ ਦਿਆਂ

ਖੇਤ ਮੈਂ ਵਿਖਾਵਾ ਤੈਨੂੰ ਜਿੱਥੋਂ ਤੋੜਨਾ ਤੂੰ ਸਾਂਗ ਨੀ
ਤੈਨੂੰ ਦੇਖ ਫਸਲਾਂ ਛੇੜਨਗੀਆਂ ਰਾਗ ਨੀ
ਜੇ ਕਰਵਾਉਣੀਆਂ ਨੇ ਫੋਟੋਆਂ ਮੈਂ ਬਿੱਕਰ ਨੂੰ ਬੁਲਾ ਲਵਾ
ਕਦੇ ਚੱਲਦੀਆ ਸੀ ਆ ਟਿੰਡਾਂ ਦੁਵਾਟਾ ਖੂਹ ਮੈਂ ਵਿਖਾ ਦਿਆਂ
ਤੂੰ ਚੱਲ ਮੇਰੇ ਨਾਲ ਤੈਨੂੰ ਪਿੰਡ ਮੈਂ ਦਿਖਾ ਦਿਆਂ

ਪਿੰਡ ਵਿੱਚ ਰਹਿਣ ਦਾ ਵੀ ਵੱਖਰਾ ਨਜ਼ਾਰਾ ਏ
ਗੁਰਸੇਵਕ ਪੜੇ ਗੁਰਬਾਣੀ ਬੜਾ ਲਗਦਾ ਪਿਆਰਾ ਏ
ਸ਼ਾਮ ਤੇ ਸਵੇਰੇ ਲੋਕੀ ਗੁਰਦੁਆਰੇ ਜਾਂਦੇ ਨੇ
ਕਰਦੇ ਨੇ ਮਿਹਨਤਾਂ ਸਦਾ ਹੱਕ ਹੀ ਖਾਂਦੇ ਨੇ
ਅੰਨਦਾਤਾ ਕਹਿਣ ਸਾਰੇ ਹੱਲ ਚਲਦਾ ਵੀ ਵਿਖਾ ਦਿਆਂ
ਤੂੰ ਚੱਲ ਮੇਰੇ ਨਾਲ ਤੈਨੂੰ ਪਿੰਡ ਮੈ ਦਿਖਾ ਦਿਆਂ

ਲੱਗੀਆਂ ਨੇ ਲਾਈਟਾਂ ਦੇ ਪਿੰਡ ਵਾਲੇ ਰੋਡ ਤੇ
ਬਣ ਗਈਆ ਕੋਠੀਆਂ ਗਲੀ ਦੇ ਹਰ ਮੋੜ ਤੇ
ਕਿਵੇਂ ਘੋਟ ਦੀਆਂ ਸਾਂਗ ਸਵਾਣੀਆਂ ਵਿਖਾ ਦਿਆ
ਤੂੰ ਚੱਲ ਮੇਰੇ ਨਾਲ ਤੈਨੂੰ ਪਿੰਡ ਮੈ ਦਿਖਾ ਦਿਆ

ਆਪਣਿਆਂ ਹੀ ਵੱਡਿਆਂ ਖੂਹੀ ਇੱਕ ਲਵਾਈ ਸੀ
ਪੀਂਦੇ ਸੀ ਪਾਣੀ ਜਿੱਥੋਂ ਆਉਂਦੇ ਜਾਂਦੇ ਰਾਹੀ ਸੀ
ਬੈਠ ਬੁਲਟ ਤੇ ਪਿੱਛੇ ਇਕ ਗੇੜੀ ਮੈਂ ਲਵਾਂ ਦਿਆ
ਬਾਬਾ ਕਾਲਾ ਮਹਿਰ, ਸੰਧੂਆਂ ਦੇ ਜਠੇਰੇ ਵੀ ਵਿਖਾ ਦਿਆਂ
ਤੂੰ ਚੱਲ ਮੇਰੇ ਨਾਲ ਤੈਨੂੰ ਪਿੰਡ ਮੱਲ੍ਹਾ ਮੈਂ ਦਿਖਾ ਦਿਆਂ।

**-ਜਤਿੰਦਰ ਸਿੰਘ ਸੰਧੂ**

## ਸਾਹਿਤਕ ਚਿੰਤਕ

ਪਹਿਲੀ ਗੱਲ ਤਾਂ ਇਹ ਕਿ ਚੋਰੀ ਕਰਦੇ ਨੇ
ਦੂਜੀ ਗੱਲ ਕਿ ......ਸੀਨਾਜੋਰੀ ਕਰਦੇ ਨੇ

ਉਂਝ ਕਹਿੰਦੇ ਫਲ਼ ਲੱਗਦੇ ਨੀਵਿਆਂ ਰੁੱਖਾਂ ਨੂੰ
ਖੁਦ ਸਿੰਬਲ ਰੁੱਖ ਬਣਕੇ ਖ਼ੋਰੀ ਕਰਦੇ ਨੇ

ਕਥਨੀ ਕਰਨੀ ਵਿੱਚ ਇਨ੍ਹਾਂ ਦੇ ਫਰਕ ਬੜਾ
ਲਿਖ ਲਿਖ ਵੱਡੀਆਂ ਹਵਾਵਾਂਖੋਰੀ ਕਰਦੇ ਨੇ

ਸਾਹਿਤਕਾਰ ਸਿਆਸਤਕਾਰ 'ਚ ਫਰਕ ਹੁੰਦਾ
ਸਾਹਿਤ ਵਿੱਚ ਸਿਆਸਤਖੋਰੀ ਕਰਦੇ ਨੇ

ਜਿਸ 'ਸਾਹਿਤ' ਦੀ ਥਾਲੀ ਦੇ ਵਿੱਚ ਖਾਂਦੇ ਨੇ
ਓਸੇ ਦੇ ਵਿੱਚ ਵੇਖੋ ਮੋਰੀ ਕਰਦੇ ਨੇ

'ਖੁਸ਼ੀ ਮੁਹੰਮਦਾ' ਸੱਚ ਲਿਖਣਾ ਕੰਮ ਲੇਖਕ ਦਾ
ਲੇਖਕ ਤਾਂ ਗੱਲ ਸੱਚੀ ਕੋਰੀ ਕਰਦੇ ਨੇ



**ਖੁਸ਼ੀ ਮੁਹੰਮਦ ਚੱਠਾ**

## ਪੰਜਾਬ ਦਾ ਇਮਿਤਹਾਨ ?

ਲਾਲਚੀ ਤੇ ਹਾਕਮਾਂ ਤੋਂ ਡਰਦੇ ਸਮਾਜ ਵਿੱਚ
ਧਰਮ-ਓ-ਈਮਾਨ ਇਖ਼ਲਾਕ ਨੇ ਗ਼ਰਕਦੇ।
ਸੱਤੀਂ ਵੀਹੀਂ ਸੌ ਜ਼ੋਰਾਵਰਾਂ ਵਾਲਾ ਦੌਰ ਮਾੜਾ
ਲੋਕੀ ਕਹਿੰਦੇ 'ਸਮੇਂ' ਉਹੀ ਆ ਰਹੇ ਪਰਤਦੇ।
ਨਿਗਲੇ ਹੀ ਜਾਂਦੇ ਦੇਖੇ ਸਾਹਮਣੇ ਲੋਕਾਈ ਨੇ
ਜਿਨ੍ਹਾਂ ਵੱਲ੍ਹ ਜਾਂਦੇ ਹੁੰਦੇ 'ਅਜ਼ਗਰ' ਸਰਕਦੇ।
ਪੜ੍ਹਦੇ ਯਾ ਸੁਣਦੇ ਜੋ ਰਹੇ ਇਤਿਹਾਸ ਵਿੱਚ
'ਸਾਮ ਦਾਮ ਦੰਡ ਭੇਦ' ਦੇਖ ਲਉ ਵਰਤਦੇ।
ਚੋਣ-ਯੁੱਧ ਵਾਲੇ 'ਭਲਵਾਨ' ਥਾਪੀ ਮਾਰਦੇ ਨੇ
ਫਿਲਹਾਲ ਕਹਿ ਰਹੇ ਐ ਆਪਾਂ ਨੀ ਯਰਕਦੇ।
ਟੈਂਅ ਨਾ ਮੰਨਣ ਵਾਲੇ ਕਿਸੇ ਦੀ ਪੰਜਾਬ ਵਾਸੀ
ਆਉਂਦੇ ਸਾਲ ਦੇਖਾਂਗੇ ਜੀ ਕਿਵੇਂ ਨੇ ਮੜੱਕਦੇ!



**-ਤਰਲੋਚਨ ਸਿੰਘ ਦੁਪਾਲਪੁਰ**
**001-408-905-5517**

## ਮਾਵਾਂ

ਦੁਨੀਆਂ ਦੀ ਇਸ ਧਰਤੀ ਉੱਤੇ
ਰੱਬ ਨੇ ਲਾਏ ਸੋਹਣੇ ਬੂਟੇ ਮਾਵਾਂ ਦੇ।
ਹਰ ਇਕ ਨੂੰ ਮਿਲਦੇ ਨੇ
ਇਨ੍ਹਾਂ ਤੋਂ ਖੁੱਲ੍ਹੇ ਗੱਫੇ ਛਾਵਾਂ ਦੇ।
ਜਦੋਂ ਦੋਸਤ ਛੱਡ ਜਾਂਦੇ ਨੇ
ਇਨਸਾਨ ਨੂੰ ਕਰਕੇ ਬੇਸਹਾਰਾ,
ਉਦੋਂ ਡੰਗੋਰੀ ਬਣ ਕੇ
ਮਾਵਾਂ ਦਿੰਦੀਆਂ ਨੇ ਸਹਾਰਾ।
ਆਪਣੇ ਦਿਲਾਂ 'ਚ ਲੁਕਾ ਕੇ ਗ਼ਮ
ਮਾਵਾਂ ਵੰਡਣ ਖੁਸ਼ੀਆਂ ਦੇ ਪਤਾਸੇ।
ਉਨ੍ਹਾਂ ਨੂੰ ਵੇਖ ਕੇ ਖਿੜ ਉੱਠਦੇ ਨੇ
ਪੁੱਤਾਂ ਦੇ ਚਿਹਰੇ ਉਦਾਸੇ।
ਇਹ ਹਰ ਕੋਈ ਜਾਣਦਾ ਹੈ
ਕਿ ਬਦਲਦੀਆਂ ਨਹੀਂ ਤਕਦੀਰਾਂ,
ਪਰ ਪੁਤਾਂ ਦੀਆਂ ਖੁਸ਼ੀਆਂ ਲਈ
ਮਾਵਾਂ ਬੈਠ ਕੇ ਸੋਚਣ ਤਦਬੀਰਾਂ।
ਬੇਸ਼ੱਕ ਪੁੱਤ ਦੇਣ ਮਾਵਾਂ ਨੂੰ
ਕੌੜੇ ਬੋਲਾਂ ਦੇ ਜ਼ਾਲਮ ਖ਼ਾਰ,
ਤਾਂ ਵੀ ਮਾਵਾਂ ਦੇਣ ਉਨ੍ਹਾਂ ਨੂੰ
ਮਿੱਠੇ ਬੋਲਾਂ ਦੇ ਸੋਹਣੇ ਹਾਰ।
ਮਾਵਾਂ ਦੇ ਹੁੰਦਿਆਂ ਤੋੜਨੀ ਔਖੀ
ਉਨ੍ਹਾਂ ਦੇ ਜੀਵਨ ਦੀ ਰਬਾਬ।
ਉਨ੍ਹਾਂ ਦੀ ਕਦੇ ਹਾਰ ਹੋਏ ਨਾ
ਇਹ ਮਾਵਾਂ ਦੇ ਖਾਬ।
ਜਿਹੜੇ ਆਪਣੀਆਂ ਮਾਵਾਂ ਦਾ
ਕਰਦੇ ਨਹੀਂ ਸਤਿਕਾਰ,
ਉਨ੍ਹਾਂ ਦੇ ਜੀਵਨ -ਬਾਗ 'ਚ
ਆਏ ਨਾ ਕਦੇ ਬਹਾਰ।
ਜਿਹੜੇ ਆਪਣੀਆਂ ਮਾਵਾਂ ਤੋਂ
ਲੈਂਦੇ ਨਹੀਂ ਪਿਆਰ,
'ਮਾਨ' ਉਨ੍ਹਾਂ ਲਈ ਉਜਾੜ ਹੈ
ਇਹ ਖੂਬਸੂਰਤ ਸੰਸਾਰ।

**ਮਹਿੰਦਰ ਸਿੰਘ ਮਾਨ**
**9915803554**

## .ਗ਼ਜ਼ਲ

ਕਿੱਥੇ ਕਿਹੜੀ ਚੀਜ਼ ਪਈ ਹੈ ਸਾਨੂੰ ਤਾਂ ਦੱਸ ਜਾਂਦੀ।
ਹੋਰ ਨਹੀਂ ਤਾਂ ਜੱਫੀ ਪਾ ਕੇ ਥੋੜ੍ਹਾ ਹੀ ਹੱਸ ਜਾਂਦੀ।

ਤੇਰਾ ਤਨ ਤਾਂ ਮੇਰੇ ਤਨ ਦੇ ਵਿਚ ਮਹਿਫੂਜ਼ ਰਹੇਗਾ,
ਰੂਹ ਕਦੀ ਨਈਂ ਮਰਦੀ ਰੂਹ ਤਾਂ ਰੂਹ ਦੇ ਵਿਚ ਵੱਸ ਜਾਂਦੀ।

ਪਾਗ਼ਲਪਣ ਦੀ ਗੁੱਡੀ ਮੇਰੀ ਅੰਬਰ ਵਿਚ ਨਾ ਚੜ੍ਹਦੀ,
ਮੇਰੀ ਆਦਤ ਦੀਆਂ ਤਣਾਵਾਂ ਜੇਕਰ ਤੂੰ ਕੱਸ ਜਾਂਦੀ।

ਪੈੜਾਂ ਵਿੱਚ ਨਿਸ਼ਾਨ ਹਮੇਸ਼ਾਂ ਜ਼ਿੰਦਾ ਹੀ ਰਹਿੰਦੇ ਨੇ,
ਰਾਹ ਵਿਚ ਬੇਸ਼ਕ ਤੁਰਦੇ-ਤੁਰਦੇ ਜੁੱਤੀ ਹੈ ਘੱਸ ਜਾਂਦੀ।

ਇੱਕ ਅਸਹਿ ਵਿਛੋੜਾ ਚੰਦਰਾ ਏਦਾਂ ਹੈ ਤੜਪਾਂਦਾ,
ਸ਼ਮਸ਼ੀਰ ਜਿਵੇਂ ਸੀਨੇ ਖੁੱਭ ਕੇ ਦਿਲ ਦੇ ਵਿਚ ਧੱਸ ਜਾਂਦੀ।

ਬਸ ਏਥੇ ਹੀ ਰੱਬ ਦੀ ਹੋਂਦ ਵਿਆਪਕ ਹੁੰਦੀ ਲੱਗੀ,
ਪੈਸੇ ਦੇ ਨਾਲ ਸ਼ੁਹਰਤ ਦੇ ਨਾਲ ਅਣਹੋਣੀ ਨੱਸ ਜਾਂਦੀ।

ਬਾਲਮ ਵੀਂ ਫਿਰ ਤੇਰੇ ਨਾਲ ਇਹ ਸਫ਼ਰ ਸੁਹਾਣਾ ਕਰਦਾ,
ਅਨੰਤ ਰਾਹ ਨੂੰ ਜੇਕਰ ਕਿਧਰੇ ਤੇਰੇ ਨਾਲ ਬੱਸ ਜਾਂਦੀ।

**ਬਲਵਿੰਦਰ ਬਾਲਮ ਗੁਰਦਾਸਪੁਰ**
**98156-25409**

# ਭਾਰਤ ਨੂੰ ਪ੍ਰਸ਼ਾਸਕਾਂ ਤੋਂ ਵੱਧ ਵਿਗਿਆਨੀਆਂ ਦੀ ਲੋੜ ਹੈ: ਇੱਕ ਬਹਿਸ, ਇੱਕ ਦਿਸ਼ਾ, ਇੱਕ ਭਵਿੱਖ





ਵਿਜੈ ਗਰਗ ਸਾਬਕਾ
ਪੀ.ਈ..ਐਸ. - 1
ਸੇਵਾਮੁਕਤ ਪ੍ਰਿੰਸਪਲ

ਭਾਰਤ ਅੱਜ ਇੱਕ ਅਹਿਮ ਮੋੜ 'ਤੇ ਖੜ੍ਹਾ ਹੈ। ਇੱਕ ਪਾਸੇ ਵਧਦੀ ਜਨਸੰਖਿਆ, ਤਕਨੀਕੀ ਕ੍ਰਾਂਤੀ ਅਤੇ ਗਲੋਬਲ ਮੁਕਾਬਲਾ ਹੈ, ਦੂਜੇ ਪਾਸੇ ਸਿਹਤ, ਵਾਤਾਵਰਣ, ਖੇਤੀਬਾੜੀ ਅਤੇ ਊਰਜਾ ਵਰਗੀਆਂ ਚੁਣੌਤੀਆਂ ਹਨ। ਅਜੇਹੇ ਸਮੇਂ 'ਚ ਸਿਰਫ਼ ਚੰਗੇ ਪ੍ਰਸ਼ਾਸਕ ਹੀ ਨਹੀਂ, ਸਗੋਂ ਮਜ਼ਬੂਤ ਵਿਗਿਆਨਕ ਸੋਚ ਅਤੇ ਨਵੀਨਤਾ ਵਾਲੇ ਵਿਗਿਆਨੀ ਵੀ ਬਰਾਬਰ ਜ਼ਰੂਰੀ ਹਨ। ਦਹਾਕਿਆਂ ਤੋਂ ਭਾਰਤ ਵਿੱਚਭਾਰਤੀ ਪ੍ਰਸ਼ਾਸਕੀ ਸੇਵਾ (ਆਈਏਐਸ) ਨੂੰ ਸਭ ਤੋਂ ਵੱਡੀ ਸਫਲਤਾ ਮੰਨਿਆ ਗਿਆ ਹੈ, ਪਰ ਸਵਾਲ ਇਹ ਹੈ ਕਿ ਕੀ ਕੇਵਲ ਪ੍ਰਸ਼ਾਸਨ ਦੇ ਆਧਾਰ 'ਤੇ ਕੋਈ ਦੇਸ਼ ਵਿਸ਼ਵ ਅਗੂ ਬਣ ਸਕਦਾ ਹੈ?

**ਵਿਗਿਆਨਕ ਵਿਰਾਸਤ ਅਤੇ ਅਸਲੀਅਤ :** ਭਾਰਤ ਦੀ ਵਿਗਿਆਨਕ ਵਿਰਾਸਤ ਬਹੁਤ ਧਨਾਢ ਹੈ। ਪ੍ਰਾਚੀਨ ਸਮੇਂ ਦੇ ਮਹਾਨ ਵਿਦਵਾਨ ਆਰੀਆਭੱਟ ਅਤੇ ਬ੍ਰਹਮਗੁਪਤਾ ਤੋਂ ਲੈ ਕੇ ਆਧੁਨਿਕ ਯੁੱਗ ਦੇ ਮਹਾਨ ਵਿਗਿਆਨੀ ਸੀ ਵੀ ਰਮਨ, ਹੋਮੀ ਜੇ. ਭੱਬਾ ਅਤੇ ਏ. ਪੀ. ਜੇ. ਅਬਦੁੱਲ ਕਲਮ ਤੱਕ—ਇਸ ਦੇਸ਼ ਨੇ ਸਦਾ ਗਿਆਨ ਦੀ ਰਚਨਾ ਕੀਤੀ ਹੈ। ਇਨ੍ਹਾਂ ਵਿਗਿਆਨੀਆਂ ਨੇ ਸਿਰਫ਼ ਪ੍ਰਣਾਲੀਆਂ ਨੂੰ ਨਹੀਂ ਚਲਾਇਆ, ਸਗੋਂ ਨਵੀਆਂ ਦਿਸ਼ਾਵਾਂ ਦਿਤੀਆਂ। ਪਰ ਅੱਜ ਦੀ ਹਕੀਕਤ ਕੁਝ ਹੋਰ ਕਹਿੰਦੀ ਹੈ। ਲੱਖਾਂ ਵਿਦਿਆਰਥੀ ਸਿਵਲ ਸਰਵਿਸ ਦੀ ਤਿਆਰੀ ਵਿੱਚ ਲੱਗੇ ਹਨ, ਜਦਕਿ ਵਿਗਿਆਨ ਅਤੇ ਖੋਜ ਵੱਲ ਰੁਝਾਨ ਘੱਟਦਾ ਜਾ ਰਿਹਾ ਹੈ। ਇਹ ਰੁਝਾਨ ਭਵਿੱਖ ਲਈ ਚਿੰਤਾ ਦਾ ਵਿਸ਼ਾ ਹੈ।

**ਪ੍ਰਸ਼ਾਸਨ ਦੀ ਚਮਕ ਤੇ ਚੁੰਬਕਤਾ :** ਆਈਏਐਸ ਵਰਗੀਆਂ ਨੌਕਰੀਆਂ ਨੂੰ ਭਾਰਤ ਵਿੱਚ ਸਮਾਜਿਕ ਮਾਣ-ਮਰਯਾਦਾ, ਸੁਰੱਖਿਆ ਅਤੇ ਅਧਿਕਾਰ ਦੇ ਪ੍ਰਤੀਕ ਵਜੋਂ ਦੇਖਿਆ ਜਾਂਦਾ ਹੈ। ਖਾਸ ਕਰਕੇ ਪਿੰਡਾਂ ਅਤੇ ਛੋਟੇ ਸ਼ਹਿਰਾਂ ਵਿੱਚ, ਇਹ ਇੱਕ ਸੁਪਨਾ ਬਣ ਜਾਂਦਾ ਹੈ। ਪਰ ਇਸ ਚਮਕ ਦੇ ਪਿੱਛੇ ਇੱਕ ਵੱਡਾ ਸੱਚ ਛੁਪਿਆ ਹੈ—ਦੇਸ਼ ਦੇ ਬਹੁਤ ਸਾਰੇ ਤੇਜ਼-ਤਰਾਰ ਦਿਮਾਗ ਪ੍ਰਸ਼ਾਸਨ ਵੱਲ ਮੁੜ ਰਹੇ ਹਨ, ਜਦਕਿ ਉਹ ਵਿਗਿਆਨ ਅਤੇ ਨਵੀਨਤਾ ਵਿੱਚ ਵੱਡਾ ਯੋਗਦਾਨ ਦੇ ਸਕਦੇ ਸਨ।

ਪ੍ਰਸ਼ਾਸਕ ਪ੍ਰਣਾਲੀਆਂ ਨੂੰ ਚਲਾਉਂਦੇ ਹਨ, ਪਰ ਵਿਗਿਆਨੀ ਨਵੀਆਂ ਪ੍ਰਣਾਲੀਆਂ ਬਣਾਉਂਦੇ ਹਨ। ਜੇਕਰ ਇੱਕ ਦੇਸ਼ ਸਿਰਫ਼ ਮੌਜੂਦਾ ਢਾਂਚਿਆਂ ਨੂੰ ਸੰਭਾਲਣ 'ਤੇ ਹੀ ਧਿਆਨ ਦੇਵੇ, ਤਾਂ ਉਹ ਅੱਗੇ ਵਧਣ ਦੀ ਬਜਾਏ ਥਾਂ 'ਤੇ ਹੀ ਰਹਿ ਸਕਦਾ ਹੈ।

**ਵਿਗਿਆਨਕ ਸੋਚ ਦੀ ਲੋੜ :** ਭਾਰਤ ਦੇ ਸੰਵਿਧਾਨ ਵਿੱਚ ਵੀ "ਵਿਗਿਆਨਕ ਮਨੋਵ੍ਰਿੱਤੀ" ਨੂੰ ਵਧਾਉਣ ਦੀ ਗੱਲ ਕੀਤੀ ਗਈ ਹੈ। ਇਹ ਸਿਰਫ਼ ਲੈਬੋਰਟਰੀ ਤੱਕ ਸੀਮਿਤ ਨਹੀਂ, ਸਗੋਂ ਜੀਵਨ ਜੀਣ ਦਾ ਢੰਗ ਹੈ—ਸਵਾਲ ਪੁੱਛਣਾ, ਤੱਥਾਂ 'ਤੇ ਵਿਸ਼ਵਾਸ ਕਰਨਾ ਅਤੇ ਤਜਰਬਿਆਂ ਤੋਂ ਸਿੱਖਣਾ।

**ਅੱਜ ਦੀਆਂ ਮੁੱਖ ਚੁਣੌਤੀਆਂ ਨੂੰ ਦੇਖੋ:**

**ਸਿਹਤ ਖੇਤਰ:** ਮਹਾਂਮਾਰੀਆਂ ਨਾਲ ਨਜਿੱਠਣ ਲਈ ਖੋਜਕਾਰਾਂ ਦੀ ਲੋੜ ਹੈ।

**ਵਾਤਾਵਰਣ:** ਮੌਸਮੀ ਤਬਦੀਲੀ ਲਈ ਵਿਗਿਆਨਕ ਹੱਲ ਜ਼ਰੂਰੀ ਹਨ।

**ਤਕਨਾਲੋਜੀ:** ਏਆਈ, ਡਾਟਾ ਸਾਇੰਸ ਅਤੇ ਬਾਇਓਟੈਕਨੋਲੋਜੀ ਵਿੱਚ ਅਗਵਾਈ ਲਈ ਵਿਗਿਆਨੀ ਲਾਜ਼ਮੀ ਹਨ।

**ਖੇਤੀਬਾੜੀ:** ਨਵੀਂ ਤਕਨੀਕਾਂ ਨਾਲ ਹੀ ਖੁਰਾਕ ਸੁਰੱਖਿਆ ਸੰਭਵ ਹੈ।

ਇਨ੍ਹਾਂ ਸਾਰੇ ਖੇਤਰਾਂ ਵਿੱਚ ਪ੍ਰਸ਼ਾਸਕਾਂ ਦੀ ਭੂਮਿਕਾ ਹੈ, ਪਰ ਅਸਲ ਹੱਲ ਵਿਗਿਆਨ ਦੇ ਰਾਹੀਂ ਹੀ ਆਉਂਦਾ ਹੈ।

**ਨਵੀਨਤਾ ਹੀ ਤਾਕਤ ਹੈ**

ਵਿਸ਼ਵ ਦੇ ਅਗੇਤਰ ਦੇਸ਼ ਉਹ ਹਨ ਜਿਨ੍ਹਾਂ ਨੇ ਖੋਜ ਅਤੇ ਨਵੀਨਤਾ ਵਿੱਚ ਨਿਵੇਸ਼ ਕੀਤਾ ਹੈ। ਭਾਰਤ ਨੇ ਵੀ ਭਾਰਤੀ ਪੁਲਾੜ ਖੋਜ ਸੰਗਠਨ (ਇਸਰੋ) ਦੇ ਜ਼ਰੀਏ ਕਈ ਵੱਡੀਆਂ ਉਪਲਬਧੀਆਂ ਹਾਸਲ ਕੀਤੀਆਂ ਹਨ—ਚੰਦਰਯਾਨ ਅਤੇ ਮੰਗਲਯਾਨ ਇਸ ਦੀਆਂ ਮਿਸਾਲਾਂ ਹਨ।

ਪਰ ਇਹ ਕਾਫ਼ੀ ਨਹੀਂ। ਸਾਨੂੰ ਹਰ ਖੇਤਰ ਵਿੱਚ ਵਿਗਿਆਨਕ ਸੋਚ ਨੂੰ ਵਧਾਉਣ ਦੀ ਲੋੜ ਹੈ, ਤਾਂ ਜੋ ਦੇਸ਼ ਸਮੂਹਿਕ ਤੌਰ 'ਤੇ ਤਰੱਕੀ ਕਰ ਸਕੇ।

**ਸਿੱਖਿਆ ਪ੍ਰਣਾਲੀ ਦੀ ਭੂਮਿਕਾ :** ਸਾਡੇ ਸਿੱਖਿਆ ਪ੍ਰਣਾਲੀ ਵਿੱਚ ਵੀ ਬਦਲਾਅ ਦੀ ਲੋੜ ਹੈ। ਅੱਜ ਵੀ ਜ਼ਿਆਦਾਤਰ ਸਿੱਖਿਆ ਯਾਦ ਕਰਨ ਅਤੇ ਇਮਤਿਹਾਨਾਂ 'ਤੇ ਕੇਂਦਰਿਤ ਹੈ। ਕੋਚਿੰਗ ਸੰਸਕ੍ਰਿਤੀ ਨੇ ਇਸਨੂੰ ਹੋਰ ਵੀ ਮਜ਼ਬੂਤ ਕੀਤਾ ਹੈ।

**ਸਾਨੂੰ ਲੋੜ ਹੈ:**

**ਤਜਰਬਾਤੀ ਅਤੇ ਪ੍ਰਯੋਗਾਤਮਕ ਸਿੱਖਿਆ ਦੀ**

**ਖੋਜ ਲਈ ਵਧੇਰੇ ਫੰਡਿੰਗ ਦੀ**

ਨੌਜਵਾਨਾਂ ਲਈ ਵਿਗਿਆਨਕ ਕਰੀਅਰ ਨੂੰ ਆਕਰਸ਼ਕ ਬਣਾਉਣ ਦੀ

ਆਈਆਈਟੀ, ਆਈਐਸਈਆਰ ਅਤੇ ਹੋਰ ਖੋਜ ਸੰਸਥਾਵਾਂ ਨੂੰ ਮਜ਼ਬੂਤ ਕਰਨ ਦੀ।

**ਸੋਚ ਵਿੱਚ ਬਦਲਾਅ :** ਸਮਾਜ ਨੂੰ ਆਪਣੀ ਸੋਚ ਬਦਲਣੀ ਪਵੇਗੀ। ਸਫਲਤਾ ਦਾ ਮਾਪਦੰਡ ਸਿਰਫ਼ ਆਈਏਐਸ ਨਹੀਂ ਹੋਣਾ ਚਾਹੀਦਾ। ਵਿਗਿਆਨੀ ਵੀ ਦੇਸ਼ ਦੇ ਅਸਲ ਹੀਰੋ ਹਨ। ਵਿਕਰਮ ਸਾਰਾਭਾਈ ਅਤੇ ਐਸ. ਚੰਦਰਸ਼ੇਖਰ ਵਰਗੇ ਵਿਅਕਤੀ ਸਾਡੇ ਲਈ ਪ੍ਰੇਰਣਾ ਬਣਨੇ ਚਾਹੀਦੇ ਹਨ।

**ਮੁਕਾਬਲਾ ਨਹੀਂ, ਸਹਿਯੋਗ :** ਇਹ ਗੱਲ ਵੀ ਮਹੱਤਵਪੂਰਨ ਹੈ ਕਿ ਪ੍ਰਸ਼ਾਸਕ ਅਤੇ ਵਿਗਿਆਨੀ ਇਕ-ਦੂਜੇ ਦੇ ਵਿਰੋਧੀ ਨਹੀਂ ਹਨ। ਦੋਵੇਂ ਦੇਸ਼ ਲਈ ਜ਼ਰੂਰੀ ਹਨ। ਪ੍ਰਸ਼ਾਸਕ ਨੀਤੀਆਂ ਬਣਾਉਂਦੇ ਹਨ ਅਤੇ ਵਿਗਿਆਨੀ ਉਹਨਾਂ ਨੂੰ ਆਧਾਰ ਦਿੰਦੇ ਹਨ।

ਸਹੀ ਦਿਸ਼ਾ ਇਹ ਹੈ ਕਿ ਦੋਵੇਂ ਮਿਲ ਕੇ ਕੰਮ ਕਰਨ—ਤਾਂ ਜੋ ਨੀਤੀਆਂ ਵੀ ਪ੍ਰਭਾਵਸ਼ਾਲੀ ਹੋਣ ਅਤੇ ਨਵੀਨਤਾ ਵੀ ਤੇਜ਼ੀ ਨਾਲ ਵਧੇ।

**ਅੱਗੇ ਦਾ ਰਾਹ :** ਭਾਰਤ ਨੂੰ ਆਪਣੀਆਂ ਤਰਜੀਹਾਂ ਨੂੰ ਮੁੜ ਤੈਅ ਕਰਨ ਦੀ ਲੋੜ ਹੈ:

ਨੌਕਰੀ ਦੀ ਸੁਰੱਖਿਆ ਤੋਂ ਗਿਆਨ ਸਿਰਜਣ ਵੱਲ

ਰਟਨ ਤੋਂ ਖੋਜ ਵੱਲ

ਪ੍ਰਸ਼ਾਸਨਿਕ ਮਾਣ ਤੋਂ ਵਿਗਿਆਨਕ ਉਤਕ੍ਰਿਸ਼ਟਤਾ ਵੱਲ

ਨਿਸਕਰਸ਼

ਭਾਰਤ ਨੂੰ ਘੱਟ ਪ੍ਰਸ਼ਾਸਕਾਂ ਦੀ ਨਹੀਂ, ਸਗੋਂ ਵੱਧ ਵਿਗਿਆਨੀਆਂ ਦੀ ਲੋੜ ਹੈ। 21ਵੀਂ ਸਦੀ ਦੀਆਂ ਚੁਣੌਤੀਆਂ ਦਾ ਮੁਕਾਬਲਾ ਉਹੀ ਦੇਸ਼ ਕਰ ਸਕਦਾ ਹੈ ਜੋ ਨਵੀਨਤਾ ਅਤੇ ਖੋਜ ਵਿੱਚ ਅੱਗੇ ਹੋਵੇ।

ਜੇ ਅਸੀਂ ਆਪਣੇ ਨੌਜਵਾਨਾਂ ਨੂੰ ਸਵਾਲ ਪੁੱਛਣ, ਤਜਰਬੇ ਕਰਨ ਅਤੇ ਨਵਾਂ ਸੋਚਣ ਲਈ ਪ੍ਰੇਰਿਤ ਕਰਾਂਗੇ, ਤਾਂ ਭਾਰਤ ਸਿਰਫ਼ ਇੱਕ ਚੰਗੀ ਤਰ੍ਹਾਂ ਪ੍ਰਬੰਧਿਤ ਦੇਸ਼ ਨਹੀਂ, ਸਗੋਂ ਇੱਕ ਵਿਗਿਆਨਕ ਮਹਾਸੱਤਾ ਵੀ ਬਣ ਸਕਦਾ ਹੈ।

# ਕੈਨੇਡਾ ਦੇ ਖੇਡ ਦੇ ਮੈਦਾਨਾਂ ਦੀ ਬਣਤਰ ਤੇ ਯੋਜਨਾਬੰਦੀ



ਪ੍ਰਿੰਸੀਪਲ ਵਿਜੇ ਕੁਮਾਰ

ਕੈਨੇਡਾ ਦੇ ਖੇਡ ਦੇ ਮੈਦਾਨਾਂ ਦੀ ਬਣਤਰ ਦੇਖਣਯੋਗ ਹੈ। ਕੈਨੇਡਾ ਦੀਆਂ ਸਰਕਾਰਾਂ ਨੇ ਸਾਰੀ ਦੁਨੀਆ ਦੇ ਲੋਕਾਂ ਦਾ ਧਿਆਨ ਆਪਣੇ ਮੁਲਕ ਵੱਲ ਖਿੱਚਣ ਲਈ ਆਪਣੇ ਮਾਹਿਰਾਂ ਦੇ ਮਾਧਿਅਮ ਰਾਹੀਂ ਇਹ ਯੋਜਨਾ ਜ਼ਰੂਰ ਬਣਾਈ ਹੋਵੇਗੀ ਕਿ ਇਸ ਦੇਸ਼ ਦਾ ਨਿਰਮਾਣ ਇਸ ਢੰਗ ਨਾਲ ਕੀਤਾ ਜਾਵੇ, ਇਸ ਨੂੰ ਇੰਨਾ ਜ਼ਿਆਦਾ ਸੋਹਣਾ ਬਣਾਇਆ ਜਾਵੇ ਕਿ ਦੁਨੀਆ ਭਰ ਦੇ ਦੇਸ਼ਾਂ ਦੇ ਲੋਕ ਇੱਥੇ ਘੁੰਮਣ ਫਿਰਨ ਆਉਣ ਤੇ ਸਦਾ ਲਈ ਇੱਥੇ ਹੀ ਵਸਣ ਲਈ ਮਜਬੂਰ ਹੋ ਜਾਣ।

ਇਸ ਦਾ ਸੁਹੱਪਣ, ਸ਼ੁੱਧ ਵਾਤਾਵਰਨ, ਸੈਰ ਗਾਹਾਂ, ਪਾਰਕਾਂ, ਝੀਲਾਂ ਅਤੇ ਯੋਜਨਬੱਧ ਢੰਗ ਨਾਲ ਬਣਾਏ ਗਏ ਖੇਡ ਦੇ ਮੈਦਾਨਾਂ ਨੇ ਦੁਨੀਆ ਭਰ ਦੇ 162 ਦੇਸ਼ਾਂ ਦੇ 5 ਕਰੋੜ ਲੋਕਾਂ ਨੂੰ ਇੱਥੇ ਵਸਣ ਲਈ ਮਜਬੂਰ ਕਰ ਦਿੱਤਾ ਹੈ। ਜਿਹੜਾ ਇਸ ਮੁਲਕ 'ਚ ਇੱਕ ਵਾਰ ਆ ਜਾਂਦਾ ਹੈ, ਉਹ ਸੰਘਰਸ਼ ਮਈ ਜ਼ਿੰਦਗੀ ਹੋਣ ਦੇ ਬਾਵਜੂਦ ਇੱਥੋਂ ਮੁੜ ਕੇ ਜਾਣ ਦਾ ਨਾਂ ਨਹੀਂ ਲੈਂਦਾ। ਜਿਹੜਾ ਇੱਕ ਵਾਰ ਇੱਥੇ ਘੁੰਮਣ ਫਿਰਨ ਆ ਜਾਂਦਾ ਹੈ, ਉਹ ਇਸ ਮੁਲਕ ਵਿੱਚ ਵਾਰ ਵਾਰ ਘੁੰਮਣ ਫਿਰਨ ਆਉਣ ਦੀ ਇੱਛਾ ਰੱਖਦਾ ਹੈ।

ਜੇਕਰ ਇਸ ਮੁਲਕ ਦੇ ਖੇਡ ਦੇ ਮੈਦਾਨਾਂ ਦੀ ਗੱਲ ਕੀਤੀ ਜਾਵੇ ਤਾਂ ਉਨ੍ਹਾਂ ਨੂੰ ਵੇਖਣ ਵਾਲਾ ਹਰ ਵਿਅਕਤੀ ਇਹ ਸੋਚਣ ਲਈ ਮਜਬੂਰ ਹੋ ਜਾਂਦਾ ਹੈ ਕਿ ਕਿੰਨੇ ਦਿਮਾਗ਼ੀ ਹਨ ਇਸ ਮੁਲਕ ਦੇ ਹੁਕਮਰਾਨ ਤੇ ਪ੍ਰਸ਼ਾਸਨ ਨਾਲ ਜੁੜੇ ਅਧਿਕਾਰੀ। ਬਹੁਤ ਲੰਬੇ ਚੌੜੇ ਖੇਤਰ 'ਚ ਬਣਾਏ ਗਏ ਇਹ ਖੇਡ ਦੇ ਮੈਦਾਨ ਕੇਵਲ ਖੇਡ ਦੇ ਮੈਦਾਨ ਹੀ ਨਹੀਂ ਸਗੋਂ ਹੋਰ ਬਹੁਤ ਕੁਝ ਵੀ ਹਨ। ਖੇਡ ਦੇ ਮੈਦਾਨਾਂ ਦੀ ਬਣਤਰ ਅਤੇ ਯੋਜਨਾਬੰਦੀ ਇਸ ਢੰਗ ਨਾਲ ਬਣਾਈ ਗਈ ਹੈ ਕਿ ਸਭ ਤੋਂ ਪਹਿਲਾਂ ਉਨ੍ਹਾਂ ਨੂੰ ਸੁੰਦਰ ਅਤੇ ਦਿਲ ਖਿੱਚਵੇਂ ਬਣਾਉਣ ਲਈ ਉਨ੍ਹਾਂ ਦੇ ਆਲੇ ਦੁਆਲੇ ਅਤੇ ਅੰਦਰ ਬਹੁਤ ਸ਼ਾਨਦਾਰ ਰੁੱਖ ਲਗਾਏ ਗਏ ਹਨ।

ਸਾਡੇ ਮੁਲਕ ਵਾਂਗ ਇਨ੍ਹਾਂ ਖੇਡ ਦੇ ਮੈਦਾਨਾਂ 'ਚ ਕੇਵਲ ਇੱਕ ਖੇਡ ਹੀ ਨਹੀਂ ਸਗੋਂ ਤਿੰਨ-ਚਾਰ ਖੇਡਾਂ ਖੇਡਣ ਦਾ ਪ੍ਰਬੰਧ ਕੀਤਾ ਗਿਆ ਹੈ। ਬਰੈਂਪਟਨ ਸ਼ਹਿਰ ਦੇ ਲੰਬੇ ਚੌੜੇ ਖੇਤਰ 'ਚ ਬਣਾਏ ਗਏ ਕ੍ਰੈਡਿਟ ਵਿਊ ਖੇਡ ਦੇ ਮੈਦਾਨ ਵਾਂਗ ਹਰ ਖੇਡ ਦੇ ਮੈਦਾਨ ਵਿੱਚ ਇੱਕੋ ਸਮੇਂ ਫੁੱਟਬਾਲ, ਕ੍ਰਿਕੇਟ, ਹਾਕੀ, ਵਾਲੀਬਾਲ, ਸੌਕਰ ਖੇਡਾਂ ਖੇਡਣ ਦੇ ਨਾਲ ਨਾਲ ਸਾਈਕਲਿੰਗ ਕੀਤੀ ਜਾ ਸਕਦੀ ਹੈ। ਹਰ ਖੇਡ ਦੇ ਮੈਦਾਨ 'ਚ ਵੱਖ ਵੱਖ ਥਾਵਾਂ ਉੱਤੇ ਸਰੀਰਕ ਕਸਰਤ ਲਈ ਵੱਖ ਵੱਖ ਕਿਸਮ ਦੀ ਕਸਰਤ ਲਈ ਬਹੁਤ ਹੀ ਉੱਤਮ ਦਰਜੇ ਅਤੇ ਆਧੁਨਿਕ ਕਿਸਮ ਦਾ ਜਿਮ ਦਾ ਸਾਮਾਨ ਫਿੱਟ ਕੀਤਾ ਗਿਆ ਹੈ। ਇਨ੍ਹਾਂ ਜਿਮਾਂ 'ਚ ਪੁਰਸ਼ ਅਤੇ ਔਰਤਾਂ ਸਵੇਰੇ, ਸ਼ਾਮ ਅਤੇ ਦੁਪਹਿਰ ਕਿਸੇ ਵੇਲੇ ਵੀ ਕਸਰਤ ਕਰ ਸਕਦੇ ਹਨ। ਇਨ੍ਹਾਂ ਜਿਮਾਂ ਵਿੱਚ ਲੱਗਿਆ ਹੋਇਆ ਸਾਮਾਨ ਬਹੁਤ ਮਜ਼ਬੂਤ ਤੇ ਆਧੁਨਿਕ ਕਿਸਮ ਦਾ ਹੈ ਕਿਉਂਕਿ ਇਸ ਸਾਮਾਨ ਨੂੰ ਖ਼ਰੀਦਣ ਸਮੇਂ ਸਾਡੇ ਮੁਲਕ ਵਾਂਗ ਕੰਪਨੀਆਂ ਤੋਂ ਕਮਿਸ਼ਨ ਨਹੀਂ ਖਾਧਾ ਜਾਂਦਾ। ਇਨ੍ਹਾਂ ਜਿਮਾਂ 'ਚ ਕਸਰਤ ਕਰਨ ਲਈ ਸਰਕਾਰ ਵੱਲੋਂ ਕੋਈ ਫੀਸ ਨਹੀਂ ਲਈ ਜਾਂਦੀ। ਇਨ੍ਹਾਂ ਖੇਡਾਂ ਦੇ ਮੈਦਾਨਾਂ ਵਿੱਚ ਚਾਰੇ ਪਾਸੇ ਫਲੱਡ ਲਾਈਟਾਂ ਲੱਗੀਆਂ ਹੋਣ ਕਾਰਨ ਹਰ ਵੇਲੇ ਦਿਨ ਚੜ੍ਹੇ ਵਾਂਗ ਰੌਸ਼ਨੀ ਹੁੰਦੀ ਹੈ, ਜਿਸ ਕਾਰਨ ਦੇਰ ਰਾਤ ਤੱਕ ਖੇਡਾਂ ਚੱਲਦੀਆਂ ਰਹਿੰਦੀਆਂ ਹਨ ਅਤੇ ਲੋਕ ਘੁੰਮ ਫਿਰਕੇ ਸੈਰ ਕਰਦੇ ਰਹਿੰਦੇ ਹਨ। ਇਨ੍ਹਾਂ ਖੇਡ ਦੇ ਮੈਦਾਨਾਂ 'ਚ ਬੱਚਿਆਂ ਲਈ ਫੁਆਰੇ ਲੱਗੇ ਹੋਏ ਹੁੰਦੇ ਹਨ, ਜਿਨ੍ਹਾਂ ਵਿੱਚ ਬੱਚੇ ਨਹਾਉਣ ਦਾ ਆਨੰਦ ਮਾਣਦੇ ਹਨ। ਇੱਕ ਪਾਸੇ ਬਹੁਤ ਹੀ ਸ਼ਾਨਦਾਰ ਝੀਲ ਬਣੀ ਹੋਈ ਹੁੰਦੀ ਹੈ। ਨਾਲ ਹੀ ਬੱਚਿਆਂ ਦੇ ਖੇਡਣ ਲਈ ਕਈ ਤਰ੍ਹਾਂ ਦੇ ਝੂਲੇ ਲੱਗੇ ਹੋਏ ਹੁੰਦੇ ਹਨ। ਇਨ੍ਹਾਂ ਝੂਲਿਆਂ, ਫੁਆਰਿਆਂ ਅਤੇ ਝੀਲ ਦਾ ਬੱਚੇ ਅਤੇ ਉਨ੍ਹਾਂ ਦੇ ਮਾਂ-ਬਾਪ ਪੂਰਾ ਅਨੰਦ ਮਾਣਦੇ ਹਨ।

ਬੱਚਿਆਂ ਦੇ ਮਾਪੇ ਉਨ੍ਹਾਂ ਨੂੰ ਸਟਰੋਲਰਾਂ, ਛੋਟੀਆਂ ਛੋਟੀਆਂ ਗੱਡੀਆਂ ਅਤੇ ਕਾਰਾਂ ਵਿੱਚ ਪੂਰੇ ਪਰਿਵਾਰ ਨਾਲ ਖਿਡਾਉਣ ਲਈ ਇਨ੍ਹਾਂ ਖੇਡ ਦੇ ਮੈਦਾਨਾਂ ਵਿੱਚ ਲਿਆਉਂਦੇ ਹਨ। ਇਨ੍ਹਾਂ ਖੇਡ ਦੇ ਮੈਦਾਨਾਂ ਵਿੱਚ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਦੀਆਂ ਟੀਮਾਂ ਦੇ ਹਰ ਰੋਜ਼ ਮੈਚ ਹੁੰਦੇ ਹਨ, ਜਿਨ੍ਹਾਂ ਨੂੰ ਵੇਖਣ ਲਈ ਦਰਸ਼ਕਾਂ ਦੀ ਭੀੜ ਲੱਗੀ ਹੋਈ ਹੁੰਦੀ ਹੈ। ਹਰ ਕੋਈ ਪਾਣੀ ਦੀਆਂ ਬੋਤਲਾਂ ਆਪਣੇ ਨਾਲ ਲੈ ਕੇ ਆਉਂਦਾ ਹੈ। ਝੀਲ ਅਤੇ ਫੁਆਰਿਆਂ ਦੇ ਆਲੇ ਦੁਆਲੇ ਸੰਗੀਤ ਦੀਆਂ ਧੁਨਾਂ ਵੱਜਦੀਆਂ ਸੁਣਾਈ ਦਿੰਦੀਆਂ ਹਨ। ਖੇਡ ਦੇ ਮੈਦਾਨਾਂ, ਪਾਰਕਾਂ ਤੇ ਝੂਲਿਆਂ ਵਾਲੀਆਂ ਥਾਵਾਂ ਉਤੇ ਹਰੀ ਘਾਹ ਇੰਨੇ ਸਲੀਕੇ ਨਾਲ ਵਿਛਾਈ ਗਈ ਹੈ ਜਿਵੇਂ ਹਰੇ ਗਲੀਚੇ ਵਿਛਾਏ ਗਏ ਹੋਣ। ਖੇਡ ਦੇ ਮੈਦਾਨਾਂ ਤੇ ਪਾਰਕਾਂ ਦੇ ਸੁਹੱਪਣ ਅਤੇ ਸਾਫ਼ ਸਫ਼ਾਈ ਨੂੰ ਬਣਾ ਕੇ ਰੱਖਣ ਲਈ ਨਗਰ ਕੌਂਸਲ ਦੇ ਕਰਮਚਾਰੀ ਤੇ ਗੱਡੀਆਂ ਹਰ ਰੋਜ਼ ਆਉਂਦੇ ਹਨ। ਇਨ੍ਹਾਂ ਖੇਡ ਦੇ ਮੈਦਾਨਾਂ 'ਚ ਪਾਰਕਿੰਗ ਲਈ ਬਹੁਤ ਵਧੀਆ ਪ੍ਰਬੰਧ ਕੀਤਾ ਗਿਆ ਹੈ। ਗੱਡੀਆਂ ਦੀ ਪਾਰਕਿੰਗ ਲਈ ਨਾ ਕੋਈ ਫੀਸ ਹੈ ਤੇ ਨਾ ਕੋਈ ਸੁਰੱਖਿਆ ਕਰਮਚਾਰੀ ਕਿਉਂਕਿ ਲੋਕ ਆਪਣੇ ਆਪ ਪਾਰਕਿੰਗ ਦੇ ਨਿਯਮਾਂ ਦੀ ਪਾਲਣਾ ਕਰਦੇ ਹਨ। ਹਰ ਖੇਡ ਦੇ ਮੈਦਾਨ ਦੀ ਬਣਤਰ ਇਸ ਢੰਗ ਦੀ ਹੈ ਕਿ ਵਿੱਚ ਬਣੀਆਂ ਸੜਕਾਂ 'ਤੇ ਲੋਕ ਸੈਰ ਕਰਦੇ ਹਨ ਅਤੇ ਬਣੇ ਹੋਏ ਟਰੈਕਾਂ ਉੱਤੇ ਸਾਈਕਲਿੰਗ ਕਰਦੇ ਹਨ। ਬਰਫ਼ਬਾਰੀ ਦੇ ਦਿਨਾਂ 'ਚ ਜਿੱਥੇ ਇਨ੍ਹਾਂ ਖੇਡ ਦੇ ਮੈਦਾਨਾਂ ਦੀ ਪੂਰੀ ਸਾਫ਼ ਸਫ਼ਾਈ ਅਤੇ ਸੰਭਾਲ ਹੁੰਦੀ ਹੈ, ਉੱਥੇ ਇਨ੍ਹਾਂ ਮੈਦਾਨਾਂ ਵਿੱਚ ਆਇਸ ਹਾਕੀ ਖੇਡੀ ਜਾਂਦੀ ਹੈ ਤੇ ਸਕੇਟਿੰਗ ਕੀਤੀ ਜਾਂਦੀ ਹੈ। ਖੇਡ ਦੇ ਮੈਦਾਨਾਂ ਵਿੱਚ ਘੁੰਮਣ ਲਈ ਕੰਪਨੀਆਂ ਵੱਲੋਂ ਆਟੋ ਸਕੂਟਰਾਂ ਦਾ ਪ੍ਰਬੰਧ ਕੀਤਾ ਗਿਆ ਹੈ, ਜਿਨ੍ਹਾਂ ਉਤੇ ਲੋਕ ਘੁੰਮ ਕੇ ਆਪਣਾ ਮਨੋਰੰਜਨ ਕਰਦੇ ਹਨ।

ਇਨ੍ਹਾਂ ਖੇਡ ਦੇ ਮੈਦਾਨਾਂ ਵਿੱਚ ਬਣੇ ਪਾਰਕਾਂ ਵਿੱਚ ਲੋਕ ਪਿਕਨਿਕ ਮਨਾਉਣ ਤੇ ਪਾਰਟੀਆਂ ਕਰਨ ਦਾ ਮਜ਼ਾ ਲੈਂਦੇ ਹਨ। ਲੋਕਾਂ ਦੀ ਸਹੂਲਤ ਲਈ ਸਾਫ਼ ਸਫ਼ਾਈ ਦਾ ਧਿਆਨ ਰੱਖਦੇ ਹੋਏ ਬਹੁਤ ਸ਼ਾਨਦਾਰ ਪੱਕੇ, ਆਰਜ਼ੀ ਪਖਾਨਿਆਂ ਅਤੇ ਕੂੜੇਦਾਨਾਂ ਦਾ ਪ੍ਰਬੰਧ ਕੀਤਾ ਗਿਆ ਹੈ, ਪਰ ਦੂਜੇ ਦੇਸ਼ਾਂ ਤੋਂ ਆ ਕੇ ਵਸੇ ਹੋਏ ਪਰਵਾਸੀ ਲੋਕ ਆਪਣੇ ਦੇਸ਼ਾਂ ਦੀਆਂ ਪਈਆਂ ਹੋਈਆਂ ਗੰਦੀਆਂ ਆਦਤਾਂ ਦੇ ਕਾਰਨ ਇਨ੍ਹਾਂ ਖੇਡ ਦੇ ਮੈਦਾਨਾਂ 'ਚ ਚਾਹ, ਕੌਫ਼ੀ, ਆਈਸ ਕਰੀਮ ਦੇ ਕੱਪ, ਪਾਣੀ ਦੀਆਂ ਬੋਤਲਾਂ, ਸਿਗਰਟਾਂ ਦੇ ਟੁਕੜੇ, ਟਿਸ਼ੂ ਪੇਪਰ ਅਤੇ ਲਿਫ਼ਾਫ਼ੇ ਸੁੱਟ ਦਿੰਦੇ ਹਨ। ਜਿਹੜੇ ਲੋਕ ਸੈਰ ਕਰਨ ਦੇ ਨਾਲ ਨਾਲ ਆਪਣੇ ਕੁੱਤਿਆਂ ਨੂੰ ਘੁਮਾਉਣ ਲਿਆਉਂਦੇ ਹਨ, ਉਨ੍ਹਾਂ ਦੀ ਸਹੂਲਤ ਲਈ ਪਾਰਕਾਂ ਦੇ ਬਾਹਰ ਟਿਸ਼ੂ ਮਸ਼ੀਨ ਲਗਾਈ ਗਈ ਹੁੰਦੀ ਹੈ ਤਾਂ ਕਿ ਲੋਕ ਕੁੱਤਿਆਂ ਦੀ ਗੰਦਗੀ ਕੂੜੇਦਾਨਾਂ ਵਿੱਚ ਪਾ ਸਕਣ।

ਪਾਰਕਾਂ ਵਿੱਚ ਲੱਗੇ ਬੈਂਚਾਂ, ਕੁਰਸੀਆਂ ਅਤੇ ਬੈਂਚਾਂ ਉੱਤੇ ਬੈਠ ਕੇ ਲੋਕ ਪਾਰਕਾਂ ਦਾ ਅਨੰਦ ਮਾਣਦੇ ਹਨ। ਇਨ੍ਹਾਂ ਪਾਰਕਾਂ 'ਚ ਬਜ਼ੁਰਗ ਬੈਠ ਕੇ ਆਪਣਾ ਸਮਾਂ ਗੁਜ਼ਾਰਨ ਦੇ ਨਾਲ ਨਾਲ ਆਪਣੇ ਦੁੱਖ ਸੁੱਖ ਸਾਂਝੇ ਕਰਦੇ ਹਨ। ਜਵਾਨ ਮੁੰਡੇ-ਕੁੜੀਆਂ ਇਨ੍ਹਾਂ ਪਾਰਕਾਂ ਵਿੱਚ ਘੁੰਮਦੇ ਹੋਏ ਇੱਕ-ਦੂਜੇ ਨਾਲ ਆਪਣੇ ਮਨ ਦੇ ਵਲਵਲੇ ਸਾਂਝੇ ਕਰਦੇ ਹਨ। ਸਾਡੇ ਮੁਲਕ ਦੀਆਂ ਸਰਕਾਰਾਂ ਨੂੰ ਵੀ ਆਪਣੇ ਦੇਸ਼ ਵਿੱਚ ਕੈਨੇਡਾ ਵਰਗੇ ਖੇਡ ਦੇ ਮੈਦਾਨਾਂ ਦਾ ਨਿਰਮਾਣ ਜ਼ਰੂਰ ਕਰਨਾ ਚਾਹੀਦਾ ਹੈ।

Josayih Family
AUTO GROUP

Cadillac
CHEVROLET
INFINITI
KIA
NISSAN
BUICK
GMC
LIVERMORE TOYOTA
HYUNDAI
Fremont Hyundai
TOYOTA
Ford
ACURA

DUBLIN CHEVOLET
DUBLIN CADILLAC
DUBLIN BUICK GMC
DUBLIN KIA
DUBLIN NISSAN
DUBLIN INFINITI

FREMONT CHEVROLET
FREMONT CADILLAC
FREMONT BUICK GMC
STEVENS CREEK CHEVROLET
STEVENS CREEK CADILLAC
FREMONT HYUNDAI

CONCORD CHEVROLET
ACURA OF CONCORD
CONCORD NISSAN
LIVERMORE TOYOTA
FREMONT FORD